
ਜਨਮੇਜੇ ਬਾਰੇ ਗੱਲਾਂ

# ਸੱਭਣਾਂ ਦੇ ਬੋਲ





1954-55

ਸੱਜਣਾਂ ਦੇ ਬੋਲ


ਸੱਜਣਾਂ ਦੇ ਬੋਲ
ਜਨਮੇਜੇ ਬਾਰੇ ਗੱਲਾਂ


ਆਪੋ ਆਪਣੀ ਇੱਟ
ਹਰ ਇੱਟ ਦੀ ਆਪਣੀ ਸ਼ਕਤੀ ਹੈ

ਸੱਜਣਾਂ ਦੇ ਬੋਲ

(ਜਨਮੇਜੇ ਬਾਰੇ ਗੱਲਾਂ)

ਪ੍ਰੇਰਨਾ :

ਵਿਪਨ ਕਪੂਰ, ਸਰੀ

ਸੁਰਿੰਦਰ ਪ੍ਰੀਤ ਸਿੰਘ ਰਾਣੂ, ਰੀਨੋ

ਕ੍ਰਿਸ਼ਨ ਕੁਮਾਰ ਪਰਮਾਰ, ਨਿਊਯਾਰਕ

ਗੁਰਜਤਿੰਦਰ ਰੰਧਾਵਾ, ਐਲਕਗਰੋ

ਡਾ. ਰਜੇਸ਼ ਜਲੋਟਾ, ਆਸਟ੍ਰੇਲੀਆ

ਬਲਰਾਜ ਸੰਘਾ, ਸਿਡਨੀ

ਤਰਲੋਚਨ ਸਿੰਘ ਸਫ਼ਰੀ, ਲੁਧਿਆਣਾ

ਮੁੱਖ ਸੰਪਾਦਕ : ਸੁੱਚਾ ਦੀਪਕ

ਸੰਪਾਦਕ ਤੇ ਆਵਾਜ਼ :

ਗੁਰਦੀਪ ਸਿੰਘ ਸਿੱਧੂ

2026

ਕੀਮਤ : 99 ਡਾਲਰ, 2999 ਰੁਪਏ

ਛਾਪਕ : ਏਸ਼ੀਆ ਵਿਜ਼ਨ, ਲੁਧਿਆਣਾ

ਪ੍ਰਕਾਸ਼ਕ :

ਸਾਊਥ ਏਸ਼ੀਅਨ ਰੀਵਿਊ

370, ਗਰਾਹਮਮ ਸਟਰੀਟ, ਪ੍ਰਿੰਸ ਜਾਰਜ, ਕੈਨੇਡਾ

southasianreview@gmail.com

# ਕੌਣ-ਕਿੱਥੇ ? ( ਲੇਖਕਾਂ ਦੇ ਨਾਮ)

ਰਣਜੋਧ ਸਿੰਘ........................ 9
ਤੇਜ ਪ੍ਰਤਾਪ ਸਿੰਘ ਸੰਧੂ.......... 11
ਅਮਰਜੀਤ ਗਰੇਵਾਲ ............ 17
ਅਜੀਤ ਪਿਆਸਾ.................. 20
ਅਜਮੇਰ ਅੱਪਰਾ................... 21
ਡਾ. ਗੁਰਸ਼ਰਨ ਰੰਧਾਵਾ.......... 25
ਡਾ. ਅਨਿਲ ਸ਼ਰਮਾ............... 31
ਡਾ. ਬਲਵਿੰਦਰ ਔਲਖ ......... 33
ਡਾ. ਬਲਵਿੰਦਰ ਕਾਲੀਆ....... 36
ਇੰਜੀ. ਦਲੀਪ ਸਿੰਘ ਕਪੂਰ..... 39
ਦਵਿੰਦਰ ਸਿੰਘ ਬੈਂਸ.............. 42
ਨਵਦੀਪ ਕੁਮਾਰ ਦੀਪਾ.......... 45
ਡਾ. ਦੁਲਚਾ ਸਿੰਘ ਬਰਾੜ....... 46
ਵੀਰਇੰਦਰ ਜੀਤ ਸਿੰਘ ਗਰਚਾ51
ਗ਼ਜ਼ਲ ਰਿਐਤ ...................... 53
ਗੁਰਚਰਨ ਚੰਨੀ, ਅਮਰੀਕਾ.... 55
ਗੁਰਦੀਪ ਸਿੰਘ ਸਿੱਧੂ ............ 56
ਗੁਰਜਤਿੰਦਰ ਸਿੰਘ ਰੰਧਾਵਾ ... 59
ਗੁਰਜੀਤ ਸਿੰਘ ਖ਼ਾਲਸਾ......... 67
ਗੁਰਮੁਖ ਭੁੱਲਰ, ਸ਼ਿਕਾਗੋ........ 68
ਗੁਰਸੇਵਕ ਸਿੰਘ ਧੌਲਾ........... 70
ਕੁਲਵਿੰਦਰ ਕੌਰ ਕਿਰਨ......... 73
ਹਰਿੰਦਰ ਸਿੰਘ ਢਿੱਲੋਂ ............ 75
ਹਿਰਦੇਪਾਲ ਕੌਰ .................. 79
ਡਾ. ਇੰਦਰਪਾਲ ਸਿੰਘ........... 82
ਡਾ. ਜਗਦੀਸ਼ ਰਾਏ ............... 85
ਜਸਬੀਰ ਮੋਹੀ, ਟੋਰਾਂਟੋ .......... 90
ਜਸਜੀਤ ਸਿੰਘ ਲੱਕੀ ਸਟਾਰ .. 95
ਜਸਮੇਰ ਢੱਟ........................ 97
ਜਤਿੰਦਰ ਪਨੂੰ .................... 102
ਜਗਰੂਪ ਸਿੰਘ ਬਾਠ........... 105
ਹਰਜਿੰਦਰ ਸਿੰਘ ਰਾਏ......... 107
ਕਮਲਜੀਤ ਨੀਲੋਂ ................ 108
ਡਾ. ਕਮਲੇਸ਼ ਸਿੰਘ ਦੁੱਗਲ .... 111
ਡਾ. ਕਿਰਨਜੀਤ ਕੌਰ ਰੰਧਾਵਾ 117
ਕ੍ਰਿਸ਼ਨ ਕੁਮਾਰ ਪਰਮਾਰ, ..... 126
ਡਾ. ਕੁਲਵਿੰਦਰ ਸਿੰਘ ਮਾਨ... 129
ਕੁਲਵਿੰਦਰ ਆਹਲੂਵਾਲੀਆ.. 131
ਕੁਲਵੰਤ ਸਿੰਘ ਗਿੱਲ ........... 133
ਡਾ. ਨਿਰਮਲ ਜੌੜਾ ............. 137
ਨਿਰਲੇਪ ਕੌਰ, ਕਲਾਕਾਰ ..... 142
ਡਾ. ਲਖਵਿੰਦਰ ਸਿੰਘ ਜੌਹਲ. 143
ਮਨਦੀਪ ਕੌਰ ਭੰਮਰਾ .......... 148
ਮਨਜੀਤ ਬੋਪਾਰਾਏ,............ 154
ਮਨਮੋਹਣ ਸਿੰਘ ਗਰੇਵਾਲ,... 157
ਮਨੋਜਪ੍ਰੀਤ, ਲੁਧਿਆਣਾ........ 160
ਮਨਪ੍ਰੀਤ ਸਿੰਘ ਬੱਧਨੀ ਕਲਾਂ 164
ਡਾ. ਮਾਨ ਸਿੰਘ ਤੂਰ............ 167
ਡਾ. ਨਮਰਤਾ ਜੋਸ਼ੀ.............. 179
ਨਵਤੇਜ ਸਿੰਘ, ਅੰਮ੍ਰਿਤਸਰ... 181
ਨਵਜੋਤ ਕੌਰ ਭੁੱਲਰ ............ 184
ਜਗੀਰ ਪ੍ਰੀਤ ਫਿਲੌਰ ........... 189

ਮਨਜੀਤ ਸਿੰਘ ਵਿਰਦੀ....... 193
ਪਰਮਜੀਤ ਸਿੰਘ ਟਰਾਂਟੋ ..... 194
ਪਰਮਿੰਦਰ ਕੌਰ ਮਾਂਗਟ....... 196
ਭੁਪਿੰਦਰ ਕੌਰ ਪਾਤਰ.......... 198
ਪ੍ਰਭਜੋਤ ਸਿੰਘ ਸੰਧੂ, ਸਿਡਨੀ 199
ਤਰਲੋਚਨ ਸਿੰਘ ਸਫ਼ਰੀ ...... 202
ਡਾ. ਰਾਜੇਸ਼ ਜਲੋਟਾ, ਬ੍ਰਿਸਬੇਨ203
ਰਾਜਵੰਤ ਸਿੰਘ (ਸਿਡਨੀ) .... 205
ਰਣਜੀਤ ਸਿੰਘ ਹਠੂਰ ......... 208
ਡਾ. ਐਸ. ਨਾਜ਼, ਬਰੈਂਪਟਨ... 213
ਸਤਵਿੰਦਰ ਸਾਚਾ ............... 217
ਸੰਜੇ ਭੰਡਾਰੀ ...................... 221
ਸਰਨਜੀਤ ਮਣਕੂ ............... 222
ਸੁੱਚਾ ਦੀਪਕ ...................... 224
ਸੁਖਵਿੰਦਰ ਅਨਹਦ ............ 226
ਕੁਲਦੀਪ ਸਿੰਘ ਸਿੱਧੂ, ਟਰਾਂਟੋ 228
ਸੁਖਮਿੰਦਰ ਸਿੰਘ ਅਲੱਗ...... 230
ਸੁਰਿੰਦਰ ਕੈਲੇ .................... 234
ਡਾ. ਸੁਸ਼ੀਲ ਕਾਮਰਾ............. 238
ਡਾ. ਜਸਵੰਤ ਸਿੰਘ, ............. 240
ਉਮਿੰਦਰ ਜੌਹਲ ................. 241

# ਸਮਰਪਣ



ਦਾਦਾ ਜੀ ਸ. ਬੂਟਾ ਸਿੰਘ ਜੌਹਲ ਜੀ ਨੂੰ, ਜਿਨ੍ਹਾਂ ਦੀ ਮਿਸਾਲੀ ਮਿਹਨਤ, ਇਮਾਨਦਾਰੀ, ਦ੍ਰਿੜਤਾ ਅਤੇ ਮੋਹ , ਪੀੜ੍ਹੀ ਦਰ ਪੀੜ੍ਹੀ ਕਾਇਮ ਹੈ।

# ਸੱਜਣਾਂ ਦੇ ਬੋਲ

## ਰਣਜੋਧ ਸਿੰਘ

ਕਈ ਵਾਰ ਕਿਸੇ ਮਨੁੱਖ ਦੀ ਅਸਲੀ ਪਛਾਣ ਉਸ ਦੀਆਂ ਲਿਖਤਾਂ, ਭਾਸ਼ਣ ਜਾਂ ਪ੍ਰਾਪਤੀਆਂ ਨਾਲ ਨਹੀਂ ਹੁੰਦੀ, ਸਗੋਂ ਉਸਦੇ ਰਿਸ਼ਤਿਆਂ ਨਾਲ ਹੁੰਦੀ ਹੈ। ਉਹ ਲੋਕ, ਜੋ ਸਾਲਾਂ ਤੱਕ ਉਸਦੇ ਨਾਲ ਜੁੜੇ ਰਹਿੰਦੇ ਹਨ, ਉਸਦੇ ਸੁਭਾਵ, ਪਿਆਰ, ਇਮਾਨਦਾਰੀ ਅਤੇ ਮਨੁੱਖਤਾ ਦੇ ਜੀਵੰਤ ਸਾਥੀ ਬਣ ਜਾਂਦੇ ਹਨ।

"ਸੱਜਣਾਂ ਦੇ ਬੋਲ" ਅਜਿਹੀ ਹੀ ਇਕ ਵਿਲੱਖਣ ਅਤੇ ਰੌਚਕ ਕਿਤਾਬ ਹੈ। ਇਸ ਕਿਤਾਬ ਵਿੱਚ 75 ਉਹਨਾਂ ਵਿਅਕਤੀਆਂ ਦੇ ਵਿਚਾਰ ਸ਼ਾਮਲ ਹਨ, ਜੋ ਜਨਮੇਜਾ ਸਿੰਘ ਜੋਹਲ ਜੀ ਨੂੰ ਲੰਮੇ ਸਮੇਂ ਤੋਂ ਜਾਣਦੇ ਹਨ। ਕਈ ਦੋਸਤ ਅਜਿਹੇ ਹਨ ਜੋ ਦਹਾਕਿਆਂ ਤੋਂ ਉਹਨਾਂ ਦੇ ਸੰਪਰਕ ਵਿੱਚ ਹਨ ਅਤੇ ਅਜ ਵੀ ਉਹ ਰਿਸ਼ਤਾ ਉਸੇ ਤਰ੍ਹਾਂ ਜੀਉਂਦਾ ਹੈ।

ਅਜ ਦੇ ਸਮੇਂ ਵਿੱਚ ਜਿੱਥੇ ਰਿਸ਼ਤੇ ਬਹੁਤ ਜਲਦੀ ਬਣਦੇ ਅਤੇ ਟੁੱਟਦੇ ਹਨ, ਉੱਥੇ ਇਹ ਆਪਣੇ ਆਪ ਵਿੱਚ ਇਕ ਵੱਡੀ ਪ੍ਰਾਪਤੀ ਹੈ ਕਿ ਜਨਮੇਜਾ ਸਿੰਘ ਜੋਹਲ ਜੀ ਨਾਲ ਜੁੜੇ ਲੋਕ ਉਹਨਾਂ ਨਾਲ ਸਾਲਾਂ ਤੋਂ ਨਿਭ ਰਹੇ ਹਨ। ਜੀਵਨ ਦੇ ਲੰਮੇ ਸਫਰ ਵਿੱਚ ਬਹੁਤ ਥੋੜ੍ਹੇ ਲੋਕ ਹੀ ਉਹਨਾਂ ਤੋਂ ਦੂਰ ਹੋਏ ਹੋਣਗੇ। ਇਹ ਉਹਨਾਂ ਦੀ ਸਾਫ਼ਦਿਲੀ, ਨਿਰਭਰਤਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦਾ ਪਰਮਾਣ ਹੈ।

ਉਹਨਾਂ ਦੇ ਸੁਭਾਵ ਦੀ ਇਕ ਖਾਸ ਗੱਲ ਇਹ ਵੀ ਹੈ ਕਿ ਜਿੱਥੇ ਕਦੇ ਕਿਸੇ ਨਾਲ ਵਿਚਾਰਕ ਜਾਂ ਮਨੁੱਖੀ ਅੰਤਰ ਆਇਆ ਵੀ, ਉੱਥੇ ਉਹਨਾਂ ਨੇ ਕਦੇ ਕੜਵਾਹਟ ਨਹੀਂ ਪਾਲੀ। ਚੁੱਪਚਾਪ ਕਿਨਾਰਾ ਕਰ ਲੈਣਾ ਉਹਨਾਂ ਦੀ ਫ਼ਿੱਤਰਤ ਰਹੀ, ਨਾ ਕਿ ਬਦਨਾਮੀ ਜਾਂ ਵਿਰੋਧ ਦੀ ਭਾਵਨਾ ਰੱਖੀ। ਇਹ ਗੁਣ ਹਰ ਕਿਸੇ ਦੇ ਹਿੱਸੇ ਨਹੀਂ ਆਉਂਦੇ। ਇਸ ਪੁਸਤਕ ਵਿੱਚ ਲਿਖਣ ਵਾਲੇ ਸਾਰੇ ਵਿਅਕਤੀ ਪੇਸ਼ੇਵਰ ਲੇਖਕ ਨਹੀਂ ਹਨ। ਬਹੁਤ ਸਾਰੇ

ਉਹ ਹਨ ਜੋ ਸਿਰਫ਼ ਦਿਲਾਂ ਦੀ ਸਾਂਝ ਅਤੇ ਪਿਆਰ ਦੇ ਸੰਬੰਧ ਕਰਕੇ ਲਿਖ ਰਹੇ ਹਨ। ਕਿਸੇ ਦਾ ਵੀ ਸਾਹਿਤਕ ਮੰਚਾਂ ਨਾਲ ਕੋਈ ਖਾਸ ਸੰਬੰਧ ਨਹੀਂ, ਕੋਈ ਵੀ ਪਰਿਵਾਰਕ ਸਨੇਹ ਨਾਲ ਨਹੀਂ ਜੁੜਿਆ, ਪਰ ਹਰ ਕੋਈ ਉਹਨਾਂ ਦੇ ਜੀਵਨ ਦੇ ਸਫਰ ਦਾ ਸਾਥੀ ਹੈ। ਇਸ ਲਈ ਇਸ ਕਿਤਾਬ ਦੀ ਖੂਬਸੂਰਤੀ ਇਸਦੀ ਸਾਦਗੀ ਅਤੇ ਸੱਚਾਂਈ ਵਿੱਚ ਹੈ। ਇਹ ਸਜਾਵਟੀ ਸ਼ਬਦਾਂ ਨਾਲੋਂ ਵੱਧ ਜੀਵੰਤ ਯਾਦਾਂ ਅਤੇ ਅਨੁਭਵਾਂ ਦੀ ਕਿਤਾਬ ਹੈ।"ਸੱਜਣਾਂ ਦੇ ਬੋਲ" ਸਿਰਫ਼ ਇਕ ਵਿਅਕਤੀ ਬਾਰੇ ਲਿਖੀਆਂ ਟਿੱਪਣੀਆਂ ਦਾ ਸੰਗ੍ਰਹਿ ਨਹੀਂ, ਸਗੋਂ ਇਕ ਜੀਵਨ-ਯਾਤਰਾ ਦਾ ਦਰਪਣ ਹੈ। ਇਹ ਉਹਨਾਂ ਮਨੁੱਖੀ ਰਿਸ਼ਤਿਆਂ ਦੀ ਖੁਸ਼ਬੂ ਹੈ, ਜੋ ਸਮੇਂ ਦੀ ਧੂੜ੍ਹ ਨਾਲ ਮਿਟਦੀ ਨਹੀਂ।

ਕਿਸੇ ਮਨੁੱਖ ਦੀ ਸਭ ਤੋਂ ਵੱਡੀ ਕਮਾਈ ਧਨ ਜਾਂ ਪ੍ਰਸਿੱਧੀ ਨਹੀਂ ਹੁੰਦੀ, ਉਸਦੀ ਸਭ ਤੋਂ ਵੱਡੀ ਪੂੰਜੀ ਉਹ ਲੋਕ ਹੁੰਦੇ ਹਨ, ਜੋ ਉਸਦੀ ਗੈਰਹਾਜਰੀ ਵਿੱਚ ਵੀ ਉਸਦਾ ਨਾਮ ਸਤਿਕਾਰ ਨਾਲ ਲੈਂਦੇ ਹਨ। ਜਨਮੇਜਾ ਸਿੰਘ ਜੋਹਲ ਜੀ ਉਹਨਾਂ ਖੁਸ਼ਕਿਸਮਤ ਮਨੁੱਖਾਂ ਵਿੱਚੋਂ ਹਨ, ਜਿਨ੍ਹਾਂ ਨੇ ਆਪਣੇ ਸੁਭਾਵ, ਮਿੱਤਰਤਾ ਅਤੇ ਮਨੁੱਖਤਾ ਰਾਹੀਂ ਲੋਕਾਂ ਦੇ ਦਿਲਾਂ ਵਿੱਚ ਥਾਂ ਬਣਾਈ ਹੈ।

ਇਹ ਪੁਸਤਕ ਉਹਨਾਂ ਹੀ ਸੱਜਣਾਂ ਵਲੋਂ ਅਰਪਤ ਪਿਆਰ ਦੇ ਬੋਲ ਹਨ। ਲੁਧਿਆਣਾ, 98144 22744

# ਕਲਾ ਦੇ ਕਾਫ਼ਲੇ ਦੀ ਪਹਿਲੀ ਕੜੀ

## ਤੇਜ ਪ੍ਰਤਾਪ ਸਿੰਘ ਸੰਧੂ

ਕੁਦਰਤ ਹਰ ਮਨੁੱਖ ਵਿੱਚ ਕੋਈ ਨਾ ਕੋਈ ਗੁਣ ਪਾ ਕੇ ਹੀ ਧਰਤੀ 'ਤੇ ਭੇਜਦੀ ਹੈ, ਪਰ ਜਨਮੇਜਾ ਸਿੰਘ ਜੌਹਲ ਨੂੰ ਕੁਦਰਤ ਨੇ ਇੰਨੇ ਗੁਣ ਬਖ਼ਸ਼ੇ ਹਨ ਕਿ ਕੋਈ ਇੱਕ ਵਿਅਕਤੀ ਉਹਨਾਂ ਦੇ ਸਾਰੇ ਗੁਣਾਂ ਨੂੰ ਬਿਆਨ ਨਹੀਂ ਕਰ ਸਕਦਾ। ਮੈਂ ਆਪਣੀ ਲਿਖਤ ਵਿੱਚ ਉਹਨਾਂ ਦੇ ਸਿਰਫ਼ ਇੱਕ ਗੁਣ ਬਾਰੇ ਹੀ ਗੱਲ ਕਰਨ ਦੀ ਕੋਸ਼ਿਸ਼ ਕਰਾਂਗਾ। ਉਹ ਹੈ "ਫੋਟੋ ਕਲਾ", ਜਿਸ ਰਾਹੀਂ ਜਨਮੇਜਾ ਸਿੰਘ ਜੌਹਲ ਨੇ ਪੰਜਾਬ ਹੀ ਨਹੀਂ, ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਆਪਣੀ ਇਸ ਫੋਟੋ ਕਲਾ ਰਾਹੀਂ ਚੰਗਾ ਨਾਮਣਾ ਖੱਟਿਆ ਹੈ ਅਤੇ ਪੂਰੇ ਵਿਸ਼ਵ ਨੂੰ ਸੁਚੱਜਾ ਸੁਨੇਹਾ ਵੀ ਦਿੱਤਾ ਹੈ।

ਜਨਮੇਜਾ ਸਿੰਘ ਜੌਹਲ ਇਸ ਕਲਾ ਦੇ ਕਾਫ਼ਲੇ ਦੀ ਪਹਿਲੀ ਕੜੀ ਕਿਵੇਂ ਬਣੇ, ਇਸ ਦੀ ਅਸਲ ਕਹਾਣੀ ਇਸ ਤਰਾਂ ਹੈ। ਜਦੋਂ ਪਰਮਾਤਮਾ ਦੀ ਕਿਰਪਾ ਹੋ ਜਾਵੇ, ਫਿਰ ਨਵੇਂ-ਨਵੇਂ ਰਸਤੇ ਵੀ ਨਿਕਲ ਆਉਂਦੇ ਹਨ, ਚੰਗੇ ਦੋਸਤ ਵੀ ਮਿਲ ਜਾਂਦੇ ਹਨ ਅਤੇ ਕੜੀ ਨਾਲ ਕੜੀ ਜੁੜ ਕੇ ਚੰਗੇ ਕਾਰਜ ਵੀ ਸ਼ੁਰੂ ਹੋ ਜਾਂਦੇ ਹਨ।

ਚੰਗੇ ਲੋਕਾਂ ਦੇ ਮਿਲਣ ਅਤੇ ਚੰਗੇ ਕਾਰਜਾਂ ਦੇ ਸ਼ੁਰੂ ਹੋਣ ਦਾ ਇਹ ਸਿਲਸਿਲਾ 1983 ਵਿੱਚ ਉਦੋਂ ਤੋਂ ਹੀ ਸ਼ੁਰੂ ਹੋ ਗਿਆ ਸੀ, ਜਦੋਂ ਮਹਾਨ ਕਲਾਕਾਰ ਸਰਦਾਰ ਸੋਭਾ ਸਿੰਘ ਜੀ ਸਾਡੀ ਇੱਕ ਫੋਟੋ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਲਈ ਅੰਦਰੇਟਾ (ਹਿਮਾਚਲ ਪ੍ਰਦੇਸ਼) ਤੋਂ ਵਿਸ਼ੇਸ਼ ਤੌਰ 'ਤੇ ਲੁਧਿਆਣਾ ਆਏ ਸਨ। ਸੋਭਾ ਸਿੰਘ ਜੀ ਦੇ ਲੁਧਿਆਣਾ ਆਉਣ ਨਾਲ ਕੁਝ ਕਲਾਕਾਰਾਂ ਅਤੇ ਕੁਝ ਚੰਗੀ ਸੋਚ ਵਾਲੇ ਦੋਸਤਾਂ ਦਾ ਇੱਕ ਕਾਫ਼ਲਾ ਬਣ ਗਿਆ।

ਜਨਮੇਜਾ ਸਿੰਘ ਜੌਹਲ ਨਾਲ ਮੇਰੀ ਪਹਿਲੀ ਮੁਲਾਕਾਤ 1980 ਵਿੱਚ ਉਸ ਸਮੇਂ ਹੋਈ ਜਦੋਂ ਅਸੀਂ ਆਪਣੀ ਪਹਿਲੀ "ਕਲਰ ਲੈਬ" ਰੇਖੀ

ਸਿਨੇਮਾ ਲਾਗੇ ਸ਼ੁਰੂ ਕੀਤੀ। ਉਸ ਸਮੇਂ ਕਲਰ ਫੋਟੋਗਰਾਫੀ ਨੇ ਪੰਜਾਬ ਵਿੱਚ ਆਪਣੇ ਪੈਰ ਪਸਾਰਣੇ ਸ਼ੁਰੂ ਹੀ ਕੀਤੇ ਸਨ। ਜਨਮੇਜਾ ਸਿੰਘ ਜੌਹਲ ਦੇ ਫੋਟੋਗਰਾਫੀ ਸ਼ੌਕ ਰਾਹੀਂ ਰੱਬ ਨੇ ਸਾਡਾ ਮੇਲ ਕਰਵਾ ਦਿੱਤਾ। ਉਹ ਆਪਣੀਆਂ ਖ਼ੂਬਸੂਰਤ ਤਸਵੀਰਾਂ ਪਰਿੰਟ ਕਰਵਾਉਣ ਲਈ ਅਕਸਰ ਲੈਬ ਆਉਂਦੇ ਰਹਿੰਦੇ ਸਨ।

ਇਹ ਗੱਲ ਸ਼ਾਇਦ 1982 ਦੀ ਹੋਵੇਗੀ। ਇੱਕ ਦਿਨ ਉਹ ਮੈਨੂੰ ਕਹਿਣ ਲੱਗੇ ਕਿ ਮੈਂ ਤੁਹਾਨੂੰ ਅੱਜ ਪੀਏਯੂ ਲੈ ਕੇ ਜਾਣਾ ਹੈ। ਉੱਥੇ ਮੇਰੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲੱਗੀ ਹੋਈ ਹੈ। ਉਹ ਤਸਵੀਰਾਂ ਮੈਂ ਤੁਹਾਡੀ ਕਲਰ ਲੈਬ ਤੋਂ ਹੀ ਤਿਆਰ ਕਰਵਾਈਆਂ ਹਨ।

ਜਦੋਂ ਅਸੀਂ ਪੀਏਯੂ ਦੇ ਵਿਦਿਆਰਥੀ ਭਵਨ ਵਿੱਚ ਪਹੁੰਚੇ ਤਾਂ ਗੈਲਰੀ ਵਿੱਚ ਕੁਝ ਪ੍ਰੋਫੈਸਰ ਅਤੇ ਕੁਝ ਵਿਦਿਆਰਥੀ ਤਸਵੀਰਾਂ ਦੇਖ ਰਹੇ ਸਨ। ਉਹ ਸਾਰੇ ਤਸਵੀਰਾਂ ਦੀ ਬਹੁਤ ਤਾਰੀਫ਼ ਕਰ ਰਹੇ ਸਨ ਅਤੇ ਉਹਨਾਂ ਦੇ ਚਿਹਰਿਆਂ 'ਤੇ ਬੜੀ ਹੀ ਸਹਿਜ ਅਤੇ ਖ਼ੁਸ਼ੀ ਦੀ ਅਵਸਥਾ ਸੀ। ਮੈਂ ਵੀ ਜਦੋਂ ਤਸਵੀਰਾਂ ਦੇਖੀਆਂ ਤਾਂ ਮੈਨੂੰ ਵੀ ਇੱਕ ਅਲੱਗ ਹੀ ਤਰ੍ਹਾਂ ਦੀ ਖ਼ੁਸ਼ੀ ਅਤੇ ਮਾਣ ਮਹਿਸੂਸ ਹੋਇਆ ਕਿ ਇਹ ਤਸਵੀਰਾਂ ਸਾਡੀ ਕਲਰ ਲੈਬ ਵਿੱਚ ਤਿਆਰ ਹੋਈਆਂ ਹਨ ਅਤੇ ਜਿਸ ਫੋਟੋ ਕਲਾਕਾਰ ਨੇ ਇਹ ਖ਼ੂਬਸੂਰਤ ਤਸਵੀਰਾਂ ਖਿੱਚੀਆਂ ਹਨ, ਮੈਂ ਉਸ ਨੂੰ ਵੀ ਜਾਣਦਾ ਹਾਂ।

ਉਸੇ ਸਮੇਂ ਹੀ ਮੇਰੇ ਮਨ ਵਿੱਚ ਖ਼ਿਆਲ ਆਇਆ ਕਿ ਇੱਕ ਆਰਟ ਫੋਟੋ ਵਿੱਚ ਕਿੰਨੀ ਸ਼ਕਤੀ ਹੈ ਕਿ ਇਹ ਲੋਕਾਂ ਨੂੰ ਖ਼ੁਸ਼ੀ ਦੇ ਸਕਦੀ ਹੈ, ਚੰਗੀ ਸੋਚ ਦੇ ਸਕਦੀ ਹੈ, ਸਹਿਜ ਦੇ ਸਕਦੀ ਹੈ ਅਤੇ ਤੁਹਾਡੀ ਸੁੱਤੀ ਚੇਤਨਾ ਨੂੰ ਵੀ ਜਗਾ ਸਕਦੀ ਹੈ।

ਮੈਂ ਉਸੇ ਦਿਨ ਹੀ ਜਨਮੇਜਾ ਸਿੰਘ ਜੌਹਲ ਨੂੰ ਬੇਨਤੀ ਕੀਤੀ ਕਿ ਹੁਣ ਆਪਾਂ ਰਲ ਕੇ ਇੱਕ ਆਰਟ ਫੋਟੋ ਪ੍ਰਦਰਸ਼ਨੀ ਦਾ ਪ੍ਰਬੰਧ ਵੱਡੇ ਪੱਧਰ 'ਤੇ ਕਰਾਂਗੇ ਤਾਂ ਜੋ ਲੁਧਿਆਣਾ ਵਰਗੇ ਲੋਹੇ ਦੇ ਸ਼ਹਿਰ ਨੂੰ ਕੋਮਲ ਕਲਾਵਾਂ ਨਾਲ ਜੋੜਿਆ ਜਾ ਸਕੇ।

1982 ਤੋਂ ਹੀ ਉਹਨਾਂ ਨੇ ਖ਼ੂਬਸੂਰਤ ਤਸਵੀਰਾਂ ਖਿੱਚਣ ਦਾ ਕੰਮ ਸ਼ੁਰੂ ਕਰ ਦਿੱਤਾ ਅਤੇ ਅਸੀਂ ਕਲਰ ਲੈਬ ਵਿੱਚ ਵੱਡੇ ਸਾਈਜ਼ ਦੇ ਪਰਿੰਟ ਤਿਆਰ ਕਰਨ ਲਈ ਤਿਆਰੀ ਸ਼ੁਰੂ ਕਰ ਦਿੱਤੀ। ਜੁਲਾਈ 1983 ਤੱਕ ਅਸੀਂ ਲਗਭਗ 30 ਪਰਿੰਟ 16- 20 ਇੰਚ ਦੇ ਤਿਆਰ ਕਰ ਲਏ, ਜੋ ਕਿ ਉਸ ਸਮੇਂ ਕਾਫ਼ੀ ਮੁਸ਼ਕਲ ਕੰਮ ਸੀ। ਸਾਡੀ ਚੰਗੀ ਕਿਸਮਤ ਨੂੰ 1983 ਵਿੱਚ ਹੀ ਸਾਡੇ ਸਭ ਦੇ ਸਤਿਕਾਰਯੋਗ ਅਤੇ ਜਨਮੇਜਾ ਸਿੰਘ ਜੌਹਲ ਦੇ ਸਤਿਕਾਰਯੋਗ ਪਿਤਾ ਜੀ ਸ. ਸਰਦਾਰਾ ਸਿੰਘ ਜੌਹਲ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਲੱਗ ਗਏ।

ਇੱਕ ਦਿਨ ਜਨਮੇਜਾ ਸਿੰਘ ਮੇਰੇ ਕੋਲ ਲੈਬ ਵਿੱਚ ਆਏ ਅਤੇ ਕਹਿਣ ਲੱਗੇ ਕਿ ਅਸੀਂ ਪੂਰੇ ਪਰਿਵਾਰ ਸਮੇਤ ਅੰਦਰੇਟਾ ਜਾ ਕੇ ਆਏ ਹਾਂ। ਉੱਥੇ ਹੀ ਪੰਜਾਬੀ ਯੂਨੀਵਰਸਿਟੀ ਦਾ ਇੱਕ ਗੈਸਟ ਹਾਊਸ ਹੈ ਅਤੇ ਬਿਲਕੁਲ ਨੇੜੇ ਹੀ ਮਹਾਨ ਕਲਾਕਾਰ ਸਰਦਾਰ ਸੋਭਾ ਸਿੰਘ ਜੀ ਦੀ ਆਰਟ ਗੈਲਰੀ ਹੈ। ਅਸੀਂ ਪੂਰਾ ਪਰਿਵਾਰ ਸਰਦਾਰ ਸੋਭਾ ਸਿੰਘ ਜੀ ਨੂੰ ਮਿਲ ਕੇ ਆਏ ਹਾਂ।

ਇਹ ਸੁਣ ਕੇ ਮੈਨੂੰ ਬਹੁਤ ਹੀ ਖੁਸ਼ੀ ਹੋਈ, ਕਿਉਂਕਿ ਸਰਦਾਰ ਸੋਭਾ ਸਿੰਘ ਮੇਰੇ ਲਈ ਬਹੁਤ ਹੀ ਸਤਿਕਾਰਯੋਗ ਕਲਾਕਾਰ ਸਨ।

ਮੈਂ ਜਨਮੇਜਾ ਸਿੰਘ ਜੌਹਲ ਨੂੰ ਬੇਨਤੀ ਕੀਤੀ ਕਿ ਆਪਾਂ ਆਪਣੀ ਪ੍ਰਦਰਸ਼ਨੀ ਦੇ ਉਦਘਾਟਨ ਲਈ ਸਰਦਾਰ ਸੋਭਾ ਸਿੰਘ ਜੀ ਨੂੰ ਬੇਨਤੀ ਕਰ ਸਕਦੇ ਹਾਂ। ਉਹਨਾਂ ਨੇ ਸਲਾਹ ਦਿੱਤੀ ਕਿ ਇਸ ਕਾਰਜ ਲਈ ਆਪਾਂ ਅੰਦਰੇਟਾ ਚੱਲਾਂਗੇ। ਨਾਲ ਹੀ ਜੋ ਤਸਵੀਰਾਂ ਆਪਾਂ ਹੁਣ ਤੱਕ ਬਣਾਈਆਂ ਹਨ, ਉਹ ਵੀ ਸਰਦਾਰ ਸੋਭਾ ਸਿੰਘ ਜੀ ਨੂੰ ਦਿਖਾਅ ਦਿਆਂਗੇ ਅਤੇ ਨਾਲ ਹੀ ਉਦਘਾਟਨ ਕਰਨ ਲਈ ਵੀ ਬੇਨਤੀ ਕਰ ਲਵਾਂਗੇ।

ਇਸ ਤਰ੍ਹਾਂ ਅਸੀਂ 1983 ਦੇ ਜੁਲਾਈ ਮਹੀਨੇ ਵਿੱਚ ਅੰਦਰੇਟਾ ਜਾਣ ਦਾ ਪ੍ਰੋਗਰਾਮ ਰੇਲ ਗੱਡੀ ਰਾਹੀਂ ਬਣਾ ਲਿਆ ਅਤੇ ਅਸੀਂ ਅੰਦਰੇਟਾ ਸਰਦਾਰ ਸੋਭਾ ਸਿੰਘ ਜੀ ਦੀ ਗੈਲਰੀ ਪਹੁੰਚ ਗਏ।

ਸਰਦਾਰ ਸੋਭਾ ਸਿੰਘ ਜੀ ਦੀ ਪਹਿਲੀ ਝਲਕ ਨਾਲ ਹੀ ਆਨੰਦ ਆ ਗਿਆ। ਦਿਲ ਬਾਗੋ-ਬਾਗ ਹੋ ਗਿਆ। ਸਰਦਾਰ ਸੋਭਾ ਸਿੰਘ ਜੀ ਦਾ ਨੂਰ ਕਿਸੇ ਰਿਸ਼ੀ ਵਰਗਾ ਸੀ। ਸੋਭਾ ਸਿੰਘ ਜੀ ਨੇ ਪਹਿਲਾਂ ਸਾਨੂੰ ਘਰ ਦੀਆਂ ਲੀਚੀਆਂ ਖਵਾਈਆਂ ਅਤੇ ਫਿਰ ਚਾਹ ਪਿਲਾਈ। ਚਾਹ ਪੀਣ ਦੇ ਨਾਲ-ਨਾਲ ਹੀ ਅਸੀਂ ਪ੍ਰਦਰਸ਼ਨੀ ਦੀ ਗੱਲ ਕੀਤੀ।

ਚਾਹ ਪੀਣ ਤੋਂ ਬਾਅਦ ਅਸੀਂ ਆਪਣੀਆਂ ਤਸਵੀਰਾਂ ਦਿਖਾਈਆਂ। ਸਾਰੀਆਂ ਹੀ ਤਸਵੀਰਾਂ ਉਹਨਾਂ ਨੇ ਬਹੁਤ ਹੀ ਗਹੁ ਨਾਲ ਦੇਖੀਆਂ। ਤਸਵੀਰਾਂ ਦੇਖਣ ਤੋਂ ਬਾਅਦ ਇੱਕ ਮਿੰਟ ਦੀ ਚੁੱਪ ਤੋਂ ਬਾਅਦ ਸੋਭਾ ਸਿੰਘ ਜੀ ਬੋਲੇ

"ਬਹੁਤ ਹੀ ਖ਼ੂਬਸੂਰਤ ਤਸਵੀਰਾਂ ਹਨ।"

ਉਹਨਾਂ ਜਨਮੇਜਾ ਸਿੰਘ ਨੂੰ ਕਿਹਾ:

"ਤੁਸੀਂ ਤਾਂ ਕੈਮਰੇ ਨਾਲ ਪੇਂਟਿੰਗਾਂ ਬਣਾਈਆਂ ਹਨ। ਮੈਂ ਜ਼ਰੂਰ ਆਵਾਂਗਾ। ਤੁਸੀਂ ਤਾਰੀਖ ਪੱਕੀ ਕਰਕੇ ਮੈਨੂੰ ਖ਼ਬਰ ਕਰ ਦੇਣਾ।"

ਇਹ ਸੁਣ ਕੇ ਅਸੀਂ ਬਹੁਤ ਹੀ ਖੁਸ਼ ਹੋਏ ਅਤੇ ਮੈਂ ਤਾਂ ਥੋੜ੍ਹਾ ਭਾਵੁਕ ਵੀ ਹੋਇਆ। ਜਨਮੇਜਾ ਸਿੰਘ ਦਾ ਦਿਲੋਂ ਧੰਨਵਾਦ ਕੀਤਾ, ਕਿਉਂਕਿ ਸਭ ਕੁਝ ਉਹਨਾਂ ਦੀ ਕਲਾਤਮਿਕ ਫੋਟੋਗਰਾਫੀ ਅਤੇ ਸੱਚੀ-ਸੁੱਚੀ ਮਿਹਨਤ ਕਰਕੇ ਹੀ ਸੰਭਵ ਹੋ ਰਿਹਾ ਸੀ।

ਅਸੀਂ ਖੁਸ਼ੀ-ਖੁਸ਼ੀ ਲੁਧਿਆਣਾ ਵਾਪਸ ਆ ਕੇ ਪ੍ਰਦਰਸ਼ਨੀ ਦੀ ਤਿਆਰੀ ਸ਼ੁਰੂ ਕਰ ਦਿੱਤੀ। ਲੁਧਿਆਣਾ ਵਿੱਚ ਕੋਈ ਵੀ ਆਰਟ ਗੈਲਰੀ ਨਾ ਹੋਣ ਕਰਕੇ ਇਸ ਪ੍ਰਦਰਸ਼ਨੀ ਨੂੰ ਪੰਜਾਬ ਯੂਨੀਵਰਸਿਟੀ ਦੀ ਐਕਸਟੈਂਸ਼ਨ ਲਾਇਬਰੇਰੀ, ਜੋ ਫੁਵਾਰਾ ਚੌਕ ਦੇ ਨੇੜੇ ਹੈ, ਉੱਥੇ ਲਗਾਉਣ ਦਾ ਪ੍ਰਬੰਧ ਕੀਤਾ।

1983 ਦੇ ਅਗਸਤ ਮਹੀਨੇ ਦੀ 21 ਤਾਰੀਖ ਤੋਂ ਲੈ ਕੇ 27 ਤਾਰੀਖ ਤੱਕ ਦੀ ਮਿਤੀ ਨਿਰਧਾਰਤ ਕਰਕੇ ਅਸੀਂ ਸਰਦਾਰ ਸੋਭਾ ਸਿੰਘ ਜੀ ਨੂੰ ਸੂਚਨਾ ਭੇਜ ਦਿੱਤੀ ਅਤੇ ਅਸੀਂ ਆਪਣੇ ਪੂਰੇ ਤਨ, ਮਨ ਅਤੇ ਧਨ

ਨਾਲ ਤਿਆਰੀ ਕੀਤੀ।

ਲੁਧਿਆਣਾ ਸ਼ਹਿਰ ਦੇ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਇਸ ਪੱਧਰ ਦੀ ਲੱਗਣ ਵਾਲੀ ਇਸ ਪ੍ਰਦਰਸ਼ਨੀ ਵਿੱਚ ਸਭ ਤੋਂ ਜ਼ਿਆਦਾ ਤਸਵੀਰਾਂ ਜਨਮੇਜਾ ਸਿੰਘ ਜੌਹਲ ਦੀਆਂ ਹੀ ਸਨ, ਜੋ ਬਹੁਤ ਹੀ ਕਲਾਤਮਿਕ, ਜੋ ਖ਼ੂਬਸੂਰਤ ਅਤੇ ਸਮਾਜ ਨੂੰ ਸੇਧ ਦੇਣ ਵਾਲੀਆਂ ਸਨ।

ਜਦੋਂ ਸਰਦਾਰ ਸੋਭਾ ਸਿੰਘ ਜੀ ਪ੍ਰਦਰਸ਼ਨੀ ਦਾ ਉਦਘਾਟਨ ਕਰਨ ਆਏ ਤਾਂ ਲੁਧਿਆਣਾ ਦੇ ਲੋਕਾਂ ਅਤੇ ਕਲਾਕਾਰਾਂ ਨੇ ਉਹਨਾਂ ਦਾ ਬਹੁਤ ਹੀ ਨਿੱਘਾ ਸਵਾਗਤ ਕੀਤਾ ਅਤੇ ਮੇਲੇ ਵਰਗਾ ਵੱਡਾ ਇਕੱਠ ਹੋ ਗਿਆ।

ਇਸੇ ਹੀ ਇਕੱਠ ਵਿੱਚੋਂ ਕਲਾਕਾਰਾਂ ਦਾ ਇੱਕ ਕਾਫ਼ਲਾ ਬਣ ਗਿਆ ਅਤੇ ਜਨਮੇਜਾ ਸਿੰਘ ਜੌਹਲ ਕਲਾ ਦੇ ਕਾਫ਼ਲੇ ਦੀ ਪਹਿਲੀ ਕੜੀ ਬਣੇ।

ਕਲਾ ਦਾ ਇਹ ਕਾਫ਼ਲਾ ਪਿਛਲੇ ਲੰਮੇ ਸਮੇਂ ਤੋਂ ਸਮਾਜ ਦੇ ਸੁਧਾਰ ਲਈ ਵੱਡਮੁੱਲਾ ਯੋਗਦਾਨ ਪਾ ਰਿਹਾ ਹੈ। ਖ਼ਾਸ ਕਰਕੇ ਫੋਟੋ ਕਲਾ ਰਾਹੀਂ ਲੋਕਾਂ ਨੂੰ ਸੱਭਿਆਚਾਰ ਅਤੇ ਕੁਦਰਤ ਨਾਲ ਜੋੜਨ ਦਾ ਇੱਕ ਬਹੁਤ ਹੀ ਮਹੱਤਵਪੂਰਨ ਸੰਦੇਸ਼ ਦਿੱਤਾ ਜਾ ਰਿਹਾ ਹੈ, ਜਿਸ ਦੀ ਅੱਜ ਦੇ ਪੈਸਾ-ਪ੍ਰਧਾਨ ਸਮਾਜ ਨੂੰ ਬਹੁਤ ਲੋੜ ਹੈ।

ਕਲਾ ਦੇ ਇਸ ਕਾਫ਼ਲੇ ਨੂੰ ਪਿਛਲੇ ਲਗਭਗ 43 ਸਾਲਾਂ ਤੋਂ ਨਿਰੰਤਰ ਤੋਰਨ ਲਈ ਸਭ ਤੋਂ ਵੱਡਾ ਯੋਗਦਾਨ ਜਨਮੇਜਾ ਸਿੰਘ ਦਾ ਹੀ ਹੈ। ਉਹਨਾਂ ਤੋਂ ਪ੍ਰਭਾਵਿਤ ਹੋ ਕੇ ਸੈਂਕੜੇ ਹੀ ਬੱਚੇ ਫੋਟੋ ਕਲਾ ਨਾਲ ਜੁੜੇ ਹਨ। ਮੈਂ ਖੁਦ ਵੀ ਜਨਮੇਜਾ ਸਿੰਘ ਤੋਂ ਪ੍ਰਭਾਵਿਤ ਹੋ ਕੇ ਹੀ ਕਲਾਤਮਿਕ ਫੋਟੋਗਰਾਫੀ ਨਾਲ ਜੁੜਿਆ ਸੀ।

ਜਨਮੇਜਾ ਸਿੰਘ ਜੌਹਲ ਹਮੇਸ਼ਾ ਇੱਕੋ ਗੱਲ ਕਹਿੰਦੇ ਹਨ ਕਿ ਕੋਮਲ ਕਲਾ ਸਹਿਜ, ਸੋਹਜ ਅਤੇ ਕੋਮਲ ਮਨ ਵਿੱਚੋਂ ਹੀ ਪੈਦਾ ਹੋ ਸਕਦੀ ਹੈ। ਕੋਮਲ ਮਨ ਹੀ ਕਲਾਤਮਿਕ ਹੋ ਸਕਦਾ ਹੈ ਅਤੇ ਆਪਣੀ ਕਲਾ ਰਾਹੀਂ

ਸਮਾਜ ਨੂੰ ਕੁਝ ਚੰਗਾ ਦੇ ਸਕਦਾ ਹੈ।

ਉਹਨਾਂ ਦਾ ਸ਼ੁਰੂ ਕੀਤਾ ਕਲਾ ਦਾ ਇਹ ਕਾਫ਼ਲਾ ਇਸੇ ਤਰ੍ਹਾਂ ਨਿਰੰਤਰ ਚੱਲਦਾ ਰਹੇ ਅਤੇ ਕੋਮਲ ਕਲਾਵਾਂ ਰਾਹੀਂ ਸਮਾਜ ਨੂੰ ਇੱਕ ਚੰਗਾ ਸੁਨੇਹਾ ਦਿੰਦਾ ਰਹੇ।

ਪਰਮਾਤਮਾ ਜਨਮੇਜਾ ਭਾਜੀ ਨੂੰ ਸਦਾ ਖੁਸ਼, ਸਹਿਜ, ਕਲਾਤਮਿਕ, ਬੇਫਿਕਰੇ ਅਤੇ ਚੜ੍ਹਦੀ ਕਲਾ ਵਿੱਚ ਰੱਖੇ। ਸਾਡੀ ਸਾਰਿਆਂ ਦੀ ਇਹੋ ਅਰਦਾਸ ਹੈ।

***

# ਉੱਦਮੀ ਫ਼ਕੀਰ ਜਨਮੇਜਾ - ਭਾਵ ਜੇਤੂ

## ਅਮਰਜੀਤ ਗਰੇਵਾਲ

ਪਰ ਕਿਹੜੀ ਜਿੱਤ ? ਕੁਰਸੀ ਦੀ ਨਹੀਂ, ਕੀਰਤੀ ਦੀ ਨਹੀਂ, ਦੌਲਤ ਦੀ ਨਹੀਂ। ਉਹ ਜਿੱਤ ਜੋ ਅੱਖ ਨਹੀਂ ਦੇਖਦੀ, ਪਰ ਰੂਹ ਮਹਿਸੂਸ ਕਰਦੀ ਹੈ। ਆਪਣੇ ਆਪ ਨਾਲ ਸੱਚੇ ਰਹਿਣ ਦੀ ਜਿੱਤ। ਇਹ ਜਿੱਤ ਬਾਜ਼ਾਰ ਵਿੱਚ ਨਹੀਂ ਵਿਕਦੀ, ਇਸ ਲਈ ਦੁਨੀਆਂ ਇਸਨੂੰ ਪਛਾਣਦੀ ਵੀ ਦੇਰ ਨਾਲ ਹੈ।

ਜਨਮੇਜਾ ਜੌਹਲ ਬਾਰੇ ਇਸ ਲਈ ਵੀ ਲਿਖਣਾ ਜ਼ਰੂਰੀ ਹੈ, ਕਿਉਂਕਿ ਉਹ ਜਿਸ ਖੇਤਰ ਵਿਚ ਸੰਘਰਸ਼ ਕਰ ਰਿਹਾ ਹੈ, ਪੰਜਾਬ ਦੀ ਹੋਂਦ ਅਤੇ ਪਹਿਚਾਣ ਦੇ ਖੇਤਰ ਵਿਚ, ਓਥੇ ਸੰਘਰਸ਼ ਕਰਨਾ ਹੀ ਜੇਤੂ ਹੋਣਾ ਹੈ।

ਸਰਕਾਰਾਂ ਨੇ ਲੋਕਾਂ ਦੀ ਜਿੱਤ ਰਾਹੀਂ ਆਪਣੀ ਜਿੱਤ ਦਾ ਰਸਤਾ ਤਿਆਗ ਕੇ ਲੋਕਾਂ ਦੀ ਹਾਰ ਰਾਹੀਂ ਆਪਣੀ ਜਿੱਤ ਦਾ ਰਸਤਾ ਅਪਣਾਇਆ।

ਪੰਜਾਬ ਦੀਆਂ ਸਰਕਾਰਾਂ ਦੇ ਏਜੰਡੇ ਨੂੰ ਬੂਰ ਪਿਆ, ਜਿਸਦੇ ਨਤੀਜੇ ਵਜੋਂ ਪੰਜਾਬ ਮੁਫਤਖੋਰੀਆਂ ਵਿਚ ਅਤੇ ਪੰਜਾਬੀਅਤ ਫੁਕਰੇਪਣ ਵਿਚ ਰੁਲ ਰਹੇ ਹਨ।

ਪੰਜਾਬ ਦੇ ਵਿਨਾਸ਼ ਦੀ ਇਸ ਦੋਹਰੀ ਸਿਆਸਤ ਨੂੰ ਜੋ ਦੋ ਬੰਦੇ ਚਨੌਤੀ ਦੇ ਰਹੇ ਹਨ, ਉਹ ਹਨ, ਪਿਓ ਪੁੱਤਰ ਸਰਦਾਰਾ ਸਿੰਘ ਜੌਹਲ ਅਤੇ ਜਨਮੇਜਾ ਸਿੰਘ ਜੌਹਲ, ਸਰਦਾਰਾ ਸਿੰਘ ਜੌਹਲ ਪੰਜਾਬ ਨੂੰ ਮੁਫਤਖੋਰੀਆਂ ਦੇ ਚੁੰਗਲ ਵਿਚੋਂ ਕੱਢ ਕੇ ਅਤੇ ਜਨਮੇਜਾ ਸਿੰਘ ਜੋਹਲ ਪੰਜਾਬੀਅਤ ਦੇ ਫੁਕਰੇਪਣ ਨੂੰ ਵਿਸਥਾਪਿਤ ਕਰਕੇ। ਸਰਦਾਰਾ ਸਿੰਘ ਜੌਹਲ ਦਾ ਰਸਤਾ ਗਿਆਨ ਦਾ ਰਸਤਾ ਹੈ ਅਤੇ ਜਨਮੇਜਾ ਸਿੰਘ ਜੌਹਲ ਦਾ ਰਸਤਾ ਫੁਕਰੇਪਣ ਦੀ ਵਿਪਰੀਤ ਉਦਾਹਰਣ ਬਣ ਜਾਣ ਦਾ ਰਸਤਾ।

ਸਰਦਾਰਾ ਸਿੰਘ ਜੌਹਲ ਕੇਵਲ ਵਿਸ਼ਵ ਪ੍ਰਸਿੱਧ ਵਿਗਿਆਨੀ ਅਤੇ ਗਿਆਨੀ ਪੁਰਸ਼ ਹੀ ਨਹੀਂ, ਸਾਧਨ ਸੰਪੰਨ ਪਰਿਵਾਰ ਨਾਲ ਵੀ ਸਬੰਧ ਰੱਖਦੇ ਹਨ। ਆਪਣੇ ਬੇਟੇ ਨੂੰ ਕਿਸੇ ਉੱਚੇ ਆਹੁਦੇ ਤੇ ਬੈਠਿਆਂ ਦੇਖਣਾ ਜਾਂ ਬਿਜ਼ਨਸਮੈਨ ਬਣ ਕੇ ਖੁਸ਼ਹਾਲ ਜੀਵਨ ਬਿਤਾਉਂਦਿਆਂ ਦੇਖਣਾ ਰੱਤੀ ਜਿੰਨਾ ਵੀ ਮੁਸ਼ਕਿਲ ਕੰਮ ਨਹੀਂ ਸੀ। ਪੁੱਤਰ ਹੋਣ ਦੇ ਨਾਤੇ ਜਨਮੇਜਾ ਸਿੰਘ ਜੌਹਲ ਲਈ ਆਪਣੇ ਪਿਤਾ ਨੂੰ ਅਜਿਹਾ ਕਰਨ ਲਈ ਮਜਬੂਰ ਕਰ ਦੇਣਾ ਕੋਈ ਮੁਸ਼ਕਲ ਕੰਮ ਨਹੀਂ ਸੀ। ਪਰ ਅਜਿਹਾ ਨਹੀਂ ਹੋਇਆ। ਸ਼ਾਇਦ ਇਹ ਪਿਓ ਪੁੱਤ ਦੇ ਪੰਜਾਬ ਅਤੇ ਪੰਜਾਬੀਅਤ ਦੇ ਸਾਂਝੇ ਪਰਾਜੈਕਟ ਦੀ ਨੀਤੀ ਦਾ ਸਾਂਝਾ ਪਰਿਣਾਮ ਹੀ ਸੀ।

ਹਰ ਵਿਅਕਤੀ ਵਿਚ ਕਮਜ਼ੋਰੀਆਂ ਹੁੰਦੀਆਂ ਹਨ। ਜਨਮੇਜਾ ਸਿੰਘ ਜੌਹਲ ਵਿਚ ਵੀ ਹਜ਼ਾਰਾਂ ਕਮਜ਼ੋਰੀਆਂ ਹੋਣਗੀਆਂ। ਪਰ ਇੱਕ ਗੱਲ ਪੱਕੀ ਹੈ ਕਿ ਉਹ ਫੁਕਰੇਪਣ ਤੋਂ ਹਜ਼ਾਰਾਂ ਕੋਹ ਦੂਰ ਹੈ। ਉਸਨੇ ਸੁਰਜੀਤ ਪਾਤਰ ਦੀ ਪਹਿਲੀ ਕਿਤਾਬ 'ਹਵਾ ਵਿਚ ਲਿਖੇ ਹਰਫ' ਛਾਪੀ, ਬਿਨਾ ਕਿਸੇ ਤਾਮ ਝਾਮ ਦੇ ਅਤੇ ਸੁਰਖੀ ਬਿੰਦੀ ਲਾਇਆਂ। ਸਾਦਗੀ ਦਾ ਕ੍ਰਿਸ਼ਮਾ ਸੀ ਇਹ ਕਿਉਂਕਿ ਉਸਨੇ ਕੋਈ ਪਬਲਿਸ਼ਿੰਗ ਹਾਊਸ ਖੜ੍ਹਾ ਨਹੀਂ ਸੀ ਕਰਨਾ। ਇਹ ਜਨਮੇਜਾ ਸਿੰਘ ਜੋਹਲ ਹੀ ਸੀ ਜਿਸ ਰਾਹੀਂ ਕੰਪਿਊਟਰੀ ਚੇਚਨਾ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਅੰਦਰ ਦਾਖਲ ਹੁੰਦੀ ਹੈ। ਇਨਾਮ ਸਨਮਾਨ ਅਤੇ ਕਮਾਈ ਧੰਦੇ ਉਡੀਕਵਾਨ ਸੱਜਣਾਂ ਅਤੇ ਸੰਸਥਾਵਾਂ ਦੀ ਝੋਲੀ ਪਾ ਦਿੱਤੇ। ਕਿਉਂਕਿ ਫਕੀਰੀ ਹੀ ਕੇਵਲ ਉਸਦਾ ਲਾਲਚ ਸੀ, ਇਸੇ ਲਈ ਉਸਦੀ ਵਾਰਡਰੋਬ ਅਤੇ ਪਰਿਵਾਰਕ ਰੋਅਬ ਦਾਅਬ ਕਦੇ ਵੀ ਉਸਦੀ ਪਛਾਣ ਨਹੀ ਬਣੇ। ਕਾਰਾਂ ਉਸਦੇ ਗੈਰਜ ਵਿਚ ਹੀ ਖੜ੍ਹੀਆ ਰਹਿ ਗਈਆਂ ਤੇ ਉਹ ਪੁਰਾਣੇ ਮੋਟਰਬਾਈਕ ਤੇ ਡੀਜ਼ਲ ਦਾ ਇੰਜਣ ਫਿਟ ਕਰਕੇ ਪਿੰਡਾਂ ਵਿਚ ਆਪਣੇ 'ਖੇਤ ਖਲਵਾੜ" ਮੈਗਜ਼ੀਨ ਰਾਹੀਂ ਖੇਤੀ ਗਿਆਨ ਵੰਡਦਾ ਰਿਹਾ। ਦੁੱਧ ਢੋਣ ਤੇ ਹੋਰ ਕੰਮ ਧੰਦਿਆ ਲਈ ਉਸਦੀ ਇਹ ਡੀਜ਼ਲ ਮਸ਼ੀਨ ਪੇਂਡੂ ਮਨਾ ਵਿਚ ਇੰਨੋਵੇਸ਼ਨ ਦਾ ਜਾਗ ਲਾ ਰਹੀ

ਸੀ। ਫੋਟੋਗਰਾਫੀ ਉਸਦਾ ਧੰਦਾ ਨਹੀਂ ਸੀ, ਪਰ ਸੋਸ਼ਲ ਮੀਡੀਆ ਦੀ ਆਮਦ ਤੋਂ ਪਹਿਲਾਂ ਇਹ ਉਹੀ ਸੀ ਜਿਸਨੇ ਪੰਜਾਬ ਵਿਚ ਲੋਕਾਂ ਨੂੰ ਆਰਟ ਗੈਲਰੀਆ ਦਾ ਰਸਤਾ ਦਿਖਾਇਆ ਤੇ ਕਲਾਕਾਰ ਪਹਾੜੋਂ ਉੱਤਰ ਆਏ। ਸਰਕਾਰ ਨੇ ਤਾਂ ਡਾਂ. ਜੌਹਲ ਦੀ ਸੁਣੀ ਨਹੀਂ, ਪਰ ਜਨਮੇਜੇ ਮਸ਼ਰੂਮ ਵਰਗੇ ਘਰੇਲੂ ਧੰਦਿਆ ਅਤੇ ਪਿੰਕੀ ਹਰਬਲ ਫਾਰਮ ਵਰਗੇ ਕੰਮ ਧੰਦਿਆਂ ਰਾਹੀ ਉਹ ਸਿਰਫ਼ ਆਪਣੇ ਪਿਤਾ ਜੀ ਦੀ ਡਾਈਵਰਸੀਫੀਕੇਸ਼ਨ ਦੀ ਸਿੱਖਿਆ ਦਾ ਹੀ ਪ੍ਰਚਾਰ ਕਰ ਰਿਹਾ ਹੈ। ਕਿਸੇ ਦੋਸਤ ਨੇ ਪੁੱਛਿਆ ਕਿ ਜਨਮੇਜਾ ਏਨਾ ਇਨੋਵੇਟਿਵ, ਕਰੀਏਟਿਵ, ਸੂਝਵਾਨ, ਉੱਦਮੀ ਅਤੇ ਸਾਧਨ ਸੰਪੰਨ ਹੈ, ਫੇਰ ਉਹ ਛੋਟੇ ਛੋਟੇ ਕੰਮਾਂ ਵਿਚ ਕਿਉਂ ਪਿਆ ਰਹਿੰਦਾ ਹੈ ? ਮੇਰਾ ਜੁਆਬ ਸੀ ਕਿ ਜਨਮੇਜਾ ਜੌਹਲ ਬਿਜ਼ਨਸਮੈਨ ਨਹੀਂ, ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਪ੍ਰਤੀਬੱਦ ਫਕੀਰੀ ਤੜਪ ਹੈ, ਜੋ ਹਰ ਆਮ ਆਦਮੀ ਅੰਦਰ ਪ੍ਰਵੇਸ਼ ਕਰਨ ਲਈ ਪਿੰਡੋ ਪਿੰਡੀ ਭਟਕ ਰਹੀ ਹੈ।

ਜਨਮੇਜਾ ਜੌਹਲ ਉੱਦਮੀ ਵੀ ਹੈ। ਕਿਉਂਕਿ ਉਹ ਰੁਕਿਆ ਨਹੀਂ।

ਫ਼ਕੀਰ ਵੀ ਹੈ - ਕਿਉਂਕਿ ਉਹ ਫੁਕਰਾ ਨਹੀਂ, ਨਾ ਹੀ ਉਹ ਵਿਕਿਆ ਹੈ।

ਪੰਜਾਬ ਦੀ ਹੋਂਦ ਦਾ ਅਣਥੱਕ ਰਾਖਾ,

ਉਹ ਭੀੜ ਵਿੱਚ ਰਹਿ ਕੇ ਵੀ, ਭੀੜ ਵਰਗਾ ਨਹੀਂ

ਪੰਜਾਬ ਨੂੰ ਅੱਜ ਅਜਿਹੇ ਬੰਦਿਆਂ ਦੀ ਲੋੜ ਹੈ - ਜੋ ਜਿੱਤ ਦੀ ਪ੍ਰੀਭਾਸ਼ਾ ਹੀ ਬਦਲ ਦੇਣ।

***

# ਮਿਤਰਤਾ ਦੀ ਚੰਗੇਰ

# ਅਜੀਤ ਪਿਆਸਾ

ਉਹ ਜੋ ਮੋਢੇ ਤੇ ਕੈਮਰਾ ਲਟਕਾਈ, ਬੋਲਾਂ `ਚ ਮਿਸਰੀ ਘੋਲਕੇ ਤੁਹਾਨੂੰ ਆਪਣਾ ਬਣਾ ਲੈਂਦਾ, ਕਦੇ ਯਾਤਰੀ ਲਗਦੈ, ਕਦੇ ਕਦੇ ਬਾਗਵਾਨੀ ਮਾਹਿਰ, ਕਦੇ ਕਿਸੇ ਸੱਬ ਦਾ ਰਚਨਹਾਰਾ, ਕਦੇ ਆਪਣੇ ਕਾਰਨਾਮੇ ਪਾਠਕਾਂ  ਨੂੰ ਦਿਖਾਉਂਦਾ, ਅਦਾਕਾਰ, ਕਦੇ ਛਾਪੇਖਾਨੇ ਦਾ ਕਰਿੰਦਾ, ਕਦੇ ਕੰਮਪਿਊਟਰ ਮਾਸਟਰ, ਝਟੇ ਮਿਤਰਤਾ ਦੀ ਚੰਗੇਰ, ਰੂਹ ਦਾ ਹਾਣੀ - ਤੁਸੀਂ ਜਦੋ ਵੀ ਉਸਨੂੰ ਹਾਕ ਮਾਰੋ, ਉਹ ਆਪਣੇ ਮੋਹ ਦੀ ਸਤਰੰਗੀ ਪੀਂਘ ‘ਤੋ ਤੁਹਾਨੂੰ ਸਦਾ ਮੋਹ ਦੇ ਝੂਟੇ ਦੇਵੇਗਾ। ਪੰਜਾਬੀ ਭਵਨ ਦੇ ਸਾਹਿਤਕ ਬਾਗ ਦਾ ਅਜਿਹਾ ਮੁਸਾਫ਼ਿਰ ਜੀਹਨੂੰ ਨਾ ਚੜ੍ਹੇ ਦੀ ਨਾ ਲੱਥੇ ਦੀ। ਕੋਈ ਘੁਮੰਡ ਨਹੀ- ਕੋਈ ਈਰਖਾ ਨਹੀ। ਅਪਣਤ ਦਾ ਵਣਜਾਰਾ, ਮਸਤ ਮਲੰਗੀ ਦਾ ਸਿਰਨਾਵਾਂ। ਉਹੀ ਹੈ ਮਿੱਤਰ ਪਿਆਰਾ ਸਾਡਾ ਜਨਮੇਜਾ ਜੋਹਲ।।

***

# ਰੂਹਦਾਰੀ ਦੀ ਸਾਂਝ

## ਅਜਮੇਰ ਅੱਪਰਾ

ਮੇਰੇ ਪੱਤਰਕਾਰੀ ਜੀਵਨ 'ਚ ਅਖ਼ਬਾਰ ਨੂੰ ਖ਼ਬਰਾਂ ਭੇਜਣ ਦਾ ਯੁੱਗ ਬੜੀ ਤੇਜ਼ੀ ਨਾਲ ਬਦਲਿਆ। ਸੰਨ 2000 'ਚ ਨਵਾਂ ਜ਼ਮਾਨਾ ਲਈ ਪੱਤਰਕਾਰੀ ਕਰਦਿਆਂ ਸਰਕਾਰੀ ਡਾਕ ਰਾਹੀਂ ਖ਼ਬਰਾਂ ਭੇਜਦੇ ਰਹੇ, ਫਿਰ ਜਲਦੀ ਹੀ ਕੋਰੀਅਰ ਸਰਵਿਸ ਆ ਗਈ ਤੇ ਫਿਰ ਜਲਦੀ ਹੀ ਫੈਕਸ ਦੀ ਸਹੂਲਤ ਆ ਗਈ। ਫਿਰ ਤਾਂ ਇੰਜ ਲੱਗਦਾ ਸੀ ਕਿ ਇਸ ਤੋਂ ਕੁਝ ਤੇਜ਼ ਨਹੀਂ ਆ ਸਕਦਾ। 2003 'ਚ ਮੈਂ 'ਜਗ ਬਾਣੀ' 'ਚ ਆ ਗਿਆ ਤੇ ਲਗਭਗ 2005 ਕੁ 'ਚ ਪਿੰਡਾਂ 'ਚ ਕੰਪਿਊਟਰ ਯੁੱਗ ਦੀ ਸ਼ੁਰੂਆਤ ਹੋਈ ਤਾਂ ਪੱਤਰਕਾਰਾਂ 'ਚ ਖ਼ਬਰਾਂ ਟਾਈਪ ਕਰ ਕੇ ਭੇਜਣ ਬਾਬਤ ਸਿਖਲਾਈ ਲੈਣ ਦੀ ਹੋੜ ਜਿਹੀ ਲੱਗ ਗਈ। ਮੈਂ ਵੀ ਇਸ ਦੌੜ ਵਿਚ ਸ਼ਾਮਲ ਹੋ ਗਿਆ ਅਤੇ ਬੈਂਕ ਤੋਂ 20000 ਰੁਪਏ ਦਾ ਬੜੀ ਮੁਸ਼ਕਲ ਨਾਲ ਲੋਨ ਲੈ ਕੇ ਕੰਪਿਊਟਰ ਲੈ ਲਿਆ। ਪਰ ਚਲਾਉਣ ਬਾਰੇ ਕੋਈ ਗਿਆਨ ਨਹੀਂ ਸੀ। ਉਦੋਂ ਕੁ ਹਾਲੇ ਯੂਟਿਊਬ ਨਹੀਂ ਸੀ ਉਪਲਬਧ। ਜਿਸ ਕਾਰਨ ਕੰਪਿਊਟਰ ਬਾਰੇ ਸਿੱਖਣਾ ਆਸਾਨ ਨਹੀਂ ਸੀ, ਪਰ ਮੈਂ ਟੱਕਰਾਂ ਟੱਕਰਾਂ ਮਾਰ ਕੇ ਮਾੜਾ ਮੋਟਾ ਕੰਪਿਊਟਰ ਸਿੱਖ ਲਿਆ ਪਰ ਫਿਰ ਇੱਕ ਸਮੱਸਿਆ ਆਈ ਕਿ ਅਸੀਂ ਟਾਈਪ ਤਾਂ 'ਡੀ ਆਰ ਚਾਤ੍ਰਿਕ' ਫੌਂਟ ਵਿਚ ਕਰਨਾ ਸਿੱਖ ਲਿਆ ਪਰ ਅਖ਼ਬਾਰ ਵਿਚ 'ਸਤਲੁਜ ਫੋਂਟ' 'ਚ ਖ਼ਬਰ ਸਵੀਕਾਰ ਕੀਤੀ ਜਾਂਦੀ ਹੈ। ਸਤਲੁਜ ਫੋਂਟ ਵਿਚ ਟਾਈਪ ਕਰਨ ਬਾਰੇ ਕੁਝ ਪਤਾ ਨਾ ਲੱਗੇ। ਫੌਂਟ ਡਾਊਨਲੋਡ ਵੀ ਕਰ ਲਿਆ, ਇੰਸਟਾਲ ਵੀ ਕਰ ਲਿਆ, ਉਸ ਨਾਲ ਕਿਸੇ ਵਲੋਂ ਸਤਲੁਜ ਵਿਚ ਭੇਜਿਆ ਗਿਆ ਮੈਟਰ ਪੜ੍ਹਿਆ ਤਾਂ ਜਾ ਸਕਦਾ ਸੀ, ਪਰ ਲਿਖਿਆ ਨਹੀਂ ਸੀ ਜਾ ਸਕਦਾ। ਸੋ ਇਹ ਸਮੱਸਿਆ ਬਣ ਗਈ ਤੇ ਫਿਰ ਟੱਕਰਾਂ ਦਾ ਦੌਰ ਸ਼ੁਰੂ ਹੋਇਆ। ਉਸ ਵੇਲੇ ਗੂਗਲ ਵੈੱਬਸਾਈਟ ਨਵੀਂ ਨਵੀਂ ਆਈ ਸੀ, ਮੈਂ ਜਦੋਂ ਫੋਂਟ ਬਾਰੇ ਜਾਣਕਾਰੀ ਲਈ ਸਰਚਾਂ ਮਾਰਨੀਆਂ

ਸ਼ੁਰੂ ਕੀਤੀਆਂ ਤਾਂ ਜਨਮੇਜਾ ਜੌਹਲ ਭਾਅ ਜੀ ਬਾਰੇ ਜਾਣਕਾਰੀ ਸਾਹਮਣੇ ਆ ਗਈ। ਉਹਨਾਂ ਫੌਂਟ ਕਨਵਰਟਰ ਦੀ ਸਹੂਲਤ ਉਪਲਬਧ ਕਰਵਾਈ ਹੋਈ ਸੀ, ਮੈਂ ਦਿੱਤੇ ਹੋਏ ਨੰਬਰ 'ਤੇ ਕਾਲ ਕੀਤੀ ਤਾਂ ਭਾਅ ਜੀ ਨਾਲ ਸੰਪਰਕ ਹੋ ਗਿਆ। ਭਾਅ ਜੀ ਨੇ ਫੌਂਟ ਕਨਵਰਟਰ ਦੀ 'ਕੁੰਜੀ' ਉਪਲਬਧ ਕਰਵਾਈ ਤਾਂ ਇੰਜ ਲੱਗੇ ਕਿ ਜਿਵੇਂ ਜਗ ਜਿੱਤ ਲਿਆ ਹੋਵੇ। ਫਿਰ ਆਪਾਂ 'ਡੀ ਆਰ ਚਾਤ੍ਰਿਕ' ਫੌਂਟ 'ਚ ਖ਼ਬਰ ਲਿਖਣੀ ਅਤੇ ਸਤਲੁਜ 'ਚ ਕਨਵਰਟ ਕਰ ਕੇ ਈਮੇਲ ਕਰ ਦੇਣੀ ਤੇ ਦੂਜੇ ਦਿਨ ਠਾਹ ਖ਼ਬਰ ਲੱਗ ਜਾਣੀ। ਜਨਮੇਜਾ ਜੋਹਲ ਭਾਅ ਜੀ ਦੇ ਨਾਲ ਇੰਟਰਨੈੱਟ ਰਾਹੀਂ ਬਣਿਆ ਸੰਪਰਕ ਸਾਂਝ ਪਿਆਰ ਵਿਚ ਤਬਦੀਲ ਹੋ ਗਿਆ। ਅਸਲ 'ਚ ਭਾਅ ਜੀ ਦੇ ਨਾਨਕੇ ਮੇਰੇ ਕਸਬਾ ਅੱਪਰਾ ਤੋਂ 7 ਕੁ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਮੁਕੰਦਪੁਰ (ਸ਼ਹੀਦ ਭਗਤ ਸਿੰਘ ਨਗਰ) ਵਿਚ ਹਨ, ਸੋ ਜਦੋਂ ਵੀ ਭਾਅ ਜੀ ਨੇ ਆਪਣੇ ਨਾਨਕੇ ਆਉਣਾ ਤਾਂ ਵਾਪਸ ਲੁਧਿਆਣੇ ਜਾਣ ਵੇਲੇ ਮੇਰੀ 'ਹੱਟੀ' 'ਤੇ ਜ਼ਰੂਰ ਆਉਣਾ। ਭਾਅ ਜੀ ਕੋਲੋਂ ਬੜਾ ਕੁਝ ਸਿੱਖਣ ਨੂੰ ਮਿਲਿਆ, ਉਹਨਾਂ ਨੇ ਪੰਜਾਬੀ ਭਾਸ਼ਾ ਨੂੰ ਕੰਪਿਊਟਰੀਕ੍ਰਿਤ ਕਰਨ ਲਈ ਜੋ ਯਤਨ ਕੀਤੇ ਹਨ ਉਹਨਾਂ ਲਈ ਪੰਜਾਬੀ ਭਾਈਚਾਰਾ ਉਹਨਾਂ ਦਾ ਹਮੇਸ਼ਾ ਧੰਨਵਾਦੀ ਰਹੇਗਾ।

-ਲੱਸੀ ਵਾਲੀ ਚਾਹ

ਇੱਕ ਘਟਨਾ ਦਾ ਵਰਨਣ ਕਰ ਕੇ ਮੈਂ ਆਪਣੀ ਲਿਖਤ ਦਾ ਮੁਕਾਉ ਕਰਾਂਗਾ, ਜਿਹੜੀ ਕਿ ਮੇਰੇ ਜ਼ਿਹਨ 'ਚ ਜਦੋਂ ਵੀ ਉਬਾਲੇ ਲੈਂਦੀ ਹੈ ਤਾਂ ਮੇਰਾ ਹਾਸਾ ਕਿਸੇ ਅਫ਼ਸੋਸ ਵਾਲੀ ਜਗ੍ਹਾ 'ਤੇ ਬੈਠੇ ਦਾ ਵੀ ਨਿਕਲ ਜਾਂਦਾ ਹੈ।

ਅਸਲ 'ਚ ਭਾਅ ਜੀ ਨਾਲ ਨੇੜਤਾ ਇੰਨੀ ਕੁ ਵੱਧ ਗਈ ਕਿ ਉਹਨਾਂ ਮੈਨੂੰ ਲੁਧਿਆਣਾ ਆਪਣੇ ਘਰ ਆਉਣ ਦਾ ਕਈ ਵਾਰ ਸੱਦਾ ਦਿੱਤਾ। 'ਰੰਗਾਂ ਦੀ ਗਾਗਰ' ਪੁਸਤਕ ਪੜ੍ਹਨ ਕਾਰਨ ਮੈਂ ਉਹਨਾਂ ਦੇ ਪਿਤਾ ਜੀ ਸ. ਸਰਦਾਰਾ ਸਿੰਘ ਜੋਹਲ ਜੀ ਦਾ ਵੀ ਪ੍ਰਸ਼ੰਸਕ ਬਣ ਚੁੱਕਾ ਸੀ। ਸੋ ਮੈਂ

ਇੱਕ ਤੀਰ ਨਾਲ ਦੋ ਸ਼ਿਕਾਰ ਕਰਨਾ ਚਾਹੁੰਦਾ ਸੀ। ਇੱਕ ਦਿਨ ਪ੍ਰੋਗਰਾਮ ਬਣ ਗਿਆ 'ਤੇ ਮੈਂ ਆਪਣੇ ਬਜਾਜ ਚੇਤਕ ਸਕੂਟਰ ਜੋ ਕਿ ਮੈਨੂੰ ਮਹਾਰਾਜਾ ਰਣਜੀਤ ਸਿੰਘ ਦੇ ਚੇਤਕ ਘੋੜੇ ਵਰਗੀ ਫੀਲਿੰਗ ਦਿੰਦਾ ਸੀ, 'ਤੇ ਸਵਾਰ ਹੋ ਕੇ ਮਾਲਵੇ ਦੀ ਧਰਤੀ ਵੱਲ ਨੂੰ ਚਾਲੇ ਪਾ ਦਿੱਤੇ। ਦਰਿਆ ਟੱਪਿਆ ਅਤੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਬੁੱਤਾਂ ਨੂੰ ਸਲਾਮ ਕਰਦਾ ਹੋਇਆ ਪੁਲਿਸ ਦੇ ਨਾਕਿਆਂ ਤੋਂ ਬਚਦਾ ਬਚਾਉਂਦਾ ਟੱਕਰਾਂ ਮਾਰਦਾ ਜਾ ਪੁੱਜਾ ਸ ਜਨਮੇਜਾ ਸਿੰਘ ਜੋਹਲ ਦੇ ਘਰ। ਭਾਅ ਜੀ ਨੇ ਬਹੁਤ ਸਤਿਕਾਰ ਦਿੱਤਾ ਅਤੇ ਪਹਿਲੀ ਵਾਰ ਸ। ਸਰਦਾਰਾ ਸਿੰਘ ਜੋਹਲ ਦੇ ਪੈਰੀਂ ਹੱਥ ਲਗਾਉਣ ਦਾ ਮੌਕਾ ਮਿਲਿਆ। ਮੇਰੀ ਮਾੜੀ ਕਿਸਮਤ ਨੂੰ ਭਾਅ ਜੀ ਦੇ ਨਿਆਣਿਆਂ ਦੇ ਮਾਤਾ ਜੀ ਤੇ ਮੇਰੇ ਭਾਬੀ ਜੀ ਬਜ਼ਾਰ 'ਚ ਗਏ ਹੋਏ ਸਨ। ਭਾਅ ਜੀ ਨੇ ਕਾਫ਼ੀ ਦੇਰ ਉਡੀਕਿਆ ਤੇ ਕਹਿਣ ਲੱਗੇ, "ਲੈ ਬਈ ਅਜਮੇਰ ਸਿੰਘਾਂ, ਹੁਣ ਉਹਦਾ ਪਤਾ ਨਹੀਂ ਕਦੋਂ ਆਵੇ, ਆਪਾਂ ਆਪ ਹੀ ਚਾਹ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ, ਵੈਸੇ ਮੈਂ ਰਸੋਈ 'ਚ ਕਦੇ ਆਉਂਦਾ ਨਹੀਂ, ਤੇਰੇ ਕਰ ਕੇ ਕੁਰਬਾਨੀ ਕਰਨ ਲੱਗਾ ਹਾਂ।" ਮੈਂ ਭਾਅ ਜੀ ਨੂੰ ਬਥੇਰਾ ਰੋਕਿਆ, "ਭਾਅ ਜੀ ਰਹਿਣ ਦਿਓ, ਮੇਰਾ ਮਨ ਤਾਂ ਤੁਹਾਨੂੰ ਮਿਲਣ ਦਾ ਹੀ ਸੀ, ਚਾਹ ਦੀ ਕੋਈ ਗੱਲ ਨਹੀਂ ਫਿਰ ਕਿਤੇ ਸਹੀ।" ਪਰ ਭਾਅ ਜੀ ਨਾ ਮੰਨੇ ਤੇ ਲੱਗ ਪਏ ਚਾਹ ਬਣਾਉਣ। ਪਾਣੀ 'ਚ ਖੰਡ ਪੱਤੀ ਪਾਈ ਤੇ ਪਾਣੀ ਲੱਗਾ ਉਬਾਲੇ ਮਾਰਨ। ਪਰ ਦੁੱਧ ਲੱਭੇ ਨਾ ਕਿੱਥੇ ਪਿਆ, ਆਖ਼ਰਕਾਰ ਫਰਿੱਜ ਵਿਚੋਂ ਦੁੱਧ ਲੱਭ ਆਇਆ ਤਾਂ ਭਾਅ ਜੀ ਨੇ ਜਿਉਂ ਹੀ ਦੁੱਧ ਚਾਹ ਵਿਚ ਪਾਇਆ ਤਾਂ ਦੁੱਧ ਫੱਟ ਗਿਆ। ਸਮਝ ਨਾ ਲੱਗੇ ਕਿ ਇਹ ਕੀ ਹੋ ਗਿਆ। ਮੈਂ ਕਿਹਾ, "ਭਾਅ ਜੀ ਇਹਦੇ ਨਾਲ ਤਾਂ 'ਮਾਰੂ ਚਾਹ' (ਦੁਆਬੇ 'ਚ ਬਿਨਾਂ ਦੁੱਧ ਵਾਲੀ ਚਾਹ ਨੂੰ ਮਾਰੂ ਚਾਹ ਕਹਿੰਦੇ ਹਨ) ਹੀ ਪੀ ਲੈਂਦੇ, ਨਾਲ ਵਲੈਤੀਆਂ ਵਾਲੀ ਫੀਲਿੰਗ ਲੈ ਲੈਂਦੇ।" ਅਸੀਂ ਅਜੇ ਗੱਲਾਂ ਹੀ ਕਰਦੇ ਸੀ ਕਿ ਭਾਬੀ ਜੀ ਪਿੰਕੀ ਜੋਹਲ ਜੀ ਆ ਗਏ ਤੇ ਭਾਅ ਜੀ ਨੇ ਦੱਸਿਆ ਕਿ ਅੱਜ ਆਪਣਾ ਦੁੱਧ ਫੱਟ ਗਿਆ ਤੇ

ਸਾਡੀ ਚਾਹ ਖ਼ਰਾਬ ਹੋ ਗਈ। ਭਾਬੀ ਜੀ ਨੇ ਪੁੱਛਿਆ ਕਿ ਤੁਸੀਂ ਦੁੱਧ ਕਿੱਥੋਂ ਲਿਆ, ਭਾਅ ਜੀ ਨੇ ਦੱਸਿਆ ਕਿ ਫਰਿੱਜ ਵਿਚੋਂ। ਉਹਨਾਂ ਮੱਥੇ 'ਤੇ ਹੱਥ ਧਰ ਲਿਆ ਤੇ ਕਹਿਣ ਲੱਗੇ, "ਸਰਦਾਰ ਜੀ ਫਰਿੱਜ ਵਿਚ ਤਾਂ ਲੱਸੀ ਪਈ ਸੀ, ਦੁੱਧ ਤਾਂ ਬਾਹਰ ਹੀ ਸੀ!" ਭਾਅ ਜੀ ਮੇਰੇ ਵੱਲ ਵੇਖੇ ਤੇ ਮੈਂ ਭਾਅ ਜੀ ਵੱਲ! ਮੈਂ ਕਿਹਾ, "ਭਾਅ ਜੀ ਕੋਈ ਗੱਲ ਨਹੀਂ, ਪਰ ਇੱਕ ਗੱਲ ਜ਼ਰੂਰ ਯਾਦ ਰਹੂ ਕਿ ਕਿ ਕੰਪਿਊਟਰ ਨੂੰ ਕਿਲਬਿਲੀਆਂ ਖੁਆਉਣ ਵਾਲੇ ਭਾਅ ਜੀ ਨੇ 'ਲੱਸੀ ਵਾਲੀ ਚਾਹ' ਦੀ ਖੋਜ ਕਰਨ ਦਾ ਨਾਮਣਾ ਵੀ ਖੱਟ ਲਿਆ ਹੈ।" ਪਤਾ ਨਹੀਂ ਮੇਰੇ ਵਰਗੇ ਕਿੰਨਿਆਂ ਕੁ ਨੂੰ ਜਨਮੇਜਾ ਜੌਹਲ ਭਾਅ ਜੀ ਨੇ ਆਪਣੀਆਂ ਖੋਜਾਂ ਦੇ ਨਾਲ ਰੋਟੀ ਪਾਈ ਹੋਈ। ***

# ਜਨਮੇਜਾ ਬਾਰੇ ਊਟ ਪਟਾਂਗ ਗੱਲਾਂ

## ਡਾ. ਗੁਰਸ਼ਰਨ ਰੰਧਾਵਾ

ਜਨਮੇਜੇ ਬਾਰੇ ਲਿਖਣਾ

ਬਹੁਤ ਸੌਖਾ ਵੀ ਹੈ ਤੇ ਬਹੁਤ ਔਖਾ ਵੀ। ਸੌਖਾ ਇਸ ਲਈ ਕਿ ਉਹ ਅੰਦਰੋਂ ਬਾਹਰੋਂ ਇੱਕੋ ਜਿਹਾ ਹੈ, ਸਾਦ ਮੁਰਾਦਾ ਤੇ ਵਲ਼ ਫੇਰਾਂ ਤੋਂ ਮੁਕਤ

ਤੇ ਔਖਾ ਇਸ ਲਈ ਕਿ ਉਸ ਦੇ ਅਣਗਿਣਤ ਕਾਰਨਾਮਿਆਂ 'ਚੋਂ ਕੁਝ ਕੁ ਚੁਣਨੇ ਅਸੰਭਵ ਜਿਹਾ ਕਾਰਜ

ਜਨਮੇਜਾ

ਫੱਕਰ

ਮਸਤ-ਮਲੰਗ

ਸਾਧ

ਘੁਮੱਕੜ

ਅਵਾਰਾ

ਜਨੂੰਨੀ

ਬੇਪਰਵਾਹ

ਮਰਾਸੀ

ਭੰਡ

ਲਖਾਰੀ

ਕਲਾਕਾਰ

ਮਿਸਤਰੀ

ਮਕੈਨਕ

ਕਦੇ ਜਨਮੇਜਾ ਮੈਨੂੰ ਅਸਮਾਨ 'ਚ ਪਈ ਸਤਰੰਗੀ ਪੀਂਘ ਵਰਗਾ ਲਗਦਾ

ਤੇ ਕਦੇ ਮਾਂ ਦੇ ਬਣਾਏ ਮਿੱਸੇ ਸਾਗ ਵਰਗਾ

ਮੈਨੂੰ ਉਹਦੇ ਵਿੱਚ ਅਕਸਰ ਦਿਸਦੀ ਹੈ

ਖੂਹ ਦੀਆਂ ਟਿੰਡਾਂ 'ਚੋਂ ਪਾਰਛੇ ਵਿੱਚ ਡਿਗਦੇ ਪਾਣੀ ਦੀ ਚਮਕ ਜੁਗਾਲ਼ੀ ਕਰਦੇ ਬੌਲਦ ਦੀਆਂ ਅੱਖਾਂ 'ਚ ਝਲਕਦੀ ਥਕਾਵਟ ਢਾਬ ਦੀ ਚੀਕਣੀ ਮਿੱਟੀ ਨਾਲ ਸੱਜਰੀ ਲਿੱਪੀ ਹੋਈ ਕੱਚੀ ਕੰਧ ਸਿਖਰ ਦੁਪਹਿਰੇ ਫਲ਼ਿਆਂ ਨਾਲ ਗਾਹ ਹੁੰਦੀ ਕਣਕ ਰਾਤ ਨੂੰ ਆਡਾਂ 'ਚ ਚਮਕਦਾ ਪਾਣੀ

ਤੇ ਆਲ਼ੇ 'ਚ ਜਗਦੀ ਲਾਲਟੈਣ

ਮੈਂ ਕਈ ਤਰ੍ਹਾਂ ਦਾ ਜਨਮੇਜਾ ਦੇਖਿਆ

ਕਿਸੇ ਪੰਛੀ ਦੇ ਖ਼ਾਸ ਪੋਜ਼ ਦੀ ਘੰਟਿਆਂ ਬੱਧੀ ਉਡੀਕ ਕਰਦਾ ਘਾਹ ਬੂਟ 'ਚ ਲੰਮਾ ਪਿਆ ਜਨਮੇਜਾ

ਲੋਕ ਸਭਾ ਦੀਆਂ ਚੋਣਾਂ ਵਿੱਚ ਉਮੀਦਵਾਰ ਬਣ ਆਪਣੇ ਲਈ ਰਕਸ਼ੇ 'ਤੇ ਚੋਣ ਪ੍ਰਚਾਰ ਕਰਦਾ ਜਨਮੇਜਾ ਸਾਹਿੱਤ ਅਕੈਡਮੀ ਦੀਆਂ ਵੋਟਾਂ ਪੁਆਉਂਦਾ ਜਨਮੇਜਾ ਛਾਪੇਖਾਨੇ ਵਿਚ ਕਵਿਤਾ ਦੇ ਫਰਮੇਂ ਜਾਂਚਦਾ ਜਨਮੇਜਾ ਸਾਹਿਤਕ ਮੇਲੇ ਲਾਉਂਦਾ ਫੋਟੋ ਪ੍ਰਦਰਸ਼ਨੀਆਂ ਕਰਦਾ ਨਾਟਕ ਖੇਡਦਾ ਤੇ ਖਿਡਾਉਂਦਾ ਜਨਮੇਜਾ

ਨਿੱਕੇ ਨਿੱਕੇ ਜੀਵਾਣੂਆਂ ਦੀ ਸਰੀਰ ਵਿਚ ਫੈਲ ਗਈ ਜ਼ਹਿਰ ਨਾਲ

ਜਿੰਦਗੀ ਮੌਤ ਦੀ ਲੜਾਈ ਲੜਦਾ ਜਨਮੇਜਾ

ਬਾਲਪਨ ਵਿਚ ਹੀ

ਆਪਣੇ ਅੰਦਰ ਵਸਦੇ ਇੱਕ ਪੂਰੇ ਪਿੰਡ ਸਮੇਤ

ਜਨਮੇਜਾ ਸ਼ੈਹਰ ਆ ਗਿਆ

ਜਾਂ ਕਹਿ ਲਉ

ਡਾਢੇ ਸਮੇਂ ਨੇ ਪੇਂਡੂ ਜਨਮੇਜੇ ਨੂੰ ਲੁੱਦੇਹਾਏ ਦਾ ਵਾਸੀ ਬਣਾ ਦਿੱਤਾ ਫਿਰ ਉਸਨੇ ਲੁੱਦੇਹਾਣੇ ਨੂੰ ਨਗਰ ਤੋਂ ਮਹਾਂਨਗਰ

ਤੇ ਬੁੱਢੇ ਦਰਿਆ ਨੂੰ ਦਰਿਆ ਤੋਂ ਗੰਦਾ ਨਾਲਾ ਬਣਦੇ ਦੇਖਿਆ

ਉਹਦੀਆਂ ਅੱਖਾਂ ਸਾਹਮਣੇ

ਕਈ ਢਾਬੇ ਪੰਜ ਤਾਰਾ ਹੋਟਲ ਬਣ ਗਏ

ਤੇ ਕਈ ਪੁੰਗਰਦੇ ਕਲਾਕਾਰ ਲੇਖਕ

ਸਫਲਤਾ ਦੀਆਂ ਉੱਚੀਆਂ ਟੀਸੀਆਂ 'ਤੇ ਚੜ੍ਹ ਗਏ

ਜਨਮੇਜੇ ਨੇ ਤੱਕਿਆ

ਵੀਹਵੀਂ ਸਦੀ ਨੂੰ ਇੱਕੀਵੀਂ 'ਚ ਜਾਂਦੇ ਹੋਏ

ਹੱਥ ਲਿਖਤ ਖ਼ਤਾਂ ਨੂੰ ਈਮੇਲ ਬਣਦੇ ਹੋਏ

ਟਰੈਫਿਕ ਪੁਲਸ ਵਾਲੇ ਨੂੰ

ਲਾਲ, ਪੀਲ਼ੀ ਤੇ ਹਰੀ ਬੱਤੀ 'ਚ ਤਬਦੀਲ ਹੁੰਦੇ ਹੋਏ

ਹੋਰ ਵੀ ਬਹੁਤ ਕੁਝ ਬਦਲਦਾ ਵੇਖਿਆ ਉਸਨੇ ਸਮੇਂ ਦੀ ਹਨ੍ਹੇਰੀ ਵਿੱਚ

ਪਰ ਬਿਲਕੁਲ ਨਾ ਬਦਲਿਆ

ਜਨਮੇਜੇ ਦੀ ਰੂਹ ਦਾ ਸੱਚ

ਜਨਮੇਜੇ ਦੀ ਮਲੰਗੀ

ਜਨਮੇਜੇ ਦੀ ਵਫ਼ਾਦਾਰੀ

ਜਨਮੇਜਾ ਕਿਸੇ ਨਾਲ ਵੈਰ ਨਹੀਂ ਰੱਖਦਾ

ਨਾ ਹੀ ਝੂਠ ਬੋਲਦਾ

ਪਰ ਕਦੇ ਕਦੇ ਇੱਲਤਾਂ ਕਰਦਿਆਂ

ਉਹਦੇ ਤੋਂ ਗਲਤ ਮਲਤ ਲਿਖ ਹੋ ਜਾਂਦਾ ਪਰ ਮੈਂ ਕਦੇ ਮਗ਼ਜ਼ ਖਪਾਈ ਨਹੀਂ ਕੀਤੀ ਉਹਨੂੰ ਮੱਤਾਂ ਦੇਣ ਦੀ

ਲੁੱਦੇਹਾਏ ਦਾ ਬਹੁਤ ਕੁਝ ਸਾਂਭੀ ਬੈਠਾ ਹੈ ਜਨਮੇਜਾ ਆਪਣੇ ਅੰਦਰ

ਪੁਰਾਣਾ ਘੰਟਾ ਘਰ ਚੌਂਕ

ਪੁਰਾਣਾ ਚੌੜਾ ਬਜ਼ਾਰ

ਪੁਰਾਈ ਘੁਮਾਰ ਮੰਡੀ

ਤੇ ਪੁਰਾਣਾ ਭਾਰਤ ਨਗਰ ਚੌਕ
ਤੁਸੀਂ ਮਿਣ ਨਹੀਂ ਸਕਦੇ ਜਨਮੇਜੇ ਨੂੰ
ਡਿਗਰੀਆਂ ਨਾਲ
ਅਹੁਦਿਆਂ ਨਾਲ
ਇਨਾਮਾਂ ਨਾਲ
ਉਹ ਤਾਂ ਆਪਣੇ ਆਪ ਵਿਚ ਇਕ ਪੂਰੀ ਸੰਸਥਾ ਹੈ
ਇੱਕ ਗੁਆਚ ਗਈ ਸਭਿਅਤਾ ਦਾ
ਸੰਪੂਰਨ ਦਸਤਾਵੇਜ਼ ਹੈ ਜਨਮੇਜਾ
ਕਦੇ ਕਦੇ ਬੜੀਆਂ ਸਿਆਣੀਆਂ ਗੱਲਾਂ ਕਰਦਾ ਜਨਮੇਜਾ
ਇੱਕ ਦਿਨ ਕਹਿੰਦਾ
ਯਾਰ, ਪਿਆਰ ਦੀ ਅਸਫਲਤਾ ਵੀ
ਇੱਕ ਵਰਦਾਨ ਲੈ ਕੇ ਆਉਂਦੀ ਹੈ
ਕਿ ਪੁਰਾਣੇ ਗਾਣੇ ਹਮੇਸ਼ਾ ਹੀ ਚੰਗੇ ਲਗਦੇ ਰਹਿੰਦੇ
ਜਨਮੇਜਾ ਜਦ ਜੁਆਨੀ 'ਚ
ਮੈਨੂੰ ਪਹਿਲੀ ਵਾਰ ਮਿਲਿਆ

ਤਾਂ ਉਹ ਇੰਜੀਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ ਤੇ ਮੈਂ ਵਿਗਿਆਨ ਦੀ

ਪਰ ਕਿੰਨੀ ਹੈਰਾਨੀ ਦੀ ਗੱਲ ਹੈ

ਹੁਣ ਤੱਕ ਅੱਧੀ ਸਦੀ ਬੀਤਣ ਦੇ ਸਮੇਂ ਵਿੱਚ ਨਾ ਉਸ ਮੈਨੂੰ ਇੰਜੀਨੀਅਰਿੰਗ ਦੀ ਕੋਈ ਗੱਲ ਦੱਸੀ ਤੇ ਨਾ ਮੈਥੋਂ ਵਿਗਿਆਨ ਦੀ ਕੋਈ ਗੱਲ ਪੁੱਛੀ

ਵੱਡੇ ਘਰਾਂ ਦੇ, ਵੱਡੇ ਅਫਸਰਾਂ ਦੇ ਮੁੰਡੇ ਅਕਸਰ ਹੀ ਹੰਕਾਰੀ ਤੇ ਵਿਗੜੇ ਹੋਏ ਹੁੰਦੇ ਹਨ

ਪਰ ਜਨਮੇਜੇ ਨੇ ਆਪਣੇ ਬਾਪ ਦੇ ਅਹੁਦੇ ਕਰਕੇ ਕਦੇ ਆਕੜ ਨਹੀਂ ਦਿਖਾਈ

ਤੇ ਨਾ ਕੋਈ ਨਾਜਾਇਜ਼ ਲਾਹਾ ਲਿਆ
ਅੱਜ ਵੀ ਕਈ ਜਣੇ ਜਨਮੇਜੇ ਦੇ ਵਾਕਫ਼ ਹਨ
ਜਿਹਨਾਂ ਨੂੰ ਉਹਦੇ ਪਰਵਾਰ ਬਾਰੇ ਕੁਝ ਵੀ ਨਹੀਂ ਪਤਾ
ਜਨਮੇਜਾ ਜਦੋਂ ਵੀ ਮੈਨੂੰ ਮਿਲਦਾ ਹੈ
ਤਾਂ ਮੈਨੂੰ ਯਾਦ ਆ ਜਾਂਦੇ ਹਨ
ਸ਼ਤੀਰ ਤੇ ਬਾਲੇ
ਲੱਕੜ ਦੀਆਂ ਪਰਾਤਾਂ
ਪਿੱਤਲ ਦੇ ਥਾਲ
ਕੈਂਹੇ ਦੇ ਕੌਲ
ਤੇ ਕੰਗਣੀ ਦੇ ਗਲਾਸ
ਜਨਮੇਜੇ ਨੂੰ ਮਿਲਦਿਆਂ
ਜਾਂ ਯਾਦ ਕਰਦਿਆਂ
ਮੇਰੇ ਮੂੰਹ ਵਿੱਚ
ਆ ਜਾਂਦਾ ਹੈ ਸੁਆਦ
ਮਕੋਆਂ ਦਾ
ਗੁੰਮੀਆਂ ਦਾ
ਲਸੂੜੀਆਂ ਦਾ
ਆਭੂਆਂ ਦਾ
ਮਲ੍ਹਿਆਂ ਦੇ ਨਿੱਕੇ ਨਿੱਕੇ ਬੇਰਾਂ ਦਾ
ਤੂਤਾਂ ਦੀਆਂ ਤੂਤੀਆਂ ਦਾ
ਹੋਲਾਂ ਦਾ
ਜਨਮੇਜੇ ਦੀ ਜ਼ਿੰਦਗੀ ਵਿੱਚ
ਹਾਸੇ ਆਏ ਤੇ ਅੱਥਰੂ ਵੀ

ਜਦ ਅੱਥਰੂਆਂ ਦਾ ਹੜ੍ਹ ਆ ਗਿਆ ਤਾਂ ਜਨਮੇਜੇ ਨੇ ਬਾਗ ਲਾ ਲਿਆ ਬਾਗ਼ ਵਿੱਚ ਰੰਗ ਬਰੰਗੇ ਪੰਛੀ ਆਏ

ਪੰਛੀਆਂ ਨੇ ਤੀਲਾ ਤੀਲਾ ਕੱਠਾ ਕਰ ਆਲ੍ਹਣੇ ਬਣਾਏ
ਮਧੁਰ ਗੀਤ ਗਾਏ
ਫਿਰ ਉਹਨਾਂ ਪੰਛੀਆਂ ਨੇ
ਆਪਣੀਆਂ ਨਿੱਕੀਆਂ ਨਿੱਕੀਆਂ ਚੁੰਝਾਂ ਨਾਲ
ਜਨਮੇਜੇ ਦੇ ਸਾਰੇ ਦੁੱਖ ਚੁਗ ਲਏ ਮੇਰੀ ਅੱਲਾ ਅੱਗੇ ਅਰਦਾਸ ਹੈ

ਮਹਿਫ਼ਲਾਂ ਦਾ ਸ਼ਿੰਗਾਰ ਜਨਮੇਜਾ
ਯਾਰਾਂ ਦਾ ਯਾਰ ਜਨਮੇਜਾ
ਹਮੇਸ਼ਾ ਹੱਸਦਾ ਰਹੇ
ਵਸਦਾ ਰਹੇ
ਟਹਿਕਦਾ ਰਹੇ
ਮਹਿਕਦਾ ਰਹੇ ***

# ਆਧੁਨਿਕਤਾ ਤੇ ਸਭਿਆਚਾਰ ਦੀ ਤ੍ਰਿਵੇਈ

## ਡਾ. ਅਨਿਲ ਸ਼ਰਮਾ

ਸਰਦਾਰ ਜਨਮੇਜਾ ਸਿੰਘ ਜੌਹਲ - ਉਸ ਸ਼ਖਸ਼ੀਅਤ ਦਾ ਨਾਂ ਹੈ ਜੋ ਕਲਾ ਦੇ ਵੱਖ ਵੱਖ ਖੇਤਰਾਂ ਦੇ ਵਿੱਚ ਅਤੇ ਪੰਜਾਬੀ ਦੇ ਆਧੁਨਿਕਤਾ ਅਤੇ ਸਭਿਆਚਾਰ ਦੀ ਤ੍ਰਵੇਣੀ ਹੈ। ਉਹਨਾਂ ਦੀ ਸ਼ਕਲ ਸੂਰਤ ਤੇ ਪਹਿਰਾਵੇ ਤੋਂ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਕਿ ਕਲਾ, ਆਧੁਨਿਕਤਾ ਅਤੇ ਸਭਿਆਚਾਰ ਦਾ ਇਹ ਸੁਮੇਲ ਆਪਣੇ ਅੰਦਰ ਕੀ ਕੁਝ ਸਮੋਈ ਬੈਠੀ ਹੈ। ਜਦੋਂ ਉਹਨਾਂ ਦੇ ਕਲਾ ਸਬੰਧੀ ਯੋਗਦਾਨ ਦੀ ਗੱਲ ਕਰੀਏ ਤਾਂ ਅਨੇਕਾਂ ਪੁਸਤਕਾਂ ਉਹਨਾਂ ਦੀ ਝੋਲੀ ਵਿੱਚ ਆਉਂਦੀਆਂ ਹਨ, ਅਨੇਕਾਂ ਹੀ ਪੇਂਟਿੰਗ ਉਹਨਾਂ ਵੱਲੋਂ ਵਿਕਸਿਤ ਕੀਤੀਆਂ ਗਈਆਂ ਹਨ ਅਤੇ ਦੇਸ਼ਾਂ ਵਿਦੇਸ਼ਾਂ ਦੇ ਵਿੱਚ ਅਨੇਕਾਂ ਵਰਕਸ਼ਾਪਾਂ ਲਾ, ਨੌਜਵਾਨਾਂ ਅਤੇ ਬੱਚਿਆਂ ਨੂੰ ਚੇਟਕ ਲਈ ਹੈ। ਦੂਜੇ ਪਾਸੇ ਅਸੀਂ ਜੇ ਗੱਲ ਕਰੀਏ ਪੰਜਾਬੀ ਭਾਸ਼ਾ ਦੀ, ਆਧੁਨਿਕਤਾ ਅਤੇ ਸੇਵਾ ਦੇ ਵਿੱਚ ਉਹਨਾਂ ਵੱਲੋਂ ਵਿਕਸਿਤ ਫੌਂਟ ਬਹੁਤ ਜਿਆਦਾ ਮਕਬੂਲ ਹਨ। ਲਗਭਗ ਸਾਰੀਆਂ ਅਖਬਾਰਾਂ ਵੱਲੋਂ ਉਹਨਾਂ ਵੱਲੋਂ ਵਿਕਸਿਤ ਫੌਂਟ ਹੀ ਵਰਤੇ ਜਾਂਦੇ ਹਨ ਜੋ ਕਿ ਅਤੀ ਸਲਾਹੁਣ ਯੋਗ ਹੈ। ਉਹਨਾਂ ਵੱਲੋਂ ਵੱਖ ਵੱਖ ਆਵਾਜ਼ਾਂ ਵਿੱਚ ਵਿਕਸਿਤ ਕੀਤੀ ਮੂੰਹ ਬੋਲਦੀ ਫੱਟੀ ਜਿਸ ਦੇ ਵਿੱਚ ਪੰਜਾਬੀ ਉਚਾਰਨ ਸਬੰਧੀ ਬੜੀ ਲਾਭਕਾਰੀ ਜਾਣਕਾਰੀ ਪਹੁੰਚਾਈ ਗਈ ਹੈ, ਮੇਰੇ ਹਿਸਾਬ ਨਾਲ ਲੱਖਾਂ ਦੇ ਬਜਟ ਦੇ ਵਿੱਚ ਇਹ ਜਾਣਕਾਰੀ ਲੋਕਾਂ ਤੱਕ ਪਹੁੰਚਦੀ ਹੁੰਦੀ ਹੈ। ਜਿਸ ਨਾਲ ਉਹ ਪੰਜਾਬੀ ਭਾਸ਼ਾ ਦੇ ਅੱਖਰਾਂ ਦਾ ਸੁਚੱਜਾ ਉਚਾਰਨ ਜਾਣ ਸਕਦੇ ਹਨ। ਮੈਨੂੰ ਇਸ ਚੀਜ਼ ਦਾ ਵੀ ਫਖਰ ਹੁੰਦਾ ਹੈ ਕੀ ਜੌਹਲ ਸਾਹਿਬ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਾਲ ਵੀ ਸੰਬੰਧਿਤ ਰਹੇ ਹਨ। ਉਹਨਾਂ ਨੇ

ਪੰਜਾਬੀ ਸੱਭਿਆਚਾਰ ਨੂੰ ਬਹੁਤ ਵੱਡੇ ਮੁਕਾਮ ਤੱਕ ਪਹੁੰਚਾਇਆ ਹੈ। ਉਹਨਾਂ ਵੱਲੋਂ ਛੋਟੀਆਂ ਛੋਟੀਆਂ ਬਣਾਈਆਂ ਸੁਗਾਤਾਂ ਸਿਰ ਭਾਰਤ ਮੁਲਕ ਹੀ ਨਹੀਂ, ਅਨੇਕਾਂ ਮੁਲਕਾਂ ਦੇ ਵਿੱਚ ਵੀ ਘੁੱਗ ਵਸਦੇ ਪੰਜਾਬੀ ਤਕ ਪਹੁੰਚਾਈਆਂ ਗਈਆਂ। ਇਥੇ ਇਹ ਮੈਨੂੰ ਕਹਿਣ ਦੇ ਵਿੱਚ ਕੋਈ ਸੰਕੋਚ ਨਹੀਂ ਕੀ ਜੋਹਲ ਸਾਹਿਬ ਜਿਆਦਾ ਬੋਲਦੇ ਨਹੀਂ, ਪਰ ਜਦੋਂ ਉਹ ਬੋਲਦੇ ਹਨ, ਕੁਝ ਨਾ ਕੁਝ ਉਹਨਾਂ ਕੋਲੋਂ ਮੈਂ ਤਾਂ ਜਰੂਰ ਸਿੱਖਦਾ ਹਾਂ, ਤੇ ਉਹਨਾਂ ਦੀ ਦੂਜੀ ਫੇਰੀ ਸਮੇਂ ਜਦੋਂ ਦੱਸੀਦਾ ਹੈ, ਤੁਹਾਡੀ ਪਿਛਲੀ ਫੇਰੀ ਦੌਰਾਨ ਕੀਤੀ ਗੱਲਬਾਤ ਤੋਂ ਅਸੀਂ ਇਹ ਸਿੱਖਿਆ ਤਾਂ ਉਹ ਮਨਮੰਦ ਮੁਸਕਰਾਉਂਦੇ ਵੀ ਹਨ ਤੇ ਚੰਗਾ ਮਹਿਸੂਸ ਵੀ ਕਰਦੇ ਹਨ।

ਅਸੀਂ ਸਾਰੇ ਇਹ ਦੁਆ ਕਰਾਂਗੇ ਕੀ ਜੋਹਲ ਸਾਹਿਬ ਤੁਸੀਂ ਅਜਿਹੇ ਸੁਚਾਰੂ ਕਾਰਜ ਨੇਪਰੇ ਚਾੜ੍ਹਦੇ ਰਹੋ ਅਤੇ ਪੰਜਾਬੀ ਭਾਸ਼ਾ ਦੀ ਸੇਵਾ ਕਰਦੇ ਰਹੋ।

***

# ਇੱਕ ਮਸਤ ਹਵਾ ਦਾ ਝੋਂਕਾ
# ਡਾ. ਬਲਵਿੰਦਰ ਔਲਖ
# (ਗਲੈਕਸੀ)

ਇਹ ਗੱਲ ਵੱਖਰੀ ਹੈ ਕਿ ਕਦੇ ਕਦੇ ਇਹ ਝੋਕਾ ਪੁਰੇ ਦੀ ਠੰਡੀ ਠੰਡੀ ਹਵਾ ਵਾਂਗ ਸ਼ਰੀਫ ਵੀ ਹੋ ਜਾਂਦਾ ਅਤੇ ਕਦੇ ਕਦੇ ਅਮਰੀਕਾ ਦੇ ਖਤਰਨਾਕ ਟਾਈਫ਼ੂਨ ਤੂਫਾਨਾਂ ਵਾਂਗ ਬੇਕਾਬੂ। ਮੈਂ ਬਹੁਤਾ ਡਿਟੇਲ ਵਿੱਚ ਨਹੀਂ ਜਾਵਾਂਗਾ ਕਿਉਂਕਿ ਇਹੋ ਜਿਹੇ ਕਈ ਤੂਫਾਨਾਂ ਦਾ ਮੈਂ ਖੁਦ ਵੀ ਚਸ਼ਮਦੀਦ ਰਿਹਾ ਹਾਂ। ਬਹੁਤ ਵਾਰ ਮੈਂ ਸੋਚਦਾ ਹੁੰਦਾ ਸੀ ਕਿ ਇਹ ਬੰਦਾ ਜਿਹੜਾ ਟੈਕਨੀਕਲ ਗਰਾਉਂਡ ਤੇ ਇਨਾ ਮਜਬੂਤ ਹੈ, ਇਹ ਆਪਣੀ ਜਿੰਦਗੀ ਨੂੰ ਬਿਨਾਂ ਮਤਲਬ ਹੀ ਵਿਅਰਥ ਕਿਉਂ ਕਰੀ ਜਾਂਦਾ, ਪਰ ਫਿਰ ਮੈਂ ਸੋਚਿਆ ਕਿ ਜੋ ਮਜ਼ਾ ਇੱਕ ਮਸਤੀ ਦੇ ਆਲਮ ਵਿੱਚ ਪੂਰੀ ਤਰਾਂ ਸ਼ਰਾਬੋਰ ਹੋ ਕੇ ਜੀਣ ਵਿੱਚ ਹੈ, ਉਸ ਤੋਂ ਉਪਰ ਤਾਂ ਕੁਝ ਵੀ ਨਹੀਂ ਅਤੇ ਜਨਮੇਜਾ ਸਿੰਘ ਜੌਹਲ ਇਸ ਗੱਲੇ ਖੁਸ਼ਨਸੀਬ ਹੈ ਕਿ ਉਸਨੇ ਜਿੰਦਗੀ ਦਾ ਇਹ ਭੇਦ ਬਹੁਤ ਪਹਿਲੇ ਹੀ ਜਾਣ ਲਿਆ ਸੀ। ਜਿਸ ਜਮਾਨੇ ਵਿੱਚ ਲੋਕਾਂ ਨੂੰ ਕੰਪਿਊਟਰਾਂ ਦਾ ਕੱਕਾ ਵੀ ਨਹੀਂ ਸੀ ਆਉਂਦਾ, ਉਸ ਜਮਾਨੇ ਵਿੱਚ ਜਨਮੇਜਾ ਸਿੰਘ ਨੇ ਕੰਪਿਊਟਰ ਇੰਜੀਨੀਅਰਿੰਗ ਵਿੱਚ ਮੁਹਾਰਤਾਂ ਹਾਸਲ ਕਰ ਲਈਆਂ ਸਨ। ਉਸ ਪੱਧਰ ਦੀ ਕਾਬਲੀਅਤ ਦੇ ਮਾਲਕ ਅੱਜ ਵੱਡੀਆਂ ਕੰਪਨੀਆਂ ਵਿੱਚ ਬਿਨਾਂ ਸ਼ੱਕ ਕਰੋੜਾਂ ਦੇ ਪੈਕਜਾਂ ਉੱਤੇ ਬੈਠੇ ਹਨ ਪਰ ਇਸ ਬੰਦੇ ਨੇ ਇੱਕ ਫੱਕਰਾਂ ਵਾਲੀ ਮਸਤ ਮਲੰਗ ਜ਼ਿੰਦਗੀ ਨੂੰ ਤਰਜੀਹ ਦਿੱਤੀ।

ਕਹਿੰਦੇ ਨੇ ਕਿ ਕੈਮਰੇ ਦੀ ਅੱਖ ਬੋਲਦੀ ਹੈ ਅਤੇ ਇਸ ਬੰਦੇ ਦੇ ਕੈਮਰੇ ਵਿੱਚ ਇਹੋ ਜਿਹੇ ਵੱਡੇ ਵੱਡੇ ਰਾਜ ਕੈਦ ਹਨ ਕਿ ਅਗਰ ਕਿਧਰੇ ਉਹ ਫਟ ਗਏ ਤਾਂ ਤਬਾਹੀਆਂ ਮੱਚ ਜਾਣੀਆਂ। ਪੰਜਾਬ ਦਾ ਬਲਕਿ ਦੇਸ਼

ਭਰ ਦਾ ਇੱਕ ਕਾਬਲ ਫੋਟੋਗਰਾਫਰ, ਜਿਸ ਦੇ ਤੌਰ ਤੇ ਪੂਰੀ ਦੁਨੀਆ ਉਸਨੂੰ ਜਾਣਦੀ ਹੈ। ਮੈਂ ਉਸ ਦੀਆਂ ਖਿੱਚੀਆਂ ਹੋਈਆਂ ਵੱਡੀਆਂ ਲੈਂਡਸਕੇਪ ਤਸਵੀਰਾਂ ਨੂੰ ਦੇਖਦਿਆਂ ਉਹਨਾਂ ਵਿੱਚ ਗਵਾਚ ਹੀ ਜਾਂਦਾ ਹਾਂ, ਪਰ ਸੋਚਦਾ ਰਹਿੰਦਾ ਹਾਂ ਕਿ ਤਕਨੀਕ ਤਾਂ ਇੱਕ ਪਾਸੇ ਪਰ ਕਰੀਏਟੀਵਿਟੀ ਦਾ ਕਿਹੜਾ ਲੈਵਲ ਚਾਹੀਦਾ ਹੈ, ਇਹਨਾਂ ਤਸਵੀਰਾਂ ਦੀ ਕਲਪਨਾ ਕਰਨੀ ਤੇ ਫਿਰ ਉਹਨਾਂ ਨੂੰ ਮੂਰਤ ਰੂਪ ਵਿੱਚ ਕੈਮਰੇ ਦੀ ਅੱਖ ਨਾਲ ਸਾਕਾਰ ਕਰਨਾ, ਕੈਦ ਕਰਨਾ। ਪੰਜਾਬੀ ਸਾਹਿਤ ਦੇ ਵੱਡੇ ਵੱਡੇ ਨਾਮ, ਦੇਸ਼ ਦੀ ਕਲਾ ਜਗਤ ਦੇ ਜਾਣੇ ਪਛਾਣੇ ਚਿਹਰਿਆਂ ਨਾਲ ਜਨਮੇਜਾ ਸਿੰਘ ਦਾ ਰਾਬਤਾ ਰਿਹਾ ਅਤੇ ਇਸ ਬੰਦੇ ਦੀ ਹਰਫ਼ਨਮੌਲਾ ਦਿਲਕਸ਼ ਸ਼ਖਸੀਅਤ ਤੋਂ ਜੋ ਲੋਕ ਮੁਤਾਸਿਰ ਹੋਏ, ਉਹਨਾਂ ਦੀ ਨਿੱਜੀ ਜ਼ਿੰਦਗੀ ਦੀਆਂ ਬਹੁਤ ਸਾਰੀਆਂ ਕਹਾਣੀਆਂ ਡਾਕੂਮੈਂਟ ਰੂਪ ਵਿੱਚ ਅੱਜ ਜਨਮੇਜਾ ਸਿੰਘ ਜੌਹਲ ਕੋਲ ਸੰਭਾਲੀਆਂ ਪਈਆਂ ਹਨ। ਇਹ ਯਾਦਾਂ ਬਹੁਤ ਖੱਟੀਆਂ, ਮਿੱਠੀਆਂ, ਕੌੜੀਆਂ ਅਤੇ ਬੇਸਵਾਦ ਵੀ ਹੋ ਸਕਦੀਆਂ ਹਨ। ਪਰ ਮੈਨੂੰ ਲੱਗਦਾ ਹੈ ਕਿ ਇਹ ਅਣਮੁੱਲਾ ਖਜ਼ਾਨਾ ਕਿਸੇ ਨਾ ਕਿਸੇ ਦਿਨ ਦੁਨੀਆਂ ਦੀ ਇੱਕ ਤੰਦਰੁਸਤ ਵਿਰਾਸਤ ਦੇ ਰੂਪ ਵਿੱਚ ਜਨਮੇਜਾ ਸਿੰਘ ਹੀ ਸਾਹਮਣੇ ਲਿਆਉਣਗੇ।

ਸੱਚ ਬੋਲਣਾ ਅਤੇ ਨਿਧੜਕ ਸੱਚ ਬੋਲਣਾ ਬੇਸ਼ੱਕ ਅੱਜ ਦੁਨੀਆ ਤੋਂ ਡਾਈਨੋਸਾਰਾਂ ਵਾਂਗ ਹੀ ਅਲੋਪ ਹੋ ਗਏ ਹਨ ਪਰ ਫਿਰ ਵੀ ਮੈਂ ਯਕੀਨ ਮੰਨਦਾਂ ਅਤੇ ਬਹੁਤ ਸਾਰੇ ਲੋਕ ਵੀ ਮੇਰੇ ਨਾਲ ਸਹਿਮਤ ਹੋਣਗੇ ਕਿ ਜਨਮੇਜਾ ਸਿੰਘ ਜੌਹਲ ਤੋਂ ਅਸੀਂ ਇਹ ਉਮੀਦ 100 ਪ੍ਰਤੀਸ਼ਤ ਵਿਸ਼ਵਾਸ ਨਾਲ ਰੱਖ ਸਕਦੇ ਹਾਂ ਕਿ ਉਹ ਸੱਚ ਬੋਲਣ ਦੀ ਹਿੰਮਤ ਰੱਖਦਾ ਅਤੇ ਦਲੇਰੀ ਨਾਲ ਜੋਰ ਦੇ ਕੇ ਆਪਣੀ ਗੱਲ ਕਹਿੰਦਾ ਵੀ ਹੈ। ਮੈਨੂੰ ਇਹ ਮਾਣ ਮਹਿਸੂਸ ਹੁੰਦਾ ਕਿ ਮੈਂ ਉਸਦੀ ਇਸ ਦਲੇਰੀ ਤੋਂ ਬਹੁਤ ਵਾਰ ਰੂਬਰੂ ਹੋ ਚੁੱਕਾ ਹਾਂ।

ਕੈਮਰੇ ਨਾਲ ਖੇਡਦਾ ਖੇਡਦਾ ਇਹ ਬੰਦਾ ਬਹੁਤ ਵਾਰ ਕੁਦਰਤ

ਨਾਲ ਇੱਕਮਿਕ ਹੋ ਜਾਂਦਾ ਹੈ। ਸੋਹਣੇ ਸੋਹਣੇ ਫੁੱਲਾਂ ਨਾਲ, ਗੁਲਹਿਰੀਆਂ ਨਾਲ, ਚਿੜੀਆਂ ਨਾਲ ਗੱਲਾਂ ਕਰਦਾ, ਉਹਨਾਂ ਨੂੰ ਆਪਣੇ ਹੁਸੀਨ ਰਚਨਾ ਸੰਸਾਰ ਵਿੱਚ ਸਾਕਾਰ ਕਰਦਾ ਕਰਦਾ ਉਹ ਕਦੋਂ ਕੁਦਰਤ ਨਾਲ ਇੱਕ ਮਿਕ ਹੋ ਜਾਂਦਾ ਹੈ ਪਤਾ ਹੀ ਨਹੀਂ ਚਲਦਾ। ਪਿੰਕੀ ਗਾਰਡਨ ਕਹਿਣ ਨੂੰ ਤਾਂ ਇੱਕ ਖ਼ੂਬਸੂਰਤ ਗੁਲਸਤਾਨ ਹੋ ਸਕਦਾ ਹੈ ਪਰ ਉਸ ਦੀ ਰਚਨਾ ਦਾ ਕਿੰਨਾ ਪ੍ਰਤੀਸ਼ਤ ਜਨਮੇਜਾ ਸਿੰਘ ਜੌਹਲ ਦੇ ਦਿਮਾਗ ਦੀਆਂ ਪ੍ਰਕਲਪਨਾਵਾਂ ਵਿੱਚ ਘੁੰਮਦਾ ਰਹਿੰਦਾ ਹੈ, ਇਸ ਦਾ ਅੰਦਾਜ਼ਾ ਤਾਂ ਸ਼ਾਇਦ ਖ਼ੁਦ ਜਨਮੇਜਾ ਸਿੰਘ ਨੂੰ ਵੀ ਨਹੀਂ ਹੈ। ਇੱਕ ਕੌੜਾ, ਇਕ ਖ਼ਰਵਾ, ਇਕ ਬਦਮਿਜਾਜਸ ਉਹ ਕਿੱਦਾਂ ਦਾ ਵੀ ਨਜ਼ਰ ਆਵੇ, ਉਸ ਬੰਦੇ ਨਾਲ ਵਿਚਰਨਾ ਹਮੇਸ਼ਾ ਆਨੰਦਮਈ ਹੀ ਹੁੰਦਾ ਹੈ। ਸਾਲਾ! ਕੁਦਰਤ ਉਸ ਉੱਪਰ ਹੋਰ ਵੀ ਮਿਹਰਬਾਨ ਹੋਵੇ। ਮੈਨੂੰ ਵਿਅਕਤੀਗਤ ਤੌਰ ਤੇ ਹਮੇਸ਼ਾ ਇਸ ਗੱਲ ਦਾ ਮਾਣ ਰਹੇਗਾ ਕਿ ਮੈਂ ਜਨਮੇਜਾ ਸਿੰਘ ਜੌਹਲ ਨੂੰ ਜਿੰਨਾ ਵੀ ਹੋ ਸਕਦਾ ਸੀ ਨੇੜੇ ਤੋਂ ਜਾਣ ਸਕਿਆ। ਇਹ ਸੋਚ ਕੇ ਹੀ ਮਨ ਨੂੰ ਅਜੀਬ ਜਿਹੀ ਸੰਤੁਸ਼ਟੀ ਮਹਿਸੂਸ ਹੁੰਦੀ ਹੈ। ***

# ਨਿਮਾਣਿਆਂ ਦਾ ਮਾਣ

## ਡਾ. ਬਲਵਿੰਦਰ ਸਿੰਘ ਕਾਲੀਆ

ਪਿਛਲੇ ਕੁਝ ਸਾਲਾਂ ਤੋਂ ਸ. ਜਨਮੇਜਾ ਸਿੰਘ ਜੌਹਲ ਹੋਰਾਂ ਦੀ ਸੰਗਤ ਮਾਣਨ ਦਾ ਕੁਝ ਮੌਕਾ ਮਿਲਿਆ। ਉਹਨਾਂ ਦੀ ਸ਼ਖ਼ਸੀਅਤ ਬਾਰੇ ਜੋ ਕੁਝ ਮੈਂ ਸਮਝ ਸਕਿਆ, ਉਹ ਇਹ ਹੈ ਕਿ ਜਨਮੇਜਾ ਜੌਹਲ ਇੱਕ ਸਾਗਰ ਦੀ ਤਰ੍ਹਾਂ ਹਨ। ਸਾਗਰ ਵਿੱਚ ਜਿੰਨਾ ਡੁੱਬੋਗੇ, ਓਨਾ ਨਵਾਂ ਜਾਣੋਗੇ ਤੇ ਪ੍ਰਾਪਤ ਕਰੋਗੇ।

ਪਤਾ ਨਹੀਂ ਇੰਨਾ ਕੁਝ ਆਪਣੇ ਆਪ ਵਿੱਚ ਕਿਸ ਤਰ੍ਹਾਂ ਸਮੋਈ ਬੈਠੇ ਹਨ ਜਨਮੇਜਾ ਜੌਹਲ। ਕਿੱਥੇ ਫੋਟੋਗਰਾਫੀ-ਅਕਾਸ਼ ਦੇ ਧ੍ਰੂ ਤਾਰੇ, ਕਿੱਥੇ ਕੰਪਿਊਟਰ ਸਮੁੰਦਰ ਦੇ ਤਾਰੂ, ਕਿੱਥੇ ਸਾਹਿਤ ਦੀ ਹਰ ਵਿਧਾ ਦੇ ਰਚਨਹਾਰੇ ਤੇ ਚਿੰਤਕ, ਕਿੱਥੇ ਖੇਤੀ ਵਿਗਿਆਨੀ, ਕਿੱਥੇ ਕੁਦਰਤ-ਪ੍ਰੇਮੀ, ਕਿੱਥੇ ਆਪਣੇ ਹੀ ਸਰੀਰ 'ਤੇ ਵੱਖ-ਵੱਖ ਜਾਤੀਆਂ ਦੀਆਂ ਦਵਾਈਆਂ, ਬੂਟੀਆਂ ਦੇ ਤਜਰਬੇ ਕਰਨ ਵਾਲੇ, ਕਿੱਥੇ ਕਿਤਾਬਾਂ ਛਾਪਣ ਤੇ ਛਪਵਾਉਣ ਵਾਲੇ, ਕਿੱਥੇ ਮਾਂ- ਬੋਲੀ ਪੰਜਾਬੀ ਤੇ ਪੰਜਾਬੀਅਤ ਦੇ ਰਾਖੇ।

ਨਵੇਂ-ਪੁਰਾਣੇ ਸਾਹਿਤਕਾਰਾਂ, ਕਲਾਕਾਰਾਂ ਅਤੇ ਆਮ ਸਧਾਰਨ ਜਨ-ਸਮੂਹ ਦੇ ਹਰਮਨ-ਪਿਆਰੇ, ਸਾਊ ਸੱਜਣ ਸਿਰਫ਼ ਜਨਮੇਜਾ ਸਿੰਘ ਜੌਹਲ ਹੀ ਹੋ ਸਕਦੇ ਹਨ, ਕੋਈ ਹੋਰ ਨਹੀਂ।

ਜੌਹਲ ਸਾਹਿਬ ਦੁਨਿਆਵੀ ਲਾਲਚਾਂ, ਰੁਤਬਿਆਂ ਦੇ ਮਾਣ, ਸਨਮਾਨ ਦੀ ਲਲਕ ਅਤੇ ਮੈਂ-ਮੇਰੀ ਦੇ ਭੈੜਾਂ ਤੋਂ ਕੋਹਾਂ ਦੂਰ ਹਨ, ਬਿਨਾਂ ਸ਼ੱਕ ਕਹਿ ਸਕਦੇ ਹਾਂ ਕਿ ਇਹ ਕੁਝ ਉਹਨਾਂ ਨੂੰ ਵਿਰਸੇ ਵਿੱਚੋਂ ਹੀ ਮਿਲਿਆ ਹੈ। ਅਮਰੀਕਾ ਵਰਗੇ ਦੇਸ਼ ਤੋਂ ਵਾਪਸ ਆਪਣੇ ਵਤਨ ਆਉਣ ਦਾ ਫੈਸਲਾ, ਪਿਤਾ ਜੀ ਸ. ਸਰਦਾਰਾ ਸਿੰਘ ਜੌਹਲ ਜੀ ਦੇ ਇੰਨੇ ਉੱਚੇ-ਉੱਚੇ ਅਹੁਦਿਆਂ 'ਤੇ ਰਹਿਣ ਦੇ ਬਾਵਜੂਦ, ਆਪਣੇ ਵੱਲੋਂ ਕੋਈ ਸਰਕਾਰੀ ਨੌਕਰੀ ਜਾਂ ਰੁਤਬਾ ਨਾ ਹਾਸਲ ਕਰਨਾ, ਕੋਈ ਲੰਮਾ-ਚੌੜਾ ਬਿਜ਼ਨਸ

ਆਦਿ ਨਾ ਸਥਾਪਤ ਕਰਨਾ-ਇਹ ਸਭ ਉਹਨਾਂ ਦੀ ਆਜ਼ਾਦ, ਨਿਰਸੁਆਰਥ, ਸਾਦਗੀ, ਸੁੱਚਤਾ ਅਤੇ ਸ਼ੁੱਧਤਾ ਵਾਲੀ ਸੋਚ ਦੇ ਪ੍ਰਤੀਕ ਹਨ।

ਜਨਮੇਜਾ ਜੌਹਲ ਨਾਲ ਵਿਚਰਦਿਆਂ ਮੈਂ ਮਹਿਸੂਸ ਕੀਤਾ ਕਿ ਉਹਨਾਂ ਅੰਦਰ ਫੁਰਨਿਆਂ ਦੇ ਭਾਂਬੜ ਬਲਦੇ ਹਨ। ਮਿੰਟਾਂ-ਸਕਿੰਟਾਂ ਵਿੱਚ ਹੀ ਉਹ ਕੋਈ ਨਵੀਂ ਸਕੀਮ ਘੜ ਲੈਂਦੇ ਹਨ। ਬਿਨਾਂ ਕਿਸੇ ਅਗਾਊਂ ਤਿਆਰੀ ਤੋਂ, ਬਹੁ- ਗਿਣਤੀ ਬਿਲਕੁਲ ਨਵੇਂ ਕਲਾਕਾਰਾਂ ਨਾਲ ਪੰਜਾਬੀ ਭਵਨ ਦੇ ਵਿਹੜੇ ਵਿੱਚ ਸ਼ਾਨਦਾਰ ਤੇ ਕਾਮਯਾਬ ਨਾਟਕ ਦੀ ਪੇਸ਼ਕਾਰੀ ਕਰਵਾਉਣੀ ਅਤੇ ਉਪਰੰਤ ਇੱਥੇ ਹੀ ਇਸੇ ਤਰ੍ਹਾਂ ਦਾ ਇੱਕ ਹੋਰ ਨਾਟਕ "ਕਬਰਾਂ ਵਿੱਚ ਕਾਨਫਰੰਸ ਵੀ ਉਹਨਾਂ ਦੇ ਫੁਰਨਿਆਂ ਅਤੇ ਸਕੀਮਾਂ ਦੀ ਉਪਜ ਹੀ ਸੀ।

ਉਹਨਾਂ ਦੀ ਪ੍ਰੇਰਣਾ ਅਤੇ ਉਪਰਾਲੇ ਸਦਕਾ ਇੱਕ ਲਘੂ ਫਿਲਮ "ਘੁੜੰਮ ਚੌਧਰੀ" ਦੇ ਕੁਝ ਸੀਨ ਅਸੀਂ ਨਵੇਂ ਸਿਖਾਂਦਰੂ ਕਲਾਕਾਰਾਂ ਨੇ ਫਿਲਮਾਏ ਸਨ। ਉਹਨਾਂ ਦੀ ਲਿਖੀ ਕਹਾਈ 'ਤੇ ਆਧਾਰਿਤ ਇੱਕ ਹੋਰ ਫਿਲਮ ਨੂੰ ਫਿਲਮਾਉਣ ਦੀ ਯੋਜਨਾ ਵੀ ਹਾਲੇ ਚੱਲ ਰਹੀ ਹੈ। ਇੱਕ ਹੋਰ ਫਿਲਮ ਦੇ ਗੀਤ ਵੀ ਅਸੀਂ ਲਿਖ ਰੱਖੇ ਹਨ। ਲਘੂ ਫਿਲਮ "ਫਾਹਾ" ਵੀ ਉਹਨਾਂ ਦੀ ਦੇਖ-ਰੇਖ ਅਤੇ ਪ੍ਰੇਰਣਾ ਸਦਕਾ ਹੀ ਸਾਡੀ ਟੀਮ ਨੇ ਬਣਾਈ ਸੀ।

"ਬੋਲਦੀ ਫੱਟੀ ਉਹਨਾਂ ਦਾ ਬਹੁਤ ਵਧੀਆ ਪ੍ਰਾਜੈਕਟ ਹੈ। ਇਸ ਤੋਂ ਇਲਾਵਾ ਬੜੇ ਰੌਚਕ ਢੰਗ ਨਾਲ ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਇੱਕ ਪ੍ਰਾਜੈਕਟ ਤਹਿਤ ਅਸੀਂ ਪੈਂਤੀ ਅੱਖਰਾਂ ਦੀ ਰਿਕਾਰਡਿੰਗ ਵੀ ਕੀਤੀ ਸੀ। ਇਸ ਤੋਂ ਬਿਨਾਂ ਕਈ ਕਿਤਾਬਾਂ ਦੀ ਆਡੀਓ ਤਿਆਰ ਕਰਵਾਉਣ ਵਿੱਚ ਵੀ ਜੌਹਲ ਸਾਹਿਬ ਦਾ ਅਹਿਮ ਯੋਗਦਾਨ ਅਤੇ ਪ੍ਰੇਰਣਾ ਰਹੀ ਹੈ।

ਇਹ ਗੱਲ ਵੱਖਰੀ ਹੈ ਕਿ ਸ਼ੁਰੂ ਕੀਤੇ ਕਿੰਨੇ ਪ੍ਰਾਜੈਕਟ ਸੰਪੂਰਨ ਹੋਏ, ਕਿੰਨੇ ਵਿਚਕਾਰ ਹੀ ਠੱਪ ਹੋ ਗਏ ਅਤੇ ਹੋਰ ਕਿੰਨੇ ਅਜੇ ਵੀ ਚੱਲ

ਰਹੇ ਹਨ। ਇੱਥੇ ਮੇਰਾ ਇਹ ਗੱਲਾਂ ਦੱਸਣ ਦਾ ਮਤਲਬ ਇਹ ਹੈ ਕਿ ਜੌਹਲ ਸਾਹਿਬ ਆਪਣੇ ਅਜਿਹੇ ਉਪਰਾਲਿਆਂ ਸਦਕਾ ਦੂਜਿਆਂ ਨੂੰ ਆਪਣੀਆਂ ਭਾਵਨਾਵਾਂ ਜਾਂ ਕੋਮਲ ਕਲਾਵਾਂ ਦਾ ਪ੍ਰਗਟਾਵਾ ਕਰਨ ਦਾ ਮੌਕਾ ਦੇ ਕੇ ਨਿਮਾਣਿਆਂ ਨੂੰ ਮਾਣ ਬਖ਼ਸ਼ਣ ਵਾਲਾ ਕੰਮ ਹਮੇਸ਼ਾ ਕਰਦੇ ਰਹਿੰਦੇ ਹਨ, ਜਦਕਿ ਅਜਿਹੇ ਕੰਮਾਂ ਵਿੱਚ ਉਹਨਾਂ ਦਾ ਆਪਣਾ ਕੋਈ ਸੁਆਰਥ ਨਹੀਂ ਹੁੰਦਾ।

ਜਨਮੇਜਾ ਜੌਹਲ ਦੀ ਇਹ ਵੀ ਖ਼ੂਬੀ ਹੈ ਕਿ ਜਦੋਂ ਕਦੇ ਉਹ ਆਪਣੇ ਕਿਸੇ ਵੀ ਮਿੱਤਰ-ਸੱਜਣ, ਕਿਸੇ ਵੱਡੇ ਸਾਹਿਤਕਾਰ ਜਾਂ ਬਿਜ਼ਨਸਮੈਨ ਨੂੰ ਮਿਲਦੇ ਹਨ, ਤਾਂ ਆਪਣੇ ਨਾਲ ਗਏ ਮੇਰੇ ਵਰਗੇ ਆਮ ਬੰਦੇ ਦੀ ਜਾਣ-ਪਛਾਣ ਵੀ ਬੜੇ ਇੱਜ਼ਤ-ਮਾਣ ਨਾਲ ਕਰਵਾਉਂਦੇ ਹਨ।

ਉਹ ਕਿਸੇ ਨੂੰ ਵੀ ਛੋਟਾ ਜਾਂ ਘੱਟ ਨਹੀਂ ਸਮਝਦੇ, ਸਗੋਂ ਹਰ ਇੱਕ ਨਾਲ ਆਪ ਨਿਮਾਣੇ ਜਿਹੇ ਹੋ ਕੇ ਵਿਚਰਦੇ ਹਨ। ਉਹਨਾਂ ਨੂੰ ਕਿਸੇ ਵੀ ਕਿਸਮ ਦਾ ਕੋਈ ਮਾਣ ਨਹੀਂ। ਇਹ ਜਨਮੇਜਾ ਜੌਹਲ ਦਾ ਸਭ ਤੋਂ ਵਧੀਆ ਅਤੇ ਇਨਸਾਨੀਅਤ ਵਾਲਾ ਗੁਣ ਹੈ।

ਉਹਨਾਂ ਨਾਲ ਵਰਤਣ ਵਾਲਾ ਹਰ ਇਨਸਾਨ ਇਹ ਮੰਨਦਾ ਹੈ ਕਿ ਜਨਮੇਜਾ ਜੌਹਲ ਦੀ ਮੇਰੇ ਨਾਲ ਵੱਧ ਆੜੀ ਹੈ, ਅਸੀਂ ਇੱਕ-ਦੂਜੇ ਦੇ ਵੱਧ ਕਰੀਬ ਹਾਂ। ਜਨਮੇਜਾ ਜੌਹਲ ਦਿਖਾਵੇਬਾਜ਼ੀ ਤੋਂ ਕੋਹਾਂ ਦੂਰ ਹਨ। ਉਹ ਜੋ ਵੀ ਹਨ, ਅੰਦਰੋਂ-ਬਾਹਰੋਂ ਇਕੋ ਜਿਹੇ ਹਨ।

ਉਹ ਹਮੇਸ਼ਾ ਦੂਜਿਆਂ ਦਾ ਭਲਾ ਕਰਨ, ਦੂਜਿਆਂ ਦਾ ਮਾਣ ਵਧਾਉਣ, ਦੂਜਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਨ ਅਤੇ ਮੌਕੇ ਪ੍ਰਦਾਨ ਕਰਨ ਲਈ ਤਤਪਰ ਰਹਿੰਦੇ ਹਨ।

ਪਰਮਾਤਮਾ ਜਨਮੇਜਾ ਸਿੰਘ ਜੌਹਲ ਨੂੰ ਲੰਮੀ ਅਤੇ ਤੰਦਰੁਸਤ ਜ਼ਿੰਦਗੀ ਬਖ਼ਸ਼ੇ।

***

# ਜਿਵੇਂ ਮੈਂ ਉਨ੍ਹਾਂ ਨੂੰ ਜਾਣਦਾ ਹਾਂ
# ਇੰਜੀ. ਦਲੀਪ ਸਿੰਘ ਕਪੂਰ

ਇੱਕ ਵਿਲੱਖਣ ਅਤੇ ਅਨੋਖੀ ਸ਼ਖਸੀਅਤ।

ਮੈਂ, ਦਲੀਪ ਸਿੰਘ, ਜਨਮੇਜਾ ਸਿੰਘ ਨੂੰ 1972 ਤੋਂ ਜਾਣਦਾ ਹਾਂ। ਉਹ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੇ ਕਾਲਜ ਆਫ ਐਗਰੀਕਲਚਰਲ ਇੰਜੀਨੀਅਰਿੰਗ ਵਿੱਚ ਮੇਰੇ ਨਾਲੋਂ ਇੱਕ ਸਾਲ ਜੂਨੀਅਰ ਸਨ।

ਉਸ ਸਮੇਂ ਮੈਂ ਫੋਟੋਗਰਾਫੀ ਕਰਦਾ ਸੀ ਅਤੇ ਉਨ੍ਹਾਂ ਨੇ ਮੇਰੇ ਕੋਲੋਂ ਕੁਝ ਤਕਨੀਕਾਂ ਸਿੱਖੀਆਂ। ਪਰ ਬਾਅਦ ਵਿੱਚ ਉਹ ਇਸ ਕਲਾ ਵਿੱਚ ਇੰਨੇ ਮਾਹਿਰ ਅਤੇ ਰਚਨਾਤਮਕ ਹੋ ਗਏ ਕਿ ਮੈਨੂੰ ਕਾਫ਼ੀ ਪਿੱਛੇ ਛੱਡ ਗਏ।

ਇਸੇ ਤਰ੍ਹਾਂ, ਜਦੋਂ ਮੈਂ 1986 ਵਿੱਚ ਕੰਪਿਊਟਰ ਖਰੀਦਿਆ, ਉਹ ਮੇਰੇ ਕੋਲੋਂ ਇੱਕ-ਅੱਧ ਘੰਟਾ ਕੰਪਿਊਟਰ ਸਿੱਖਣ ਆਏ। ਉਸ ਸਮੇਂ ਨਾ ਕੋਈ ਕੰਪਿਊਟਰ ਕਲਾਸਾਂ ਹੁੰਦੀਆਂ ਸਨ, ਨਾ ਅਧਿਆਪਕ ਅਤੇ ਨਾ ਹੀ ਬਹੁਤ ਕਿਤਾਬਾਂ। ਪਰ ਬਾਅਦ ਵਿੱਚ ਉਹ ਕੰਪਿਊਟਰ ਦੇ ਵੀ ਬੇਹੱਦ ਮਾਹਿਰ ਹੋ ਗਏ। ਉਸ ਵੇਲੇ ਇੰਟਰਨੈੱਟ ਵਰਤਣਾ ਬਹੁਤ ਮਹਿੰਗਾ ਹੁੰਦਾ ਸੀ। ਸਾਨੂੰ ਟੈਲੀਫੋਨ ਲਾਈਨ ਰਾਹੀਂ ਚੰਡੀਗੜ੍ਹ ਨਾਲ ਕਨੈਕਟ ਕਰਨਾ ਪੈਂਦਾ ਸੀ, ਅਤੇ ਉਹ ਤਜਰਬਾ ਮਰਸਡੀਜ਼ ਕਾਰ ਚਲਾਉਣ ਵਰਗਾ ਮਹਿਸੂਸ ਹੁੰਦਾ ਸੀ।

ਮੈਂ ਕੁਝ ਘਟਨਾਵਾਂ ਬਿਆਨ ਕਰਨਾ ਚਾਹਾਂਗਾ, ਜੋ ਉਨ੍ਹਾਂ ਦੇ ਅਸਲੀ ਸੁਭਾਵ ਅਤੇ ਸ਼ਖਸੀਅਤ ਨੂੰ ਦਰਸਾਉਂਦੀਆਂ ਹਨ।

ਦਰਦ ਨੂੰ ਵੀ ਰਚਨਾਤਮਕਤਾ ਵਿੱਚ ਬਦਲ ਦੇਣ ਵਾਲਾ ਮਨ,

ਇੱਕ ਵਾਰ ਮੈਨੂੰ ਉਨ੍ਹਾਂ ਦਾ ਫੋਨ ਆਇਆ ਕਿ ਉਨ੍ਹਾਂ ਨੂੰ ਥੋੜ੍ਹੀ ਜਿਹੀ ਚੋਟ ਲੱਗੀ ਹੈ। ਮੈਂ ਇਸ ਗੱਲ ਨੂੰ ਹਲਕਾ ਲਿਆ ਅਤੇ ਉਨ੍ਹਾਂ ਨੂੰ

ਮਿਲਣ ਨਹੀਂ ਗਿਆ, ਹਾਲਾਂਕਿ ਉਨ੍ਹਾਂ ਦਾ ਘਰ ਮੇਰੀ ਦੁਕਾਨ ਦੇ ਬਹੁਤ ਨੇੜੇ ਸੀ।

ਲਗਭਗ ਇੱਕ ਹਫ਼ਤੇ ਬਾਅਦ ਜਦੋਂ ਮੈਂ ਉਨ੍ਹਾਂ ਨੂੰ ਮਿਲਣ ਗਿਆ, ਉਹ ਬਿਸਤਰੇ 'ਤੇ ਸਨ। ਉੱਥੇ ਜਾ ਕੇ ਮੈਨੂੰ ਪਤਾ ਲੱਗਿਆ ਕਿ ਉਨ੍ਹਾਂ ਦਾ ਵੱਡਾ ਐਕਸੀਡੈਂਟ ਹੋਇਆ ਸੀ ਅਤੇ ਉਨ੍ਹਾਂ ਦੀ ਬਾਂਹ, ਲੱਤ ਆਦਿ ਵਿੱਚ ਕਈ ਫ੍ਰੈਕਚਰ ਸਨ। ਪਰ ਉਨ੍ਹਾਂ ਨੇ ਇਸਨੂੰ ਛੋਟੀ ਜਿਹੀ ਚੋਟਾ ਕਿਹਾ ਸੀ।

ਸਭ ਤੋਂ ਦਿਲਚਸਪ ਗੱਲ ਇਹ ਸੀ ਕਿ ਉਨ੍ਹਾਂ ਨੇ ਆਪਣਾ ਫੋਨ ਨਾਲ ਰੱਖਿਆ ਹੋਇਆ ਸੀ ਅਤੇ ਖੱਬੇ ਹੱਥ ਦੇ ਪਲਾਸਟਰ ਨੂੰ ਡਾਇਰੀ ਵਾਂਗ ਵਰਤ ਰਹੇ ਸਨ। ਉਸ ਪਲਾਸਟਰ 'ਤੇ ਇੰਨੇ ਨੋਟ ਲਿਖੇ ਹੋਏ ਸਨ ਕਿ ਕੋਈ ਖਾਲੀ ਜਗ੍ਹਾ ਨਹੀਂ ਬਚੀ ਸੀ।

ਅਸਲ ਵਿੱਚ ਉਨ੍ਹਾਂ ਨੇ ਦਰਦ ਨੂੰ ਨਜ਼ਰਅੰਦਾਜ਼ ਕਰਕੇ ਉਸ ਸਮੇਂ ਨੂੰ ਵੀ ਰਚਨਾਤਮਕ ਢੰਗ ਨਾਲ ਵਰਤਿਆ। ਗੈਰ-ਪ੍ਰਤੀਕ੍ਰਿਆਤਮਕ ਸੁਭਾਵ

ਇੱਕ ਵਾਰ ਅਸੀਂ ਚੰਡੀਗੜ੍ਹ ਜਾ ਰਹੇ ਸੀ। ਮੇਰੇ ਨਾਲ ਕੰਵਲਜੀਤ ਨੀਲੋਂ ਵੀ ਸਨ। ਮੈਂ ਕਾਰ ਚਲਾ ਰਿਹਾ ਸੀ। ਰਸਤੇ ਵਿੱਚ ਕਿਸੇ ਗੱਲ 'ਤੇ ਤਕਰਾਰ ਹੋ ਗਈ ਅਤੇ ਨੀਲੋਂ ਨੇ ਕਿਹਾ ਕਿ ਉਹ ਕਾਰ ਤੋਂ ਉਤਰ ਜਾਣਗੇ।

ਜਨਮੇਜਾ ਨੇ ਬੜੀ ਸ਼ਾਂਤੀ ਨਾਲ ਕਿਹਾ, "ਜੇ ਉਹ ਨਹੀਂ ਜਾਣਾ ਚਾਹੁੰਦੇ ਤਾਂ ਉਤਰ ਸਕਦੇ ਹਨ।"

ਨੀਲੋਂ ਕਾਰ ਤੋਂ ਉਤਰ ਗਏ ਅਤੇ ਤਪਦੀ ਗਰਮੀ ਵਿੱਚ ਤੁਰਨ ਲੱਗ ਪਏ। ਮੈਂ ਜਨਮੇਜਾ ਨੂੰ ਕਿਹਾ, ਤੂੰ ਇੱਕ ਚੰਗਾ ਦੋਸਤ ਗਵਾ ਦਿੱਤਾ ਹੈ, ਉਹ ਹੁਣ ਕਦੇ ਵਾਪਸ ਨਹੀਂ ਆਵੇਗਾ।"

ਜਨਮੇਜਾ ਨੇ ਸਿਰਫ਼ ਇਹ ਕਿਹਾ, "ਚਿੰਤਾ ਨਾ ਕਰ।"

ਕੁਝ ਦਿਨਾਂ ਬਾਅਦ ਮੈਂ ਦੋਵਾਂ ਨੂੰ ਇਕੱਠੇ ਹੱਸਦੇ ਅਤੇ ਗੱਲਾਂ ਕਰਦੇ ਦੇਖਿਆ, ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਹੋ ਜਿਹਾ ਗੈਰ-

ਪ੍ਰਤੀਕ੍ਰਿਆਤਮਕ ਸੁਭਾਵ ਮੈਂ ਕਿਸੇ ਹੋਰ ਵਿਅਕਤੀ ਵਿੱਚ ਨਹੀਂ ਦੇਖਿਆ।

ਸੀਮਿਤ ਇੱਛਾਵਾਂ ਅਤੇ ਦਿਖਾਵੇ ਤੋਂ ਦੂਰ ਜੀਵਨ

ਮੈਂ ਕਈ ਲੋਕ ਵੇਖੇ ਹਨ, ਜਿਨ੍ਹਾਂ ਦੀਆਂ ਇੱਛਾਵਾਂ ਅਤੇ ਲੋੜਾਂ ਘੱਟ ਹੁੰਦੀਆਂ ਹਨ, ਪਰ ਜਨਮੇਜਾ ਉਹ ਵਿਅਕਤੀ ਹਨ ਜਿਨ੍ਹਾਂ ਦੀਆਂ ਲੋੜਾਂ ਅਤੇ ਇੱਛਾਵਾਂ ਸਭ ਤੋਂ ਘੱਟ ਹਨ।

ਉਨ੍ਹਾਂ ਦੀ ਧਨ ਪ੍ਰਤੀ ਲਾਲਸਾ ਸਿਰਫ਼ ਸਧਾਰਣ ਜੀਵਨ ਅਤੇ ਯਾਤਰਾ ਤੱਕ ਸੀਮਿਤ ਹੈ। ਨਾ ਪੈਸੇ ਦੀ ਲਾਲਚ, ਨਾ ਸ਼ੋਹਰਤ ਦੀ ਭੁੱਖ ਅਤੇ ਨਾ ਹੀ ਆਰਾਮ ਦੀ ਚਾਹ। ਉਹ ਆਪਣੇ ਦਿਖਾਵੇ ਦੀ ਵੀ ਪਰਵਾਹ ਨਹੀਂ ਕਰਦੇ। ਘੱਟ ਖਾਣਾ, ਘੱਟ ਸੌਣਾ - ਸਿਰਫ਼ ਸਰੀਰ ਦੀ ਲੋੜ ਅਨੁਸਾਰ ਜੀਵਨ ਜੀਉਣਾ - ਇਹ ਉਨ੍ਹਾਂ ਦੀ ਫ਼ਿਤਰਤ ਹੈ।

ਉਹ ਬੇਫਿਕਰੀ ਦੀ ਇੱਕ ਸੱਚੀ ਮਿਸਾਲ ਹਨ। ਪਰ ਬੇਫਿਕਰ ਹੋਣ ਅਤੇ ਲਾਪਰਵਾਹ ਹੋਣ ਵਿੱਚ ਇੱਕ ਬਹੁਤ ਬਾਰੀਕ ਫ਼ਰਕ ਹੁੰਦਾ ਹੈ।

ਇੱਕ ਵਾਰ ਮੈਂ ਉਨ੍ਹਾਂ ਨੂੰ ਮਿਲਣ ਗਿਆ ਜਦੋਂ ਉਨ੍ਹਾਂ ਦੇ ਪੈਰ 'ਤੇ ਚੋਟ ਸੀ ਅਤੇ ਉੱਚੇ ਸ਼ੂਗਰ ਲੈਵਲ ਕਾਰਨ ਉਹ ਚੋਟ ਵਧ ਗਈ ਸੀ। ਮੈਂ ਉਨ੍ਹਾਂ ਦੇ ਪਿਤਾਜੀ ਨੂੰ ਮਿਲਿਆ, ਜੋ ਇਸ ਗੱਲ ਨੂੰ ਲੈ ਕੇ ਚਿੰਤਿਤ ਸਨ ਕਿ ਉਹ ਦਵਾਈਆਂ ਨਿਯਮਿਤ ਤੌਰ 'ਤੇ ਨਹੀਂ ਲੈਂਦੇ।

ਮੈਂ ਇੱਥੇ ਸਿਰਫ਼ ਇਹ ਕਹਿਣਾ ਚਾਹੁੰਦਾ ਹਾਂ ਕਿ ਬੇਫਿਕਰ ਹੋਣਾ ਚੰਗੀ ਗੱਲ ਹੈ, ਪਰ ਲਾਪਰਵਾਹ ਹੋਣਾ ਖ਼ਤਰਨਾਕ ਹੈ। ਦੋਹਾਂ ਵਿੱਚ ਬਹੁਤ ਪਤਲੀ ਲਕੀਰ ਦਾ ਫ਼ਰਕ ਹੁੰਦਾ ਹੈ।

ਹੋਰ ਵੀ ਬਹੁਤ ਕੁਝ ਲਿਖਿਆ ਜਾ ਸਕਦਾ ਹੈ, ਪਰ ਫਿਰ ਪੂਰੀ ਕਿਤਾਬ ਹੀ ਭਰ ਜਾਵੇਗੀ। ਇਸ ਲਈ ਮੈਂ ਇੱਥੇ ਹੀ ਰੁਕਦਾ ਹਾਂ।

***

# ਸ਼ੌਕ ਵੱਖਰੇ

# ਦਵਿੰਦਰ ਸਿੰਘ ਬੈਂਸ

ਜਨਮੇਜਾ ਸਿੰਘ ਜੌਹਲ ਜੀ ਮੇਰੇ ਨਾਲ ਜੁਲਾਈ 1972 ਵਿੱਚ ਸੰਪਰਕ ਵਿੱਚ ਆਏ, ਜਦੋਂ ਅਸੀਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਕਾਲਜ ਆਫ ਐਗਰੀਕਲਚਰ ਇੰਜੀਨੀਅਰਿੰਗ ਵਿੱਚ ਦਾਖਲਾ ਲਿਆ ਸੀ। ਅਸੀਂ ਚਾਰ ਸਾਲ ਤੱਕ ਕਲਾਸ ਫੈਲੋ ਰਹੇ।

ਕਾਲਜ ਸਮੇਂ ਦੌਰਾਨ ਮੈਂ ਵੇਖਿਆ ਕਿ ਉਹਨਾਂ ਦੇ ਸ਼ੌਕ ਵੱਖਰੇ ਹੀ ਸਨ ਅਤੇ ਬੜੇ ਦਿਲਚਸਪ ਵੀ ਸਨ। ਕਈ ਵਾਰ ਮੈਂ ਉਹਨਾਂ ਨੂੰ ਯੂਨੀਵਰਸਿਟੀ ਦੀ ਫੇਟ, ਜੋ ਇੱਕ ਤਰ੍ਹਾਂ ਦਾ ਮੇਲਾ ਆਰਗਨਾਈਜ਼ ਹੁੰਦਾ ਸੀ, ਉਸ ਵਿੱਚ ਹਿੱਸਾ ਲੈਂਦੇ ਵੇਖਿਆ। ਉਸ ਵਿੱਚ ਮੈਨੂੰ ਵੀ ਬੜਾ ਸ਼ੌਕ ਸੀ। ਇੱਕ ਵਾਰ ਉਹਨਾਂ ਨੇ ਸਿੱਕਿਆ ਦੀ ਨੁਮਾਇਸ਼ ਲਗਾਈ ਸੀ ਅਤੇ ਫੋਟੋਗਰਾਫੀ ਦੀ ਪ੍ਰਦਰਸ਼ਨੀ ਤਾਂ ਉਹ ਆਮ ਹੀ ਲਗਾਉਂਦੇ ਰਹਿੰਦੇ ਸਨ, ਕਿਉਂਕਿ ਉਹਨਾਂ ਨੂੰ ਫੋਟੋਗਰਾਫੀ ਵਿੱਚ ਸ਼ੁਰੂ ਤੋਂ ਹੀ ਬਹੁਤ ਸ਼ੌਕ ਸੀ।

ਕਈ ਵਾਰ ਉਹਨਾਂ ਨੇ ਸਾਡੀਆਂ ਫੋਟੋਆਂ ਵੀ ਖਿੱਚੀਆਂ। ਉਸ ਵੇਲੇ ਫੋਟੋਆਂ ਖਿੱਚਵਾਉਣੀਆਂ ਜਾਂ ਡਿਵੈਲਪ ਕਰਵਾਉਣੀਆਂ ਕਾਫ਼ੀ ਮਹਿੰਗੀਆਂ ਪੈਂਦੀਆਂ ਸਨ, ਪਰ ਉਹਨਾਂ ਨੇ ਸਾਨੂੰ ਕਈ ਵਾਰ ਬਿਨਾਂ ਪੈਸਿਆਂ ਤੋਂ ਹੀ ਇੱਕ-ਇੱਕ ਕਾਪੀ ਦੇ ਦਿੱਤੀ। ਉਹਨਾਂ ਵਿੱਚੋਂ ਕਈ ਫੋਟੋਆਂ ਮੇਰੇ ਕੋਲ ਅਜੇ ਵੀ ਪਈਆਂ ਹਨ। ਜਦੋਂ ਵੀ ਮੈਂ ਉਹਨਾਂ ਨੂੰ ਵੇਖਦਾ ਹਾਂ, ਮੈਨੂੰ ਉਹਨਾਂ ਦੇ ਤਰ੍ਹਾਂ-ਤਰ੍ਹਾਂ ਦੇ ਸ਼ੌਕਾਂ ਬਾਰੇ ਖਿਆਲ ਆ ਜਾਂਦਾ ਹੈ ਅਤੇ ਅਚਾਨਕ ਉਹਨਾਂ ਦੀ ਯਾਦ ਆ ਜਾਂਦੀ ਹੈ।

ਕਾਲਜ ਦੌਰਾਨ ਉਹਨਾਂ ਨੂੰ ਵਿਦੇਸ਼ੀ ਵਿਦਿਆਰਥੀਆਂ ਨਾਲ ਦੋਸਤੀ ਕਰਨਾ ਖਾਸ ਤੌਰ 'ਤੇ ਬਹੁਤ ਚੰਗਾ ਲੱਗਦਾ ਸੀ। ਮੈਨੂੰ ਲੱਗਦਾ ਹੈ ਕਿ ਉਹਨਾਂ ਦੀ ਸ਼ਖਸੀਅਤ ਵਿੱਚ ਇਹ ਗੱਲ ਸੀ ਕਿ ਦੂਸਰੇ ਦੇਸ਼ਾਂ ਦੇ ਵਿਦਿਆਰਥੀਆਂ ਬਾਰੇ ਜਾਣਿਆ ਜਾਵੇ। ਇਸ ਕਰਕੇ ਹੀ ਉਹ ਉਹਨਾਂ ਦੇ

ਕਾਫ਼ੀ ਨੇੜੇ ਰਹਿੰਦੇ ਸਨ। ਖਾਸ ਕਰਕੇ ਉਹਨਾਂ ਦਾ ਇੱਧਰ- ਉੱਧਰ ਜਾਣਾ ਜਾਂ ਸੈਰ-ਸਪਾਟਾ ਕਰਨ ਦਾ ਸ਼ੌਕ ਵੀ ਇਸੇ ਰੁਝਾਨ ਦਾ ਹਿੱਸਾ ਸੀ।

ਯੂਨੀਵਰਸਿਟੀ ਦੀ ਜ਼ਿੰਦਗੀ ਦੌਰਾਨ ਮੈਂ ਵੇਖਿਆ ਕਿ ਉਹਨਾਂ ਦੀ ਚਾਲ-ਢਾਲ ਵਿੱਚ ਬਹੁਤ ਫੁਰਤੀ ਸੀ। ਕਦੇ ਉਹ ਸਟੂਡੈਂਟ ਹੋਮ ਵਿੱਚ, ਕਦੇ ਕਾਲਜ ਵਿੱਚ, ਕਦੇ ਲਾਇਬ੍ਰੇਰੀ ਵਿੱਚ, ਤੇ ਕਦੇ ਤਿੰਨ ਨੰਬਰ ਗੇਟ 'ਤੇ ਨਜ਼ਰ ਆ ਜਾਂਦੇ ਸਨ। ਮਤਲਬ, ਉਹ ਹਰ ਵੇਲੇ ਬੜੇ ਐਕਟਿਵ ਰਹਿੰਦੇ ਸਨ।

ਕਾਲਜ ਲਾਈਫ ਤੋਂ ਬਾਅਦ ਵੀ ਉਹਨਾਂ ਨੇ ਆਪਣੀ ਮਰਜ਼ੀ ਦਾ ਕੰਮ ਕੀਤਾ। ਸਾਡੇ ਵਰਗੇ ਕਈ ਲੋਕ ਤਾਂ ਰਵਾਇਤੀ ਤੌਰ 'ਤੇ ਨੌਕਰੀਆਂ ਵਿੱਚ ਚਲੇ ਗਏ, ਕਿਉਂਕਿ ਸਾਡਾ ਇਹੀ ਟੀਚਾ ਸੀ। ਪਰ ਉਹਨਾਂ ਨੇ ਆਪਣੇ ਮਨ ਦੀ ਕੀਤੀ ਅਤੇ ਲਿਖਣ-ਪੜ੍ਹਨ ਨਾਲ ਸੰਬੰਧਿਤ ਆਪਣੇ ਸਾਰੇ ਸ਼ੌਕ ਪੂਰੇ ਕੀਤੇ।

ਉਹਨਾਂ ਦੇ ਲੇਖ, ਖਾਸ ਕਰਕੇ "ਕੈਮਰਾ ਚੁੱਪ ਨਹੀਂ, ਬਹੁਤ ਹੀ ਮਨੋਰੰਜਕ ਹੁੰਦੇ ਹਨ। ਮੈਂ ਉਹਨਾਂ ਨੂੰ ਜ਼ਰੂਰ ਪੜ੍ਹਦਾ ਹਾਂ, ਕਿਉਂਕਿ ਉਹ ਮੈਨੂੰ ਹਰ ਮੰਗਲਵਾਰ ਇਹ ਲੇਖ ਜ਼ਰੂਰ ਭੇਜਦੇ ਹਨ। ਹਰ ਵਾਰ ਉਹ ਕੋਈ ਨਾ ਕੋਈ ਐਸਾ ਵਿਸ਼ਾ ਚੁਣਦੇ ਹਨ ਜੋ ਮੈਨੂੰ ਬਹੁਤ ਹੀ ਹੈਰਾਨੀਜਨਕ ਲੱਗਦਾ ਹੈ। ਮੈਂ ਅਕਸਰ ਸੋਚਦਾ ਹਾਂ ਕਿ ਇਨਸਾਨ ਇਸ ਤਰ੍ਹਾਂ ਵੀ ਸੋਚ ਸਕਦਾ ਹੈ?

ਉਹਨਾਂ ਤੋਂ ਪ੍ਰੇਰਿਤ ਹੋ ਕੇ ਮੈਂ ਵੀ ਥੋੜ੍ਹਾ-ਬਹੁਤਾ ਲਿਖਣਾ ਸ਼ੁਰੂ ਕੀਤਾ ਸੀ। ਮੈਂ ਕੋਸ਼ਿਸ਼ ਕੀਤੀ, ਪਰ ਜ਼ਿਆਦਾ ਸਮਾਂ ਨਹੀਂ ਦੇ ਸਕਿਆ। ਫਿਰ ਵੀ ਤਿੰਨ-ਚਾਰ ਵਾਰ ਮੈਂ ਉਹਨਾਂ ਤੋਂ ਪ੍ਰੇਰਿਤ ਹੋ ਕੇ ਲੇਖ ਲਿਖੇ, ਜੋ "ਤਰਜੁਮਾਨ" ਵਿੱਚ ਪ੍ਰਕਾਸ਼ਿਤ ਵੀ ਹੋ ਗਏ ਸਨ। ਮੈਂ ਉਹ ਲੇਖ ਉਹਨਾਂ ਨੂੰ ਭੇਜੇ ਵੀ ਸਨ। ਉਹਨਾਂ ਨੇ ਮੈਨੂੰ ਕਿਹਾ, "ਦਵਿੰਦਰ, ਲਿਖਦਾ ਰਹਿ। ਇਹਨਾਂ ਦਾ ਸੰਗ੍ਰਹਿ ਬਣਾ ਕੇ ਇਸਨੂੰ ਕਿਤਾਬ ਦੀ ਸ਼ਕਲ ਦੇਣੀ ਚਾਹੀਦੀ ਹੈ।" ਪਰ ਮੈਂ ਸਮਾਂ ਨਾ ਹੋਣ ਕਰਕੇ ਇਹ ਕੰਮ ਨਹੀਂ ਕਰ ਸਕਿਆ।

ਹੁਣ ਵੀ, ਕਿਉਂਕਿ ਮੈਂ ਅਮਰੀਕਾ ਵਿੱਚ ਇੰਟਰਪ੍ਰੇਟਰ ਦਾ ਕੰਮ ਕਰਦਾ ਹਾਂ, ਕਈ ਵਾਰ ਮੈਨੂੰ ਮੁਸ਼ਕਲ ਆ ਜਾਂਦੀ ਹੈ। ਕਈ ਵਾਰ ਮੈਨੂੰ ਕਿਸੇ ਸ਼ਬਦ ਦਾ ਸਹੀ ਪੰਜਾਬੀ ਅਰਥ ਨਹੀਂ ਪਤਾ ਲੱਗਦਾ, ਤਾਂ ਮੈਂ ਜਨਮੇਜਾ ਜੀ ਨੂੰ ਪੁੱਛ ਲੈਂਦਾ ਹਾਂ। ਇਸ ਤਰੀਕੇ ਨਾਲ ਵੀ ਉਹ ਮੇਰੀ ਕਾਫ਼ੀ ਮਦਦ ਕਰਦੇ ਰਹਿੰਦੇ ਹਨ।

ਉਹਨਾਂ ਨੂੰ ਸੈਰ ਕਰਨ ਦਾ ਵੀ ਬਹੁਤ ਸ਼ੌਕ ਹੈ। ਇੱਕ ਵਾਰ ਉਹਨਾਂ ਨੂੰ ਥੋੜ੍ਹੀ ਸੱਟ ਵੀ ਲੱਗ ਗਈ ਸੀ ਅਤੇ ਬਾਅਦ ਵਿੱਚ ਮਾਮਲਾ ਕਾਫ਼ੀ ਗੰਭੀਰ ਹੋ ਗਿਆ ਸੀ। ਮੈਂ ਆਪਣੀ ਪਤਨੀ ਦੇ ਨਾਲ ਉਹਨਾਂ ਨੂੰ ਉਹਨਾਂ ਦੇ ਘਰ ਮਿਲਣ ਗਿਆ ਸੀ। ਉਹਨਾਂ ਦੇ ਪੈਰ 'ਤੇ ਕਾਫ਼ੀ ਕੰਮ ਹੋਇਆ ਲੱਗਦਾ ਸੀ, ਪਰ ਉਹਨਾਂ ਦਾ ਹੌਸਲਾ ਬਿਲਕੁਲ ਬੁਲੰਦ ਸੀ। ਮੈਂ ਉਹਨਾਂ ਨੂੰ ਕਿਹਾ, "ਆਪਣੀਆਂ ਦਵਾਈਆਂ ਸਮੇਂ ਸਿਰ ਲਿਆ ਕਰੋ ਅਤੇ ਆਪਣਾ ਖਿਆਲ ਰੱਖਿਆ ਕਰੋ।" ਉਹਨਾਂ ਦਾ ਜਵਾਬ ਸੀ, "ਯਾਰ, ਕੁਝ ਨਹੀਂ ਹੁੰਦਾ। ਦਵਾਈ-ਦੂਈ ਤਾਂ ਲੈ ਲਈਦੀ ਹੈ, ਕੋਈ ਗੱਲ ਨਹੀਂ।" ਉਹਨਾਂ ਦਾ ਹੌਸਲਾ ਬੜਾ ਬੁਲੰਦ ਸੀ। ਇਹ ਗੱਲ ਮੈਨੂੰ ਬਹੁਤ ਚੰਗੀ ਲੱਗੀ।

ਅਖੀਰ ਵਿੱਚ, ਮੈਂ ਵਾਹਿਗੁਰੂ ਅੱਗੇ ਇਹੀ ਪ੍ਰਾਰਥਨਾ ਕਰਦਾ ਹਾਂ ਕਿ ਉਹਨਾਂ ਦੀ ਸਿਹਤ ਚੰਗੀ ਰਹੇ ਅਤੇ ਉਹ ਇਸੇ ਤਰ੍ਹਾਂ ਮਨੋਰੰਜਕ ਸਾਹਿਤ ਲਿਖਦੇ ਰਹਿਣ। ਅਸੀਂ ਉਹਨਾਂ ਦੀਆਂ ਲਿਖਤਾਂ ਤੋਂ ਪ੍ਰੇਰਿਤ ਹੁੰਦੇ ਰਹੀਏ ਅਤੇ ਉਹਨਾਂ ਦੀਆਂ ਲਿਖਤਾਂ ਦਾ ਆਨੰਦ ਮਾਣਦੇ ਰਹੀਏ। ਖਾਸ ਕਰਕੇ "ਕੈਮਰਾ ਚੁੱਪ ਨਹੀਂ" ਦਾ ਤਾਂ ਮੈਂ ਹਰ ਵਾਰ ਉਡੀਕ ਕਰਦਾ ਰਹਿੰਦਾ ਹਾਂ।

***

# ਭਾਜੀ ਵਿਅਕਤੀ ਨਹੀਂ ਸੰਸਥਾ

## ਨਵਦੀਪ ਕੁਮਾਰ ਦੀਪਾ

ਸਮਾਜ ਸੇਵੀ ਅਤੇ ਸਭਿਆਚਾਰਕ ਗਤੀਵਿਧੀਆਂ ਦੇ ਸਿਰਮੌਰ ਮੰਨੇ ਜਾਂਦੇ ਭਾਜੀ ਜਨਮੇਜਾ ਸਿੰਘ ਜੌਹਲ ਮੇਰੇ 30-35 ਵਰ੍ਹਿਆਂ ਤੋਂ ਵਾਕਫ਼ ਹਨ। ਉਨ੍ਹਾਂ ਵਲੋਂ ਹੈਰੀਟੇਜ ਕਲੱਬ ਲੁਧਿਆਣਾ ਚਲਾਇਆ ਜਾ ਰਿਹਾ ਸੀ। ਇਸ ਕਲੱਬ ਦੇ ਮਾਧਿਅਮ ਨਾਲ ਅਸੀ ਗੁਰਾਇਆ ਨੌਜਵਾਨ ਸਭਾ ਰਾਹੀ ਭੰਗੜਾ ਵਰਕਸ਼ਾਪ, ਗਿੱਧਾ ਵਰਕਸ਼ਾਪ 17 ਸਾਲ ਚਲਾਈ ਜਿਸ ਨਾਲ ਪੇਂਡੂ ਖੇਤਰ ਦੇ ਨੌਜਵਾਨ ਲੜਕੇ ਲੜਕੀਆਂ ਨੇ ਗਿੱਧੇ ਭੰਗੜੇ ਵਿਚ ਆਪਣਾ ਹੱਥ ਅਜ਼ਮਾਇਆ ਅਤੇ ਕਾਮਯਾਬ ਵੀ ਰਹੇ। ਇਸੇ ਦੌਰਾਨ ਹੀ ਪੰਜਾਬ ਦੀਆਂ ਪੇਂਡੂ ਰਵਾਇਤੀ ਖੇਡਾਂ, ਕੋਟਲਾ ਛਪਾਕੀ, ਬਾਂਦਰ ਕੀਲਾ, ਗੁੱਲੀ ਡੰਡਾ, ਕਿੱਕਲੀ ਅਤੇ ਹੋਰ ਖੇਡਾਂ ਨਾਲ ਇਕ ਪੀੜ੍ਹੀ ਨੂੰ ਜੋੜਨ ਦਾ ਮਾਣ ਸ. ਜਨਮੇਜਾ ਸਿੰਘ ਜੌਹਲ ਦੀ ਮਦਦ ਨਾਲ ਹੀ ਮੈਨੂੰ ਮਿਲ ਸਕਿਆ ਹੈ। ਉਨ੍ਹਾਂ ਜੋ ਵਾਅਦਾ ਸਾਡੀ ਨੌਜਵਾਨ ਸਭਾ ਅਤੇ ਸਭਿਆਚਾਰਕ ਮੰਚ ਨਾਲ ਕੀਤਾ ਹਮੇਸ਼ਾ ਪੂਰਾ ਕੀਤਾ। ਮੈਂ ਇਹ ਕਹਿ ਸਕਦਾ ਹਾਂ ਕਿ ਭਾਜੀ ਜਨਮੇਜਾ ਸਿੰਘ ਜੌਹਲ ਵਿਅਕਤੀ ਨਹੀਂ ਇਕ ਸੰਸਥਾ ਹੈ। ਉਨ੍ਹਾਂ ਦਾ ਕਾਲਮ ਕੈਮਰਾ ਬੋਲ ਪਿਆ ਅਜੀਤ ਵਿਚ ਲਗਾਤਾਰ ਛਪ ਰਿਹਾ ਹੈ। ਮੇਰੇ ਇਲਾਕੇ ਵਿਚ ਬਹੁਤ ਹੀ ਪਸੰਦ ਕੀਤਾ ਜਾ ਰਿਹਾ ਹੈ। ਮੈਂ ਭਾਜੀ ਜਨਮੇਜਾ ਸਿੰਘ ਜੌਹਲ ਨੂੰ ਬੇਨਤੀ ਕਰਦਾ ਹਾਂ ਕਿ ਇਹ ਕਾਲਮ ਚਾਲੂ ਰੱਖਿਆ ਜਾਵੇ। ਉਨ੍ਹਾਂ ਦੀ ਚੰਗੀ ਸਿਹਤ ਰਹੇ ਅਤੇ ਉਹ ਹਮੇਸ਼ਾ ਬੁਲੰਦੀਆਂ ਸਰ ਕਰਦੇ ਰਹਿਣ ਮੇਰੀ ਵਾਹਿਗੁਰੂ ਦੇ ਚਰਨਾਂ ਵਿਚ ਅਰਦਾਸ ਹੈ। 9814753207 ***

# ਫਿਲਾਸਫਰ ਤੋਂ ਫਕੀਰ ਤੱਕ

# ਡਾ. ਦੂਲਚਾ ਸਿੰਘ ਬਰਾੜ

ਕਿਸੇ-ਕਿਸੇ ਇਨਸਾਨ ਦਾ ਸਿਰਫ਼ ਨਾਮ ਹੀ ਸੁਣਿਆ ਹੁੰਦਾ ਹੈ। ਕਿਸੇ ਬਾਰੇ ਇਕੱਲਾ ਸੁਣਿਆ ਹੀ ਨਹੀਂ, ਸਗੋਂ ਵੇਖਿਆ ਵੀ ਹੁੰਦਾ ਹੈ, ਪਰ ਉਹਨੂੰ ਮਿਲਣ ਦਾ ਮੌਕਾ ਨਹੀਂ ਮਿਲਿਆ ਹੁੰਦਾ। ਕਈਆਂ ਨੂੰ ਗਾਹੇ-ਬਗਾਹੇ ਮਿਲ ਵੀ ਪਈਦਾ ਹੈ ਅਤੇ ਉਨ੍ਹਾਂ ਨੂੰ ਫੇਰ ਮਿਲਣ ਦੀ ਤਾਂਘ ਵੀ ਰਹਿਣ ਲੱਗ ਪੈਂਦੀ ਹੈ। ਚੌਥੀ ਕਿਸਮ ਦੇ ਇਨਸਾਨ ਉਹ ਹੁੰਦੇ ਹਨ, ਜਿਨ੍ਹਾਂ ਨਾਲ ਮਿਲ-ਵਰਤ ਕੇ ਮਨੂਆ ਉਹਦੇ ਬਾਰੇ ਕੁਝ ਸਮਝਣ ਅਤੇ ਕਹਿਣ-ਲਿਖਣ ਜੋਗਾ ਵੀ ਹੋ ਜਾਂਦਾ ਹੈ।

ਪੀਏਯੂ, ਲੁਧਿਆਣਾ ਵਿੱਚ ਮੈਥੋਂ ਇਕ ਸਾਲ ਮੂਹਰੇ ਪੜ੍ਹ ਰਹੇ ਜਾਂ ਕਹਿ ਲਓ ਖੇਤੀਬਾੜੀ ਇੰਜੀਨੀਅਰ ਬਣਨ ਜਾ ਰਹੇ, ਸ. ਜਨਮੇਜਾ ਸਿੰਘ ਜੌਹਲ ਦਾ ਨਾਮ ਸੁਣਨ ਕਰਕੇ, ਮੇਰੇ ਲਈ ਉਹ ਛੇਤੀ ਹੀ ਪਹਿਲੀ ਕਿਸਮ ਦਾ ਇਨਸਾਨ ਬਣ ਗਿਆ ਸੀ। ਇਕ ਦਿਨ ਅਚਾਨਕ ਹੀ ਮੈਂ ਉਹਨੂੰ ਖੇਤੀਬਾੜੀ ਅਰਥ ਸ਼ਾਸਤਰ ਦੇ ਮਸ਼ਹੂਰ ਵਿਗਿਆਨੀ, ਡਾ. ਸਰਦਾਰਾ ਸਿੰਘ ਜੌਹਲ ਦੇ ਸਪੁੱਤਰ ਵਜੋਂ ਵੇਖਿਆ। ਓਦੋਂ ਤੋਂ ਉਹ ਮੇਰੇ ਲਈ ਦੂਜੀ ਕਿਸਮ ਦਾ ਇਨਸਾਨ ਵੀ ਬਣ ਗਿਆ।

ਪੀਏਯੂ ਵਿੱਚ ਪੜ੍ਹਨ ਵੇਲੇ ਜਨਮੇਜਾ ਜੌਹਲ ਤਾਂ ਕਲਾਕਾਰੀ ਵਾਲੇ ਖੇਤਰ ਵਿੱਚ ਮਸ਼ਹੂਰ ਸੀ ਹੀ, ਪਰ ਮੈਂ ਵੀ ਯੂਨੀਵਰਸਿਟੀ, ਸੂਬੇ ਪੱਧਰ ਦੇ ਵਾਲੀਬਾਲ ਖਿਡਾਰੀ ਵਜੋਂ ਜਾਣਿਆ ਜਾਣ ਲੱਗ ਪਿਆ ਸੀ ਅਤੇ ਮੁੰਡਿਆਂ ਦੇ ਲੜਾਈ- ਝਗੜੇ ਵਾਲੀ ਆਪਸੀ ਧੜੇਬੰਦੀ ਦਾ ਸ਼ਿਕਾਰ ਵੀ ਹੋ ਗਿਆ ਸੀ। ਸੋ, ਆਪੋ-ਆਪਣੇ ਖੇਤਰਾਂ ਵਿੱਚ ਬਈ ਅੱਡ-ਅੱਡ ਤਰ੍ਹਾਂ ਦੀ ਪਹਿਚਾਣ ਭੱਲ ਕਰਕੇ, ਅਸੀਂ ਦੋਵੇਂ ਬਿਨਾਂ ਮਿਲੇ ਹੀ ਇਕ ਦੂਜੇ ਦੀ ਰੂਹ ਤੋਂ ਵਾਕਿਫ਼ ਸੀ।

ਮੈਂ ਅੱਖਾਂ 'ਤੇ ਐਨਕਾਂ ਲਾਈਆਂ ਅਤੇ ਗਲ ਵਿੱਚ ਕੈਮਰਾ

ਲਟਕਾਈ, ਵੱਡੀ-ਛੋਟੀ ਕਾਰ, ਮੋਟਰਸਾਈਕਲ- ਸਕੂਟਰ ਅਤੇ ਸਾਈਕਲ 'ਤੇ ਸਵਾਰ ਹੋਏ ਜਾਂ ਫਿਰ “11 ਦੇ ਹਿਸੇ” ਵਰਗੀਆਂ ਲੱਤਾਂ 'ਤੇ ਸਵਾਰ ਹੋਏ ਜਨਮੇਜੇ ਨੂੰ ਏਧਰ-ਉੱਧਰ ਜਾਂਦੇ-ਆਉਂਦੇ ਜਾਂ ਰਾਹ-ਖਹਿੜੇ ਵਿੱਚ ਵੇਖਣ-ਮਿਲਣ ਲੱਗ ਪਿਆ ਸੀ। ਇਸ ਤਰ੍ਹਾਂ ਮੇਰੇ ਲਈ ਉਹ ਤੀਜੀ ਕਿਸਮ ਦਾ ਇਨਸਾਨ ਵੀ ਛੇਤੀ ਹੀ ਬਣ ਗਿਆ ਸੀ।

ਮੈਂ ਕਈ ਵਾਰ ਉਹਨੂੰ ਕੈਮਰੇ ਨਾਲ ਫੁੱਲ, ਫਲ ਦਿਵਸਾਂ, ਕੁਦਰਤ ਨਾਲ ਜੁੜੇ ਸਮਾਗਮਾਂ ਅਤੇ ਕਈ ਤਰ੍ਹਾਂ ਦੇ ਹੋਰ ਸਮਾਗਮਾਂ ਵਿੱਚ ਹਿੱਸਾ ਲੈਂਦੇ ਅਤੇ ਚੁੱਪ-ਚਾਪ ਤਸਵੀਰਾਂ ਖਿੱਚਦੇ ਵੇਖਦਾ, ਮਿਲਦਾ ਰਹਿੰਦਾ। ਸਾਡਾ ਮਿਲਾਪ ਸਿਰਫ਼ ਵਾਹ-ਸਲਾਮ ਤੱਕ ਹੀ ਸੀਮਤ ਸੀ। ਸਾਡੀ ਕਦੇ ਵੀ ਗਹਿ-ਗੱਡ ਮੁਲਾਕਾਤ ਨਹੀਂ ਹੋ ਸਕੀ ਸੀ। ਭਾਵੇਂ ਅਸੀਂ ਦੋਵੇਂ “ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਮਹਾਨ ਭਾਰਤ ਇਕ ਹੈ” ਵਰਗੀ ਮਹਾਨ ਸੰਸਥਾ ਪੀਏਯੂ ਵਿੱਚ ਅੱਗੜ- ਪਿੱਛੜ ਹੀ ਪੜ੍ਹਦੇ ਰਹੇ ਸੀ, ਪਰ ਸਾਡੀ ਨਿੱਜੀ ਵਿਚਾਰਧਾਰਾ ਵਿੱਚ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਜਿੰਨਾ ਹੀ ਅੰਤਰ ਸੀ।

ਸਿਆਣੇ ਕਹਿੰਦੇ ਹੁੰਦੇ ਹਨ ਕਿ ਪਿੰਡ ਦਾ ਤਾਂ ਗੀਰਿਆਂ ਗੁਹਾਰਿਆਂ (ਪਾਥੀਆਂ ਵਾਲੇ) ਤੋਂ ਹੀ ਪਤਾ ਲੱਗ ਜਾਂਦਾ ਹੈ। ਏਵੇਂ ਹੀ ਮੇਰੇ ਮਨੂਏ ਨੂੰ ਵੀ, ਓਦੋਂ ਵਾਲੀ ਸਮਝ ਮੁਤਾਬਕ, ਜਨਮੇਜਾ ਇਕ ਫਿਲਾਸਫਰ ਜਿਹਾ ਹੀ ਲੱਗਦਾ ਹੁੰਦਾ ਸੀ। ਸੋ, ਮੇਰੇ ਮਨੂਏ ਨੇ ਕਦੇ ਵੀ ਉਹਨੂੰ ਮਿਲਣ ਲਈ ਮੇਰੇ ਪੈਰਾਂ ਹੇਠਾਂ ਅੱਗ ਮਚਾਈ ਹੀ ਨਹੀਂ ਸੀ। ਸਮਾਂ ਆਪਣੀ ਮਸਤ ਚਾਲ ਨਾਲ ਬੀਤਦਾ ਗਿਆ, ਪਰ ਜਨਮੇਜਾ ਮੇਰੇ ਲਈ ਚੌਥੀ ਕਿਸਮ ਦਾ ਇਨਸਾਨ ਨਾ ਬਣ ਸਕਿਆ।

ਮੈਨੂੰ ਹੁਣ ਲੱਗਦਾ ਹੁੰਦਾ ਹੈ ਕਿ ਜਨਮੇਜਾ ਜੌਹਲ ਤਾਂ ਦੁਨੀਆ ਤੋਂ ਬੇਪਰਵਾਹ, ਓਸੇ ਵਿਚਾਰਧਾਰਾ ਫਿਲਾਸਫਰ ਵਾਲੀ - 'ਤੇ ਚਲਦਾ ਹੋਇਆ, ਇਕ ਦਰਵੇਸ਼ ਤੇ ਫਕੀਰ ਵਾਲੀ ਅਵਸਥਾ ਵਿੱਚ ਪਹੁੰਚ ਗਿਆ ਹੈ। ਮੈਂ ਵੀ ਆਪਣੀ ਜ਼ਿੰਦਗੀ ਦਾ ਖੁਸ਼ਗਵਾਰ ਸਫਰ ਤਹਿ ਕਰਦਾ ਗਿਆ

ਅਤੇ ਉਮਰ ਨਾਲ, ਜਾਂ ਪਤਾ ਨਹੀਂ ਕਿਵੇਂ, ਮੇਰੀ ਵਿਚਾਰਧਾਰਾ ਅਤੇ ਮਨੂਏ ਦੇ ਨਜ਼ਰੀਏ ਵਿੱਚ ਬਦਲਾਅ ਆ ਗਿਆ ਹੈ। ਮੈਨੂੰ ਵੀ ਜਨਮੇਜੇ ਦੀ ਵਿਚਾਰਧਾਰਾ ਜ਼ਿਆਦਾ ਲਾਹੇਵੰਦ ਲੱਗਣ ਲੱਗ ਪਈ ਹੈ।

ਹੁਣ ਮੈਂ ਗੱਲ ਕਰਦਾ ਹਾਂ ਮੇਰੇ ਲਈ ਜਨਮੇਜੇ ਦੇ, ਉੱਪਰ ਦੱਸੇ, ਚੌਥੀ ਕਿਸਮ ਦੇ ਇਨਸਾਨ ਬਣਨ ਦੀ। ਇਕ ਵਾਰ ਮੇਰੇ ਸ਼ੇਖਚਿਲੀ ਮਨੂਏ ਨੇ, ਬਿਨਾਂ ਕੁਝ ਸੋਚੇ-ਸਮਝੇ ਹੀ, ਪੜ੍ਹ ਰਹੇ ਮੇਰੇ ਛੋਟੇ ਬੇਟੇ ਨੂੰ ਸੰਭਾਵੀ ਕਲਾਕਾਰ ਵੇਖਦੇ ਹੋਏ, ਪੰਜਾਬੀ ਕਲਾਕਾਰਾਂ ਵੱਲੋਂ ਧੜਾ-ਧੜ ਬਣਾਈਆਂ ਜਾ ਰਹੀਆਂ ਪੰਜਾਬੀ ਫਿਲਮਾਂ ਵਾਲੇ ਦੌਰ ਵਿੱਚ, ਉਹਦੇ ਲਈ ਵੀ ਇਕ ਪੰਜਾਬੀ ਫਿਲਮ ਦਾ ਨਿਰਮਾਣ ਕਰਨ ਦੀ ਸਲਾਹ ਦੇ ਮਾਰੀ।

ਉਸ ਵੇਲੇ ਫਿਲਮ ਦੇ ਨਿਰਮਾਣ ਲਈ ਮਾਇਆ ਪੱਖੋਂ ਮੇਰਾ ਹਾਲ "ਜੇਬ ਵਿੱਚ ਘੁੰਢੀਆਂ ਤੇ ਸੁਪਨੇ ਮਰੂੰਡਿਆਂ ਦੇ" ਵਾਲਾ ਹੀ ਸੀ। ਇਕ ਦਿਨ ਮੈਂ ਵਿਕਰਮ ਮਧੋਕ ਕੋਲ ਬੈਠਾ ਸੀ। ਮੇਰੇ ਮਨੂਏ ਨੇ ਮੈਥੋਂ ਇਹ ਯੱਬਲੀ ਉਹਦੇ ਕੋਲ ਵੀ ਮਰਵਾ ਦਿੱਤੀ। ਮੇਰਾ ਟੌਹਰ-ਟਪੱਲਾ ਵੇਖ ਕੇ, ਮੇਰੀ ਗੱਲ ਨੂੰ ਸੱਚ ਮੰਨਦੇ ਹੋਏ, ਉਹਨੇ ਵਿਚਾਰੇ ਨੇ "ਸਸਤਾ ਜਿਹਾ ਮਾਲ ਚੱਲੇ, ਬਹੁਤਾ ਕਰੇ ਕਮਾਲ" ਵਾਲੀ ਕਹਾਵਤ ਨੂੰ ਮੁੱਖ ਰੱਖ ਕੇ, ਫਿਲਮ ਦੀ ਸਸਤੀ ਤੇ ਕਲਾਕਾਰੀ ਪੱਖੋਂ ਵਧੀਆ ਵੀਡੀਓਗਰਾਫੀ ਲਈ ਜਨਮੇਜਾ ਜੌਹਲ ਨਾਲ ਸੰਪਰਕ ਕਰਨ ਦੀ ਸਲਾਹ ਦੇ ਦਿੱਤੀ।

ਬੱਸ ਫਿਰ ਕੀ ਸੀ, "ਸੌਦੇ ਹੁੰਦੇ ਹਨ ਗਰਜ਼ਾਂ ਦੇ" ਅਤੇ "ਲੋੜ ਹੁੰਦੀ ਹੈ ਕਾਢ ਦੀ ਮਾਂ।" ਇਨ੍ਹਾਂ ਮੁਹਾਵਰਿਆਂ 'ਤੇ ਅਮਲ ਕਰਦੇ ਹੋਏ, ਜਨਮੇਜਾ ਜੌਹਲ ਨੂੰ ਮਿਲਣ ਦੀ ਇੱਛਾ ਵਾਲੇ ਮੇਰੇ ਮਨੂਏ ਨੇ, ਉਹਨੂੰ ਮਿਲਣ ਲਈ ਮੇਰੇ ਪੈਰਾਂ ਹੇਠ ਅੱਗ ਦੇ ਦਿੱਤੀ।

ਮੈਂ ਜਨਮੇਜਾ ਜੌਹਲ ਨੂੰ ਮਿਲ ਕੇ ਫਿਲਮ ਦੇ ਨਿਰਮਾਣ ਵਾਲੀ ਗੱਲ ਦੱਸ ਦਿੱਤੀ। ਉਹਨੇ ਇਸ ਵਿੱਚ ਮੇਰੀ ਬਣਦੀ ਸਹਾਇਤਾ ਕਰਨ ਲਈ ਪੱਕੀ ਹਾਮੀ ਭਰ ਦਿੱਤੀ। ਪਰ ਮੇਰੀ ਯੱਬਲੀਆਂ ਮਾਰਨ ਵਾਲੀ ਆਦਤ ਮੇਰਾ ਫਾਇਦਾ ਕਰ ਗਈ। ਮੇਰੇ ਦਰਸ਼ਨ ਬੜੀ ਵਰਗੇ ਕੁਝ ਹੋਰ

ਮਿੱਤਰਾਂ ਨੇ ਮੈਨੂੰ ਇਹ ਪੁੱਠੀ ਛਾਲ ਮਾਰਨ ਤੋਂ ਰੋਕ ਦਿੱਤਾ। ਮੇਰਾ ਬੁੱਧੀਮਾਨ ਮਨੂਆ ਵੀ ਉਨ੍ਹਾਂ ਦੀ ਦਲੀਲ ਨਾਲ ਸਹਿਮਤ ਹੋ ਗਿਆ ਅਤੇ ਮੈਂ ਪੁੱਠੀ ਛਾਲ ਲਾਉਣ ਤੋਂ ਬਚ ਕੇ ਆਪਣੇ ਮਨੂਏ ਦਾ ਵਿਚਾਰ ਰੱਦੀ ਦੀ ਟੋਕਰੀ ਵਿੱਚ ਸਿੱਟ ਦਿੱਤਾ ਅਤੇ ਸੁੱਖ ਦਾ ਸਾਹ ਲਿਆ। ਪਰ ਉਸ ਵੇਲੇ ਤੱਕ ਮੇਰੇ ਲਈ ਜਨਮੇਜਾ ਜੌਹਲ ਦੇ ਚੌਥੀ ਕਿਸਮ ਦੇ ਇਨਸਾਨ ਬਣਨ ਦੀ ਸ਼ੁਰੂਆਤ ਹੋ ਗਈ ਸੀ।

ਫੇਰ ਮੈਂ 31 ਮਾਰਚ, 2016 ਨੂੰ ਪੀਏਯੂ ਦੀ ਨੌਕਰੀ ਤੋਂ ਸੇਵਾਮੁਕਤ ਹੋ ਗਿਆ। ਕੋਈ 4 ਕੁ ਸਾਲ ਪਿੱਛੋਂ, ਕੋਵਿਡ ਵੇਲੇ ਸਾਲ 2020 ਵਿੱਚ, ਮੈਂ ਗੁਰਦਾਸ ਮਾਨ ਸਾਹਿਬ ਦੇ ਸੁਣੇ ਗਏ ਗਾਣੇ ਦੀ ਪੈਰੋਡੀ “ਬਹਿ ਕੇ ਵੇਖ ਬਾਬਿਆ, ਮੁੰਡੇ ਕੰਮ ਚਲਾਉਂਦੇ ਹਨ” ਬਣਾ ਕੇ ਆਪਣੇ ਖੇਤੀਬਾੜੀ ਵਾਲੇ ਜੱਦੀ-ਪੁਸ਼ਤੀ ਅਤੇ ਘਰ-ਪਰਿਵਾਰ ਵਾਲੇ ਸਾਰੇ ਕਾਰੋਬਾਰ ਆਪਣੇ ਬੇਟਿਆਂ ਦੇ ਹਵਾਲੇ ਕਰਕੇ, ਨਿਫਰਫੰਡ (ਬੇਫਿਕਰ) ਹੋ ਕੇ ਭੰਗੜਾ ਪਾਉਣ ਵਾਲਾ ਹੋ ਗਿਆ।

ਜਿਹੜਾ ਭੰਗੜਾ ਪਾਉਣਾ ਮੈਨੂੰ ਭਰ ਜਵਾਨੀ ਵੇਲੇ ਨਹੀਂ ਆਇਆ ਸੀ, ਮੈਂ ਉਹ ਹੁਣ ਕਿਵੇਂ ਪਾ ਸਕਦਾ ਸੀ। ਮੈਨੂੰ ਸਕੂਲ ਵਿੱਚ ਪੜ੍ਹਾਈ ਦੀ ਕੀਮਤ 'ਤੇ ਪੜ੍ਹਨ ਵਾਲੇ ਨਾਵਲ-ਕਹਾਣੀਆਂ ਪੜ੍ਹਨ ਦੀ ਤਾਜ਼ਾ ਹੋਈ ਯਾਦ ਨੇ ਵਿਹਲੇ ਮਨੂਏ ਵਿੱਚ ਉੱਠਣ ਵਾਲੇ ਫੁਰਨੇ ਲਿਖਣ ਬਾਰੇ ਸੋਚਣ ਲਾ ਦਿੱਤਾ। ਚਲੋ, ਮੈਂ ਫੇਸਬੁੱਕ 'ਤੇ ਕਹਾਣੀਆਂ ਪੜ੍ਹਨ ਲੱਗ ਗਿਆ।

ਉਸੇ ਸਾਲ ਇਕ ਦਿਨ ਮਧੋਕ ਨੇ ਮੈਨੂੰ ਯੂਟਿਊਬ ਵਾਲੇ ਇਕ ਪੰਜਾਬੀ ਗਰੁੱਪ ਵੱਲੋਂ ਛਾਪਿਆ ਸਾਲਾਨਾ ਮੈਗਜ਼ੀਨ ਸਾਲ 2021 ਦਿੱਤਾ ਸੀ। ਉਹਦੇ ਵਿੱਚ ਛਪੀਆਂ ਰਚਨਾਵਾਂ ਪੜ੍ਹ ਕੇ ਮੇਰੇ ਮਨੂਏ ਨੂੰ ਲੱਗਾ ਕਿ ਉਹ ਵੀ ਮੈਥੋਂ ਇਹੋ ਜਿਹਾ ਕੁਝ ਤਾਂ ਲਿਖਵਾ ਸਕਦਾ ਹੈ। ਓਸੇ ਸਾਲ ਅਕਤੂਬਰ ਤੋਂ, ਮੈਂ ਵਿਹਲਾ ਸਮਾਂ ਪਾਸ ਕਰਨ ਲਈ ਅਤੇ ਆਪਣੇ ਮਨੂਏ ਦਾ ਸ਼ੌਕ ਪੂਰਾ ਕਰਨ ਲਈ, ਉਹਦੇ ਫੁਰਨੇ ਕਲਮਬੰਦ ਕਰਕੇ ਰਚਨਾ ਦੇ ਰੂਪ ਵਿੱਚ ਓਸੇ ਗਰੁੱਪ ਵਿੱਚ ਭੇਜਣ ਲੱਗ ਪਿਆ। ਉਹ ਛਪਣ ਲੱਗ ਪਏ

ਅਤੇ ਪਾਠਕਾਂ ਵੱਲੋਂ ਹੱਲਾਸ਼ੇਰੀ ਵੀ ਮਿਲਣ ਲੱਗ ਪਈ।

ਉਤਸ਼ਾਹ ਵਿੱਚ ਆ ਕੇ ਮੈਂ ਜਨਮੇਜਾ ਜੌਹਲ ਦੇ ਪੰਜਾਬੀ ਗਰੁੱਪ ਪੰਜਾਬੀ ਗੁਸਤਾਖੀਆਂ” ਵਿੱਚ ਵੀ ਰਚਨਾਵਾਂ ਭੇਜਣ ਲੱਗ ਪਿਆ। ਜਨਮੇਜਾ ਬਿਨਾਂ ਕਿਸੇ ਰੋਕ ਤੋਂ ਉਹ ਛਾਪਣ ਹੀ ਨਹੀਂ ਲੱਗ ਪਿਆ, ਸਗੋਂ ਉਹਨੇ ਹੱਲਾਸ਼ੇਰੀ ਦੇ ਕੇ ਪਿਛਲੇ ਸਾਲ, 2025 ਵਿੱਚ, ਮੇਰੀ ਕਿਤਾਬ “ਅਣਭੁਲੇ ਅਹਿਸਾਸ” ਵੀ ਛਪਵਾ ਕੇ ਮੈਨੂੰ ਲੇਖਕ ਵੀ ਬਣਾ ਦਿੱਤਾ। ਇਸ ਸਾਰੇ ਘਟਨਾਕ੍ਰਮ ਦੌਰਾਨ ਸਾਡਾ ਗਹਿ-ਗੱਡ ਮਿਲਾਪ ਹੁੰਦਾ ਰਿਹਾ ਅਤੇ ਮੇਰੇ ਲਈ ਉਹ ਚੌਥੀ ਕਿਸਮ ਦਾ ਇਨਸਾਨ ਵੀ ਬਣ ਗਿਆ।

ਇਸ ਹੁਣ ਤੱਕ ਵਾਲੇ ਸਾਡੇ ਹੋਏ ਮੇਲ-ਮਿਲਾਪ ਦੇ ਸਿਰ 'ਤੇ ਮੈਂ ਸਿਰਫ਼ ਏਨਾ ਹੀ ਕਹਿ ਸਕਦਾ ਹਾਂ ਕਿ ਜੌਹਲ ਪਰਿਵਾਰ ਦੀ ਇਹ ਪਿਉ-ਪੁੱਤਰ ਵਾਲੀ ਜੋੜੀ ਨੇ, ਬਿਨਾਂ ਇਕ ਦੂਜੇ ਦੀ ਵਿਚਾਰਧਾਰਾ ਅਤੇ ਜ਼ਿੰਦਗੀ ਵਿੱਚ ਬੇਲੋੜਾ ਦਖਲ ਦਿੱਤੇ, ਜ਼ਿੰਦਗੀ ਜੀਵੀ ਹੈ। ਦੋਹਾਂ ਨੇ ਹੀ ਆਪੋ-ਆਪਣੇ ਖੇਤਰ ਵਿੱਚ ਨਿਵੇਕਲੀਆਂ ਮੱਲਾਂ ਵੀ ਮਾਰੀਆਂ ਹਨ। ਮਾਨਯੋਗ ਡਾ. ਸਰਦਾਰਾ ਸਿੰਘ ਜੌਹਲ ਬਾਰੇ ਮੇਰੇ ਵੱਲੋਂ ਕੁਝ ਵੀ ਕਹਿਣਾ “ਸੂਰਜ ਨੂੰ ਦੀਵਾ ਵਿਖਾਉਣ ਵਾਲੀ” ਗੱਲ ਹੋਵੇਗੀ। ਵੱਡੇ ਵੀਰ ਇੰਜੀਨੀਅਰ ਸ. ਜਨਮੇਜਾ ਸਿੰਘ ਜੌਹਲ ਬਾਰੇ ਮੈਂ ਏਨਾ ਕਹਿ ਸਕਦਾ ਹਾਂ ਕਿ ਮੇਰੀ ਜਾਚੇ, ਉਹਦੇ ਵਿਚਲੀ ਨਿਵੇਕਲੀ ਰੂਹ ਨੇ ਵੀ ਫਿਲਾਸਫਰ ਤੋਂ ਇਕ ਦਰਵੇਸ਼ ਅਤੇ ਫਕੀਰ ਦੀ ਜ਼ਹਿਨੀਅਤ ਵਾਲਾ ਪੈਂਡਾ ਤਹਿ ਕਰ ਲਿਆ ਲੱਗਦਾ ਹੈ। ਪਰਮਾਤਮਾ ਇਸ ਨਿਵੇਕਲੀ ਜੋੜੀ ਨੂੰ ਚੰਗੀ ਸਿਹਤ ਬਖ਼ਸ਼ ਕੇ ਸਦਾ ਚੜ੍ਹਦੀ ਕਲਾ ਵਿੱਚ ਰੱਖੇ।

***

# ਜਨਮੇਜੇ ਦੇ ਜੰਗੀ ਕਾਰਨਾਮੇ

## ਵੀਰਇੰਦਰ ਜੀਤ ਸਿੰਘ ਗਰਚਾ

ਜਨਮੇਜੇ ਨਾਲ ਕਦੋਂ ਮੁਲਾਕਾਤ ਹੋਈ, ਇਹ ਹੁਣ ਯਾਦ ਨਹੀਂ, ਬਸ ਏਨਾ ਕੁ ਯਾਦ ਹੈ ਕਿ ਇਹ ਉਸਦੀ ਕਿਸੇ ਫੋਟੋਗਰਾਫੀ ਦੀ ਨੁਮਾਇਸ਼ ਦੌਰਾਨ ਹੀ ਹੋਈ ਹੋਣੀ।

ਫੋਟੋਗਰਾਫੀ ਤੋਂ ਯਾਦ ਆ ਗਿਆ ਕਿ ਇਕ ਵਾਰ ਉਸਨੇ ਗੁਰਸੇਵਕ (ਜੋ ਕਿ ਬਾਅਦ ਵਿਚ ਸੰਯੁਕਤ ਨਿਰਦੇਸ਼ਕ ਖੇਤੀ ਰਹੇ) ਦੀ ਫੋਟੋ ਖਿੱਚ ਕੇ ਨੁਮਾਇਸ਼ ਚ ਲਗਾ ਦਿੱਤੀ ਕਿਉਂਕਿ ਗੁਰਸੇਵਕ ਉਸ ਨੂੰ ਵਾਰ-ਵਾਰ ਆਪਣੀ ਫੋਟੋ ਖਿੱਚਣ ਲਈ ਕਹਿੰਦਾ ਰਹਿੰਦਾ ਸੀ। ਤੇ ਇਸ ਫੋਟੋ ਨੂੰ ਨੁਮਾਇਸ਼ ਵਿਚ ਪਹਿਲੇ ਨੰਬਰ ਤੇ ਠੋਕ ਦਿੱਤੀ। ਇਸ ਦਾ ਨਾਮ ਰਖਿਆ ਊੜਾ ਐੜਾ। ਅਸਲ ਵਿਚ ਇਹ ਦੋ ਫੋਟੋਆਂ ਸਨ। ਇਕ ਚਪਟੇ ਤੇ ਇਕ ਲੰਬੇ ਮੂੰਹ ਵਾਲੀ। ਸੋ ਸ਼ੁਰੂਆਤ ੳ ਅ ਤੋਂ ਹੋਈ। ਜਦੋਂ ਗੁਰਸੇਵਕ ਨੂੰ ਪਤਾ ਲੱਗਿਆ ਤਾਂ ਉਹ ਲੋਹਾ ਲਾਖਾ ਹੋਇਆ ਸਟੂਡੈਂਟਸ ਹੋਮ ਆ ਧਮਕਿਆ ਤੇ ਜਨਮੇਜੇ ਬਾਰੇ ਪੁੱਛਣ ਲੱਗਾ। ਅਸਾਂ ਸਾਰਿਆ ਜਨਮੇਜੇ ਨੂੰ ਉਸਦੇ ਆਉਣ ਤੋ ਪਹਿਲਾਂ ਹੀ ਕਿਧਰੇ ਭੇਜ ਦਿੱਤਾ। ਨੁਮਾਇਸ਼ ਚੋਂ ਫੋਟੋ ਉਤਾਰ ਕੇ ਗੁਰਸੇਵਕ ਦਾ ਗੁੱਸਾ ਠੰਡਾ ਕੀਤਾ ਤੇ ਉਸਨੂੰ ਸਹੁੰ ਖਿਲਾਈ ਕਿ ਮੁੜ ਉਹ ਕਦੀ ਵੀ ਜਨਮੇਜੇ ਨੂੰ ਬਾਰ ਬਾਰ ਫੋਟੋ ਖਿੱਚਣ ਲਈ ਨਹੀ ਕਹੇਗਾ।

ਜਨਮੇਜੇ ਦਾ ਡੀਜ਼ਲ ਇੰਜਣ

ਜਨਮੇਜੇ ਨੂੰ ਡੀਜ਼ਲ ਇੰਜਣ ਦਾ ਆਸ਼ਕ ਕਹਿ ਲਈਏ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਘਟ ਖਰਚਾ ਕਰਕੇ ਵਧ ਮੌਜ ਹਮੇਸ਼ਾ ਉਸਦਾ ਫਾਰਮੂਲਾ ਰਿਹਾ ਹੈ।

ਡੀਜ਼ਲ ਦਾ ਮੋਟਰਸਾਈਕਲ ਉਸਦੀ ਪਹਿਲੀ ਪਸੰਦ ਰਹੀ। ਮੋਟਰਸਾਈਕਲ ਤੋਂ ਬਾਅਦ ਮੇਜੇ ਨੇ ਮਾਰੂਤੀ 800 ਕਾਰ ਵਿਚ ਡੀਜ਼ਲ

ਇੰਜਣ ਆਣ ਧਰਿਆ। ਟੈਸਟ ਡਰਾਈਵ ਦੀ ਤਿਆਰੀ ਇੰਜ ਕੀਤੀ ਗਈ ਜਿਵੇਂ ਨਾਸਾ ਦਾ ਰਾਕਟ ਪੁਲਾੜ ਵਿਚ ਛੱਡਿਆ ਜਾਣਾ ਹੋਏ। ਸਭ ਤੋ ਪਹਿਲਾਂ ਜਨਮੇਜੇ ਦੇ ਨਾਲ ਜਾਣ ਵਾਲੇ ਯਾਤਰੀ ਵਜੋਂ ਕਿਟੂ ਦੀ ਚੋਣ ਹੋਈ। ਉਸ ਨੂੰ ਕੋਰਾ ਚਿੱਟਾ ਨਵਾਂ ਕੁੜਤਾ ਪਜਾਮਾ ਪਾ ਕੇ ਅਤੇ ਜ਼ੋਰ ਜ਼ੋਰ ਦੀ ਆਵਾਜ਼ ਕੱਢਣ ਦੀ ਪ੍ਰੈਕਟਿਸ ਕਰਨ ਲਈ ਕਿਹਾ। ਕਿਉਂਕਿ ਕਾਰ ਵਿਚ ਕੋਈ ਹਾਰਨ ਨਹੀਂ ਸੀ ਅਤੇ ਮੂਹਰੇ ਆਉਣ ਵਾਲੇ ਹਰ ਇਕ ਆਦਮੀ ਨੂੰ ਉੱਚੀ ਉੱਚੀ ਆਵਾਜ਼ਾਂ ਮਾਰ ਕੇ ਪਰੇ ਕਰਨਾ ਪੈਣਾ ਸੀ।

ਕਿਟੂ ਚਿਟਾ ਕੋਰਾ ਕੁੜਤਾ-ਪਜਾਮਾ ਪਾ ਕੇ, ਪੀਲੀ ਪੱਗ ਬੰਨ ਕੇ ਸਹਿ-ਸਵਾਰੀ ਦੇ ਤੌਰ ਤੇ ਡੀਜ਼ਲ ਇੰਜਣ ਵਾਲੀ ਮਾਰੂਤੀ ਵਿੱਚ ਬਹਿ ਗਿਆ। ਇਸ ਤੋਂ ਬਾਅਦ ਰੱਸੀਆਂ ਨਾਲ ਮਾਰੂਤੀ ਦੀਆਂ ਖਿੜਕੀਆਂ ਬੰਨੀਆਂ ਗਈਆਂ ਕਿਉਂਕਿ ਖਿੜਕੀਆਂ ਟੁੱਟੀਆਂ ਹੋਈਆਂ ਸਨ ਅਤੇ ਸੀਸ਼ੇ ਵੀ ਗਾਇਬ ਸਨ। ਇੱਕ ਰੱਸੀ ਨਾਲ ਇੰਜਣ ਨੂੰ ਸਟਾਰਟ ਕੀਤਾ ਗਿਆ। ਜਿਵੇਂ ਹੀ ਇੰਜਣ ਸਟਾਰਟ ਹੋਇਆ, ਜਨਮੇਜੇ ਨੇ ਆਪਣੀ ਸੀਟ ਸੰਭਾਲੀ। ਡਰਾਈਵਰ ਸੀਟ ਵਾਲੀ ਤਾਕੀ ਨੂੰ ਰੱਸੀ ਨਾਲ ਬੰਨਿਆ ਗਿਆ ਤੇ ਗੱਡੀ ਤੋਰੀ ਗਈ। ਕਿਟੂ ਨੇ ਉੱਚੀ-ਉੱਚੀ ਰੌਲਾ ਪਾਉਣਾ ਸ਼ੁਰੂ ਕੀਤਾ, 'ਸਾਲਿਓ, ਪਰੇ ਹਟ ਜਾਓ', ਇਹ ਟੈਸਟ ਡਰਾਈਵ ਸ਼ਾਮ ਸਿੰਘ ਰੋਡ ਤੋਂ ਸ਼ੁਰੂ ਹੋ ਕੇ ਆਰਤੀ ਚੌਕ ਤੱਕ ਜਾਣੀ ਸੀ। ਅਸੀਂ ਦੇਖਿਆ ਕਿ ਇਸ ਸਫਰ ਉਪਰੰਤ ਕਿਟੂ ਦਾ ਕੁੜਤਾ-ਪਜਾਮਾ ਡੀਜ਼ਲ ਨਾਲ ਕਾਲਾ ਹੋ ਗਿਆ ਸੀ। ਪਰ ਜਿਹੜਾ ਝੂਟਾ ਉਹ ਲੈ ਗਿਆ, ਉਹ ਅੱਜ ਤੱਕ ਦਾ ਸਵਰਗੀ ਝੂਟਾ ਸੀ।

***

# ਹਾਸੇ ਤੇ ਖ਼ੁਸ਼ੀ ਦਾ ਸੋਮਾ

# ਗ਼ਜ਼ਲ ਰਿਐਤ

ਕੁਝ ਲੋਕ ਤੁਹਾਡੀ ਜ਼ਿੰਦਗੀ ਵਿੱਚ ਰਿਸ਼ਤੇਦਾਰਾਂ ਵਜੋਂ ਆਉਂਦੇ ਹਨ, ਪਰ ਉਹ ਇਸ ਲਈ ਰਹਿ ਜਾਂਦੇ ਹਨ ਕਿਉਂਕਿ ਉਹ ਤੁਹਾਡੀ ਸੁਰੱਖਿਅਤ ਥਾਂ ਬਣ ਜਾਂਦੇ ਹਨ। ਮੇਰੇ ਅੰਕਲ ਮੇਰੇ ਲਈ ਉਹਨਾਂ ਵਿਰਲੇ ਲੋਕਾਂ ਵਿੱਚੋਂ ਇੱਕ ਹਨ। ਉਹ ਸਿਰਫ਼ ਪਰਿਵਾਰ ਨਹੀਂ ਹਨ, ਉਹ, ਉਹ ਵਿਅਕਤੀ ਹਨ ਜਿਨ੍ਹਾਂ ਨੇ ਹਮੇਸ਼ਾਂ ਜ਼ਿੰਦਗੀ ਨੂੰ ਹੋਰ ਹਲਕਾ, ਗਰਮਜੋਸ਼ ਅਤੇ ਅਰਥਪੂਰਨ ਬਣਾਇਆ ਹੈ।

ਜਿੱਥੋਂ ਤੱਕ ਮੈਨੂੰ ਯਾਦ ਹੈ, ਮੇਰੇ ਅੰਕਲ ਉਹ ਵਿਅਕਤੀ ਹਨ, ਜੋ ਹਰ ਮਹਿਫਿਲ ਵਿੱਚ ਹਾਸਾ ਅਤੇ ਖ਼ੁਸ਼ੀ ਲੈ ਆਉਂਦੇ ਹਨ। ਉਨ੍ਹਾਂ ਦੀ ਮੌਜੂਦਗੀ ਵਿੱਚ ਇੱਕ ਅਜਿਹਾ ਸਕੂਨ ਹੈ, ਜੋ ਬਿਨਾਂ ਕੁਝ ਕਹੇ ਵੀ ਤੁਹਾਨੂੰ ਸਮਝਿਆ ਹੋਇਆ ਮਹਿਸੂਸ ਕਰਵਾਉਂਦਾ ਹੈ। ਚਾਹੇ ਕਹਾਣੀਆਂ ਸਾਂਝੀਆਂ ਕਰਨੀਆਂ ਹੋਣ, ਸਲਾਹ ਦੇਣੀ ਹੋਵੇ ਜਾਂ ਪਰਿਵਾਰਕ ਸਮਾਗਮਾਂ ਦੌਰਾਨ ਇਕੱਠੇ ਬੈਠਣਾ ਹੋਵੇ, ਉਹ ਹਰ ਪਲ ਨੂੰ ਯਾਦਗਾਰ ਬਣਾਉਣ ਦਾ ਇੱਕ ਖ਼ਾਸ ਢੰਗ ਰੱਖਦੇ ਹਨ। ਜੋ ਉਨ੍ਹਾਂ ਨੂੰ ਸੱਚਮੁੱਚ ਵਿਲੱਖਣ ਬਣਾਉਂਦੀ ਹੈ, ਉਨ੍ਹਾਂ ਦੀ ਦਇਆਲੁਤਾ। ਉਨ੍ਹਾਂ ਦਾ ਦਿਲ ਬਹੁਤ ਖੁੱਲ੍ਹਾ ਹੈ ਅਤੇ ਲੋਕਾਂ ਦੀ ਪਰਵਾਹ ਕਰਨ ਦੀ ਅਸਾਧਾਰਣ ਸਮਰਥਾ ਹੈ। ਉਹ ਕਦੇ ਵੀ ਮਦਦ ਕਰਨ, ਰਾਹ ਦਿਖਾਉਣ ਜਾਂ ਹੌਸਲਾ ਦੇਣ ਤੋਂ ਹਿਚਕਿਚਾਉਂਦੇ ਨਹੀਂ। ਜਦੋਂ ਵੀ ਮੈਨੂੰ ਸਹਾਰੇ ਦੀ ਲੋੜ ਪਈ, ਉਹ ਹਮੇਸ਼ਾਂ ਮੇਰੇ ਨਾਲ ਖੜ੍ਹੇ ਰਹੇ, ਕਦੇ ਸਮਝਦਾਰ ਗੱਲਾਂ ਨਾਲ, ਤੇ ਕਦੇ ਕਿਸੇ ਮਜ਼ਾਕ ਨਾਲ, ਜੋ ਹਰ ਮੁਸ਼ਕਲ ਨੂੰ ਆਸਾਨ ਮਹਿਸੂਸ ਕਰਵਾ ਦਿੰਦਾ ਸੀ।

ਮੈਂ ਉਨ੍ਹਾਂ ਦੀ ਮਜ਼ਬੂਤੀ ਅਤੇ ਸਕਾਰਾਤਮਕ ਸੋਚ ਦੀ ਬਹੁਤ ਕਦਰ ਕਰਦੀ ਹਾਂ। ਜ਼ਿੰਦਗੀ ਹਮੇਸ਼ਾਂ ਆਸਾਨ ਨਹੀਂ ਹੁੰਦੀ, ਪਰ ਉਹ ਹਰ ਚੁਣੌਤੀ ਦਾ ਸਾਹਮਣਾ ਧੀਰਜ ਅਤੇ ਸੰਤੁਲਨ ਨਾਲ ਕਰਦੇ ਹਨ। ਉਨ੍ਹਾਂ ਨੂੰ

ਸ਼ਾਂਤੀ ਨਾਲ ਹਾਲਾਤ ਸੰਭਾਲਦੇ ਵੇਖ ਕੇ ਮੈਂ ਸਹਿਨਸ਼ੀਲਤਾ ਅਤੇ ਸਹੀ ਦ੍ਰਿਸ਼ਟੀਕੋਣ ਬਾਰੇ ਬਹੁਤ ਕੁਝ ਸਿੱਖਿਆ ਹੈ।

ਪਰ ਸਭ ਤੋਂ ਵੱਧ ਜਿਸ ਗੱਲ ਨੂੰ ਮੈਂ ਸੰਭਾਲ ਕੇ ਰੱਖਦੀ ਹਾਂ, ਉਹ ਹੈ ਸਾਡਾ ਰਿਸ਼ਤਾ। ਉਨ੍ਹਾਂ ਨਾਲ ਗੱਲਬਾਤ ਬਹੁਤ ਆਸਾਨ ਹੁੰਦੀ ਹੈ, ਹਾਸਾ ਆਪਣੇ ਆਪ ਆ ਜਾਂਦਾ ਹੈ ਅਤੇ ਹਮੇਸ਼ਾਂ ਆਪਣਾਪਣ ਅਤੇ ਗਰਮਜੋਸ਼ੀ ਮਹਿਸੂਸ ਹੁੰਦੀ ਹੈ। ਉਨ੍ਹਾਂ ਨੇ ਚੁੱਪਚਾਪ ਪਰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਮੇਰੀ ਸ਼ਖਸੀਅਤ ਨੂੰ ਨਿਰਮਾਣ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਬਹੁਤ ਸਾਰੇ ਲੋਕਾਂ ਲਈ ਉਹ ਸਿਰਫ਼ “ਜਨਮੇਜਾ ਜੌਹਲ” ਹੋ ਸਕਦੇ ਹਨ, ਪਰ ਮੇਰੇ ਲਈ ਉਹ ਇੱਕ ਮਾਰਗਦਰਸ਼ਕ, ਇੱਕ ਦੋਸਤ ਅਤੇ ਮੇਰੀ ਜ਼ਿੰਦਗੀ ਦੇ ਸਭ ਤੋਂ ਵਧੀਆ ਲੋਕਾਂ ਵਿੱਚੋਂ ਇੱਕ ਹਨ।

***

# ਹਰ ਜਗ੍ਹਾ ਨਜ਼ਰ ਆ ਜਾਂਦਾ

## ਗੁਰਚਰਨ ਚੰਨੀ, ਅਮਰੀਕਾ

ਸਾਲ 1976 ਵਿੱਚ ਮੈਂ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ ਦਾਖਲਾ ਲਿਆ। ਲੁਧਿਆਣਾ ਦਾ ਸਥਾਨਕ ਨਿਵਾਸੀ ਹੋਣ ਕਾਰਨ ਯੂਨੀਵਰਸਿਟੀ ਬਾਰੇ ਥੋੜ੍ਹੀ-ਬਹੁਤ ਜਾਣਕਾਰੀ ਪਹਿਲਾਂ ਵੀ ਸੀ, ਪਰ ਬਹੁਤੇ ਚਿਹਰਿਆਂ ਨਾਲ ਜਾਣ-ਪਛਾਣ ਨਹੀਂ ਸੀ।

ਇੰਨੇ ਵੱਡੇ ਕੈਂਪਸ ਵਿੱਚ ਖੁੱਲ੍ਹ ਕੇ ਘੁੰਮਣ ਦਾ ਚਾਅ ਸੀ। ਸਾਰੇ ਕਾਲਜਾਂ, ਕੰਟੀਨਾਂ, ਲਾਇਬ੍ਰੇਰੀ ਅਤੇ ਆਡੀਟੋਰੀਅਮ ਵਿੱਚ ਇੱਕ ਚਿਹਰਾ ਜੋ ਹਰ ਜਗ੍ਹਾ ਨਜ਼ਰ ਆ ਜਾਂਦਾ ਸੀ, ਉਹ ਸੀ ਗਲ ਵਿੱਚ ਕੈਮਰਾ ਪਾਈ ਫਿਰਦਾ ਇੱਕ ਇਨਸਾਨ - ਜਨਮੇਜਾ ਸਿੰਘ ਜੌਹਲ।

ਇੱਕ ਹੋਰ ਸਥਾਨਕ ਵਿਦਿਆਰਥੀ ਦੇ ਜ਼ਰੀਏ ਉਸ ਨਾਲ ਜਾਣ-ਪਛਾਣ ਵੀ ਛੇਤੀ ਹੀ ਹੋ ਗਈ। ਇਹ ਸ਼ਖਸ ਸਿਰਫ਼ ਫੋਟੋਗਰਾਫੀ ਤੱਕ ਸੀਮਿਤ ਨਹੀਂ ਸੀ, ਸਗੋਂ ਕਈ ਕਲਾਵਾਂ ਨਾਲ ਪਿਆਰ ਕਰਨ ਵਾਲਾ ਅਤੇ ਉਨ੍ਹਾਂ ਬਾਰੇ ਭਰਪੂਰ ਗਿਆਨ ਰੱਖਣ ਵਾਲੀ ਹਸਤੀ ਨਿਕਲਿਆ।

ਇੰਨਾ ਕੁਝ ਪੱਲੇ ਹੋਣ ਦੇ ਬਾਵਜੂਦ ਵੀ ਉਸ ਵਿੱਚ ਹੰਕਾਰ ਨਹੀਂ ਸੀ। ਉਹ ਸਭ ਨਾਲ ਪਿਆਰ ਭਰਿਆ ਵਿਹਾਰ ਕਰਨ ਵਾਲਾ ਸੀ। ਪਰ ਉਸਦੀ ਸ਼ਖਸੀਅਤ ਦਾ ਸਭ ਤੋਂ ਖਾਸ ਹਿੱਸਾ ਇੱਕ ਅਜਿਹਾ ਗੁਣ ਸੀ ਜੋ ਇਨਸਾਨਾਂ ਵਿੱਚ ਬਹੁਤ ਘੱਟ ਪਾਇਆ ਜਾਂਦਾ ਹੈ - ਅੰਦਰੋਂ ਤੇ ਬਾਹਰੋਂ ਇੱਕੋ ਜਿਹਾ ਹੋਣਾ।

ਉਹ ਸਾਦ-ਮੁਰਾਦੀ ਰਹਿਣੀ-ਬਹਿਣੀ, ਉੱਚੀ-ਸੁੱਚੀ ਅਤੇ ਸਾਫ਼-ਸੁਥਰੀ ਸੋਚ ਦਾ ਮਾਲਕ ਹੈ। ਯੂਨੀਵਰਸਿਟੀ ਛੱਡਣ ਤੋਂ ਬਾਅਦ ਵੀ ਉਹ ਸੰਪਰਕ ਵਿੱਚ ਰਿਹਾ ਅਤੇ ਅੱਜ ਵੀ ਹੈ, ਜਦੋਂ ਮੈਂ ਹੁਣ ਅਮਰੀਕਾ ਵਿੱਚ ਆ ਵੱਸਿਆ ਹਾਂ।

***

# ਅਲਬੇਲਾ ਦਾਨਿਸ਼ਵਰ

# ਗੁਰਦੀਪ ਸਿੰਘ ਸਿੱਧੂ

ਜਨਮੇਜਾ ਸਿੰਘ ਜੌਹਲ ਬੁਹਪੱਖੀ ਸਖਸ਼ੀਅਤ ਦੇ ਮਾਲਕ ਹਨ। ਉਹਨਾਂ ਨੂੰ ਪੰਜਾਬ ਦਾ ਅਲਬੇਲਾ ਦਾਨਿਸ਼ਵਰ ਬੰਦਾ ਕਿਹਾ ਜਾ ਸਕਦਾ ਹੈ। ਉਹ ਸਾਡੇ ਸਮਿਆਂ ਦੇ ਬੇਹੱਦ ਸਾਫ਼-ਦਿਲ ਤੇ ਹਉਮੈ ਰਹਿਤ ਇਨਸਾਨ ਹਨ, ਜਿਨ੍ਹਾਂ ਦੀਆਂ ਲਿਖਤਾਂ ਵਿੱਚੋਂ ਗਿਆਨ, ਵਿਗਿਆਨ, ਮਨੋਵਿਗਿਆਨ, ਸਾਹਿਤ ਤੇ ਇਤਿਹਾਸ ਦੇ ਸੁਮੇਲ ਦੀ ਝਲਕ ਪੈਂਦੀ ਹੈ। ਹੈਰਾਨੀ ਹੋਣੀ ਸੁਭਾਵਿਕ ਹੈ ਕਿ ਇੱਕ ਬੰਦਾ ਕਿਵੇਂ ਇੰਨੇ ਖੇਤਰਾਂ ਵਿੱਚ ਮਹਾਰਤ ਹਾਸਲ ਕਰ ਸਕਦਾ ਹੈ।

ਉਹਨਾਂ ਦੀਆਂ ਕਵਿਤਾਵਾਂ ਅਤੇ ਕਹਾਣੀਆਂ ਦਾ ਵਿਸ਼ਾ ਤੇ ਜਾਇਕਾ ਰਿਵਾਇਤ ਤੋਂ ਹਟਵਾਂ ਤੇ ਨਿਵੇਕਲਾ ਹੁੰਦਾ ਹੈ। ਮਨੁੱਖ ਦੇ ਸੁਭਾਅ ਅਤੇ ਰਿਸ਼ਤਿਆਂ ਦੇ ਨਾਲ-ਨਾਲ ਲੋਕਾਂ ਦਾ ਦੁੱਖ-ਦਰਦ, ਚਿੰਤਾਵਾਂ ਤੇ ਮੁਸ਼ਕਲਾਂ ਨੂੰ ਉਹਨਾਂ ਨੇ ਆਪਣੀਆਂ ਲਿਖਤਾਂ ਵਿੱਚ ਡੂੰਘਾ ਸਮੋਇਆ ਹੈ। ਉਹਨਾਂ ਦੀਆਂ ਲਿਖਤਾਂ ਦੇ ਜਿਹੜੇ ਪਾਤਰ ਹਨ, ਉਹ ਤੁਹਾਨੂੰ ਆਪਣੇ ਨਾਲ ਮੇਲ ਖਾਂਦੇ ਲੱਗਣਗੇ, ਜੋ ਰੋਚਕਤਾ, ਰਸ ਅਤੇ ਉਤਸੁਕਤਾ ਬਣਾਈ ਰੱਖਦੇ ਹਨ। ਕਿਸੇ ਵੀ ਪਾਤਰ ਦਾ ਵਿਵਹਾਰ ਤੁਹਾਨੂੰ ਓਪਰਾ ਨਹੀਂ ਲੱਗਦਾ। ਉਹ ਸਮਾਜਿਕ ਤਾਣੇ-ਬਾਣੇ ਵਿੱਚੋਂ ਹੀ ਉਪਜਿਆ ਲੱਗਦਾ ਹੈ। ਇਸੇ ਕਰਕੇ ਉਹਨਾਂ ਦੇ ਪਾਤਰਾਂ ਦਾ ਕਿਰਦਾਰ ਬੁਰਾ ਹੋ ਕੇ ਵੀ ਤੁਹਾਨੂੰ ਬੁਰਾ ਨਹੀਂ ਲੱਗਦਾ, ਕਿਉਂਕਿ ਉਹ ਸੱਚ ਦੇ ਬਹੁਤ ਨੇੜੇ ਹੁੰਦਾ ਹੈ।

ਜਿਸ ਤਰ੍ਹਾਂ ਉਹਨਾਂ ਦੇ ਪਾਤਰਾਂ ਦੇ ਕਿਰਦਾਰ ਦੀਆਂ ਕਈ ਪਰਤਾਂ ਹਨ, ਉਸੇ ਤਰ੍ਹਾਂ ਜਨਮੇਜਾ ਸਿੰਘ ਜੋਹਲ ਹੋਰਾਂ ਦੀ ਸ਼ਖਸੀਅਤ ਦੇ ਵੀ ਕਈ ਪਹਿਲੂ ਹਨ। ਕੁਝ ਤਾਂ ਰੱਬੀ ਗੁਣ ਸਹਿਜੇ ਹੀ ਉਹਨਾਂ ਵਿੱਚ ਨਜ਼ਰ ਆਉਂਦੇ ਹਨ। ਦੁਨੀਆ ਵਿੱਚ ਵਿਚਰਦੇ ਹੋਏ ਉਹ ਬਹੁਤ ਗੱਲਾਂ ਤੋਂ ਨਿਰਲੇਪ ਰਹਿੰਦੇ ਹਨ। ਜਨਮੇਜਾ ਸਿੰਘ ਹੋਰਾਂ ਦਾ ਬੇਪਰਵਾਹ ਤੇ

ਫੱਕਰਪਣ ਸੰਸਾਰ-ਪ੍ਰਸਿੱਧ ਹੈ। ਇਸੇ ਆਜ਼ਾਦ ਤਬੀਅਤ ਨਾਲ ਉਹਨਾਂ ਨੇ ਸਾਰੀ ਦੁਨੀਆ ਗਾਹ ਮਾਰੀ ਹੈ। ਕੈਮਰਾ ਮੋਢੇ 'ਤੇ ਟੰਗ ਕੇ ਪੰਜਾਬ ਦੇ ਕਈ ਹਜ਼ਾਰ ਪਿੰਡ ਉਹਨਾਂ ਨੇ ਨੇੜੇ ਤੋਂ ਵੇਖੇ ਤੇ ਮਹਿਸੂਸ ਕੀਤੇ ਹਨ। ਉਹਨਾਂ ਕੋਲ ਲੱਖਾਂ ਤਸਵੀਰਾਂ ਦਾ ਭੰਡਾਰ ਹੈ।

ਉਹਨਾਂ ਨੇ ਜ਼ਿੰਦਗੀ ਨੂੰ ਆਪਣੇ ਅਸੂਲਾਂ ਅਤੇ ਆਪਣੀਆਂ ਸ਼ਰਤਾਂ 'ਤੇ ਜੀਆ ਹੈ ਅਤੇ ਜੀ ਰਹੇ ਹਨ। ਕੋਈ ਉਹਨਾਂ ਬਾਰੇ ਕੀ ਰਾਏ ਰੱਖਦਾ ਹੈ, ਇਸ ਦਾ ਉਹਨਾਂ ਨੇ ਆਪਣੇ ਦਿਲ-ਦਿਮਾਗ 'ਤੇ ਰਤਾ ਭਰ ਵੀ ਅਸਰ ਨਹੀਂ ਪੈਣ ਦਿੱਤਾ। ਪ੍ਰਸੰਨਤਾ, ਉਸਤਤ ਅਤੇ ਨਿੰਦਿਆ ਤੋਂ ਉਹ ਦੂਰ ਰਹਿੰਦੇ ਹਨ। ਕਈ ਵਾਰ ਲੋਕ ਆਦਤਨ ਉਹਨਾਂ ਦੀ ਆਲੋਚਨਾ ਵੀ ਕਰਦੇ ਰਹਿੰਦੇ ਹਨ, ਪਰ ਉਹ ਬਿਨਾਂ ਪਰਵਾਹ ਕੀਤਿਆਂ ਆਪਣੀ ਚਾਲ ਚਲਦੇ ਰਹਿੰਦੇ ਹਨ।

ਉਹਨਾਂ ਦਾ ਉੱਠਣਾ, ਬੈਠਣਾ, ਸੌਣਾ ਤੇ ਜਾਗਣਾ-ਇਸ ਸਭ ਦੇ ਵੀ ਉਹਨਾਂ ਦੇ ਆਪਣੇ ਅਸੂਲ ਹਨ। ਜਿੱਥੇ ਅੱਜਕੱਲ ਲੋਕ ਨੀਂਦ ਨਾ ਆਉਣ ਦੀ ਸਮੱਸਿਆ ਨਾਲ ਜੂਝ ਰਹੇ ਹਨ, ਉੱਥੇ ਜਨਮੇਜਾ ਸਿੰਘ ਹੋਰਾਂ ਸਹਿਜੇ ਹੀ ਜਦੋਂ ਚਾਹੁਣ ਉਦੋਂ ਸੌਂ ਸਕਦੇ ਹਨ। ਜਦੋਂ ਸਾਰੀ ਕਾਇਨਾਤ ਸੁੱਤੀ ਪਈ ਹੁੰਦੀ ਹੈ, ਉਦੋਂ ਉੱਠ ਕੇ ਕਹਾਣੀ ਲਿਖਣ ਲੱਗ ਜਾਂਦੇ ਹਨ। ਆਪਣੀ ਬਿਮਾਰੀ ਦੇ ਦਿਨਾਂ ਵਿੱਚ ਵੀ ਇਕੱਲੇਪਨ ਨਾਲ ਉਹਨਾਂ ਨੇ ਇਸੇ ਤਰ੍ਹਾਂ ਹੀ ਨਜਿੱਠਿਆ ਤੇ ਉਹਨਾਂ ਨੇ ਇਹੋ ਰਾਹ ਅਪਣਾਇਆ-ਅੱਧੀ ਰਾਤ ਨੂੰ ਉੱਠ ਕੇ ਕਹਾਣੀ ਲਿਖਣੀ ਅਤੇ ਸਵੇਰ ਤੱਕ ਉਸਨੂੰ ਪੂਰਾ ਕਰਕੇ ਮੈਨੂੰ ਪਹਿਲੀ ਕਾਪੀ ਭੇਜ ਦੇਣੀ।

ਖੁਸ਼ਕਿਸਮਤ ਸਮਝਦਾ ਹਾਂ ਆਪਣੇ ਆਪ ਨੂੰ, ਕਿ ਸੁੱਚੇ ਮੂੰਹ ਹੀ ਕਹਾਣੀ ਪੜ੍ਹਨ ਦਾ ਅਤੇ ਉਹਨਾਂ ਦੇ ਸ਼ਬਦਾਂ ਨੂੰ ਆਪਣੀ ਆਵਾਜ਼ ਦੇਣ ਦਾ ਮੌਕਾ ਮਿਲਦਾ ਸੀ। ਇਸੇ ਤਰ੍ਹਾਂ ਹੀ ਉਹਨਾਂ ਦੀਆਂ ਲਿਖਤਾਂ ਦਾ ਮੈਂ ਪਹਿਲਾ ਪਾਠਕ ਹੋਣ ਦਾ ਮਾਣ ਮਹਿਸੂਸ ਕਰਦਾ ਹਾਂ ਅਤੇ ਆਪਣੇ ਆਪ ਨੂੰ ਨੱਕੋ-ਨੱਕ ਭਰਿਆ ਮਹਿਸੂਸ ਕਰਦਾ ਹਾਂ। ਕਈ ਲਿਖਤਾਂ ਤਾਂ ਇੰਨੀਆਂ

ਖ਼ੂਬਸੂਰਤ ਹੁੰਦੀਆਂ ਹਨ ਕਿ ਸਵੇਰੇ ਸਾਜਰੇ ਪੜ੍ਹ ਕੇ ਸਾਰਾ ਦਿਨ ਰੂਹ ਰੌਸ਼ਨਾਈ ਰਹਿੰਦੀ ਹੈ।

ਪਰਮਾਤਮਾ ਅੱਗੇ ਅਰਦਾਸ ਹੈ ਕਿ ਉਹ ਆਪਣਾ ਰਚਨਾਤਮਕ ਕੰਮ ਇਸੇ ਤਰ੍ਹਾਂ ਜਾਰੀ ਰੱਖਣ, ਸਾਡੇ ਸਭ ਦੀ ਰਹਿਨੁਮਾਈ ਕਰਦੇ ਰਹਿਣ ਅਤੇ ਸਾਨੂੰ ਉਹਨਾਂ ਦੀ ਸੰਗਤ ਮਾਣਣ ਦਾ ਮੌਕਾ ਮਿਲਦਾ ਰਹੇ। ਆਮੀਨ।

***

# ਇੱਕ ਨਾਮ ਨਹੀਂ, ਇੱਕ ਸੰਸਥਾ

# ਗੁਰਜਤਿੰਦਰ ਸਿੰਘ ਰੰਧਾਵਾ

ਕੁਝ ਲੋਕ ਆਪਣੀ ਪਹਿਚਾਣ ਆਪਣੇ ਅਹੁਦੇ ਨਾਲ ਬਣਾਉਂਦੇ ਹਨ, ਕੁਝ ਆਪਣੇ ਧਨ ਨਾਲ ਅਤੇ ਕੁਝ ਆਪਣੇ ਪਰਿਵਾਰਕ ਪਿਛੋਕੜ ਨਾਲ। ਪਰ ਕੁਝ ਵਿਲੱਖਣ ਇਨਸਾਨ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਸਾਰੀ ਜ਼ਿੰਦਗੀ ਹੀ ਇੱਕ ਮਕਸਦ ਬਣਾ ਲੈਂਦੇ ਹਨ। ਅਜਿਹੇ ਲੋਕ ਸਿਰਫ਼ ਵਿਅਕਤੀ ਨਹੀਂ ਰਹਿੰਦੇ, ਸਗੋਂ ਆਪਣੇ ਆਪ ਵਿੱਚ ਇੱਕ ਵਿਚਾਰ, ਇੱਕ ਚਲਦੀ-ਫਿਰਦੀ ਪਾਠਸ਼ਾਲਾ ਅਤੇ ਇੱਕ ਜਿਊਂਦੀ-ਜਾਗਦੀ ਸੰਸਥਾ ਬਣ ਜਾਂਦੇ ਹਨ। ਜਨਮੇਜਾ ਸਿੰਘ ਜੌਹਲ ਉਹਨਾਂ ਹੀ ਵਿਲੱਖਣ ਸ਼ਖਸੀਅਤਾਂ ਵਿੱਚੋਂ ਇੱਕ ਹਨ।

ਅੱਜ, ਜਦੋਂ ਉਨ੍ਹਾਂ ਦੀ ਉਮਰ ਸੱਤ ਦਹਾਕਿਆਂ ਤੋਂ ਉੱਪਰ ਪਹੁੰਚ ਚੁੱਕੀ ਹੈ, ਤਾਂ ਉਨ੍ਹਾਂ ਦੇ ਜੀਵਨ ਨੂੰ ਵੇਖ ਕੇ ਇਹ ਕਹਿਣਾ ਬਣਦਾ ਹੈ ਕਿ ਜਨਮੇਜਾ ਸਿੰਘ ਜੌਹਲ ਇੱਕ ਨਾਮ ਨਹੀਂ, ਸੱਚਮੁੱਚ ਇੱਕ ਸੰਸਥਾ ਹਨ। ਜਿਹੜਾ ਮਨੁੱਖ ਆਪਣੀ ਕਲਮ ਨਾਲ ਸਿੱਖਿਆ ਦੇਵੇ, ਆਪਣੇ ਕੈਮਰੇ ਨਾਲ ਜੀਵਨ ਦਾ ਸੱਚ ਕੈਦ ਕਰੇ, ਆਪਣੇ ਸੋਚ-ਵਿਚਾਰ ਨਾਲ ਸਮਾਜ ਨੂੰ ਦਿਸ਼ਾ ਦੇਵੇ ਅਤੇ ਆਪਣੇ ਕਰਮ ਨਾਲ ਲੋਕ-ਭਲਾਈ ਦੀ ਮਿਸਾਲ ਕਾਇਮ ਕਰੇ, ਉਸ ਨੂੰ ਸਿਰਫ਼ ਇੱਕ ਲੇਖਕ, ਇੱਕ ਫੋਟੋਗਰਾਫਰ ਜਾਂ ਇੱਕ ਸਮਾਜ ਸੇਵਕ ਕਹਿ ਦੇਣਾ ਉਸ ਦੀ ਸ਼ਖਸੀਅਤ ਨਾਲ ਇਨਸਾਫ਼ ਨਹੀਂ ਹੋਵੇਗਾ।

ਉਹ ਪੰਜਾਬੀ ਫੋਟੋਗਰਾਫਰ, ਚਿੱਤਰਕਾਰ ਅਤੇ ਸਾਹਿਤਕਾਰ ਵਜੋਂ ਪਹਿਚਾਣੇ ਜਾਂਦੇ ਹਨ, ਖਾਸ ਕਰਕੇ ਬਾਲ ਸਾਹਿਤ ਲਈ।

ਉਨ੍ਹਾਂ ਦੇ ਪਿਤਾ ਡਾ. ਸਰਦਾਰਾ ਸਿੰਘ ਜੌਹਲ ਖੇਤੀ ਅਰਥਸ਼ਾਸਤਰ ਅਤੇ ਉੱਚ ਸਿੱਖਿਆ ਦੀ ਦੁਨੀਆ ਵਿੱਚ ਵੱਡਾ ਨਾਮ ਹਨ। ਪਰ ਜਨਮੇਜਾ ਸਿੰਘ ਜੌਹਲ ਦੀ ਅਸਲ ਪਹਿਚਾਣ ਸਿਰਫ਼ ਇਹ ਨਹੀਂ ਕਿ ਉਹ ਕਿਸ ਘਰਾਣੇ ਨਾਲ ਸਬੰਧ ਰੱਖਦੇ ਹਨ। ਉਨ੍ਹਾਂ ਨੇ ਆਪਣਾ ਰਸਤਾ

ਆਪ ਬਣਾਇਆ, ਆਪਣੀ ਸ਼ਖਸੀਅਤ ਆਪ ਘੜੀ ਅਤੇ ਆਪਣੀ ਮਿਹਨਤ ਨਾਲ ਆਪਣਾ ਦਰਜਾ ਆਪ ਹਾਸਲ ਕੀਤਾ। ਉਹਨਾਂ ਨੂੰ ਜਾਣਨ ਵਾਲਾ ਹਰ ਇਨਸਾਨ ਇਹ ਗਵਾਹੀ ਦੇ ਸਕਦਾ ਹੈ ਕਿ ਉਹ ਹਮੇਸ਼ਾ ਕਿਸੇ ਨਾ ਕਿਸੇ ਰਚਨਾਤਮਕ ਕਾਰਜ ਵਿੱਚ ਰੁੱਝੇ ਰਹਿੰਦੇ ਹਨ। ਕਦੇ ਕਲਮ ਹੱਥ ਵਿੱਚ ਹੁੰਦੀ ਹੈ, ਕਦੇ ਕੈਮਰਾ ਮੋਢੇ 'ਤੇ, ਕਦੇ ਕਿਸੇ ਨਵੇਂ ਪੌਦੇ ਦੀ ਸੰਭਾਲ ਵਿੱਚ ਮਨ ਲੱਗਿਆ ਹੁੰਦਾ ਹੈ ਅਤੇ ਕਦੇ ਕਿਸੇ ਲੇਖਕ, ਪਾਠਕ ਜਾਂ ਸਧਾਰਣ ਮਨੁੱਖ ਦੀ ਸਹਾਇਤਾ ਵਿੱਚ ਦਿਲ ਜੁਟਿਆ ਹੋਇਆ ਹੁੰਦਾ ਹੈ।

ਉਹ ਇੱਕ ਅਧਿਆਪਕ ਹਨ-ਭਾਵੇਂ ਰਵਾਇਤੀ ਮਾਇਨਿਆਂ ਵਿੱਚ ਨੌਕਰੀ ਵਾਲੇ ਅਧਿਆਪਕ ਨਹੀਂ। ਅਸਲ ਅਧਿਆਪਕ ਤਾਂ ਉਹ ਹੁੰਦਾ ਹੈ ਜੋ ਦੂਜਿਆਂ ਨੂੰ ਸਿੱਖਣ ਜੋਗਾ ਕੁਝ ਦੇਵੇ। ਜਨਮੇਜਾ ਸਿੰਘ ਜੌਹਲ ਦੀਆਂ ਕਿਤਾਬਾਂ ਅਤੇ ਲਿਖਤਾਂ ਇਹ ਕੰਮ ਨਿਰੰਤਰ ਕਰਦੀਆਂ ਆਈਆਂ ਹਨ। ਬੱਚਿਆਂ ਲਈ ਲਿਖੀਆਂ ਸਹਿਜ, ਰੰਗੀਨ ਅਤੇ ਗਿਆਨਵਰਧਕ ਰਚਨਾਵਾਂ ਤੋਂ ਲੈ ਕੇ ਵੱਡਿਆਂ ਲਈ ਸੋਚ ਦਾ ਵਿਸਥਾਰ ਕਰਨ ਵਾਲੀਆਂ ਲਿਖਤਾਂ ਤੱਕ, ਉਨ੍ਹਾਂ ਦੀ ਕਲਮ ਕਈ ਪੀੜ੍ਹੀਆਂ ਨੂੰ ਛੂਹਦੀ ਹੈ।

ਉਨ੍ਹਾਂ ਦੀਆਂ ਪੁਸਤਕਾਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਉਨ੍ਹਾਂ ਨੇ ਬਾਲ ਸਾਹਿਤ, ਕਾਵਿ, ਵਿਅੰਗ, ਫੋਟੋਗਰਾਫੀ ਅਤੇ ਪੌਦਿਆਂ ਵਰਗੇ ਵਿਸ਼ਿਆਂ 'ਤੇ ਲਿਖਿਆ। 'ਸੌਖੀ ਤੇ ਸਰਲ ਫੋਟੋਗਰਾਫੀ', 'ਗੁਣਕਾਰੀ ਪੌਦੇ', ਤਿਤਲੀਆਂ ਵਾਲੀ ਫ਼ਰਾਕ', 'ਚੈਨੀ ਵਾਲੀ ਚਿੜੀ', 'ਟਾਈ ਵਾਲਾ ਬਾਂਦਰ', 'ਕੀੜੀ ਤੇ ਫੁੱਲ' ਅਤੇ 'ਚਿੱਠੀ ਕਿਵੇਂ ਲਿਖੀਏ' ਵਰਗੀਆਂ ਕਿਤਾਬਾਂ ਉਨ੍ਹਾਂ ਦੇ ਵਿਸ਼ਾਲ ਰਚਨਾਤਮਕ ਘੇਰੇ ਦੀਆਂ ਮਿਸਾਲਾਂ ਹਨ।

ਬਾਲ ਸਾਹਿਤ ਦੇ ਖੇਤਰ ਵਿੱਚ ਉਨ੍ਹਾਂ ਦੀ ਖਾਸ ਪਛਾਣ ਬਈ। ਇਹ ਕੋਈ ਆਮ ਗੱਲ ਨਹੀਂ। ਬੱਚਿਆਂ ਲਈ ਲਿਖਣਾ ਸਭ ਤੋਂ ਔਖਾ ਕੰਮ ਹੁੰਦਾ ਹੈ, ਕਿਉਂਕਿ ਉੱਥੇ ਭਾਸ਼ਾ ਸੌਖੀ ਵੀ ਹੋਈ ਚਾਹੀਦੀ ਹੈ, ਵਿਚਾਰ ਸਾਫ਼ ਵੀ, ਰੁਚਿਕਰਤਾ ਵੀ ਅਤੇ ਸੰਦੇਸ਼ ਵੀ। ਜਨਮੇਜਾ ਸਿੰਘ ਜੌਹਲ ਇਸ ਕਲਾ ਦੇ ਮਾਹਿਰ ਹਨ। ਉਨ੍ਹਾਂ ਦੀਆਂ ਲਿਖਤਾਂ ਵਿੱਚ ਬੱਚਿਆਂ ਲਈ ਮਨੋਰੰਜਨ

ਹੈ, ਪਰ ਸਿਰਫ਼ ਮਨੋਰੰਜਨ ਨਹੀਂ, ਉਸ ਵਿੱਚ ਸੰਸਕਾਰ ਹੈ, ਸਿੱਖਿਆ ਹੈ, ਜੀਵਨ ਨਾਲ ਪਿਆਰ ਹੈ ਅਤੇ ਪ੍ਰਕਿਰਤੀ ਨਾਲ ਜੁੜਾਅ ਹੈ। ਇਸ ਲਈ ਉਹ ਸਿਰਫ਼ ਲੇਖਕ ਨਹੀਂ, ਸੱਚੇ ਅਰਥਾਂ ਵਿੱਚ ਮਾਰਗਦਰਸ਼ਕ ਹਨ।

ਫੋਟੋਗਰਾਫੀ ਦੀ ਗੱਲ ਕੀਤੀ ਜਾਵੇ ਤਾਂ ਜਨਮੇਜਾ ਸਿੰਘ ਜੌਹਲ ਦਾ ਨਾਮ ਕੈਮਰੇ ਨਾਲ ਲਗਭਗ ਇਕਰੂਪ ਹੋ ਜਾਂਦਾ ਹੈ। ਜਿਨ੍ਹਾਂ ਨੇ ਉਨ੍ਹਾਂ ਨੂੰ ਨੇੜੇ ਤੋਂ ਵੇਖਿਆ ਹੈ, ਉਹ ਜਾਣਦੇ ਹਨ ਕਿ ਉਨ੍ਹਾਂ ਦੇ ਹੱਥ ਜਾਂ ਮੋਢੇ 'ਤੇ ਕੈਮਰਾ ਸਿਰਫ਼ ਇੱਕ ਸਾਜ਼ ਨਹੀਂ ਹੁੰਦਾ, ਸਗੋਂ ਉਨ੍ਹਾਂ ਦੀ ਜੀਵਨ-ਦ੍ਰਿਸ਼ਟੀ ਦਾ ਹਿੱਸਾ ਹੁੰਦਾ ਹੈ। ਇੱਕ ਫੋਟੋਗਰਾਫਰ ਸਿਰਫ਼ ਤਸਵੀਰ ਨਹੀਂ ਖਿੱਚਦਾ। ਉਹ ਪਲ ਨੂੰ ਅਰਥ ਦਿੰਦਾ ਹੈ, ਘਟਨਾ ਨੂੰ ਯਾਦ ਵਿੱਚ ਬਦਲਦਾ ਹੈ ਅਤੇ ਆਮ ਦ੍ਰਿਸ਼ ਨੂੰ ਅਸਾਧਾਰਣ ਅਨੁਭਵ ਬਣਾ ਦਿੰਦਾ ਹੈ।

ਜਨਤਕ ਸਰੋਤ ਵੀ ਉਨ੍ਹਾਂ ਨੂੰ ਫੋਟੋਗਰਾਫਰ ਵਜੋਂ ਮੰਨਦੇ ਹਨ, ਅਤੇ ਉਨ੍ਹਾਂ ਦੀ ਆਪਣੀ ਪੁਸਤਕ 'ਸੌਖੀ ਤੇ ਸਰਲ ਫੋਟੋਗਰਾਫੀ' ਵੀ ਦਰਸਾਉਂਦੀ ਹੈ ਕਿ ਉਹ ਇਸ ਕਲਾ ਨੂੰ ਸਿਰਫ਼ ਵਰਤਦੇ ਹੀ ਨਹੀਂ ਸਨ, ਸਗੋਂ ਹੋਰਨਾਂ ਤੱਕ ਪਹੁੰਚਾਉਣ ਦਾ ਕੰਮ ਵੀ ਕਰਦੇ ਰਹੇ।

ਫੋਟੋਗਰਾਫੀ ਉਨ੍ਹਾਂ ਲਈ ਦਿਖਾਵੇ ਦਾ ਸਾਧਨ ਨਹੀਂ, ਲੋਕ-ਜਾਗਰੂਕਤਾ ਦਾ ਮਾਧਿਅਮ ਹੈ। ਉਹ ਦੁਨੀਆ ਦੇ ਵੱਖ-ਵੱਖ ਦੇਸ਼ਾਂ ਵਿੱਚ ਗਏ, ਦ੍ਰਿਸ਼ ਕੈਦ ਕੀਤੇ ਅਤੇ ਉਨ੍ਹਾਂ ਦ੍ਰਿਸ਼ਾਂ ਰਾਹੀਂ ਲੋਕਾਂ ਅੱਗੇ ਦੁਨੀਆ ਦੀਆਂ ਚੰਗੀਆਂ ਗੱਲਾਂ, ਸਿਹਤਮੰਦ ਰੁਝਾਨਾਂ, ਸੱਭਿਆਚਾਰਕ ਰੰਗਾਂ ਅਤੇ ਜੀਵਨ ਦੀਆਂ ਸਿੱਖਿਆਵਾਂ ਰੱਖੀਆਂ। ਉਹ ਫੋਟੋਆਂ ਨੂੰ ਖਾਮੋਸ਼ ਭਾਸ਼ਾ ਵਾਂਗ ਵਰਤਦੇ ਹਨ, ਜਿੱਥੇ ਬਿਨਾਂ ਸ਼ਬਦਾਂ ਦੇ ਵੀ ਬਹੁਤ ਕੁਝ ਕਿਹਾ ਜਾ ਸਕਦਾ ਹੈ।

ਜਨਮੇਜਾ ਸਿੰਘ ਜੌਹਲ ਦੀ ਸ਼ਖਸੀਅਤ ਦਾ ਇੱਕ ਹੋਰ ਮਹੱਤਵਪੂਰਨ ਪੱਖ ਹੈ -ਸਮਾਜਿਕ ਜ਼ਿੰਮੇਵਾਰੀ। ਉਹ ਉਹਨਾਂ ਲੋਕਾਂ ਵਿੱਚੋਂ ਨਹੀਂ ਜੋ ਸਮਾਜ ਦੀਆਂ ਖਾਮੀਆਂ ਵੇਖ ਕੇ ਸਿਰਫ਼ ਸ਼ਿਕਾਇਤ ਕਰਦੇ ਰਹਿਣ, ਉਹ ਉਹਨਾਂ ਲੋਕਾਂ ਵਿੱਚੋਂ ਹਨ ਜੋ ਆਪਣੇ ਅੰਦਾਜ਼ ਵਿੱਚ ਸੁਧਾਰ

ਦਾ ਰਾਹ ਵੀ ਦੱਸਦੇ ਹਨ। ਲੇਖਨ ਰਾਹੀਂ, ਸੰਪਰਕ ਰਾਹੀਂ, ਪ੍ਰੇਰਣਾ ਰਾਹੀਂ, ਰੁੱਖਾਂ-ਬੂਟਿਆਂ ਰਾਹੀਂ ਅਤੇ ਆਪਣੇ ਨਿੱਜੀ ਜੀਵਨ ਦੇ ਉਦਾਹਰਨ ਰਾਹੀਂ ਉਹ ਹਮੇਸ਼ਾ ਲੋਕ-ਹਿਤ ਦੀ ਗੱਲ ਕਰਦੇ ਰਹੇ ਹਨ।

ਸਮਾਜ ਸੇਵਾ ਸਿਰਫ਼ ਲੰਗਰ ਲਗਾਉਣ ਜਾਂ ਦਾਨ ਦੇਣ ਦਾ ਨਾਮ ਨਹੀਂ। ਸਮਾਜ ਸੇਵਾ ਉਹ ਵੀ ਹੈ ਜਦੋਂ ਕੋਈ ਮਨੁੱਖ ਸਮਾਜ ਵਿੱਚ ਚੰਗੀ ਸੋਚ, ਸਿਹਤ, ਪ੍ਰਕਿਰਤੀ-ਪ੍ਰੇਮ, ਭਾਸ਼ਾ-ਚੇਤਨਾ ਅਤੇ ਮਨੁੱਖਤਾ ਦਾ ਬੀਜ ਬੀਜੇ। ਜੌਹਲ ਜੀ ਨੇ ਇਹ ਸਭ ਕੁਝ ਕੀਤਾ ਹੈ।

ਇਸ ਸੰਦਰਭ ਵਿੱਚ "ਪਿੰਕੀ ਹਰਬਲ ਗਾਰਡਨ" ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਲਾਜ਼ਮੀ ਹੈ। ਕਈ ਜਨਤਕ ਸਰੋਤਾਂ ਵਿੱਚ ਇਸ ਗੱਲ ਦਾ ਉਲੇਖ ਮਿਲਦਾ ਹੈ ਕਿ ਆਪਣੀ ਧਰਮਪਤਨੀ ਪਿੰਕੀ ਜੌਹਲ ਦੀ ਯਾਦ ਵਿੱਚ ਉਨ੍ਹਾਂ ਨੇ "ਪਿੰਕੀ ਹਰਬਲ ਗਾਰਡਨ" ਨਾਮ ਨਾਲ ਇੱਕ ਵਿਲੱਖਣ ਯਤਨ ਖੜ੍ਹਾ ਕੀਤਾ, ਜਿੱਥੇ ਅਨੇਕਾਂ ਪੌਦਿਆਂ ਅਤੇ ਵਿਰਲੇ ਬੂਟਿਆਂ ਨੂੰ ਸੰਭਾਲਿਆ ਗਿਆ। ਕੁਝ ਸਰੋਤ ਇਸਨੂੰ ਲੁਧਿਆਣਾ ਵਿੱਚ ਸਥਿਤ ਇੱਕ ਐਸਾ ਸਥਾਨ ਦੱਸਦੇ ਹਨ, ਜਿੱਥੇ ਸੈਂਕੜਿਆਂ ਪੌਦਿਆਂ ਅਤੇ ਦੁਰਲੱਭ ਕਿਸਮਾਂ ਦੀ ਪਰਵਰਿਸ਼ ਕੀਤੀ ਗਈ।

ਇਹ ਸਿਰਫ਼ ਇੱਕ ਬਾਗ ਨਹੀਂ, ਇਹ ਯਾਦ, ਪ੍ਰੇਮ, ਪ੍ਰਕਿਰਤੀ ਅਤੇ ਲੋਕ-ਹਿਤ ਦਾ ਸੰਯੁਕਤ ਰੂਪ ਹੈ। ਆਪਣੀ ਜੀਵਨ-ਸਾਥਣ ਦੀ ਯਾਦ ਨੂੰ ਰੁੱਖਾਂ, ਬੂਟਿਆਂ, ਸੁਗੰਧ, ਜੜੀ-ਬੂਟੀਆਂ ਅਤੇ ਸਿਹਤਮੰਦ ਜੀਵਨ ਦੇ ਸੰਦੇਸ਼ ਨਾਲ ਜੋੜ ਦੇਣਾ ਬੜੀ ਉੱਚੀ ਸੰਵੇਦਨਾ ਦੀ ਗੱਲ ਹੈ। ਜਿੱਥੇ ਆਮ ਤੌਰ 'ਤੇ ਮਨੁੱਖ ਦੁੱਖ ਨੂੰ ਚੁੱਪਚਾਪ ਨਿੱਜੀ ਹੱਦਾਂ ਵਿੱਚ ਬੰਨ੍ਹ ਲੈਂਦਾ ਹੈ, ਉੱਥੇ ਜਨਮੇਜਾ ਸਿੰਘ ਜੌਹਲ ਨੇ ਉਸ ਦੁੱਖ ਨੂੰ ਲੋਕ-ਭਲਾਈ ਵਿੱਚ ਬਦਲ ਦਿੱਤਾ। ਇਹੀ ਵਿਲੱਖਣਤਾ ਉਨ੍ਹਾਂ ਨੂੰ ਵੱਡਾ ਬਣਾਉਂਦੀ ਹੈ।

ਉਨ੍ਹਾਂ ਦੀ ਰੁਚੀ ਸਿਰਫ਼ ਬਾਗਬਾਨੀ ਤੱਕ ਸੀਮਿਤ ਨਹੀਂ। 'ਗੁਣਕਾਰੀ ਪੌਦੇ' ਵਰਗੀ ਕਿਤਾਬ ਇਸ ਗੱਲ ਦੀ ਨਿਸ਼ਾਨਦੇਹੀ ਕਰਦੀ ਹੈ ਕਿ ਉਹ ਪੌਦਿਆਂ ਨੂੰ ਸਿਰਫ਼ ਸਜਾਵਟੀ ਅੰਗ ਵਜੋਂ ਨਹੀਂ, ਸਗੋਂ ਜਨ-

ਸਿਹਤ ਅਤੇ ਗਿਆਨ ਨਾਲ ਜੋੜ ਕੇ ਵੇਖਦੇ ਹਨ। ਜਦੋਂ ਕੋਈ ਲੇਖਕ ਰੁੱਖਾਂ-ਬੂਟਿਆਂ ਨੂੰ ਲਿਖਤ ਦਾ ਵਿਸ਼ਾ ਬਣਾਉਂਦਾ ਹੈ, ਤਾਂ ਉਹ ਮਨੁੱਖ ਨੂੰ ਮੁੜ ਪ੍ਰਕਿਰਤੀ ਦੇ ਨੇੜੇ ਲਿਆਉਣ ਦੀ ਕੋਸ਼ਿਸ਼ ਕਰਦਾ ਹੈ। ਅੱਜ ਦੇ ਸਮੇਂ ਵਿੱਚ ਇਹ ਬਹੁਤ ਜ਼ਰੂਰੀ ਕੰਮ ਹੈ।

ਜਨਮੇਜਾ ਸਿੰਘ ਜੌਹਲ ਦੀਆਂ ਰਚਨਾਵਾਂ ਅਤੇ ਉਨ੍ਹਾਂ ਦੇ ਜੀਵਨ-ਸਫ਼ਰ ਬਾਰੇ 2025 ਵਿੱਚ ਛਪੀ ਇੱਕ ਸਮੀਖਿਆਤਮਕ ਲਿਖਤ "ਮੇਰੇ ਕਾਰਨਾਮੇ" ਨਾਮੀ ਪੁਸਤਕ ਨੂੰ ਉਨ੍ਹਾਂ ਦੀ ਜੀਵਨ-ਯਾਤਰਾ ਦੀ ਬੇਬਾਕ ਪੇਸ਼ਕਾਰੀ ਵਜੋਂ ਦਰਸਾਉਂਦੀ ਹੈ। ਉਸ ਲਿਖਤ ਵਿੱਚ ਉਨ੍ਹਾਂ ਨੂੰ ਲਗਾਤਾਰ ਰਚਨਾਤਮਕ ਕਾਰਜਾਂ ਵਿੱਚ ਸਰਗਰਮ ਅਤੇ ਲੇਖ, ਕਹਾਣੀ, ਬਾਲ ਸਾਹਿਤ, ਕਵਿਤਾ ਅਤੇ ਅਨੁਵਾਦ ਨਾਲ ਜੁੜਿਆ ਹੋਇਆ ਦਰਸਾਇਆ ਗਿਆ ਹੈ। ਇਸ ਤੋਂ ਇਹ ਅਹਿਸਾਸ ਹੋਰ ਮਜ਼ਬੂਤ ਹੁੰਦਾ ਹੈ ਕਿ ਜੌਹਲ ਜੀ ਦਾ ਜੀਵਨ ਇੱਕ ਹੀ ਖੇਤਰ ਤੱਕ ਸੀਮਿਤ ਨਹੀਂ, ਸਗੋਂ ਬਹੁਆਯਾਮੀ ਰਿਹਾ ਹੈ।

ਉਹ ਅਜਿਹੇ ਇਨਸਾਨ ਹਨ ਜਿਨ੍ਹਾਂ ਨੇ ਆਪਣੀ ਨਿੱਜੀ ਸਹੂਲਤ ਨੂੰ ਕਦੇ ਤਰਜੀਹ ਨਹੀਂ ਦਿੱਤੀ। ਆਪਣੇ ਕੱਪੜਿਆਂ, ਆਪਣੀ ਦਸਤਾਰ, ਆਪਣੇ ਸ਼ਰੀਰ ਜਾਂ ਆਪਣੇ ਠਾਠ-ਬਾਠ ਨਾਲੋਂ ਉਨ੍ਹਾਂ ਨੂੰ ਸਮਾਜ, ਲੋਕਾਂ, ਸਾਹਿਤ, ਰੁੱਖਾਂ-ਬੂਟਿਆਂ ਅਤੇ ਪੰਜਾਬੀ ਭਾਸ਼ਾ ਦੀ ਵਧੇਰੇ ਚਿੰਤਾ ਰਹੀ। ਇਹ ਗੱਲ ਉਨ੍ਹਾਂ ਦੀ ਸਾਦਗੀ ਦਾ ਹੀ ਨਹੀਂ, ਉਨ੍ਹਾਂ ਦੀ ਅਰਪਣ-ਭਾਵਨਾ ਦਾ ਵੀ ਸਬੂਤ ਹੈ। ਬਹੁਤ ਘੱਟ ਲੋਕ ਹੁੰਦੇ ਹਨ ਜੋ ਆਪਣੇ ਲਈ ਘੱਟ ਅਤੇ ਸਮਾਜ ਲਈ ਵੱਧ ਜੀਉਂਦੇ ਹਨ। ਇਹਨਾਂ ਹੀ ਲੋਕਾਂ ਦੇ ਕਾਰਨ ਸਮਾਜ ਵਿੱਚ ਰੌਸ਼ਨੀ ਬਣੀ ਰਹਿੰਦੀ ਹੈ।

ਜਿਹੜਾ ਮਨੁੱਖ ਆਪਣੀ ਕਮਾਈ ਦੇ ਵੱਡੇ ਰਸਤੇ ਛੱਡ ਕੇ ਕਿਤਾਬਾਂ, ਲੇਖਕਾਂ, ਪਾਠਕਾਂ ਅਤੇ ਸਮਾਜਿਕ ਕੰਮਾਂ ਨਾਲ ਜੁੜਿਆ ਰਹੇ, ਉਸਦੇ ਜੀਵਨ ਨੂੰ ਵਪਾਰ ਦੀ ਤਰਾਜੂ ਨਾਲ ਨਹੀਂ ਤੋਲਿਆ ਜਾ ਸਕਦਾ। ਕਈ ਲੇਖਕਾਂ ਦੀਆਂ ਕਿਤਾਬਾਂ ਛਾਪਣ ਵਿੱਚ ਉਨ੍ਹਾਂ ਨੇ ਮਦਦ ਕੀਤੀ ਅਤੇ

ਕਈ ਵਾਰ ਆਰਥਿਕ ਹਾਨੀ ਸਹਿ ਕੇ ਵੀ ਇਹ ਸੇਵਾ ਜਾਰੀ ਰੱਖੀ। ਇਹ ਇੱਕ ਵੱਡਾ ਸੱਭਿਆਚਾਰਕ ਯੋਗਦਾਨ ਹੈ। ਕਿਤਾਬ ਛਪਾਉਣਾ ਸਿਰਫ਼ ਪ੍ਰਿੰਟਿੰਗ ਦਾ ਕੰਮ ਨਹੀਂ ਹੁੰਦਾ, ਇਹ ਲੇਖਕ ਦੀ ਆਵਾਜ਼ ਨੂੰ ਜਨਤਾ ਤੱਕ ਪਹੁੰਚਾਉਣ ਦਾ ਕੰਮ ਹੁੰਦਾ ਹੈ। ਜੇਕਰ ਕੋਈ ਮਨੁੱਖ ਅਜਿਹਾ ਨਿਸ਼ਕਾਮ ਭਾਵ ਨਾਲ ਕਰਦਾ ਹੈ, ਤਾਂ ਉਹ ਸਾਹਿਤਕ ਪਰਿਵਾਰ ਦਾ ਇੱਕ ਵੱਡਾ ਸਰਪ੍ਰਸਤ ਮੰਨਿਆ ਜਾਣਾ ਚਾਹੀਦਾ ਹੈ।

ਪੰਜਾਬੀ ਮਾਂ-ਬੋਲੀ ਪ੍ਰਤੀ ਉਨ੍ਹਾਂ ਦਾ ਪਿਆਰ ਵੀ ਵਿਸ਼ੇਸ਼ ਧਿਆਨਯੋਗ ਹੈ। ਜਿਹੜਾ ਮਨੁੱਖ ਬੱਚਿਆਂ ਲਈ ਪੰਜਾਬੀ ਵਿੱਚ ਲਿਖੇ, ਵਿਦੇਸ਼ਾਂ ਵਿੱਚ ਜਾ ਕੇ ਪੰਜਾਬੀ ਸਕੂਲਾਂ, ਗੁਰਦੁਆਰਿਆਂ ਅਤੇ ਸੱਭਿਆਚਾਰਕ ਮੰਚਾਂ 'ਤੇ ਮਾਂ- ਬੋਲੀ ਦੀ ਗੱਲ ਕਰੇ, ਉਹ ਸਿਰਫ਼ ਲੇਖਕ ਨਹੀਂ ਰਹਿੰਦਾ-ਉਹ ਭਾਸ਼ਾ ਦਾ ਸਿਪਾਹੀ ਬਣ ਜਾਂਦਾ ਹੈ। ਦੁਨੀਆ ਭਰ ਵਿੱਚ ਫੈਲੇ ਪੰਜਾਬੀ ਪਰਿਵਾਰਾਂ ਲਈ ਮਾਂ-ਬੋਲੀ ਦੀ ਰੱਖਿਆ ਇੱਕ ਜਜ਼ਬਾਤੀ ਅਤੇ ਸੱਭਿਆਚਾਰਕ ਲੋੜ ਹੈ। ਜਨਮੇਜਾ ਸਿੰਘ ਜੌਹਲ ਵਰਗੇ ਲੋਕ ਇਸ ਲੜੀ ਨੂੰ ਜੋੜ ਕੇ ਰੱਖਦੇ ਹਨ।

ਉਨ੍ਹਾਂ ਦੀਆਂ ਲਿਖਤਾਂ ਵਿੱਚ ਪ੍ਰਕਿਰਤੀ ਹੈ, ਜੀਵਨ ਹੈ, ਹਾਸਾ ਹੈ, ਅਨੁਭਵ ਹੈ ਅਤੇ ਇੱਕ ਆਮ ਮਨੁੱਖ ਨਾਲ ਗਹਿਰਾ ਸੰਬੰਧ ਹੈ। ਇਹੀ ਕਾਰਨ ਹੈ ਕਿ ਛੋਟੇ ਬੱਚਿਆਂ ਤੋਂ ਲੈ ਕੇ ਵੱਡੀ ਉਮਰ ਦੇ ਲੋਕਾਂ ਤੱਕ ਸਭ ਕੋਈ ਉਨ੍ਹਾਂ ਦੀਆਂ ਕਿਤਾਬਾਂ ਨਾਲ ਜੁੜ ਜਾਂਦਾ ਹੈ। ਉਨ੍ਹਾਂ ਦੀ ਸ਼ੈਲੀ ਉਪਦੇਸ਼ਕ ਨਹੀਂ, ਮਜ਼ੇਦਾਰ ਹੈ, ਉਹ ਪਾਠਕ 'ਤੇ ਵਿਚਾਰ ਥੋਪਦੇ ਨਹੀਂ, ਸਗੋਂ ਉਸ ਨੂੰ ਨਾਲ ਲੈ ਕੇ ਚਲਦੇ ਹਨ।

ਜਨਮੇਜਾ ਸਿੰਘ ਜੌਹਲ ਨੂੰ ਸਮਝਣ ਲਈ ਉਨ੍ਹਾਂ ਦੇ ਪਹਿਰਾਵੇ ਜਾਂ ਦਿਖਾਵੇ ਨੂੰ ਨਹੀਂ, ਉਨ੍ਹਾਂ ਦੇ ਕਰਮਾਂ ਨੂੰ ਦੇਖਣਾ ਚਾਹੀਦਾ ਹੈ। ਜਿਹੜੇ ਇਨਸਾਨ ਦੇ ਹੱਥ ਵਿੱਚ ਹਮੇਸ਼ਾ ਕੈਮਰਾ ਹੋਵੇ, ਦਿਲ ਵਿੱਚ ਹਮੇਸ਼ਾ ਸਮਾਜ ਦੀ ਚਿੰਤਾ ਹੋਵੇ, ਮਨ ਵਿੱਚ ਹਮੇਸ਼ਾ ਭਾਸ਼ਾ ਤੇ ਸਾਹਿਤ ਲਈ ਪਿਆਰ ਹੋਵੇ ਅਤੇ ਘਰ-ਪਰਿਵਾਰ ਦੀਆਂ ਨਿੱਜੀ ਪੀੜਾਂ ਨੂੰ ਵੀ ਲੋਕ-ਸੇਵਾ ਵਿੱਚ

ਬਦਲਣ ਦੀ ਸਮਰੱਥਾ ਹੋਵੇ, ਉਸ ਇਨਸਾਨ ਨੂੰ ਆਮ ਨਹੀਂ ਕਿਹਾ ਜਾ ਸਕਦਾ।

ਸੱਚ ਇਹ ਹੈ ਕਿ ਜਨਮੇਜਾ ਸਿੰਘ ਜੌਹਲ ਨੇ ਆਪਣਾ ਜੀਵਨ "ਆਪਣੇ ਲਈ" ਘੱਟ ਅਤੇ "ਲੋਕਾਂ ਲਈ" ਵੱਧ ਜੀਆ ਹੈ। ਉਨ੍ਹਾਂ ਦੀ ਕਲਮ ਲੋਕਾਂ ਲਈ ਚੱਲੀ, ਉਨ੍ਹਾਂ ਦਾ ਕੈਮਰਾ ਲੋਕਾਂ ਲਈ ਚੱਲਿਆ, ਉਨ੍ਹਾਂ ਦੇ ਬਾਗ ਲੋਕਾਂ ਲਈ ਖਿੜੇ, ਉਨ੍ਹਾਂ ਦੀਆਂ ਕਿਤਾਬਾਂ ਲੋਕਾਂ ਲਈ ਛਪੀਆਂ ਅਤੇ ਉਨ੍ਹਾਂ ਦੀਆਂ ਯਾਤਰਾਵਾਂ ਲੋਕਾਂ ਲਈ ਅਰਥਵਾਨ ਬਣੀਆਂ। ਇਹੋ ਜਿਹੀ ਸ਼ਖਸੀਅਤ ਬਾਰੇ "ਸੰਸਥਾ" ਸ਼ਬਦ ਵਰਤਣਾ ਬਿਲਕੁਲ ਯੋਗ ਹੈ।

ਜਨਮੇਜਾ ਸਿੰਘ ਜੌਹਲ ਉਹਨਾਂ ਬੰਦਿਆਂ ਵਿੱਚੋਂ ਹਨ ਜੋ ਆਪਣੀ ਜ਼ਿੰਦਗੀ ਨੂੰ ਮਕਸਦ ਨਾਲ ਜੋੜਦੇ ਹਨ। ਉਹਨਾਂ ਦੀ ਸਾਦਗੀ ਵਿੱਚ ਡੂੰਘਾਈ ਹੈ, ਕਰਮ ਵਿੱਚ ਲਗਨ ਹੈ, ਸੋਚ ਵਿੱਚ ਲੋਕ-ਹਿਤ ਹੈ ਅਤੇ ਸ਼ਖਸੀਅਤ ਵਿੱਚ ਇੱਕ ਕਿਸਮ ਦੀ ਨਿਰਵਿਰੋਧ ਚਮਕ ਹੈ। ਉਹ ਸਾਨੂੰ ਯਾਦ ਦਿਵਾਉਂਦੇ ਹਨ ਕਿ ਇਨਸਾਨ ਦੀ ਵਡਿਆਈ ਉਸਦੇ ਬੈਂਕ ਬੈਲੈਂਸ ਨਾਲ ਨਹੀਂ, ਸਗੋਂ ਉਸਦੇ ਅਸਰ ਨਾਲ ਤੌਲੀ ਜਾਂਦੀ ਹੈ, ਉਹ ਕਿੰਨੇ ਲੋਕਾਂ ਨੂੰ ਰਾਹ ਦਿਖਾ ਸਕਿਆ, ਕਿੰਨੇ ਚਿਹਰਿਆਂ 'ਤੇ ਮੁਸਕਾਨ ਲਿਆ ਸਕਿਆ ਅਤੇ ਕਿੰਨਿਆਂ ਨੂੰ ਆਪਣੀ ਭਾਸ਼ਾ, ਆਪਣੀ ਧਰਤੀ, ਆਪਣੀ ਸਿਹਤ ਅਤੇ ਆਪਣੀ ਮਨੁੱਖਤਾ ਨਾਲ ਜੋੜ ਸਕਿਆ।

ਅੱਜ ਦੇ ਸਮੇਂ ਵਿੱਚ, ਜਦੋਂ ਦਿਖਾਵਾ, ਸਵਾਰਥ ਅਤੇ ਨਿੱਜੀ ਲਾਭ ਅਕਸਰ ਜੀਵਨ ਦੇ ਕੇਂਦਰ ਵਿੱਚ ਆ ਜਾਂਦੇ ਹਨ, ਜਨਮੇਜਾ ਸਿੰਘ ਜੌਹਲ ਵਰਗੇ ਮਨੁੱਖ ਸਾਨੂੰ ਦੱਸਦੇ ਹਨ ਕਿ ਅਸਲੀ ਜੀਵਨ ਉਹ ਹੈ ਜੋ ਵੰਡਿਆ ਜਾਵੇ, ਗਿਆਨ ਵੰਡਿਆ ਜਾਵੇ, ਪਿਆਰ ਵੰਡਿਆ ਜਾਵੇ, ਰੁੱਖ ਵੰਡੇ ਜਾਣ, ਤਸਵੀਰਾਂ ਰਾਹੀਂ ਅਨੁਭਵ ਵੰਡੇ ਜਾਣ, ਕਿਤਾਬਾਂ ਰਾਹੀਂ ਚੇਤਨਾ ਵੰਡਾਈ ਜਾਵੇ ਅਤੇ ਮਾਂ-ਬੋਲੀ ਰਾਹੀਂ ਪਛਾਣ ਵੰਡਾਈ ਜਾਵੇ।

ਇਸ ਲਈ ਜੇ ਕੋਈ ਪੁੱਛੇ ਕਿ ਜਨਮੇਜਾ ਸਿੰਘ ਜੌਹਲ ਕੌਣ ਹਨ, ਤਾਂ ਜਵਾਬ ਸਿਰਫ਼ ਇਹ ਨਹੀਂ ਕਿ ਉਹ ਲੇਖਕ ਹਨ, ਫੋਟੋਗਰਾਫਰ ਹਨ,

ਚਿੱਤਰਕਾਰ ਹਨ ਜਾਂ ਸਮਾਜ ਸੇਵਕ ਹਨ। ਅਸਲ ਜਵਾਬ ਇਹ ਹੈ ਕਿ ਉਹ ਇੱਕ ਸੋਚ ਹਨ, ਇੱਕ ਰੂਹਾਨੀ ਮਿਹਨਤ ਹਨ, ਇੱਕ ਲਗਾਤਾਰ ਚੱਲਦਾ ਸੱਭਿਆਚਾਰਕ ਯਤਨ ਹਨ-ਉਹ ਇੱਕ ਨਾਮ ਨਹੀਂ, ਇੱਕ ਸੰਸਥਾ ਹਨ।

***

# ਜ਼ਿੰਦਗੀ ਵਿੱਚ ਮਸਤ

## ਗੁਰਜੀਤ ਸਿੰਘ ਖ਼ਾਲਸਾ

ਆਪ ਜੀ ਨੇ ਕਦੇ ਨਹੀਂ ਕਿਹਾ ਕਿ ਮਾੜਾ ਹੋਇਆ। ਜੋ ਹੋਇਆ, ਵਧੀਆ ਹੋਇਆ, ਚੰਗਾ ਹੋਇਆ। ਸਮੇਂ ਦੇ ਹਿਸਾਬ ਨਾਲ ਸਭ ਠੀਕ ਹੋਇਆ। ਹਮੇਸ਼ਾ ਦੂਸਰਿਆਂ ਨੂੰ ਕਿਹਾ ਕਿ ਚੜ੍ਹਦੀ ਕਲਾ ਵਿੱਚ ਰਹੋ। ਜੇ ਇੱਕ ਦਰਵਾਜ਼ਾ ਬੰਦ ਹੁੰਦਾ ਹੈ, ਤਾਂ ਸੌ ਹੋਰ ਅੱਗੇ ਖੁੱਲ੍ਹੇ ਹੁੰਦੇ ਹਨ। ਇਨਸਾਨ ਨੇ ਇਹ ਦੇਖਣਾ ਹੁੰਦਾ ਹੈ ਕਿ ਕਿਹੜੇ ਦਰਵਾਜ਼ੇ ਵਿੱਚੋਂ ਲੰਘਣਾ ਹੈ। ਸਰਦਾਰ ਜੀ ਦਾ ਕਹਿਣਾ ਹੈ ਕਿ ਮਾੜੇ ਲੋਕਾਂ ਨਾਲ ਲੜੋ ਨਾ, ਰਸਤਾ ਬਦਲ ਲਓ, ਬਚ ਜਾਓਗੇ। ਜੇ ਕਦੇ ਕਿਸੇ ਵੇਲੇ ਮਿਲ ਜਾਈਏ, ਤਾਂ ਗੱਲ ਕਰ ਸਕਦੇ ਹੋ।

ਅਸੀਂ ਦੋਸਤ ਇਕੱਠੇ ਹੋ ਕੇ ਜਦੋਂ ਵੀ ਸਰਦਾਰ ਜੀ ਨੂੰ ਕਿਹਾ, “ਆਓ ਜੀ, ਚੱਲੀਏ, ਤਾਂ ਉਹ ਕਹਿੰਦੇ, “ਚਲੋ।” ਕਿਹਾ, “ਕੁਝ ਖਾ-ਪੀ ਲਈਏ, ” ਤਾਂ ਕਹਿੰਦੇ, “ਖਾ ਲਓ।” ਕਿਹਾ, “ਆਹ ਕੰਮ ਕਰ ਲਈਏ, ” ਤਾਂ ਕਹਿੰਦੇ, “ਕਰ ਲਓ, ਵਧੀਆ ਹੋ ਜੂਗਾ, ਠੀਕ ਹੋ ਜੂਗਾ।” ਉਹ ਕਦੇ “ਨਾ” ਨਹੀਂ ਕਹਿੰਦੇ।

ਇੱਕ ਵਾਰ ਮੈਂ ਤੇ ਕੁਲਜੀਤ ਸਿੰਘ ਇਹਨਾਂ ਨੂੰ ਸਵੇਰੇ ਪੰਜ ਵਜੇ ਘਰ ਤੋਂ ਲੈ ਗਏ। ਰਸਤੇ ਵਿੱਚ ਸਵੇਰੇ ਨੌਂ ਵਜੇ ਜਾ ਕੇ ਪੁੱਛਦੇ ਹਨ, “ਮੈਨੂੰ ਦੱਸ ਦਿਓ, ਕਿੱਥੇ ਚੱਲੇ ਹਾਂ”

ਜੋਹਲ ਸਾਹਿਬ ਇਹੋ ਜਿਹੇ ਇਨਸਾਨ ਹਨ। ਉਹ ਕਦੇ ਇਹ ਨਹੀਂ ਕਹਿੰਦੇ ਕਿ ਕੌਣ ਮੇਰੇ ਬਾਰੇ ਕੀ ਕਹਿੰਦਾ ਹੈ, ਕੀ ਸੋਚਦਾ ਹੈ ਜਾਂ ਕੀ ਕਰੇਗਾ। ਉਹ ਆਪਣੀ ਜ਼ਿੰਦਗੀ ਵਿੱਚ ਮਸਤ ਹਨ। ***

# ਕਹਿਣੀ ਅਤੇ ਕੱਥਨੀ ਦਾ ਨਾਮ

## ਗੁਰਮੁਖ ਭੁੱਲਰ, ਸ਼ਿਕਾਗੋ

ਗੱਲ ਕੋਈ 2006 ਦੀ ਹੈ। ਮੈਂ ਪੰਜਾਬੀ ਦੀ ਇੱਕ ਵੈੱਬਸਾਈਟ, ਜਿਸ ਦਾ ਨਾਮ "ਪੰਜਾਬੀ ਲੇਖਕ ਡਾਟਕਾਮ' ਸੀ, ਸ਼ੁਰੂ ਕਰ ਰਿਹਾ ਸੀ। ਉਨ੍ਹਾਂ ਦਿਨਾਂ ਵਿੱਚ ਪੰਜਾਬੀ ਫੌਂਟਾਂ ਦੀ ਬਹੁਤੀ ਉਪਲਬਧਤਾ ਨਹੀਂ ਸੀ। ਮੈਂ "ਪੰਜਾਬ ਟਾਈਮਜ਼" ਦੇ ਕਰਤਾ-ਧਰਤਾ ਸਰਦਾਰ ਅਮੋਲਕ ਸਿੰਘ ਜੰਮੂ ਹੋਰਾਂ ਨੂੰ ਪੁੱਛਿਆ, ਤਾਂ ਉਨ੍ਹਾਂ ਨੇ ਮੈਨੂੰ ਜਨਮੇਜਾ ਸਿੰਘ ਜੌਹਲ ਦਾ ਨੰਬਰ ਦਿੱਤਾ ਅਤੇ ਕਿਹਾ ਕਿ ਤੂੰ ਉਨ੍ਹਾਂ ਨਾਲ ਗੱਲ ਕਰ ਲੈ।

ਮੈਂ ਸਰਦਾਰ ਜਨਮੇਜਾ ਸਿੰਘ ਜੌਹਲ ਹੋਰਾਂ ਨੂੰ ਕਾਲ ਕੀਤੀ ਅਤੇ ਆਪਣੇ ਬਾਰੇ ਦੱਸਿਆ ਕਿ ਮੈਨੂੰ ਇਸ ਤਰ੍ਹਾਂ ਫੌਂਟਾਂ ਲਈ ਮਦਦ ਚਾਹੀਦੀ ਹੈ। ਜਨਮੇਜਾ ਸਿੰਘ ਜੌਹਲ ਹੋਰਾਂ ਨੇ ਆਪਣੀ ਬਹੁਤ ਹੀ ਥੋੜ੍ਹੀ ਜਿਹੀ ਫੀਸ ਦੱਸੀ ਅਤੇ ਕਿਹਾ ਕਿ ਉਹ ਫੌਂਟ ਮੈਂ ਤੁਹਾਨੂੰ ਦੇ ਸਕਦਾ ਹਾਂ। ਮੈਂ ਕਿਹਾ, "ਜੀ, ਠੀਕ ਹੈ।" ਉਨ੍ਹਾਂ ਨੇ ਫੌਂਟ ਮੈਨੂੰ ਭੇਜ ਦਿੱਤੇ। ਜਿਹੜੀ ਫਾਈਲ ਸੀ, ਉਹ ਮੈਂ ਡਾਊਨਲੋਡ ਕੀਤੀ ਅਤੇ ਉਨ੍ਹਾਂ ਨੂੰ ਕਾਲ ਕਰਕੇ ਪੁੱਛਿਆ ਕਿ ਇਹਨਾਂ ਨੂੰ ਕਿਸ ਤਰ੍ਹਾਂ ਵਰਤਣਾ ਹੈ। ਇਹ ਸਾਰਾ ਕੁਝ ਮੈਂ ਉਨ੍ਹਾਂ ਨੂੰ ਗਾਹੇ-ਬਗਾਹੇ ਪੁੱਛਦਾ ਰਿਹਾ।

ਨਾਲ ਹੀ ਮੈਂ ਉਨ੍ਹਾਂ ਨੂੰ ਪੁੱਛਿਆ ਕਿ ਤੁਹਾਡੀ ਜਿਹੜੀ ਇਸ ਫੌਂਟਾਂ ਦੀ ਫੀਸ ਹੈ, ਉਹ ਮੈਨੂੰ ਦੱਸੋ ਕਿ ਮੈਂ ਤੁਹਾਨੂੰ ਕਿਸ ਤਰ੍ਹਾਂ ਪਹੁੰਚਾ ਸਕਦਾ ਹਾਂ। ਉਨ੍ਹਾਂ ਦਾ ਜਵਾਬ ਹੁੰਦਾ ਸੀ, "ਉਹ ਕੋਈ ਨਹੀਂ, ਕਰ ਲਾਂਗੇ।" ਇਸ ਤਰ੍ਹਾਂ ਹੀ ਸਮਾਂ ਨਿਕਲਦਾ ਗਿਆ ਅਤੇ ਮੈਂ ਉਨ੍ਹਾਂ ਨਾਲ ਖੁੱਲ੍ਹੀਆਂ ਵਿਚਾਰਾਂ ਕਰਨ ਲੱਗ ਪਿਆ। ਸਾਡੀ ਖੁੱਲ੍ਹੀ ਗੱਲਬਾਤ ਹੋਣ ਲੱਗ ਪਈ।

ਇੱਕ ਦਿਨ ਮੈਂ ਪੁੱਛਿਆ, "ਭਾਜੀ, ਤੁਹਾਡਾ ਕਰਜ਼ਾ ਹੈ, ਉਸ ਬਾਰੇ ਮੈਨੂੰ ਦੱਸ ਦਿਓ ਤਾਂ ਜੋ ਮੈਂ ਉਹ ਕਰਜ਼ਾ ਉਤਾਰ ਸਕਾਂ।" ਤਾਂ ਉਹ ਹੱਸਦੇ ਹੋਏ ਕਹਿਣ ਲੱਗੇ, "ਉਹ ਕੋਈ ਨਹੀਂ, ਉਹ ਤੂੰ ਹੁਣ ਭੁੱਲ ਜਾ। ਉਹ ਸ਼ੁਰੂ

ਵੇਲੇ ਦੀ ਗੱਲ ਸੀ। ਹੁਣ ਤੂੰ ਸਾਡਾ ਮਿੱਤਰ ਹੈਂ। ਜੇ ਕਦੇ ਕੋਈ ਜ਼ਰੂਰਤ ਪਈ, ਤਾਂ ਮੈਂ ਤੇਰੀ ਜ਼ਿੰਮੇਵਾਰੀ ਕਿਤੇ ਨਾ ਕਿਤੇ ਲਾ ਦਿਆਂਗਾ।"

ਇਸ ਤਰ੍ਹਾਂ ਮੇਰਾ ਸਰਦਾਰ ਜਨਮੇਜਾ ਸਿੰਘ ਜੌਹਲ ਨਾਲ ਰਾਬਤਾ ਬਣਿਆ ਅਤੇ ਸਾਡੀ ਗੂੜ੍ਹੀ ਮਿੱਤਰਤਾ ਦੀਆਂ ਗੰਢਾਂ ਹੋਰ ਵੀ ਸਖ਼ਤ ਤੇ ਪੀੜੀਆਂ ਹੋ ਗਈਆਂ। ਮੇਰੀ ਵੈੱਬਸਾਈਟ "ਪੰਜਾਬੀ ਲੇਖਕ ਡਾਟਕਾਮ" ਦੀ ਸਾਂਭ- ਸੰਭਾਲ ਵੀ ਸਰਦਾਰ ਜਨਮੇਜਾ ਸਿੰਘ ਜੌਹਲ ਕਰਦੇ ਰਹੇ, ਜਿੰਨਾ ਚਿਰ ਮੈਂ ਉਹ ਚਲਾਈ।

ਮੈਂ ਜਦੋਂ ਵੀ ਕੋਈ ਫੋਟੋ ਜਾਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਪੰਜਾਬ ਦੇ ਕਿਸੇ ਪਿੰਡ ਬਾਰੇ ਜਾਂ ਕਿਸੇ ਹੋਰ ਮਸਲੇ ਬਾਰੇ ਲੈਣੀ ਹੋਵੇ, ਤਾਂ ਮੈਂ ਉਨ੍ਹਾਂ ਨੂੰ ਹੀ ਫੋਨ ਕਰਦਾ ਹਾਂ। ਕਿਉਂਕਿ ਕਈ ਵਾਰ ਅਮਰੀਕਾ ਜਾਂ ਬਾਹਰ ਰਹਿੰਦੇ ਸੱਜਣ-ਮਿੱਤਰ ਪੰਜਾਬ ਅਤੇ ਪੰਜਾਬੀਅਤ ਬਾਰੇ ਬਹੁਤ ਸਾਰੀਆਂ ਗੱਲਾਂ ਪੁੱਛ ਲੈਂਦੇ ਹਨ। ਜਦੋਂ ਮੇਰੇ ਕੋਲ ਜਵਾਬ ਨਹੀਂ ਹੁੰਦਾ, ਤਾਂ ਮੈਂ ਸਰਦਾਰ ਜਨਮੇਜਾ ਸਿੰਘ ਜੌਹਲ ਹੋਰਾਂ ਨੂੰ ਹੀ ਫੋਨ ਕਰਦਾ ਹਾਂ ਅਤੇ ਝੱਟ 10 ਕੁ ਮਿੰਟਾਂ ਵਿੱਚ ਉਸ ਦਾ ਹੱਲ ਨਿਕਲ ਆਉਂਦਾ ਹੈ।

ਸਰਦਾਰ ਜਨਮੇਜਾ ਸਿੰਘ ਜੌਹਲ ਨਾਲ ਉਹ ਤੰਦਾਂ ਹੋਰ ਵੀ ਮਜ਼ਬੂਤ ਹੋ ਕੇ ਜੁੜੀਆਂ ਹੋਈਆਂ ਹਨ। ਕਹਿਣੀ ਅਤੇ ਕੱਥਨੀ ਦਾ ਨਾਮ ਹੈ - ਜਨਮੇਜਾ ਸਿੰਘ ਜੌਹਲ।

***

# ਚਾਚੇ ਨਾਲ ਜਾਣ-ਪਛਾਣ ਦਾ ਕਿੱਸਾ

## ਗੁਰਸੇਵਕ ਸਿੰਘ ਧੌਲਾ

ਜਨਮੇਜਾ ਸਿੰਘ ਜੌਹਲ ਨੂੰ ਅਸੀਂ ਸਾਰੇ "ਚਾਚਾ" ਕਹਿੰਦੇ ਹਾਂ। "ਅਸੀਂ ਸਾਰੇ" ਤੋਂ ਭਾਵ "ਪੰਜਾਬੀ ਲੋਕਧਾਰਾ" ਗਰੁੱਪ ਵਾਲੇ। 2013 ਵਿੱਚ ਸੋਸ਼ਲ ਮੀਡੀਆ ਜ਼ੋਰ ਫੜ ਰਿਹਾ ਸੀ। ਅਸੀਂ ਕੁਝ ਦੋਸਤਾਂ ਨੇ ਸਲਾਹ ਕੀਤੀ ਕਿ ਅਸੀਂ ਉਨ੍ਹਾਂ ਲੋਕਾਂ ਨੂੰ ਇਸ ਸੰਸਥਾ ਨਾਲ ਜੋੜੀਏ, ਜਿਹੜੇ ਕੁਦਰਤ-ਪ੍ਰੇਮੀ ਹੋਣ ਅਤੇ ਪੰਜਾਬੀ ਭਾਸ਼ਾ ਤੇ ਲਿਪੀ ਲਈ ਦਿਲੋਂ ਕੰਮ ਕਰਨ ਦੀ ਮਨਸਾ ਰੱਖਦੇ ਹੋਣ। ਚਾਚੇ ਵਿੱਚ ਇਹ ਸਾਰੇ ਗੁਣ ਹਨ। ਅਸੀਂ ਪਹਿਲ ਦੇ ਆਧਾਰ 'ਤੇ ਚਾਚੇ ਨੂੰ ਆਪਣੇ ਨਾਲ ਜੋੜ ਲਿਆ। ਉਸ ਵੇਲੇ ਤੋਂ ਲੈ ਕੇ ਅੱਜ ਤੱਕ ਚਾਚਾ ਸਾਡੇ ਸਾਰੇ ਸਮਾਜਿਕ ਕੰਮਾਂ ਵਿੱਚ ਸਲਾਹਕਾਰ ਵਜੋਂ ਸਾਡੇ ਨਾਲ ਜੁੜਿਆ ਹੋਇਆ ਹੈ।

1997 ਵਿੱਚ ਮੈਂ ਇੱਕ ਪ੍ਰਾਈਵੇਟ ਉਦਯੋਗ ਵਿੱਚ ਕੰਮ ਕਰਦਾ ਸੀ। ਇੱਕ ਦਿਨ ਮੈਂ ਤੇ ਮੇਰਾ ਦੋਸਤ ਸੁਖਵਿੰਦਰ ਸਿੰਘ ਸਿੱਧੂ ਕੰਮ ਦੇ ਅਕੇਵੇਂ ਤੋਂ ਰਾਹਤ ਪਾਉਣ ਲਈ ਖੇਤਾਂ ਵਿੱਚ ਤੁਰਨ-ਫਿਰਨ ਚਲੇ ਗਏ। ਅਸੀਂ ਆਲੂਆਂ ਦੇ ਖੇਤ ਵਿੱਚ ਰੀਲ੍ਹ ਵਾਲੇ ਕੈਮਰੇ ਨਾਲ ਫ਼ੋਟੋਆਂ ਖਿੱਚ ਰਹੇ ਸੀ। ਦੋਸਤ ਦੀ ਫ਼ੋਟੋ ਨੂੰ ਫਰੇਮ ਵਿੱਚ ਫਿੱਟ ਕਰਨ ਲਈ ਮੈਂ ਪਿੱਛੇ ਹਟਦਾ-ਹਟਦਾ ਵੱਟ ਵਿੱਚ ਅੜ੍ਹ ਕੇ ਡਿੱਗ ਪਿਆ। ਸੱਟ ਤਾਂ ਨਹੀਂ ਲੱਗੀ, ਪਰ ਕੱਪੜੇ ਖ਼ਰਾਬ ਹੋ ਗਏ। ਦੋਸਤ ਮੈਨੂੰ ਉਠਾਉਂਦਾ ਹੋਇਆ ਹੱਸਦਾ ਜਾ ਰਿਹਾ ਸੀ। ਉਹ ਬੋਲਿਆ, "ਕਿਉਂ, ਦੇਖ ਲਿਆ ਤਜਰਬਾ! ਵੱਡਾ ਬਣਦਾ ਸੀ ਜਨਮੇਜਾ ਜੌਹਲ।"

ਮੇਰੇ ਮਨ ਵਿੱਚ ਇਕਦਮ ਖ਼ਿਆਲ ਆਇਆ ਕਿ ਉਹ ਲੋਕ ਕਿੰਨੇ ਭਾਗਾਂ ਵਾਲੇ ਹੁੰਦੇ ਹਨ, ਜਿਨ੍ਹਾਂ ਨੂੰ ਦੁਨੀਆ ਜਾਣਦੀ ਹੈ। ਓਦੋਂ ਪੰਜਾਬੀ ਦੇ ਹਰ ਅਖ਼ਬਾਰ ਵਿੱਚ ਚਾਚੇ ਜੌਹਲ ਦੀਆਂ ਖਿੱਚੀਆਂ ਫ਼ੋਟੋਆਂ ਛਪਦੀਆਂ ਸਨ। ਤਕਰੀਬਨ ਸਾਰੀਆਂ ਫ਼ੋਟੋਆਂ ਵਿੱਚ ਕੋਈ ਨਾ ਕੋਈ

ਕੁਦਰਤੀ ਦ੍ਰਿਸ਼ ਦਿਖਾਇਆ ਹੁੰਦਾ ਸੀ। ਪੰਛੀਆਂ, ਨਦੀਆਂ-ਨਾਲਿਆਂ, ਰੁੱਖਾਂ, ਫੁੱਲਾਂ ਅਤੇ ਕੀਟ-ਪਤੰਗਿਆਂ ਨੂੰ ਫ਼ੋਟੋਆਂ ਰਾਹੀਂ ਮਾਨਤਾ ਦੇਣਾ ਸਧਾਰਨ ਜੀਵਨ ਵਾਲੇ ਲੋਕਾਂ ਦਾ ਕੰਮ ਨਹੀਂ ਹੁੰਦਾ। ਅਜਿਹੇ ਦ੍ਰਿਸ਼ ਉਨ੍ਹਾਂ ਲੋਕਾਂ ਨੂੰ ਚੰਗੇ ਲੱਗਦੇ ਹਨ, ਜਿਹੜੇ ਸੰਸਾਰਕ ਵਲੇਵਿਆਂ ਦੀ ਪਕੜ ਵਿੱਚ ਨਹੀਂ ਆਏ ਹੁੰਦੇ। ਅਜਿਹੇ ਲੋਕਾਂ ਨਾਲ ਨੇੜਤਾ ਰੱਖਈ ਸਾਡੇ ਜੀਵਨ ਨੂੰ ਤਣਾਅ-ਮੁਕਤ ਰੱਖਦੀ ਹੈ। ਮੈਂ ਉਸੇ ਵੇਲੇ ਮਨ ਵਿੱਚ ਵਸਾ ਲਿਆ ਕਿ ਜਨਮੇਜਾ ਸਿੰਘ ਜੌਹਲ ਨੂੰ ਮਿਲਣਾ ਹੈ। ਮੇਰੇ ਮਨ ਵਿੱਚ ਇਹ ਧੁੜਕੂ ਵੀ ਸੀ ਕਿ ਹੋ ਸਕਦਾ ਹੈ ਉਹ ਮੇਰੇ ਵਰਗੇ ਦਿਹਾੜੀਦਾਰ ਬੰਦੇ ਨੂੰ ਨਾ ਮਿਲਣ, ਪਰ ਬਾਅਦ ਵਿੱਚ ਇਹ ਮੇਰਾ ਭੁਲੇਖਾ ਨਿਕਲਿਆ।

ਮੈਂ ਕਈ ਅਖ਼ਬਾਰਾਂ ਅਤੇ ਸੰਪਾਦਕਾਂ ਨੂੰ ਚਾਚੇ ਦੀਆਂ ਫ਼ੋਟੋਆਂ ਦੀ ਤਾਰੀਫ਼ ਲਿਖ ਕੇ ਭੇਜੀ। ਮੈਂ ਚਾਹੁੰਦਾ ਸੀ ਕਿ ਮੇਰੀ ਕੋਈ ਚਿੱਠੀ ਛਪ ਜਾਵੇ, ਜਿਸ ਨੂੰ ਜੌਹਲ ਸਾਹਿਬ ਪੜ੍ਹ ਲੈਣ। ਜੇ ਚਿੱਠੀ ਛਪ ਜਾਂਦੀ, ਤਾਂ ਜਦੋਂ ਉਨ੍ਹਾਂ ਨੂੰ ਮਿਲਦਾ, ਉਨ੍ਹਾਂ ਨਾਲ ਗੱਲ ਕਰਨੀ ਸੌਖੀ ਹੋ ਜਾਂਦੀ। ਪਰ ਮੇਰੀ ਚਿੱਠੀ ਕਿਸੇ ਅਖ਼ਬਾਰ ਨੇ ਨਾ ਛਾਪੀ।

2009 ਵਿੱਚ ਪ੍ਰਸਿੱਧ ਸ਼ਖ਼ਸੀਅਤਾਂ ਨੂੰ ਸੋਸ਼ਲ ਮੀਡੀਆ 'ਤੇ ਦੇਖਣਾ ਅਤੇ ਉਨ੍ਹਾਂ ਨਾਲ ਨੇੜਤਾ ਬਣਾਉਣਾ ਸੌਖਾ ਹੋ ਗਿਆ। 2013 ਵਿੱਚ ਅਸੀਂ "ਪੰਜਾਬੀ ਲੋਕਧਾਰਾ" ਗਰੁੱਪ ਬਣਾ ਲਿਆ। ਇਸ ਦਾ ਮਕਸਦ ਉਨ੍ਹਾਂ ਲਫ਼ਜ਼ਾਂ ਦੀ ਵਰਤੋਂ ਨੂੰ ਨਵੀਂ ਪੀੜ੍ਹੀ ਤੱਕ ਲਿਆਉਣਾ ਸੀ, ਜਿਹੜੇ ਕਦੇ ਸਾਡੀ ਆਮ ਵਰਤੋਂ ਵਿੱਚ ਸਨ, ਪਰ ਜਿਨ੍ਹਾਂ ਦਾ ਪ੍ਰਚਲਨ ਹੁਣ ਘਟ ਰਿਹਾ ਸੀ। ਪੰਜਾਬੀ ਬੋਲੀ ਅਤੇ ਲਿਪੀ ਨੂੰ ਹੁਲਾਰਾ ਦੇਣ ਲਈ ਅਸੀਂ ਉਨ੍ਹਾਂ ਲੋਕਾਂ ਨੂੰ ਇੱਕ ਮੰਚ 'ਤੇ ਲਿਆਉਣਾ ਚਾਹੁੰਦੇ ਸੀ, ਜਿਹੜੇ ਇਸ ਮਸਲੇ ਨੂੰ ਸਮਝਦੇ ਸਨ। ਚਾਚੇ ਜੌਹਲ ਵਿੱਚ ਇਹ ਸਾਰੇ ਗੁਣ ਸਨ ਅਤੇ ਉਨ੍ਹਾਂ ਦੀ ਸਮਾਜਿਕ ਜਾਣ-ਪਛਾਣ ਤੋਂ ਫ਼ਾਇਦਾ ਲਿਆ ਜਾ ਸਕਦਾ ਸੀ। ਅਜਿਹੀਆਂ ਹੋਰ ਵੀ ਕਈ ਸ਼ਖ਼ਸੀਅਤਾਂ ਸਨ, ਜਿਨ੍ਹਾਂ ਨਾਲ ਨੇੜਤਾ ਸਾਡੇ ਮੰਤਵ ਦੀ ਪੂਰਤੀ ਵਿੱਚ ਸਹਾਈ ਹੋ ਸਕਦੀ ਸੀ।

ਇਨ੍ਹਾਂ ਸਾਰਿਆਂ ਨੂੰ ਮਿਲਣ ਲਈ ਅਸੀਂ 13 ਮਾਰਚ 2016 ਨੂੰ ਬਰਨਾਲਾ ਵਿੱਚ ਇੱਕ ਸਮਾਗਮ ਰੱਖਿਆ। ਇਸ ਸਮਾਗਮ ਵਿੱਚ ਜੌਹਲ ਸਾਹਿਬ ਆਏ। ਉਹ ਬਿਨਾਂ ਕਿਸੇ ਸ਼ੋਅ-ਕੈਂਅ ਤੋਂ ਸਭ ਨੂੰ ਮਿਲੇ। ਉਨ੍ਹਾਂ ਦੀ ਸਾਦਗੀ ਸਾਨੂੰ ਸਭ ਨੂੰ ਬਹੁਤ ਵਧੀਆ ਲੱਗੀ। ਇਸ ਦਿਨ ਉਨ੍ਹਾਂ ਦੀ ਕਿਤਾਬ "ਮੁਹੱਬਤੀ ਬੋਲੀਆਂ" ਰਿਲੀਜ਼ ਕੀਤੀ ਗਈ। ਜੌਹਲ ਸਾਹਿਬ ਨੇ ਮੰਚ ਤੋਂ ਜਿਹੜੇ ਵਿਚਾਰ ਸਾਂਝੇ ਕੀਤੇ, ਉਹ ਸਾਰੇ ਫ਼ਿਕਰਾਂ ਨੂੰ ਮੁਕਾਉਣ ਵਾਲੇ ਸਨ। ਸਾਨੂੰ ਸਮਝ ਆ ਗਈ ਕਿ ਤੇਜ਼ੀ ਨਾਲ ਚੱਲਣ ਦੀ ਥਾਂ ਸਹਿਜ ਨਾਲ ਚੱਲਣ ਵਿੱਚ ਸਾਨੂੰ ਜ਼ਿਆਦਾ ਫ਼ਾਇਦਾ ਹੈ।

ਅਸੀਂ ਜਦੋਂ ਵੀ "ਪੰਜਾਬੀ ਲੋਕਧਾਰਾ ਦਾ ਮੇਲਾ ਜਾਂ ਮਿਲਈ ਰੱਖਦੇ, ਤਾਂ ਚਾਚੇ ਨਾਲ ਸਭ ਤੋਂ ਪਹਿਲਾਂ ਸਲਾਹ ਕਰਦੇ। ਕੋਈ ਵੱਡਾ ਸੰਸਾ ਹੁੰਦਾ, ਤਾਂ ਚਾਚੇ ਨੇ ਕਹਿਣਾ, "ਤਾਂ ਕੀ ਆ" ਚਾਚੇ ਦੇ ਇਹ ਤਿੰਨ ਕਹਿਰੇ ਸ਼ਬਦ ਸਾਨੂੰ ਹੌਸਲਾ ਦਿੰਦੇ। ਜਦੋਂ ਅਸੀਂ ਆਪਣੇ ਗਰੁੱਪ "ਪੰਜਾਬੀ ਲੋਕਧਾਰਾ" ਨੂੰ ਚੰਗੀ ਤਰ੍ਹਾਂ ਰਾਹ 'ਤੇ ਪਾ ਲਿਆ, ਤਾਂ ਹਰ ਸਾਲ ਛਪਣ ਵਾਲੇ ਕੈਲੰਡਰ 'ਤੇ ਕਈ ਵਾਰ ਚਾਚੇ ਦੀ ਖਿੱਚੀ ਫ਼ੋਟੋ ਲਾਈ। ਕੋਈ ਕਿਤਾਬ ਛਪਵਾਉਣੀ ਜਾਂ ਰਿਲੀਜ਼ ਕਰਨੀ ਹੁੰਦੀ, ਤਾਂ ਸਾਡੇ ਨਾਲੋਂ ਵੱਧ ਫ਼ਿਕਰ ਚਾਚੇ ਜੌਹਲ ਨੂੰ ਹੁੰਦਾ।

ਚਾਚਾ ਜੌਹਲ ਮਸਤ-ਮੌਲਾ ਆਦਮੀ ਹੈ। ਗਲੀ ਵਿੱਚ ਖੇਡਦੇ ਨਿਆਣੇ ਤੋਂ ਲੈ ਕੇ ਮੁੱਖ ਮੰਤਰੀ ਤੱਕ, ਉਸ ਲਈ ਸਭ ਇਕੋ ਜਿਹੇ ਹਨ। ਹਰ ਸੋਚ ਦੇ ਲੋਕਾਂ ਨਾਲ ਘੁਲ-ਮਿਲ ਜਾਣਾ ਉਨ੍ਹਾਂ ਦੇ ਸੁਭਾਅ ਦਾ ਹਿੱਸਾ ਹੈ। ਉਹ ਹਾਥੀ ਵਾਂਗ ਆਪਣੀ ਚਾਲ ਚੱਲ ਰਹੇ ਹਨ। ਆਲੇ-ਦੁਆਲੇ ਉਨ੍ਹਾਂ ਬਾਰੇ ਕੀ ਕੁਝ ਹੋ ਰਿਹਾ ਹੈ, ਇਸ ਵਿੱਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਹੁੰਦੀ। ਕੋਈ ਚੁਗ਼ਲਖ਼ੋਰ ਉਨ੍ਹਾਂ ਕੋਲ ਕਿਸੇ ਦੀ ਚੁਗ਼ਲੀ ਕਰੇ, ਤਾਂ ਉਹ ਕਹਿੰਦੇ ਹਨ, "ਤਾਂ ਕੀ ਆ"

***

# ਤਾਜ਼ੀ ਚਾਹ

# ਕੁਲਵਿੰਦਰ ਕੌਰ ਕਿਰਨ

ਜਨਮੇਜਾ ਜੌਹਲ ਜੀ ਬਾਰੇ ਲਿਖਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਜੌਹਲ ਜੀ ਬਹੁ-ਪ੍ਰਭਾਵੀ ਸ਼ਖ਼ਸੀਅਤ ਦੇ ਮਾਲਕ ਹਨ। ਸਾਦਗੀ ਅਤੇ ਸੱਚਾਈ ਉਹਨਾਂ ਦੇ ਵਿਸ਼ੇਸ਼ ਗੁਣ ਹਨ। ਨਿਰਸੁਆਰਥ ਸੇਵਾ ਕਰਨਾ ਵੀ ਉਹਨਾਂ ਦੇ ਹਿੱਸੇ ਆਇਆ ਹੈ।

ਘੁੰਮੱਕੜ ਸੁਭਾਅ ਹੋਣ ਕਰਕੇ ਉਹ ਹਰ ਦੇਸ਼-ਪ੍ਰਦੇਸ਼ ਦੀ ਯਾਤਰਾ ਕਰਦੇ ਰਹਿੰਦੇ ਹਨ ਅਤੇ ਆਪਣੇ ਵਿਲੱਖਣ ਤਜਰਬੇ ਲੋਕਾਂ ਨਾਲ ਸਾਂਝੇ ਕਰਦੇ ਹਨ। ਉਹ ਬਹੁ-ਵਿਧਾਵੀ ਲੇਖਕ ਵੀ ਹਨ। ਸ਼ਮੀਰੋ ਜਿਹੀ ਕਿਤਾਬ ਵਿੱਚ ਉਹਨਾਂ ਨੇ ਆਪਣੀ ਜ਼ਿੰਦਗੀ ਵਿੱਚ ਆਈ ਹਰ ਔਰਤ ਦਾ ਬੇਝਿਜਕ ਹੋ ਕੇ ਜ਼ਿਕਰ ਕੀਤਾ ਹੈ।

ਕੰਪਿਊਟਰ ਬਾਰੇ ਅਲੱਗ-ਅਲੱਗ ਅਤੇ ਜ਼ਿਕਰਯੋਗ ਜਾਣਕਾਰੀ ਉਹ ਸਮੇਂ-ਸਮੇਂ 'ਤੇ ਸਾਰਿਆਂ ਨਾਲ ਸਾਂਝੀ ਕਰਦੇ ਰਹਿੰਦੇ ਹਨ। ਮੈਨੂੰ ਉਹਨਾਂ ਦੀ ਇੱਕ ਗੱਲ ਹਮੇਸ਼ਾਂ ਯਾਦ ਰਹਿੰਦੀ ਹੈ। ਜੌਹਲ ਸਾਹਿਬ ਜੀ ਦਾ ਕਹਿਣਾ ਹੈ ਕਿ ਜਦੋਂ ਵੀ ਸਫ਼ਰ 'ਤੇ ਜਾਓ ਅਤੇ ਰਸਤੇ ਵਿੱਚ ਚਾਹ ਪੀਈ ਹੋਵੇ ਤਾਂ ਕਹੋ ਕਿ ਫਿੱਕੀ ਚਾਹ ਚਾਹੀਦੀ ਹੈ। ਜਦੋਂ ਚਾਹ ਬਣ ਜਾਵੇ ਤਾਂ ਭਾਵੇਂ ਆਪਣੇ ਕੋਲ ਰੱਖੀ ਚੀਨੀ ਮਿਕਸ ਕਰ ਲਵੋ ਅਤੇ ਆਨੰਦ ਨਾਲ ਪੀਓ। ਇਸ ਦਾ ਫਾਇਦਾ ਇਹ ਹੈ ਕਿ ਮਿੱਠੀ ਚਾਹ ਤਾਂ ਪਹਿਲਾਂ ਦੀ ਬਣੀ ਪਈ ਹੁੰਦੀ ਹੈ, ਪਰ ਫਿੱਕੀ ਚਾਹ ਹਮੇਸ਼ਾਂ ਤਾਜ਼ੀ ਮਿਲਦੀ ਹੈ।

ਪੰਜਾਬੀ ਸਾਹਿਤ ਜਗਤ ਵਿੱਚ ਆਪ ਦਾ ਨਾਮ ਜ਼ਿਕਰਯੋਗ ਹੈ। ਸਵਰਗਵਾਸੀ ਪਤਨੀ ਦੀ ਯਾਦ ਵਿੱਚ ਬਣਾਏ 'ਪਿੰਕੀ ਹਰਬਲ ਗਾਰਡਨ' ਵਿੱਚ ਉਹ ਹਰ ਕਿਸਮ ਦੇ ਬੂਟੇ ਉਗਾਉਂਦੇ ਹਨ, ਉਹਨਾਂ ਦੀ ਦੇਖਭਾਲ ਕਰਦੇ ਹਨ ਅਤੇ ਆਪਣੇ ਦੋਸਤਾਂ ਵਿੱਚ ਵੀ ਬੂਟੇ ਵੰਡਦੇ ਰਹਿੰਦੇ ਹਨ। ਤਾਜ਼ੀਆਂ ਸਬਜ਼ੀਆਂ ਅਤੇ ਤਾਜ਼ੇ ਫਲ ਖਾ ਕੇ ਹਮੇਸ਼ਾਂ ਤਰੋ-ਤਾਜ਼ਾ ਰਹਿੰਦੇ

ਹਨ।

ਜੌਹਲ ਜੀ ਬਾਰੇ ਲਿਖਣਾ ਸੂਰਜ ਨੂੰ ਦੀਵਾ ਦਿਖਾਉਣ ਦੇ ਬਰਾਬਰ ਹੈ। ਜੌਹਲ ਜੀ ਫੱਕੜ ਤਬੀਅਤ ਦੇ ਮਾਲਕ ਹਨ। ਪਰਮਾਤਮਾ ਉਹਨਾਂ ਨੂੰ ਹਮੇਸ਼ਾਂ ਚੜ੍ਹਦੀ ਕਲਾ ਅਤੇ ਲੰਬੀ ਜ਼ਿੰਦਗੀ ਬਖ਼ਸ਼ੇ।

***

# ਚਾਰ ਦਹਾਕਿਆਂ ਦੀ ਦੋਸਤੀ

## ਹਰਿੰਦਰ ਸਿੰਘ ਢਿੱਲੋਂ

**ਸ਼ੁਰੂਆਤੀ ਦਿਨ, ਕਲੱਬ-35 ਅਤੇ 1980 ਦੇ ਸ਼ੁਰੂਆਤੀ ਸਾਲ**

ਮੇਰਾ ਫੋਟੋਗਰਾਫੀ ਦੇ ਸੰਸਾਰ ਵਿੱਚ ਸਫਰ 1980 ਦੇ ਸ਼ੁਰੂਆਤੀ ਸਾਲਾਂ ਵਿੱਚ ਸ਼ੁਰੂ ਹੋਇਆ-ਇੱਕ ਐਸਾ ਦੌਰ ਜਿਸ ਨੇ ਮੇਰੀ ਰਚਨਾਤਮਕ ਅਤੇ ਪੇਸ਼ਾਵਰ ਪਛਾਣ ਨੂੰ ਗਹਿਰਾਈ ਨਾਲ ਘੜਿਆ। ਸਾਲ 1983 ਅਤੇ 1984 ਅੱਜ ਵੀ ਮੇਰੀ ਯਾਦਾਂ ਵਿੱਚ ਤਾਜ਼ਾ ਹਨ, ਕਿਉਂਕਿ ਇਸੇ ਸਮੇਂ ਮੈਂ ਪਹਿਲੀ ਵਾਰ ਪੰਜਾਬੀ ਭਵਨ, ਲੁਧਿਆਣਾ ਵਿਖੇ ਕਲੱਬ- 35 ਵਿੱਚ ਦਾਖਲ ਹੋਇਆ।

ਉੱਥੇ ਮੇਰੀ ਮੁਲਾਕਾਤ ਜਨਮੇਜਾ ਸਿੰਘ ਜੌਹਲ ਨਾਲ ਹੋਈ, ਜੋ ਕਲੱਬ-35 ਦੇ ਦੂਰਦਰਸ਼ੀ ਸੰਸਥਾਪਕ ਅਤੇ ਇਸਦੀ ਲੰਬੇ ਸਮੇਂ ਤੱਕ ਚੱਲਦੀ ਆ ਰਹੀ ਵਿਰਾਸਤ ਦੇ ਮਾਰਗਦਰਸ਼ਕ ਸਨ। ਉਹ ਕੇਵਲ ਇੱਕ ਮਾਹਿਰ ਫੋਟੋਗਰਾਫਰ ਹੀ ਨਹੀਂ ਸਨ, ਸਗੋਂ ਅਸਲ ਮਾਇਨਿਆਂ ਵਿੱਚ ਇੱਕ ਮੈਨਟਰ ਸਨ, ਅਨੁਸ਼ਾਸਿਤ, ਧੀਰਜਵਾਨ, ਆਪਣਾ ਗਿਆਨ ਖੁੱਲ੍ਹੇ ਦਿਲ ਨਾਲ ਸਾਂਝਾ ਕਰਨ ਵਾਲੇ ਅਤੇ ਨੌਜਵਾਨ ਪ੍ਰਤਿਭਾਵਾਂ ਨੂੰ ਨਿਖਾਰਨ ਲਈ ਹਮੇਸ਼ਾਂ ਸਮਰਪਿਤ।

ਸ਼੍ਰੀ ਜੌਹਲ ਵਿੱਚ ਕਲਾਤਮਕ ਸੰਵੇਦਨਸ਼ੀਲਤਾ ਅਤੇ ਸੰਗਠਨਾਤਮਕ ਨੇਤ੍ਰਿਤਵ ਦਾ ਅਨੋਖਾ ਮਿਲਾਪ ਸੀ। ਉਨ੍ਹਾਂ ਨੇ ਕੇਵਲ ਇੱਕ ਕਲੱਬ ਨਹੀਂ ਬਣਾਇਆ, ਸਗੋਂ ਇੱਕ ਐਸੀ ਸੰਸਕ੍ਰਿਤੀ ਦੀ ਸਥਾਪਨਾ ਕੀਤੀ ਜੋ ਰਚਨਾਤਮਕ ਆਲੋਚਨਾ, ਆਪਸੀ ਸਤਿਕਾਰ ਅਤੇ ਉੱਤਮਤਾ ਦੀ ਨਿਰੰਤਰ ਖੋਜ 'ਤੇ ਆਧਾਰਿਤ ਸੀ। ਉਨ੍ਹਾਂ ਦੀਆਂ ਬੈਠਕਾਂ ਸਿਰਫ਼ ਤਕਨੀਕੀ ਸਿੱਖਿਆ ਤੱਕ ਸੀਮਿਤ ਨਹੀਂ ਹੁੰਦੀਆਂ ਸਨ, ਉਹ ਨਿਰੀਖਣ, ਨਿਮਰਤਾ, ਸੁੰਦਰਤਾ ਬੋਧ ਅਤੇ ਜੀਵਨ ਦੇ ਪਾਠ ਵੀ ਹੁੰਦੇ ਸਨ। ਉਹ ਮੰਨਦੇ ਸਨ ਕਿ ਇੱਕ ਫੋਟੋਗਰਾਫਰ ਨੂੰ ਤਸਵੀਰ ਕੈਦ ਕਰਨ ਤੋਂ ਪਹਿਲਾਂ

“ਦੇਖਣਾ” ਸਿੱਖਣਾ ਚਾਹੀਦਾ ਹੈ, ਅਤੇ ਇਹ ਸੋਚ ਅੱਜ ਤੱਕ ਮੇਰੇ ਨਾਲ ਜੁੜੀ ਹੋਈ ਹੈ।

ਉਨ੍ਹਾਂ ਦੀ ਮਾਰਗਦਰਸ਼ਨ ਹੇਠ ਮੈਂ ਇੱਕ ਉਤਸ਼ਾਹੀ ਸ਼ੁਰੂਆਤੀ ਵਿਦਿਆਰਥੀ ਤੋਂ ਇੱਕ ਵਿਸ਼ਵਾਸਯੋਗ ਕਲਾ- ਸਾਧਕ ਵਜੋਂ ਵਿਕਸਿਤ ਹੋਇਆ। ਜੋ ਤਕਨੀਕੀ ਬੁਨਿਆਦ ਅਤੇ ਕਲਾਤਮਕ ਅਨੁਸ਼ਾਸਨ ਮੈਂ ਹਾਸਲ ਕੀਤਾ, ਉਹ ਸਾਰਾ ਉਨ੍ਹਾਂ ਦੀ ਧੀਰਜਪੂਰਣ ਸਿੱਖਿਆ ਅਤੇ ਕਲੱਬ-35 ਦੀ ਸਾਂਝੀ ਰੂਹ ਦਾ ਨਤੀਜਾ ਸੀ।

ਅਕਾਦਮਿਕ ਸਫਲਤਾ ਅਤੇ ਕਲਾਤਮਕ ਵਿਕਾਸ

ਕਲੱਬ-35 ਵਿੱਚ ਬਿਤਾਏ ਸ਼ੁਰੂਆਤੀ ਸਾਲਾਂ ਦੌਰਾਨ ਜੋ ਅਨੁਸ਼ਾਸਨ ਅਤੇ ਸਪਸ਼ਟ ਦ੍ਰਿਸ਼ਟੀ ਮੈਨੂੰ ਮਿਲੀ, ਉਹ ਮੇਰੇ ਨਾਲ ਉਸ ਵੇਲੇ ਵੀ ਰਹੀ ਜਦੋਂ ਮੈਂ 1986 ਤੋਂ 1990 ਤੱਕ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਵਿੱਚ ਪੜ੍ਹਾਈ ਕੀਤੀ।

ਆਪਣੇ ਸਮੇਂ ਦੌਰਾਨ ਮੈਂ ਵੱਖ-ਵੱਖ ਕਾਲਜ ਮੇਲਿਆਂ ਵਿੱਚ ਫੋਟੋਗਰਾਫੀ ਮੁਕਾਬਲਿਆਂ ਵਿੱਚ ਸਰਗਰਮ ਹਿੱਸਾ ਲਿਆ ਅਤੇ ਅਕਸਰ ਉੱਚ ਸਨਮਾਨ ਹਾਸਲ ਕੀਤੇ। ਹਰ ਇਨਾਮ ਸਿਰਫ਼ ਨਿੱਜੀ ਉਪਲਬਧੀ ਨਹੀਂ ਸੀ, ਸਗੋਂ ਉਹ ਮਜ਼ਬੂਤ ਬੁਨਿਆਦ ਦਾ ਪ੍ਰਮਾਣ ਸੀ ਜੋ ਸ੍ਰੀ ਜੌਹਲ ਦੀ ਮਾਰਗਦਰਸ਼ਨ ਹੇਠ ਤਿਆਰ ਹੋਈ ਸੀ। ਉਨ੍ਹਾਂ ਦੀ ਸਿੱਖਿਆ ਨੇ ਮੈਨੂੰ ਕੇਵਲ ਹੁਨਰ ਹੀ ਨਹੀਂ, ਸਗੋਂ ਆਤਮਵਿਸ਼ਵਾਸ ਅਤੇ ਸੰਤੁਲਨ ਵੀ ਬਖ਼ਸ਼ਿਆ।

ਪੇਸ਼ਾਵਰ ਕਲਾਤਮਕ ਸੋਚ

ਜਦੋਂ ਮੈਂ ਆਪਣੇ ਪੇਸ਼ਾਵਰ ਜੀਵਨ ਵੱਲ ਮੁੜ ਕੇ ਵੇਖਦਾ ਹਾਂ, ਜੋ ਆਖ਼ਿਰਕਾਰ ਲੋਕ ਨਿਰਮਾਣ ਵਿਭਾਗ, ਲੁਧਿਆਣਾ ਤੋਂ ਸੁਪਰਿੰਟੈਂਡਿੰਗ ਇੰਜੀਨੀਅਰ ਵਜੋਂ ਰਿਟਾਇਰਮੈਂਟ ਨਾਲ ਸੰਪੰਨ ਹੋਇਆ, ਤਾਂ ਮੈਂ ਸਮਝਦਾ ਹਾਂ ਕਿ ਫੋਟੋਗਰਾਫੀ ਨੇ ਮੇਰੇ ਇੰਜੀਨੀਅਰਿੰਗ ਕਰੀਅਰ ਨੂੰ ਕਿੰਨੀ ਗਹਿਰਾਈ ਨਾਲ ਪ੍ਰਭਾਵਿਤ ਕੀਤਾ।

ਫੋਟੋਗਰਾਫੀ ਨੇ ਮੇਰੀ ਨਿਰੀਖਣ ਸ਼ਕਤੀ ਨੂੰ ਨਿਖਾਰਿਆ, ਯਾਦਸ਼ਕਤੀ ਨੂੰ ਤੇਜ਼ ਕੀਤਾ ਅਤੇ ਬਾਰੀਕੀਆਂ 'ਤੇ ਧਿਆਨ ਦੇਣ ਦੀ ਆਦਤ ਪੈਦਾ ਕੀਤੀ, ਜੋ ਕਿ ਇੰਜੀਨੀਅਰਿੰਗ ਲਈ ਬਹੁਤ ਜ਼ਰੂਰੀ ਗੁਣ ਹਨ। ਤਸਵੀਰ ਦੇ ਫਰੇਮ ਵਿੱਚ ਸੰਰਚਨਾ, ਅਨੁਪਾਤ ਅਤੇ ਸੰਤੁਲਨ ਨੂੰ ਦੇਖਣ ਦੀ ਸਮਰਥਾ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਯੋਜਨਾ, ਕਾਰਜਾਨਵੈਨ ਅਤੇ ਨਿਗਰਾਨੀ ਵਿੱਚ ਸੁਗਮ ਤੌਰ 'ਤੇ ਪਰਿਵਰਤਿਤ ਹੋ ਗਈ।

ਇੱਕ ਤਰ੍ਹਾਂ ਨਾਲ, ਸ੍ਰੀ ਜੌਹਲ ਦੁਆਰਾ ਪਾਲਿਆ ਗਿਆ ਕਲਾਕਾਰ ਉਸ ਇੰਜੀਨੀਅਰ ਨੂੰ ਹੋਰ ਮਜ਼ਬੂਤ ਬਣਾਉਂਦਾ ਗਿਆ ਜੋ ਮੈਂ ਆਗੇ ਚੱਲ ਕੇ ਬਣਿਆ।

ਵਿਸ਼ਵ ਯਾਤਰਾਵਾਂ ਅਤੇ ਸਾਂਝੇ ਅਨੁਭਵ

ਪਿਛਲੇ ਚਾਰ ਦਹਾਕਿਆਂ ਵਿੱਚ ਮੇਰਾ ਸ੍ਰੀ ਜੌਹਲ ਨਾਲ ਸੰਬੰਧ ਗਹਿਰੇ ਸਤਿਕਾਰ ਅਤੇ ਲੰਬੇ ਸਮੇਂ ਦੀ ਦੋਸਤੀ ਵਿੱਚ ਬਦਲ ਗਿਆ ਹੈ। ਬਹੁਪੱਖੀ ਪ੍ਰਤਿਭਾ, ਬੌਧਿਕ ਗਹਿਰਾਈ ਅਤੇ ਨਿਮਰ ਸੁਭਾਵ ਵਾਲੇ ਉਹ ਅੱਜ ਵੀ ਆਪਣੇ ਕੰਮ ਅਤੇ ਵਿਅਕਤਿਤਵ ਰਾਹੀਂ ਪ੍ਰੇਰਿਤ ਕਰਦੇ ਹਨ।

2011 ਵਿੱਚ ਸੱਭਿਆਚਾਰ ਅਤੇ ਭਾਈਚਾਰੇ ਪ੍ਰਤੀ ਸਾਂਝੇ ਜਜ਼ਬੇ ਨੇ ਸਾਨੂੰ ਪ੍ਰਿੰਸ ਜਾਰਜ, ਬ੍ਰਿਟਿਸ਼ ਕੋਲੰਬੀਆ ਤੱਕ ਲੈ ਗਿਆ, ਜਿੱਥੇ ਅਸੀਂ ਵਰਲਡ ਪੰਜਾਬੀ ਕਾਨਫਰੰਸ ਵਿੱਚ ਹਾਜ਼ਰੀ ਭਰੀ। ਸਾਡੇ ਰਹਿਣ ਦੀ ਵਿਵਸਥਾ ਯੂਨੀਵਰਸਿਟੀ ਆਫ ਨਾਰਦਰਨ ਬ੍ਰਿਟਿਸ਼ ਕੋਲੰਬੀਆ ਵਿੱਚ ਸੀ।

ਬ੍ਰਿਟਿਸ਼ ਕੋਲੰਬੀਆ ਦੇ ਸੁੰਦਰ ਦ੍ਰਿਸ਼ਾਂ ਵਿਚੋਂ ਲੰਘਦਾ ਸਾਡਾ ਸੜਕ-ਸਫਰ ਸਿਰਫ਼ ਯਾਤਰਾ ਨਹੀਂ ਸੀ, ਇਹ ਉਸ ਸਿੱਖਣ ਦੀ ਪ੍ਰਕਿਰਿਆ ਦੀ ਹੀ ਤਸੱਲੀਬਖ਼ਸ਼ ਲੜੀ ਸੀ ਜੋ ਦਹਾਕਿਆਂ ਪਹਿਲਾਂ ਸ਼ੁਰੂ ਹੋਈ ਸੀ। ਚਾਲੀ ਸਾਲਾਂ ਬਾਅਦ ਵੀ ਮੈਂ ਆਪਣੇ ਆਪ ਨੂੰ ਉਨ੍ਹਾਂ ਦੇ ਅਨੁਭਵ ਅਤੇ ਦ੍ਰਿਸ਼ਟੀਕੋਣ ਤੋਂ ਸਿੱਖਦਾ ਹੋਇਆ ਪਾਇਆ। ਸਿੱਖਣ ਪ੍ਰਤੀ

ਉਨ੍ਹਾਂ ਦਾ ਜੋਸ਼ ਕਦੇ ਘੱਟ ਨਹੀਂ ਹੋਇਆ, ਅਤੇ ਜਿਗਿਆਸੂ, ਰਚਨਾਤਮਕ ਅਤੇ ਖੁੱਲ੍ਹੇ ਮਨ ਵਾਲੇ ਰਹਿਣ ਦੀ ਉਨ੍ਹਾਂ ਦੀ ਸਮਰਥਾ ਸ਼ਾਇਦ ਉਨ੍ਹਾਂ ਦੀ ਸਭ ਤੋਂ ਪ੍ਰਸ਼ੰਸਨੀਯ ਖੂਬੀ ਹੈ।

ਪ੍ਰੇਰਣਾ ਦੀ ਇੱਕ ਵਿਰਾਸਤ

ਸ਼੍ਰੀ ਜੌਹਲ ਨੂੰ ਵਿਲੱਖਣ ਬਣਾਉਂਦੀ। ਗੱਲ ਕੇਵਲ ਉਨ੍ਹਾਂ ਦੀ ਫੋਟੋਗਰਾਫੀ ਵਿੱਚ ਭੂਮਿਕਾ ਨਹੀਂ, ਸਗੋਂ ਉਹ ਅਨੇਕਾਂ ਜੀਵਨ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਚੁੱਪਚਾਪ ਪ੍ਰਭਾਵਿਤ ਕੀਤਾ ਹੈ। ਧੀਰਜ, ਹੌਸਲਾ-ਅਫਜ਼ਾਈ ਅਤੇ ਉੱਤਮਤਾ ਪ੍ਰਤੀ ਅਟੱਲ ਸਮਰਪਣ ਰਾਹੀਂ ਉਨ੍ਹਾਂ ਨੇ ਸਿੱਖਣ ਵਾਲੀਆਂ ਕਈ ਪੀੜ੍ਹੀਆਂ 'ਤੇ ਅਮਿੱਟ ਛਾਪ ਛੱਡੀ ਹੈ।

ਜਦੋਂ ਮੈਂ ਚਾਰ ਦਹਾਕਿਆਂ ਤੋਂ ਵੱਧ ਦੇ ਇਸ ਸਫਰ 'ਤੇ ਵਿਚਾਰ ਕਰਦਾ ਹਾਂ-ਇੱਕ ਨੌਜਵਾਨ ਫੋਟੋਗਰਾਫੀ ਪ੍ਰੇਮੀ ਤੋਂ ਲੈ ਕੇ ਇੱਕ ਰਿਟਾਇਰਡ ਇੰਜੀਨੀਅਰਿੰਗ ਪੇਸ਼ੇਵਰ ਤੱਕ-ਤਾਂ ਮੈਂ ਸਮਝਦਾ ਹਾਂ ਕਿ ਕੁਝ ਮਾਰਗਦਰਸ਼ਕ ਸਿਰਫ਼ ਕਰੀਅਰ ਹੀ ਨਹੀਂ, ਸਗੋਂ ਵਿਅਕਤਿਤਵ ਨੂੰ ਵੀ ਘੜਦੇ ਹਨ। ਜਨਮੇਜਾ ਸਿੰਘ ਜੌਹਲ ਅਤੇ ਕਲੱਬ-35 ਨਾਲ ਮੇਰਾ ਸੰਬੰਧ ਮੇਰੇ ਜੀਵਨ ਦੀਆਂ ਸਭ ਤੋਂ ਮਹੱਤਵਪੂਰਨ ਨੇਹਮਤਾਂ ਵਿੱਚੋਂ ਇੱਕ ਹੈ।

***

# ਪਰ ਦਿਲ ਕਦੇ ਦੂਰ ਨਹੀਂ ਹੋਏ

## ਹਿਰਦੇਪਾਲ ਕੌਰ

ਕਈ ਵਾਰੀ ਮੈਂ ਸੋਚਦੀ ਹਾਂ ਕਿ ਅਸੀਂ ਜ਼ਿੰਦਗੀ ਦੇ ਕਿਸ ਪੜਾਅ 'ਤੇ ਆ ਕੇ ਪਹੁੰਚ ਜਾਂਦੇ ਹਾਂ, ਜਿੱਥੇ ਇਹ ਬਹੁਤ ਸ਼ਿੱਦਤ ਨਾਲ ਮਹਿਸੂਸ ਹੁੰਦਾ ਹੈ ਕਿ ਇਨਸਾਨ ਆਪਣੇ ਪਿਛਲੇ ਕਰਮਾਂ ਦਾ ਫਲ ਇਸ ਜਨਮ ਵਿੱਚ ਭੋਗਦਾ ਹੈ, ਚਾਹੇ ਉਹ ਚੰਗਾ ਹੋਵੇ ਜਾਂ ਮਾੜਾ। ਇਸ ਕਰਕੇ ਸਾਡੀ ਜ਼ਿੰਦਗੀ ਵਿੱਚ ਕਈ ਵਾਰ ਅਜੇਹੇ ਲੋਕ ਆਉਂਦੇ ਹਨ, ਜਿਨ੍ਹਾਂ ਦਾ ਰੋਲ ਸਾਨੂੰ ਉਸ ਸਮੇਂ ਸਮਝ ਨਹੀਂ ਆਉਂਦਾ, ਪਰ ਬਾਅਦ ਵਿੱਚ ਅਹਿਸਾਸ ਹੁੰਦਾ ਹੈ ਕਿ ਉਹ ਸਾਡੀ ਜ਼ਿੰਦਗੀ ਵਿੱਚ ਕਿਸੇ ਖਾਸ ਮਕਸਦ ਲਈ ਆਏ ਸਨ।

ਜੇ ਮੈਂ 1976 ਦੀ ਗੱਲ ਕਰਾਂ, ਜਦੋਂ ਮੈਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੇ ਹੋਮ ਸਾਇੰਸ ਕਾਲਜ ਵਿੱਚ ਦਾਖਲਾ ਲਿਆ ਸੀ। ਉਸ ਵੇਲੇ ਯੂਨੀਵਰਸਿਟੀ ਵਿੱਚ ਐਥਲੈਟਿਕ ਮੀਟ ਹੋ ਰਹੀ ਸੀ। ਮੈਂ ਹਾਕੀ ਦੀ ਖਿਡਾਰਨ ਰਹੀ ਹਾਂ, ਪਰ ਉਸ ਦਿਨ ਅਸੀਂ ਟਰੈਕ ਇਵੈਂਟ ਵਿੱਚ ਹਿੱਸਾ ਲਿਆ। ਹੋਮ ਸਾਇੰਸ ਦੀ ਦੌੜ ਵਿੱਚ ਮੈਂ ਭਾਗ ਲਿਆ ਅਤੇ ਜਦੋਂ ਰੇਸ ਸਮਾਪਤ ਹੋਈ ਤਾਂ ਮੈਂ ਪਹਿਲਾ ਸਥਾਨ ਹਾਸਲ ਕੀਤਾ।

ਪਰ ਜਦੋਂ ਨਤੀਜਾ ਘੋਸ਼ਿਤ ਹੋਇਆ ਤਾਂ ਕਿਸੇ ਹੋਰ ਐਥਲੀਟ ਨੂੰ ਪਹਿਲੇ ਸਥਾਨ 'ਤੇ ਘੋਸ਼ਿਤ ਕਰ ਦਿੱਤਾ ਗਿਆ ਅਤੇ ਮੈਨੂੰ ਦੂਜੇ ਸਥਾਨ 'ਤੇ, ਜਦਕਿ ਮੈਂ ਅਸਲ ਵਿੱਚ ਪਹਿਲਾਂ ਆਈ ਸੀ। ਉੱਥੇ ਕਾਫੀ ਰੌਲਾ ਪਿਆ। ਉਮਰ ਛੋਟੀ ਸੀ, ਜ਼ਿਆਦਾ ਸਮਝ ਨਹੀਂ ਸੀ। ਮੈਂ ਬਹੁਤ ਦੁਖੀ ਹੋ ਕੇ ਸਾਡੇ ਡੀਨ ਡਾਕਟਰ ਸਾਹਿਬ ਕੋਲ ਜਾ ਕੇ ਕਿਹਾ ਕਿ ਮੈਂ ਇਹ ਮੈਡਲ ਨਹੀਂ ਲੈਣਾ।

ਕੁਝ ਲੋਕ ਕਹਿੰਦੇ ਸਨ ਕਿ ਮੇਰੇ ਨਾਲ ਨਿਆਂ ਨਹੀਂ ਹੋਇਆ, ਤੇ ਕੁਝ ਕਹਿੰਦੇ ਸਨ ਕਿ "ਅੱਗੇ ਹੋਰ ਰੇਸਾਂ ਜਿੱਤ ਕੇ ਵਿਖਾਵੀਂ।" ਉਸੇ ਦਿਨ

ਮੇਰੀ ਜ਼ਿੰਦਗੀ ਵਿੱਚ ਜਨਮੇਜਾ ਜੌਹਲ ਆਏ। ਉਹਨਾਂ ਨੂੰ ਫੋਟੋਗਰਾਫੀ ਦਾ ਬਹੁਤ ਸ਼ੌਕ ਸੀ ਅਤੇ ਉਹ ਬੇਹੱਦ ਵਧੀਆ ਦਰਜੇ ਦੀ ਫੋਟੋਗਰਾਫੀ ਕਰਦੇ ਸਨ।

ਮੈਂ ਉਹਨਾਂ ਨੂੰ ਬਿਲਕੁਲ ਨਹੀਂ ਜਾਣਦੀ ਸੀ। ਉਹ ਉਸ ਦਿਨ ਕਾਲਜ ਵਿੱਚ ਮੌਜੂਦ ਸਨ ਅਤੇ ਉਹਨਾਂ ਨੇ ਦੱਸਿਆ ਕਿ ਜਦੋਂ ਰੇਸ ਦੀ ਫਿਨਿਸ਼ ਹੋ ਰਹੀ ਸੀ, ਉਹਨਾਂ ਨੇ ਇੱਕ ਤਸਵੀਰ ਖਿੱਚੀ ਸੀ ਜਿਸ ਵਿੱਚ ਸਾਫ਼ ਦਿਖ ਰਿਹਾ ਸੀ ਕਿ ਮੈਂ ਸਭ ਤੋਂ ਪਹਿਲਾਂ ਫਿਨਿਸ਼ਿੰਗ ਟੇਪ ਨੂੰ ਛੂਹ ਰਹੀ ਸੀ। ਉਸ ਤਸਵੀਰ ਨਾਲ ਇਹ ਸਾਬਤ ਹੁੰਦਾ ਸੀ ਕਿ ਮੈਂ ਪਹਿਲੇ ਸਥਾਨ ‘ਤੇ ਆਈ ਸੀ।

ਉਹ ਗੱਲ ਉੱਥੇ ਹੀ ਰਹਿ ਗਈ। ਮੈਂ ਵੀ ਛੋਟੀ ਉਮਰ ਕਾਰਨ ਹੋਰ ਕੁਝ ਨਹੀਂ ਕਿਹਾ। ਡਰ ਵੀ ਲੱਗਦਾ ਸੀ ਕਿ ਕਿਤੇ ਮੇਰੇ ਖ਼ਿਲਾਫ਼ ਕੋਈ ਕਾਰਵਾਈ ਨਾ ਹੋ ਜਾਵੇ। ਪਰ ਉਸ ਦਿਨ ਤੋਂ ਜੋ ਸਫ਼ਰ ਸ਼ੁਰੂ ਹੋਇਆ, ਉਹ ਅੱਜ ਤੱਕ ਜਾਰੀ ਹੈ।

ਅੱਗੇ ਚੱਲ ਕੇ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਦੀਆਂ ਹੋਰ ਮੀਟਾਂ ਵਿੱਚ ਮੈਂ ਬਹੁਤ ਮਿਹਨਤ ਕੀਤੀ। ਜਨਮੇਜਾ ਜੀ ਉਸ ਵੇਲੇ ਮੇਰੀ ਜ਼ਿੰਦਗੀ ਵਿੱਚ ਇੱਕ ਬਹੁਤ ਵਧੀਆ ਰੋਲ ਨਿਭਾਉਣ ਆਏ। ਜਦੋਂ ਮੈਂ ਨਿਆਂ ਲਈ ਲੜ ਰਹੀ ਸੀ ਤੇ ਮੈਨੂੰ ਨਿਆਂ ਨਹੀਂ ਮਿਲ ਰਿਹਾ ਸੀ, ਉਸ ਵੇਲੇ ਉਹਨਾਂ ਦੀ ਹੌਸਲਾ ਅਫਜ਼ਾਈ ਅਤੇ ਸਹਿਯੋਗ ਮੇਰੇ ਲਈ ਬਹੁਤ ਮਾਇਨੇ ਰੱਖਦਾ ਸੀ।

ਸਮਾਂ ਬੀਤਦਾ ਗਿਆ ਅਤੇ ਸਾਡਾ ਰਿਸ਼ਤਾ ਹੋਰ ਵੀ ਪਿਆਰਾ ਤੇ ਮਜ਼ਬੂਤ ਬਣਦਾ ਗਿਆ। ਉਹਨਾਂ ਨੂੰ ਫੋਟੋਗਰਾਫੀ ਦਾ ਬਹੁਤ ਸ਼ੌਕ ਸੀ ਅਤੇ ਉਹਨਾਂ ਨੇ ਬੇਹੱਦ ਸੁੰਦਰ ਤਸਵੀਰਾਂ ਖਿੱਚੀਆਂ। ਇੱਕ ਵਾਰੀ ਉਹਨਾਂ ਨੇ ਇੰਗਲੈਂਡ ਵਿੱਚ ਵੀ ਇੱਕ ਐਗਜ਼ੀਬਿਸ਼ਨ ਵਿੱਚ ਆਪਣੀਆਂ ਤਸਵੀਰਾਂ ਲਗਾਈਆਂ, ਜਿੱਥੇ ਮੇਰੀ ਚਰਖੇ ਵਾਲੀ ਤਸਵੀਰ ਵੀ ਪ੍ਰਦਰਸ਼ਿਤ ਕੀਤੀ ਗਈ ਸੀ।

ਫਿਰ ਮੈਂ ਯੂਨੀਵਰਸਿਟੀ ਛੱਡ ਕੇ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਲਈ ਅਤੇ ਬਾਅਦ ਵਿੱਚ ਡਾਇਰੈਕਟਰ ਵੀ ਬਣੀ। ਇਸ ਦੌਰਾਨ ਵੀ ਸਾਡਾ ਮਿਲਣਾ-ਜੁਲਣਾ ਬਣਿਆ ਰਿਹਾ। ਸਾਡੇ ਪਰਿਵਾਰਕ ਸੰਬੰਧ ਵੀ ਬਣੇ ਰਹੇ। ਜ਼ਿੰਦਗੀ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਕਈ ਵਾਰ ਕੁਝ ਸਮਾਂ ਅਜਿਹਾ ਵੀ ਆਇਆ ਜਦੋਂ ਅਸੀਂ ਮਿਲ ਨਹੀਂ ਸਕੇ, ਪਰ ਦਿਲ ਕਦੇ ਦੂਰ ਨਹੀਂ ਹੋਏ।

ਅੱਜ ਜਦੋਂ ਮੈਂ ਇਸ ਪੜਾਅ 'ਤੇ ਖੜੀ ਹੋ ਕੇ ਪਿੱਛੇ ਮੁੜ ਕੇ ਵੇਖਦੀ ਹਾਂ ਤਾਂ ਇਹ ਵੀ ਮਹਿਸੂਸ ਨਹੀਂ ਹੁੰਦਾ ਕਿ ਕਦੇ ਸਾਡੇ ਵਿੱਚ ਲੰਮਾ ਵਕਫ਼ਾ ਆਇਆ ਸੀ। ਅਸੀਂ ਪਿਆਰ ਨਾਲ ਉਹਨਾਂ ਨੂੰ "ਮੇਜਾ" ਆਖਦੇ ਹਾਂ। ਉਹਨਾਂ ਨੇ ਮੈਨੂੰ ਕਈ ਵਾਰੀ ਬਹੁਤ ਹੀ ਚੰਗੀਆਂ ਸਲਾਹਾਂ ਦਿੱਤੀਆਂ। ਜ਼ਿੰਦਗੀ ਵਿੱਚ ਕਈ ਅਜੇਹੇ ਮੌਕੇ ਆਉਂਦੇ ਹਨ ਜਦੋਂ ਇਨਸਾਨ ਭਟਕ ਸਕਦਾ ਹੈ, ਪਰ ਉਹਨਾਂ ਨੇ ਹਮੇਸ਼ਾ ਮੈਨੂੰ ਨੇਕ ਰਸਤੇ ਦੀ ਸਲਾਹ ਦਿੱਤੀ।

ਮੈਂ ਤਾਂ ਇਹੀ ਕਹਾਂਗੀ ਕਿ ਉਹ ਮੇਰੀ ਜ਼ਿੰਦਗੀ ਵਿੱਚ ਪਿਛਲੇ ਜਨਮ ਦਾ ਕੋਈ ਬਹੁਤ ਹੀ ਵਧੀਆ ਰੋਲ ਨਿਭਾਉਣ ਆਏ ਹਨ। ਅੱਜ ਇਸ ਉਮਰ ਅਤੇ ਇਸ ਪੜਾਅ 'ਤੇ ਖੜੀ ਹੋ ਕੇ ਮੈਂ ਇਹ ਮਹਿਸੂਸ ਕਰਦੀ ਹਾਂ ਕਿ ਸਾਡੇ ਜੀਵਨ ਵਿੱਚ ਕੁਝ ਲੋਕ ਸਾਨੂੰ ਸਹਾਰਾ, ਪਿਆਰ ਅਤੇ ਸੁੱਖ ਦੇਣ ਲਈ ਆਉਂਦੇ ਹਨ, ਤੇ ਕੁਝ ਸਾਨੂੰ ਦੁੱਖ ਦੇ ਕੇ ਚਲੇ ਜਾਂਦੇ ਹਨ।ਅੰਤ ਵਿੱਚ, ਬਹੁਤ ਕੁਝ ਨਾ ਕਹਿੰਦੀ ਹੋਈ, ਮੈਂ ਇਹੀ ਕਹਾਂਗੀ ਕਿ ਉਹ ਦਿਲ ਦੇ ਬਹੁਤ ਸਾਫ਼ ਇਨਸਾਨ ਹਨ। ਜੋ ਵੀ ਕਹਿੰਦੇ ਹਨ, ਮੂੰਹ `ਤੇ ਕਹਿੰਦੇ ਹਨ। ਬਾਬਾ ਜੀ ਹਮੇਸ਼ਾ ਉਹਨਾਂ 'ਤੇ ਆਪਣੀ ਮਿਹਰ ਬਣਾਈ ਰੱਖਣ ਅਤੇ ਉਹਨਾਂ ਦੀ ਸਿਹਤ ਚੰਗੀ ਰਹੇ।

***

# ਹਮੇਸ਼ਾ ਰਹਿਣ ਵਾਲੀ ਮੁਸਕਾਨ

# ਡਾ. ਇੰਦਰਪਾਲ ਸਿੰਘ ਸਿਡਨੀ

ਜਨਮੇਜਾ ਸਿੰਘ ਜੌਹਲ ਇੱਕ ਫੱਕਰ ਕਿਸਮ ਦੇ ਇਨਸਾਨ ਹਨ। ਇੱਕ ਮਲਟੀਫੇਸਿਟਡ ਪ੍ਰਸਨੈਲਿਟੀ। ਪੰਜਾਬ ਐਗਰੀਕਲਚਰ ਯੂਨੀਵਰਸਿਟੀ ਤੋਂ ਪੀਐਚਡੀ ਕਰਨ ਤੋਂ ਬਾਅਦ ਮੈਂ 1994 ਵਿੱਚ ਆਸਟਰੇਲੀਆ ਆ ਗਿਆ ਸੀ। ਮੇਰੀ ਐਸੋਸੀਏਸ਼ਨ ਜਨਮੇਜਾ ਜੀ ਨਾਲ ਤਕਰੀਬਨ ਪੰਜਾਹ ਸਾਲ ਪੁਰਾਣੀ ਹੈ।

ਅਸੀਂ ਪਹਿਲੀ ਵਾਰ 1976-77 ਵਿੱਚ ਫਾਈਨ ਆਰਟਸ ਐਂਡ ਫੋਟੋਗਰਾਫੀ ਕਲੱਬ, ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਮੈਂਬਰ ਵਜੋਂ ਮਿਲੇ ਸੀ। ਮੈਨੂੰ ਅੱਜ ਵੀ ਯਾਦ ਹੈ ਕਿ ਜਦੋਂ ਮੈਂ ਉਹਨਾਂ ਨੂੰ ਪਹਿਲੀ ਵਾਰ ਵੇਖਿਆ, ਉਹਨਾਂ ਦੇ ਚਿਹਰੇ 'ਤੇ ਹਮੇਸ਼ਾ ਰਹਿਣ ਵਾਲੀ ਮੁਸਕਾਨ ਅਤੇ ਗਲੇ ਵਿੱਚ ਲਟਕਿਆ ਕੈਮਰਾ, ਉਸੇ ਵੇਲੇ ਮੈਨੂੰ ਮਹਿਸੂਸ ਹੋ ਗਿਆ ਸੀ ਕਿ ਇਹ ਇਨਸਾਨ ਕੁਝ ਵੱਖਰੀ ਕਿਸਮ ਦਾ ਹੈ।

ਪੀਏਯੂ ਵਿੱਚ ਇਕੱਠੇ ਬਿਤਾਏ ਸਮੇਂ ਦੌਰਾਨ ਅਸੀਂ ਜਨਮੇਜਾ ਜੀ ਨਾਲ ਮਿਲ ਕੇ ਕਈ ਪ੍ਰੋਗਰਾਮ ਇਨੀਸ਼ੀਏਟ ਅਤੇ ਆਰਗਨਾਈਜ਼ ਕੀਤੇ। ਖ਼ਾਸ ਕਰਕੇ ਉਹਨਾਂ ਯੰਗ ਅਤੇ ਅਪਕਮਿੰਗ ਆਰਟਿਸਟਾਂ ਦੇ ਕੰਮ ਨੂੰ ਉਤਸ਼ਾਹਿਤ ਕਰਨ ਅਤੇ ਸੈਲੀਬਰੇਟ ਕਰਨ ਲਈ ਵੱਖ-ਵੱਖ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ।

ਜਨਮੇਜਾ ਜੀ ਨੇ ਆਪਣੇ ਪੈਸ਼ਨ ਰਾਹੀਂ ਫੋਟੋਗਰਾਫੀ ਨੂੰ ਇੱਕ ਵਿਲੱਖਣ ਮੁਕਾਮ 'ਤੇ ਪਹੁੰਚਾਇਆ ਹੈ। ਫੋਟੋਗਰਾਫੀ ਦੇ ਜ਼ਰੀਏ ਉਹਨਾਂ ਨੇ ਪੰਜਾਬੀ ਹੈਰੀਟੇਜ ਅਤੇ ਰੂਰਲ ਕਲਚਰ ਨੂੰ ਜੀਵੰਤ ਰੱਖਿਆ ਹੈ। ਪੰਜਾਬੀ ਭਾਸ਼ਾ, ਪੰਜਾਬੀ ਵਿਰਸੇ ਅਤੇ ਪੰਜਾਬੀ ਸੱਭਿਆਚਾਰ ਨੂੰ ਉਭਾਰਨ ਲਈ ਉਹਨਾਂ ਦੀਆਂ ਕੰਟਰੀਬਿਊਸ਼ਨਜ਼ ਬਹੁਤ ਹੀ ਸ਼ਲਾਘਾਯੋਗ ਹਨ।

ਉਹਨਾਂ ਨੇ ਆਪਣੇ ਇਨੋਵੇਟਿਵ ਆਈਡੀਆਜ਼ ਨਾਲ ਪੰਜਾਬੀ

ਭਾਸ਼ਾ ਨੂੰ ਪ੍ਰਮੋਟ ਕਰਨ ਲਈ ਕਈ ਵੱਖ-ਵੱਖ ਟੂਲ ਤਿਆਰ ਕੀਤੇ। ਜਿਵੇਂ ਕਿ ਕੰਪਿਊਟਰ 'ਤੇ ਪੰਜਾਬੀ ਟਾਈਪ ਕਰਨ ਲਈ ਪੰਜਾਬੀ ਲਿਪੀ ਦੇ ਸਿਸਟਮ, ਬੱਚਿਆਂ ਨੂੰ ਪੰਜਾਬੀ ਸਿਖਾਉਣ ਲਈ ਪੰਜਾਬੀ ਲਰਨਿੰਗ ਸਲਾਈਡਾਂ ਅਤੇ ਹੋਰ ਸਿੱਖਣ ਵਾਲਾ ਮੈਟਰੀਅਲ ਤਿਆਰ ਕੀਤਾ, ਜੋ ਜੋ ਕਿ ਬੇਹੱਦ ਕਾਬਿਲ-ਏ-ਤਾਰੀਫ਼ ਕਦਮ ਹਨ।

1994 ਵਿੱਚ ਆਸਟਰੇਲੀਆ ਆਉਣ ਤੋਂ ਬਾਅਦ ਵੀ ਮੇਰਾ ਅਤੇ ਜਨਮੇਜਾ ਜੀ ਦਾ ਨਿਰੰਤਰ ਸੰਪਰਕ ਬਣਿਆ ਰਿਹਾ। ਜਦੋਂ ਅਸੀਂ ਇੱਥੇ ਆਸਟਰੇਲੀਆ ਵਿੱਚ ਸੈਟਲ ਹੋਏ ਤਾਂ ਮੇਰੇ ਕਈ ਸਾਥੀ ਵੀ ਇੱਥੇ ਆ ਗਏ। ਅਸੀਂ ਮਿਲ ਕੇ ਪੰਜਾਬ ਐਗਰੀਕਲਚਰ ਯੂਨੀਵਰਸਟੀ ਐਲਮਨੀ ਐਸੋਸੀਏਸ਼ਨ ਸਿਡਨੀ" ਬਣਾਈ।

ਇਸ ਐਸੋਸੀਏਸ਼ਨ ਦੇ ਤਹਿਤ ਅਸੀਂ ਹਰ ਸਾਲ ਦੋ ਵਾਰ ਬਾਰਬੀਕਿਊ ਅਤੇ ਹੋਰ ਪ੍ਰੋਗਰਾਮ ਕਰਦੇ ਹਾਂ, ਜਿੱਥੇ ਸਾਰੀਆਂ ਫੈਮਿਲੀਆਂ ਇਕੱਠੀਆਂ ਹੁੰਦੀਆਂ ਹਨ। ਇੱਕ ਵਾਰ ਅਸੀਂ ਸੋਚਿਆ ਕਿ ਇੱਕ ਬੈਨਰ ਬਣਾਇਆ ਜਾਵੇ ਜੋ ਹਰ ਪ੍ਰੋਗਰਾਮ ਵਿੱਚ ਲਗਾਇਆ ਜਾ ਸਕੇ। ਜਦੋਂ ਮੈਂ ਇੰਡੀਆ ਵਾਪਸ ਆਇਆ ਤਾਂ ਮੇਰੀ ਜਨਮੇਜਾ ਜੀ ਨਾਲ ਮੁਲਾਕਾਤ ਹੋਈ। ਮੈਂ ਉਹਨਾਂ ਨਾਲ ਇਹ ਆਈਡੀਆ ਸਾਂਝਾ ਕੀਤਾ ਅਤੇ ਉਹਨਾਂ ਨੇ ਬਹੁਤ ਹੀ ਸੋਹਣਾ "ਪੀਏਯੂ ਐਲਮਨੀ ਐਸੋਸੀਏਸ਼ਨ" ਦਾ ਬੈਨਰ ਡਿਜ਼ਾਈਨ ਕਰਕੇ ਪ੍ਰਿੰਟ ਕਰਵਾ ਕੇ ਸਾਨੂੰ ਦਿੱਤਾ।

2018 ਵਿੱਚ ਜਨਮੇਜਾ ਜੀ ਆਸਟਰੇਲੀਆ ਆਏ। ਉੱਥੇ ਉਹਨਾਂ ਨੇ ਆਪਣੀ ਫੋਟੋਗਰਾਫੀ ਕਲੈਕਸ਼ਨ ਦੀ ਪ੍ਰਦਰਸ਼ਨੀ "ਆਸਟਰੇਲੀਅਨ ਸਿੱਖ ਗੇਮਜ਼, ਸਿਡਨੀ 2018" ਵਿੱਚ ਲਗਾਈ। ਇਸ ਕਲੈਕਸ਼ਨ ਵਿੱਚ ਪੰਜਾਬੀ ਰੂਰਲ ਹੈਰੀਟੇਜ ਅਤੇ ਕਲਚਰ ਦੀਆਂ ਬਹੁਤ ਹੀ ਖ਼ੂਬਸੂਰਤ ਤਸਵੀਰਾਂ ਸ਼ਾਮਲ ਸਨ।

ਇੱਥੇ ਦੀ ਨਵੀਂ ਜਨਰੇਸ਼ਨ, ਸਾਡੇ ਭੈਣ-ਭਰਾ ਅਤੇ ਬਜ਼ੁਰਗਾਂ ਨੂੰ ਪੰਜਾਬੀ ਵਿਰਸੇ ਦੀਆਂ ਇਹ ਤਸਵੀਰਾਂ ਵੇਖਣ ਦਾ ਸ਼ਾਨਦਾਰ ਮੌਕਾ

ਮਿਲਿਆ। ਸਭ ਨੇ ਉਹਨਾਂ ਦੀ ਇਸ ਕਲੈਕਸ਼ਨ ਦੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ।

ਜਨਮੇਜਾ ਜੀ ਦਾ ਦਿਮਾਗ ਬਹੁਤ ਹੀ ਕਰੀਏਟਿਵ ਅਤੇ ਇਨੋਵੇਟਿਵ ਹੈ। ਮੈਂ ਤਾਂ ਸ਼ੁਰੂ ਤੋਂ ਹੀ ਉਹਨਾਂ ਨੂੰ ਬਹੁਤ ਐਡਮਾਇਰ ਕੀਤਾ ਹੈ। ਇੱਕ ਛੋਟੀ ਜਿਹੀ ਉਦਾਹਰਨ ਇਹ ਹੈ ਕਿ ਜਦੋਂ ਅਸੀਂ ਪੀਏਃ ਵਿੱਚ ਸਟੂਡੈਂਟ ਸੀ, ਉਹਨਾਂ ਨੇ ਆਪਣੇ ਮੋਟਰਸਾਈਕਲ ਦੇ ਇੰਜਨ ਨੂੰ ਡੀਜ਼ਲ ਇੰਜਨ ਵਿੱਚ ਕਨਵਰਟ ਕਰਵਾ ਲਿਆ ਸੀ, ਤਾਂ ਜੋ ਘੱਟ ਖ਼ਰਚੇ ਵਿੱਚ ਯਾਤਰਾ ਕੀਤੀ ਜਾ ਸਕੇ। ਉਸ ਸਮੇਂ ਲਈ ਇਹ ਇੱਕ ਬਹੁਤ ਹੀ ਨਵਾਂ ਅਤੇ ਸੋਚਵਾਂ ਆਈਡੀਆ ਸੀ।

ਜੇ ਮੈਂ ਸੰਖੇਪ ਵਿੱਚ ਕਹਾਂ ਤਾਂ ਜਨਮੇਜਾ ਸਿੰਘ ਜੌਹਲ ਇੱਕ ਫੱਕਰ ਕਿਸਮ ਦੇ ਇਨਸਾਨ ਹਨ, ਜਿਨ੍ਹਾਂ ਦੀ ਸੋਚ ਬਹੁਤ ਵਿਸ਼ਾਲ ਹੈ। ਉਨ੍ਹਾਂ ਦਾ ਮਕਸਦ ਪੰਜਾਬੀ ਭਾਸ਼ਾ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਵਿਰਸੇ ਨੂੰ ਪ੍ਰਮੋਟ ਕਰਨਾ ਹੈ।

ਇੱਕ ਹੋਰ ਗੱਲ ਜੋ ਮੈਂ ਖ਼ਾਸ ਤੌਰ 'ਤੇ ਕਹਿਣਾ ਚਾਹਾਂਗਾ, ਕਿਉਂਕਿ ਮੈਂ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਬੀ ਐੱਸ ਸੀ, ਐੱਮ ਐੱਸ ਸੀ ਅਤੇ ਪੀਐਚ ਡੀ। ਕੀਤੀ, ਸਾਡੇ ਸਾਰੇ ਮਾਨਯੋਗ ਡਾਕਟਰ ਐਸ ਐਸ ਜੌਹਲ ਸਾਹਿਬ, ਜੋ ਕਿ ਜਨਮੇਜਾ ਜੀ ਦੇ ਪਿਤਾ ਜੀ ਸਨ, ਉਹਨਾਂ ਨੇ ਆਪਣੇ ਪ੍ਰੋਫੈਸ਼ਨਲ ਕਰੀਅਰ ਦੌਰਾਨ ਬਹੁਤ ਵੱਡੇ ਅਹੁਦੇ ਸੰਭਾਲੇ। ਪਰ ਜਨਮੇਜਾ ਜੀ ਨੇ ਕਦੇ ਵੀ ਉਹਨਾਂ ਦੇ ਅਹੁਦੇ ਜਾਂ ਪ੍ਰਭਾਵ ਨੂੰ ਆਪਣੇ ਕਰੀਅਰ ਲਈ ਵਰਤਿਆ ਨਹੀਂ।

ਇਸ ਦੀ ਬਜਾਏ, ਉਹਨਾਂ ਨੇ ਆਪਣੀ ਪਹਿਚਾਣ ਆਪਣੇ ਕੰਮ ਦੇ ਆਧਾਰ 'ਤੇ ਬਣਾਈ। ਇਸ ਗੱਲ 'ਤੇ ਅਸੀਂ ਸਭ ਬਹੁਤ ਫ਼ਖ਼ਰ ਮਹਿਸੂਸ ਕਰਦੇ ਹਾਂ ਕਿ ਉਹੋ ਜਿਹੇ ਇਨਸਾਨ ਹਨ ਜਿਨ੍ਹਾਂ ਦੀ ਕੰਟਰੀਬਿਊਸ਼ਨ ਪੰਜਾਬੀ ਹੈਰੀਟੇਜ, ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਵਿੱਚ ਬਹੁਤ ਮਹੱਤਵਪੂਰਨ ਸਥਾਨ ਰੱਖਦੀ ਹੈ। ***

# ਗੱਲ ਮਨ ਵਿੱਚ ਬੈਠ ਗਈ

## ਡਾ. ਜਗਦੀਸ਼ ਰਾਏ

ਜਦੋਂ ਅਸੀਂ ਨਵੇਂ-ਨਵੇਂ ਯੂਨੀਵਰਸਿਟੀ ਵਿੱਚ ਗਏ ਸੀ, ਤਾਂ ਉੱਥੇ ਬਹੁਤ ਕੁਝ ਨਵਾਂ ਦੇਖਣ ਨੂੰ ਮਿਲਦਾ ਸੀ। ਮਾਹੌਲ ਵੀ ਨਵਾਂ ਸੀ ਅਤੇ ਲੋਕ ਵੀ ਨਵੇਂ ਸਨ। ਇੱਕ ਦਿਨ ਅਸੀਂ ਬੈਠੇ ਹੋਏ ਸੀ ਕਿ ਅਚਾਨਕ ਯੂਨੀਵਰਸਿਟੀ ਦੇ ਸ਼ਾਂਤ ਮਾਹੌਲ ਵਿੱਚ ਕਿਸੇ ਵੱਡੇ ਟਰੈਕਟਰ ਵਰਗੀ ਆਵਾਜ਼ ਗੂੰਜੀ, "ਦਗੜ-ਦਗੜ, ਦਗੜ-ਦਗੜ।"

ਅਸੀਂ ਪੁੱਛਿਆ, "ਇਹ ਕੀ ਹੋਇਆ" ਤਾਂ ਕਿਸੇ ਨੇ ਕਿਹਾ, "ਜਨਮੇਜਾ ਆ ਗਿਆ।"

ਮੈਨੂੰ ਹੈਰਾਨੀ ਹੋਈ ਕਿ ਇਹ ਕਿਹੜਾ ਮੰਤਰੀ ਜਾਂ ਵੱਡਾ ਬੰਦਾ ਆ ਗਿਆ ਕਿ ਮਾਹੌਲ ਹੀ ਬਦਲ ਗਿਆ। ਥੋੜ੍ਹੀ ਦੇਰ ਬਾਅਦ ਆਵਾਜ਼ ਆਈ, "ਦੋ ਨੰਬਰ ਤੋਂ ਜਨਮੇਜਾ ਸਿੰਘ ਆ ਗਿਆ।" ਉਸ ਵੇਲੇ ਮੇਰੇ ਮਨ ਵਿੱਚ ਇੱਕ ਇੰਪਰੈਸ਼ਨ ਜਿਹਾ ਬਣ ਗਿਆ ਕਿ ਇਹ ਕਿਹੋ ਜਿਹਾ ਬੰਦਾ ਹੈ।

ਫਿਰ ਦੇਖਿਆ ਕਿ ਉੱਥੇ ਇੱਕ ਅਜੀਬ ਕਿਸਮ ਦਾ ਮੋਟਰਸਾਈਕਲ ਖੜ੍ਹਾ ਸੀ। ਮੋਟਰਸਾਈਕਲ ਤਾਂ ਸੀ, ਪਰ ਉਸ ਦੀ ਬਣਤਰ ਵੱਖਰੀ ਸੀ। ਪੁੱਛਣ 'ਤੇ ਪਤਾ ਲੱਗਿਆ, "ਇਹ ਜਨਮੇਜੇ ਦਾ ਮੋਟਰਸਾਈਕਲ ਹੈ।" ਚਲੋ, ਇਹ ਗੱਲ ਵੀ ਮਨ ਵਿੱਚ ਬੈਠ ਗਈ।

ਕਰਦੇ-ਕਰਾਉਂਦੇ ਪਤਾ ਲੱਗਿਆ ਕਿ ਜਨਮੇਜਾ ਸਿੰਘ ਇੱਕ ਕਲਾਕਾਰ ਹੈ। ਉਹ ਫੋਟੋਗਰਾਫੀ ਕਰਦਾ ਹੈ, ਕਵਿਤਾਵਾਂ ਲਿਖਦਾ ਹੈ, ਲੋਕਾਂ ਨੂੰ ਮਿਲਦਾ ਹੈ ਅਤੇ ਬਹੁਤ ਮਿਲਣਸਾਰ ਬੰਦਾ ਹੈ। ਯੂਨੀਵਰਸਿਟੀ ਵਿੱਚ ਉਸ ਦੀ ਆਪਣੀ ਇੱਕ ਵੱਖਰੀ ਪਛਾਣ ਸੀ।

ਫਿਰ ਯੂਨੀਵਰਸਿਟੀ ਵਿੱਚ ਕੋਈ ਕਹਾਣੀ ਦਾ ਮੁਕਾਬਲਾ ਸੀ, ਕੋਈ ਲੇਖ ਦਾ ਮੁਕਾਬਲਾ ਸੀ। ਮੈਂ ਵੀ ਇੱਕ ਕਹਾਣੀ ਜਾਂ ਮੌਕੇ ਦੇ ਤਫਸੀਲੀ

ਲੇਖ ਵਰਗਾ ਕੁਝ ਲਿਖਿਆ ਸੀ। ਮੈਨੂੰ ਇਹ ਵੀ ਨਹੀਂ ਪਤਾ ਸੀ ਕਿ ਜੱਜ ਕੌਣ ਹਨ। ਬਾਅਦ ਵਿੱਚ ਪਤਾ ਲੱਗਿਆ ਕਿ ਜੱਜਾਂ ਵਿੱਚ ਜਨਮੇਜਾ ਵੀ ਸੀ।

ਜਦੋਂ ਨਤੀਜਾ ਆਇਆ ਤਾਂ ਪਤਾ ਲੱਗਿਆ ਕਿ ਜਨਮੇਜਾ ਸਿੰਘ ਨੇ ਮੇਰੀ ਕਹਾਣੀ ਨੂੰ ਨੰਬਰ ਇੱਕ ਦਾ ਦਰਜਾ ਦਿੱਤਾ ਸੀ। ਉਸ ਵੇਲੇ ਮੈਨੂੰ ਹੈਰਾਨੀ ਹੋਈ ਕਿ ਇਹ ਬੰਦਾ ਮੈਨੂੰ ਜਾਣਦਾ ਨਹੀਂ, ਪਛਾਣਦਾ ਨਹੀਂ, ਫਿਰ ਵੀ ਇਸ ਨੇ ਮੇਰੇ ਕੰਮ ਨੂੰ ਇਮਾਨਦਾਰੀ ਨਾਲ ਅੰਕ ਦਿੱਤੇ।

ਉਸ ਵੇਲੇ ਸਮਝ ਆਈ ਕਿ ਇਹਦੀ ਸੋਚ ਬੜੀ ਇੰਡੀਪੈਂਡੈਂਟ ਹੈ। ਇਹ ਕਿਸੇ ਗੱਲ ਤੋਂ ਪ੍ਰਭਾਵਿਤ ਨਹੀਂ ਹੁੰਦਾ। ਆਪਣੀ ਮਰਜ਼ੀ ਕਰਦਾ ਹੈ ਅਤੇ ਸੱਚ ਬੋਲਦਾ ਹੈ। ਲੋਕ ਇਸਨੂੰ ਪਸੰਦ ਕਰਨ ਜਾਂ ਨਾ ਕਰਨ, ਕੋਈ ਇਸਦੀ ਆਵਾਜ਼ ਤੋਂ ਪ੍ਰੇਸ਼ਾਨ ਹੋਵੇ ਜਾਂ ਕੋਈ ਇਸਦੀ ਖੁੱਲ੍ਹੀ ਗੱਲ ਤੋਂ ਖੁਸ਼, ਪਰ ਇਹ ਆਪਣੀ ਅਲੱਗ ਹੀ ਕਿਸਮ ਦੀ ਸ਼ਖ਼ਸੀਅਤ ਹੈ।

ਫਿਰ ਗੱਲ ਅੱਗੇ ਵਧੀ। ਮੈਨੂੰ ਇਹ ਯਾਦ ਨਹੀਂ ਕਿ ਅਸੀਂ ਕਦੋਂ ਅਤੇ ਕਿੱਥੇ ਮਿਲੇ, ਪਰ ਕਰਦੇ-ਕਰਾਉਂਦੇ ਅਸੀਂ ਚੰਗੇ ਦੋਸਤ ਬਣ ਗਏ। ਫਿਰ ਪਤਾ ਲੱਗਿਆ ਕਿ ਜਨਮੇਜਾ ਸਿੰਘ ਸਿਰਫ਼ ਇੱਕ ਨਾਮ ਨਹੀਂ, ਆਪਣੇ ਆਪ ਵਿੱਚ ਇੱਕ ਹੈਸੀਅਤ ਹੈ। ਉਹ ਆਪਣੇ ਆਪ ਵਿੱਚ ਅਹਿਮੀਅਤ ਰੱਖਣ ਵਾਲਾ ਬੰਦਾ ਹੈ। ਇੱਕ ਆਜ਼ਾਦ ਕਿਸਮ ਦਾ ਪੰਛੀ, ਜੋ ਆਪਣੇ ਹੀ ਮਾਹੌਲ ਵਿੱਚ ਰਹਿਣ ਵਾਲਾ ਹੈ।

ਦੋਸਤੀ ਦਾ ਦੌਰ ਸ਼ੁਰੂ ਹੋਇਆ। ਮਿਲਣਾ-ਜੁਲਣਾ ਵਧਿਆ। ਕਦੇ ਫੋਟੋਗਰਾਫੀ ਦੀ ਐਗਜ਼ੀਬਿਸ਼ਨ, ਕਦੇ ਕੋਈ ਸਾਹਿਤਕਾਰੀ ਦਾ ਕੰਮ, ਕਦੇ ਲੋਕਾਂ ਦਾ ਕੋਈ ਇਕੱਠ, ਜਿੱਥੇ ਵੀ ਕੋਈ ਰਚਨਾਤਮਕ ਜਾਂ ਸਾਂਝੀ ਗਤੀਵਿਧੀ ਹੁੰਦੀ, ਜਨਮੇਜਾ ਸਿੰਘ ਆਪਣੇ ਮੋਟਰਸਾਈਕਲ ਦੀ ਦਗੜ-ਦਗੜ" ਨਾਲ ਉੱਥੇ ਪਹੁੰਚ ਜਾਂਦਾ ਸੀ।

ਸਮਾਂ ਬੀਤਦਾ ਗਿਆ। ਯੂਨੀਵਰਸਿਟੀ ਦੀਆਂ ਯਾਦਾਂ, ਗੱਲਾਂ ਅਤੇ ਮੇਲ-ਮਿਲਾਪ ਆਪਣੀ ਜਗ੍ਹਾ ਰਹੇ। ਜਦੋਂ ਅਸੀਂ ਯੂਨੀਵਰਸਿਟੀ ਤੋਂ

ਬਾਹਰ ਆਏ, ਤਾਂ ਜਨਮੇਜਾ ਸਿੰਘ ਨੇ ਕਲੱਬ-35 ਦੀ ਸ਼ੁਰੂਆਤ ਕੀਤੀ। ਬਹੁਤ ਸਾਰੇ ਕਲਾਕਾਰ ਇਕੱਠੇ ਕੀਤੇ ਗਏ। ਅੰਮ੍ਰਿਤਸਰ ਤੋਂ ਸਨਮਾਨਯੋਗ ਕਲਾਕਾਰਾਂ ਨੂੰ ਬੁਲਾਇਆ ਗਿਆ। ਫੋਟੋਗਰਾਫੀ ਪ੍ਰਤੀ ਉਹਨਾਂ ਦਾ ਸ਼ੌਂਕ ਅਤੇ ਸਮਰਪਣ ਬਹੁਤ ਉੱਚੇ ਦਰਜੇ ਦਾ ਸੀ।

ਅਸੀਂ ਅੱਗੇ ਜ਼ਿੰਦਗੀ ਵਿੱਚ ਵੱਖ-ਵੱਖ ਰਾਹਾਂ 'ਤੇ ਚੱਲ ਪਏ। ਕੋਈ ਪਿੰਡਾਂ ਵਿੱਚ ਆ ਗਿਆ, ਕੋਈ ਸ਼ਹਿਰ ਵਿੱਚ ਰਹਿ ਗਿਆ, ਕੋਈ ਕਾਰੋਬਾਰ ਵਿੱਚ ਲੱਗ ਗਿਆ। ਪਰ ਇਸ ਆਦਮੀ ਦੀ ਕਲਮ ਕਦੇ ਨਹੀਂ ਰੁਕੀ ਅਤੇ ਉਸਦੇ ਕੈਮਰੇ ਦੀ ਅੱਖ ਕਦੇ ਮੰਦ ਨਹੀਂ ਪਈ।

ਫਿਰ ਕੰਪਿਊਟਰ ਦਾ ਜ਼ਮਾਨਾ ਆਇਆ। ਪਤਾ ਲੱਗਿਆ ਕਿ ਜਨਮੇਜਾ ਸਿੰਘ ਅੱਜਕੱਲ ਕੰਪਿਊਟਰਾਂ ਨਾਲ ਕੁਝ ਕਰ ਰਿਹਾ ਹੈ। ਫਿਰ ਪਤਾ ਲੱਗਿਆ ਕਿ ਉਹ ਸਿਰਫ਼ ਕੰਪਿਊਟਰ ਨਹੀਂ ਵਰਤਦਾ, ਸਗੋਂ ਨਵੀਆਂ ਗੱਲਾਂ ਕੱਢਦਾ ਹੈ। ਜੇ ਕਿਸੇ ਦਾ ਕੰਪਿਊਟਰ ਖਰਾਬ ਹੋ ਗਿਆ, ਜੇ ਕਿਸੇ ਦਾ ਕੈਮਰਾ ਖਰਾਬ ਹੋ ਗਿਆ, ਜਿੱਥੇ ਕੋਈ ਮਕੈਨਿਕ ਨਹੀਂ ਮਿਲਦਾ ਸੀ, ਉੱਥੇ ਜਨਮੇਜਾ ਸਿੰਘ ਕੰਮ ਆ ਜਾਂਦਾ ਸੀ।

ਇਸ ਤੋਂ ਮੇਰੇ ਮਨ ਵਿੱਚ ਇਹ ਗੱਲ ਹੋਰ ਪੱਕੀ ਹੋਈ ਕਿ ਇਹ ਬੰਦਾ ਬੇਸਿਕਲੀ ਇੰਜੀਨੀਅਰਿੰਗ ਦਿਮਾਗ ਦਾ ਬੰਦਾ ਹੈ। ਉਹ ਕਰਦਾ ਕੁਝ ਹੋਰ ਹੈ, ਪਰ ਉਸਦੀ ਸੋਚ ਵਿੱਚ ਖੋਜ, ਤਜਰਬਾ ਅਤੇ ਬਣਾਉਣ ਦੀ ਸਮਰਥਾ ਹੈ।

ਬਾਅਦ ਵਿੱਚ ਪਤਾ ਲੱਗਿਆ ਕਿ ਜਨਮੇਜਾ ਸਿੰਘ ਪੰਜਾਬੀ ਲਈ ਵੀ ਬਹੁਤ ਕੰਮ ਕਰ ਰਿਹਾ ਹੈ। ਕੰਪਿਊਟਰ `ਤੇ ਪੰਜਾਬੀ ਲਿਖਣ ਲਈ ਉਸ ਨੇ ਕੋਈ ਸਾਫਟਵੇਅਰ ਜਾਂ ਸਿਸਟਮ ਬਣਾਇਆ, ਜਿਸ ਨਾਲ ਅਸੀਂ ਪੰਜਾਬੀ ਲਿਖ ਸਕਦੇ ਹਾਂ। ਪੰਜਾਬੀ ਲਿਪੀ ਨਾਲ ਜੁੜੇ ਕਈ ਕੰਮ ਸ਼ੁਰੂ ਹੋਏ। ਫੱਟੀਆਂ ਬਣਾਈਆਂ ਗਈਆਂ ਅਤੇ ਹੋਰ ਕਈ ਯਤਨ ਕੀਤੇ ਗਏ।

ਇੱਕ ਵਾਰੀ ਮੈਂ ਟੋਰਾਂਟੋ ਵਿੱਚ ਸੀ। ਅਚਾਨਕ ਜਨਮੇਜਾ ਸਿੰਘ ਦਾ ਸੁਨੇਹਾ ਆਇਆ, "ਮੈਂ ਆ ਗਿਆ।" ਮੈਂ ਪੁੱਛਿਆ, "ਤੂੰ ਕਿੱਥੋਂ ਆ ਗਿਆ"

ਕਹਿੰਦਾ, "ਬੱਸ ਆ ਗਿਆ।" ਮੈਂ ਕਿਹਾ, "ਤੇਰਾ ਕੋਈ ਪ੍ਰੋਗਰਾਮ ਹੈ" ਕਹਿੰਦਾ, "ਕੋਈ ਪ੍ਰੋਗਰਾਮ ਨਹੀਂ। ਜਿੱਥੇ ਮਿੱਤਰ ਹਨ, ਉੱਥੇ ਹੀ ਪ੍ਰੋਗਰਾਮ ਹੈ।"

ਬਿਨਾਂ ਕਿਸੇ ਵੱਡੀ ਯੋਜਨਾ ਦੇ, ਸਿਰਫ਼ ਮਿੱਤਰਾਂਨੂੰ ਮਿਲਣ ਦੀ ਤਾਂਘ ਨਾਲ ਉਹ ਆ ਜਾਂਦਾ ਸੀ। ਇੱਕ ਵਾਰੀ ਨਹੀਂ, ਕਈ ਵਾਰ ਜਦੋਂ ਵੀ ਉਹ ਆਇਆ, ਉਹ ਆਪਣੇ ਮਿੱਤਰਾਂ ਨੂੰ ਮਿਲ ਕੇ ਗਿਆ। ਉਸਦਾ ਇਹ ਸੁਭਾਅ ਮੈਨੂੰ ਬਹੁਤ ਪ੍ਰਭਾਵਿਤ ਕਰਦਾ ਸੀ। ਇੱਕ ਆਜ਼ਾਦ ਸੁਭਾਅ, ਮਿਲਣ ਦੀ ਤਮੰਨਾ ਨੂੰ ਅਮਲ ਵਿੱਚ ਬਦਲ ਦੇਣ ਵਾਲਾ ਸੁਭਾਅ।

ਇੱਕ ਵਾਰ ਰਾਤ ਨੂੰ ਡੇਢ ਵਜੇ ਫੋਨ ਆਇਆ। ਮੈਂ ਕਿਹਾ, "ਜਨਮੇਜਾ ਸਿੰਘ, ਰਾਤ ਨੂੰ ਇਹ ਕੀ ਗੱਲ ਹੋਈ ਤੂੰ ਤਾਂ ਆਪਣੇ ਦਿਨ ਦੇ ਹਿਸਾਬ ਨਾਲ ਦੁਪਹਿਰੇ ਫੋਨ ਕਰ ਰਿਹਾ ਹੈਂ।" ਉਹ ਕਹਿੰਦਾ, "ਨਹੀਂ ਭਾਈ, ਮੈਂ ਕੈਨੇਡਾ ਆਇਆ ਹੋਇਆ ਹਾਂ।" ਮੈਂ ਪੁੱਛਿਆ, "ਕਿੱਥੇ" ਉਸ ਨੇ ਕੋਈ ਸੜਕ ਜਾਂ ਥਾਂ ਦੱਸੀ ਤੇ ਕਹਿੰਦਾ, "ਇੱਥੇ ਆ ਜਾ।"

ਮੈਂ ਕਿਹਾ, "ਐਨਾ ਕਿਹੜਾ ਤੂਫ਼ਾਨ ਚੱਲ ਪਿਆ ਕਿ ਹੁਣੇ ਆਵਾਂ" ਕਹਿੰਦਾ,

"ਯਾਰ, ਮੈਂ ਹੁਣ ਜਾਣਾ ਹੈ। ਇੱਥੇ ਆਇਆ ਹੋਇਆ ਸੀ, ਤੈਨੂੰ ਮਿਲਣਾ ਸੀ। ਪਹਿਲੀ ਵਾਰੀ ਤੈਨੂੰ ਬਿਨਾਂ ਮਿਲੇ ਜਾਣ ਲੱਗਾ ਸੀ, ਪਰ ਇਹ ਹੋ ਨਹੀਂ ਸਕਦਾ।"

ਫਿਰ ਮੈਂ ਗਿਆ, ਅਸੀਂ ਮਿਲੇ, ਦੋ ਘੰਟੇ ਗੱਲਾਂ ਕੀਤੀਆਂ। ਇਹੀ ਜਨਮੇਜਾ ਸਿੰਘ ਦਾ ਤਰੀਕਾ ਹੈ। ਉਸਦਾ ਪ੍ਰੋਗਰਾਮ ਵੀ ਆਪਣੇ ਹੀ ਹਿਸਾਬ ਨਾਲ ਚਲਦਾ ਹੈ।

ਇੱਕ ਹੋਰ ਵਾਰੀ ਮੈਂ ਟੋਰਾਂਟੋ ਤੋਂ ਚੱਲਿਆ। ਕਿਤੇ ਕਿਸੇ ਪੋਸਟ ਰਾਹੀਂ ਇਸਨੂੰ ਪਤਾ ਲੱਗ ਗਿਆ ਕਿ ਮੈਂ ਆ ਰਿਹਾ ਹਾਂ। ਦਿੱਲੀ ਉਤਰਣ ਤੋਂ ਪਹਿਲਾਂ ਹੀ ਇਸ ਨੇ ਜਸਵੰਤ ਨਾਲ ਪ੍ਰੋਗਰਾਮ ਬਣਾ ਲਿਆ ਕਿ ਫੋਟੋਗਰਾਫੀ ਲਈ ਚੱਲਣਾ ਹੈ। ਮੇਰਾ ਸਫ਼ਰ ਬਹੁਤ ਛੋਟਾ ਸੀ, ਚਾਰ ਦਿਨ

ਦਾ। ਮੈਨੂੰ ਕੰਮ ਵੀ ਸੀ। ਪਰ ਜਨਮੇਜਾ ਕਹਿੰਦਾ, "ਕੰਮ ਬਾਅਦ ਵਿੱਚ ਕਰ ਲਈ, ਪਹਿਲਾਂ ਲੁਧਿਆਣੇ ਰੁਕ।"

ਅਸੀਂ ਰਾਤ ਨੂੰ ਰੁਕੇ, ਸਵੇਰੇ ਜਸਦੀਪ ਨੂੰ ਨਾਲ ਲਿਆ, ਜੋ ਸਾਡਾ ਸਾਂਝਾ ਮਿੱਤਰ ਸੀ, ਅਤੇ ਗੱਡੀ ਵਿੱਚ ਬੈਠ

ਕੇ ਹਿਮਾਚਲ ਦਾ ਦੌਰਾ ਕਰ ਆਏ। ਤਿੰਨ ਦਿਨ ਬਾਅਦ ਮੈਂ ਵਾਪਸ ਕੈਨੇਡਾ ਆ ਗਿਆ। ਮੈਂ ਕਿਸ ਕੰਮ ਲਈ ਗਿਆ ਸੀ, ਉਹ ਸਾਰਾ ਭੁੱਲ ਗਿਆ। ਇਹ ਹੈ ਜਨਮੇਜਾ ਸਿੰਘ ਦੀ ਸ਼ਖ਼ਸੀਅਤ।

ਅੱਜ ਜ਼ਿੰਦਗੀ ਦੇ ਇਸ ਪੜਾਅ 'ਤੇ ਵੀ ਜਦੋਂ ਗੱਲ ਹੁੰਦੀ ਹੈ, ਤਾਂ ਉਹ ਇੱਕੋ ਗੱਲ ਕਹਿੰਦਾ ਹੈ, "ਵੀਰ, ਤੂੰ ਜਦੋਂ ਮਰਜ਼ੀ ਗੱਲ ਕਰੀ।" ਲੱਗਦਾ ਹੈ ਜਿਵੇਂ ਉਹ 24 ਘੰਟੇ ਜਾਗਦਾ ਵੀ ਹੈ ਅਤੇ 24 ਘੰਟੇ ਸੁੱਤਾ ਵੀ ਹੈ। ਪਤਾ ਨਹੀਂ ਕਦੋਂ ਸੌਂਦਾ ਹੈ, ਕਦੋਂ ਜਾਗਦਾ ਹੈ, ਪਰ ਜਿੱਥੇ ਵੀ ਲੋਕਾਂ ਵਿੱਚ ਗੱਲ ਕਰੋ, ਉੱਥੇ ਇੱਕੋ ਨਾਮ ਸੁਣਾਈ ਦਿੰਦਾ ਹੈ, ਜਨਮੇਜਾ, ਜਨਮੇਜਾ, ਜਨਮੇਜਾ।

***

# ਮਿੱਤਰਤਾ ਬਣ ਗਈ

## ਜਸਬੀਰ ਮੋਹੀ, ਟੋਰਾਂਟੋ

1977 ਦੀ ਗੱਲ ਹੋਵੇਗੀ, ਜਦੋਂ ਅਸੀਂ ਕਾਲਜ ਦੇ ਵਿਦਿਆਰਥੀ ਬਣੇ। ਇੱਕ ਦਿਨ ਮੈਂ ਤੁਹਾਡੀ ਕੁਟੀਆ ਵਿੱਚ ਪਹੁੰਚਿਆ। ਉੱਥੇ ਇੱਕ ਹੋਰ ਮਿੱਤਰ ਵੀ ਸੀ ਅਤੇ ਅਸੀਂ ਸਭ ਰਲ-ਮਿਲ ਕੇ ਇੱਕ ਕਵਿਤਾ ਦਾ ਸੁਰ ਜੋੜ ਰਹੇ ਸੀ।

ਇਸ ਕਵਿਤਾ ਦੇ ਬੋਲ ਅੱਜ ਵੀ ਮਕਬੂਲ ਹਨ। ਇਹ ਕਿਸ ਨੇ ਲਿਖੇ ਅਤੇ ਕੌਣ ਸੀ ਉਹ ਮਿੱਤਰ, ਇਹ ਗੱਲ ਛੱਡ ਕੇ ਆਪਾਂ ਅੱਗੇ ਵਧਦੇ ਹਾਂ।

ਤੁਹਾਡੀ ਤੇ ਮੇਰੀ ਸਾਂਝ ਪੈ ਗਈ। ਜਸਬੀਰ ਸਿੰਘ ਮੋਹੀ ਅਤੇ ਜਨਮੇਜਾ ਸਿੰਘ ਜੌਹਲ ਐਵੇਂ ਨਹੀਂ ਮਿਲੇ ਸਨ, ਇਹ ਸਾਂਝ ਰੱਬ ਨੇ ਬਣਾਈ ਸੀ। ਜਦੋਂ ਅਸੀਂ ਕਾਲਜ ਦੇ ਵਿਦਿਆਰਥੀ ਬਣੇ, ਉੱਥੇ ਆਪਾਂ ਮਿਲੇ ਅਤੇ ਉਸ ਤੋਂ ਬਾਅਦ ਆਪਣੀ ਸੋਚ ਮਿਲੀ। ਉਹ ਸੋਚ ਸਾਰੀ ਉਮਰ ਦੀ ਸਾਂਝ ਬਣ ਗਈ।

ਪੀਏਯੂ ਦੇ ਹੋਸਟਲ ਨੰਬਰ ਚਾਰ ਦੇ ਬਾਹਰ ਇੱਕ ਦਰੱਖਤ ਹੇਠਾਂ ਇੱਕ ਮੋਚੀ ਬੈਠਦਾ ਸੀ। ਉੱਥੇ ਹੀ ਮੈਨੂੰ ਮੇਰਾ ਮਿੱਤਰ ਮਿਲਿਆ, ਜਿਸਨੂੰ ਸਾਰੀ ਦੁਨੀਆ ਜਨਮੇਜਾ ਸਿੰਘ ਜੌਹਲ ਦੇ ਨਾਂ ਨਾਲ ਜਾਣਦੀ ਹੈ, ਪਰ ਮੇਰੇ ਲਈ ਉਹ “ਮੇਜਰ” ਹੈ।

ਪਹਿਲੇ ਦਿਨ ਅਸੀਂ ਇੱਕ-ਦੂਜੇ ਨਾਲ ਜਾਣ-ਪਛਾਣ ਕੀਤੀ। ਫਿਰ ਮੇਜਰ ਤੇ ਮੈਂ ਗੱਲਾਂ-ਬਾਤਾਂ ਕਰਨ ਲੱਗ ਪਏ। ਉਹਨਾਂ ਗੱਲਾਂ ਵਿੱਚੋਂ ਕੁਝ ਸਾਂਝਾਂ ਬਣਨ ਲੱਗੀਆਂ। ਸਭ ਤੋਂ ਵਧੀਆ ਗੱਲ ਜੋ ਅਸੀਂ ਇੱਕ-ਦੂਜੇ ਨਾਲ ਸਾਂਝੀ ਕੀਤੀ, ਉਹ ਸੀ ਕੁਦਰਤ ਨੂੰ ਇੱਕ ਖਾਸ ਐਂਗਲ ਤੋਂ ਦੇਖਣਾ ਅਤੇ ਉਸ ਕੁਦਰਤ ਨੂੰ ਕੈਪਚਰ ਕਰਨਾ।

ਮੈਂ ਵੇਖਿਆ ਕਿ ਇਹ ਬੰਦਾ ਇੱਕ ਕੈਮਰਾ ਲੈ ਕੇ ਫਿਰਦਾ ਹੈ ਅਤੇ

ਹਰ ਗੱਲ ਨੂੰ ਕੈਪਚਰ ਕਰਦਾ ਹੈ, ਰਿਕਾਰਡ ਕਰਦਾ ਹੈ ਅਤੇ ਉਸ ਦੇ ਕੁਝ ਕੈਪਸੂਲ ਬਣਾਉਂਦਾ ਹੈ। ਮੈਨੂੰ ਇਹ ਚੰਗਾ ਲੱਗਿਆ, ਕਿਉਂਕਿ ਮੇਰੀ ਵੀ ਫ਼ਿਤਰਤ ਉਹੀ ਸੀ, ਦੇਖੋ ਕਿ ਦੁਨੀਆ ਵਿੱਚ ਕੀ ਵਾਪਰ ਰਿਹਾ ਹੈ, ਉਸਨੂੰ ਸਮਝੋ ਅਤੇ ਉਸ 'ਤੇ ਗੌਰ ਕਰੋ ਕਿ ਇਹ ਕਿਉਂ ਵਾਪਰ ਰਿਹਾ ਹੈ।

ਇਹ ਇੱਕ ਬਹੁਤ ਵੱਡੀ ਸਾਂਝੀ ਸੋਚ ਸੀ, ਜਿਸ ਕਰਕੇ ਮੈਂ ਜਨਮੇਜਾ ਸਿੰਘ ਨਾਲ ਜੁੜ ਗਿਆ। ਜਨਮੇਜਾ ਸਿੰਘ ਆਪਣੀ ਉਸ ਪਹੁੰਚ ਨੂੰ ਕੈਮਰੇ ਰਾਹੀਂ ਲੋਕਾਂ ਤੱਕ ਪਹੁੰਚਾਉਣਾ ਚਾਹੁੰਦਾ ਸੀ ਅਤੇ ਮੈਂ ਆਪਣੇ ਦਿਲ ਦੀ ਫ਼ਿਤਰਤ ਨੂੰ ਜਨਮੇਜਾ ਸਿੰਘ ਦੇ ਉਹਨਾਂ ਕੈਪਚਰਾਂ ਵਿੱਚ ਸਮਾਉਣਾ ਚਾਹੁੰਦਾ ਸੀ। ਇੱਥੇ ਸਾਡੀ ਸਾਂਝ ਬਣ ਗਈ ਅਤੇ ਅਸੀਂ ਮਿੱਤਰ ਬਣ ਗਏ।

ਹੁਣ ਗੱਲ ਸ਼ੁਰੂ ਹੁੰਦੀ ਹੈ ਕਿ ਮਿੱਤਰਤਾ ਬਣ ਗਈ ਤਾਂ ਅੱਗੇ ਕਿਵੇਂ ਤੁਰਨਾ ਸੀ। ਕੁਝ ਨਹੀਂ, ਹਰ ਰੋਜ਼ ਮਿਲਣਾ, ਗੱਲਾਂ-ਬਾਤਾਂ ਕਰਨੀਆਂ, ਇੱਕ-ਦੂਜੇ ਦੇ ਮਿੱਤਰਾਂ ਨੂੰ ਮਿਲਣਾ ਅਤੇ ਅੱਗੇ ਤੁਰਦੇ ਜਾਣਾ।

ਪੀਏਯੂ ਵਿੱਚ ਮੈਨੂੰ ਸਮਝ ਆਈ ਕਿ ਜਨਮੇਜਾ ਸਿੰਘ ਦੀ ਪਹੁੰਚ ਉਹਨਾਂ ਲੋਕਾਂ ਤੱਕ ਹੈ ਜੋ ਸਾਹਿਤਕ ਹਨ, ਅਧਿਆਤਮਕ ਹਨ, ਕਲਾਕਾਰ ਹਨ ਅਤੇ ਸੋਚ ਨੂੰ ਜਾਣਨ ਵਾਲੇ ਹਨ। ਅਸੀਂ ਇਕੱਠੇ ਹੋ ਕੇ ਉਹਨਾਂ ਸਭ ਨੂੰ ਮਿਲਣਾ ਸ਼ੁਰੂ ਕੀਤਾ। ਉਹਨਾਂ ਵਿੱਚੋਂ ਬਹੁਤ ਸਾਰੇ ਅੱਜ ਸ਼ਾਇਦ ਸਾਰੀ ਦੁਨੀਆ ਜਾਣਦੀ ਹੈ। ਕਈ ਸੈਲੀਬ੍ਰਿਟੀਜ਼ ਵੀ ਬਣੇ। ਜਸਵਿੰਦਰ ਭੱਲਾ ਵੀ ਉਹਨਾਂ ਵਿੱਚੋਂ ਇੱਕ ਸੀ। ਅਸੀਂ ਐਵੇਂ ਹੀ ਤੁਰੇ ਜਾਂਦੇ ਹੁੰਦੇ ਸੀ ਅਤੇ ਉਹਨਾਂ ਨੂੰ ਮਿਲਦੇ ਹੁੰਦੇ ਸੀ।

ਮੈਂ ਬਹੁਤੀਆਂ ਉਹਨਾਂ ਗੱਲਾਂ ਵਿੱਚ ਨਹੀਂ ਜਾਣਾ ਚਾਹੁੰਦਾ, ਪਰ ਅੱਜ ਜੋ ਗੱਲ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਜਨਮੇਜਾ ਸਿੰਘ ਜੌਹਲ ਇੱਕ ਸਿੰਪਲ ਜਿਹਾ ਬੰਦਾ ਹੈ, ਪਰ ਹਰ ਥਾਂ ਆਪਣੀ ਜਗ੍ਹਾ ਬਣਾ ਲੈਂਦਾ ਹੈ। ਜਿੱਥੇ ਮਰਜ਼ੀ ਪਹੁੰਚੋ, ਜਨਮੇਜਾ ਸਿੰਘ ਜੌਹਲ ਜਾਣਿਆ ਜਾਂਦਾ ਹੈ। ਮੈਨੂੰ ਇਹ ਗੱਲ ਬਹੁਤ ਚੰਗੀ ਲੱਗਦੀ ਸੀ।

ਮੈਂ ਇਸ ਨਾਲ ਤੁਰਨਾ ਸ਼ੁਰੂ ਕੀਤਾ ਅਤੇ ਫਿਰ ਇਸ ਬੰਦੇ ਵਿੱਚ ਹੋਰ ਬਹੁਤ ਕੁਝ ਜਾਣਿਆ। ਇਸ ਵਿੱਚ ਇੱਕ ਹੋਰ ਬਹੁਤ ਵੱਡੀ ਕਵਾਲਿਟੀ ਹੈ, ਜਿਸ ਗੱਲ ਬਾਰੇ ਕੁਝ ਸੋਚ ਲਵੇ, ਉਸ ਸੋਚ ਨੂੰ ਸੱਚ ਵਿੱਚ ਕਿਵੇਂ ਬਦਲਣਾ ਹੈ, ਇਹ ਫਟਾਫਟ ਉਸ ਦੇ ਤਾਣੇ-ਬਾਣੇ ਬੁਣ ਲੈਂਦਾ ਹੈ।

ਇੱਕ ਵਾਰ ਸੋਚਿਆ ਕਿ ਕੋਈ ਆਵਾਜ਼ ਉਠਾਉਣ ਲਈ, ਕੁਝ ਕਹਿਣ ਲਈ ਕਾਲਜ ਆਫ਼ ਐਗਰੀਕਲਚਰ ਨੂੰ ਕੁਝ ਪੋਸਟਰ ਚਾਹੀਦੇ ਹਨ। ਉਹਨਾਂ ਦਿਨਾਂ ਅਸੀਂ ਇੱਕ ਅੰਦੋਲਨ ਕਰ ਰਹੇ ਸੀ। ਕਿੱਥੋਂ ਪ੍ਰਿੰਟ ਕਰਵਾਉਣੇ, ਇਸਨੇ ਇੱਕ ਪ੍ਰੈਕਟੀਕਲ ਪ੍ਰੈਸ ਹੀ ਸਥਾਪਿਤ ਕਰ ਦਿੱਤੀ। ਬਹੁਤ ਪ੍ਰਿਮਿਟਿਵ ਕਿਸਮ ਦੀ ਪ੍ਰਿੰਟਿੰਗ ਪ੍ਰੈਸ ਸੀ, ਪਰ ਇਸਨੇ ਬਣਾਈ। ਅਸੀਂ ਉੱਥੇ ਰਲ-ਮਿਲ ਕੇ ਪ੍ਰਿੰਟ ਕਰਦੇ ਹੁੰਦੇ ਸੀ।

ਉਸ ਵਿੱਚ ਕੋਈ ਲਾਲਚ ਨਹੀਂ ਸੀ। ਇਹ ਨਹੀਂ ਸੀ ਕਿ ਜਨਮੇਜਾ ਸਿੰਘ ਜੌਹਲ ਨੇ ਕੋਈ ਵੱਡਾ ਬਿਜ਼ਨਸ ਕੀਤਾ। ਹਾਂ, ਉਸਨੇ ਇਸਨੂੰ ਬਿਜ਼ਨਸ ਪਾਇੰਟ ਆਫ਼ ਵਿਊ ਤੋਂ ਹੀ ਖੋਲ੍ਹਿਆ ਸੀ, ਪਰ ਇਹ ਵੱਖਰੀ ਗੱਲ ਹੈ ਕਿ ਥੋੜ੍ਹੀ ਦੇਰ ਬਾਅਦ, ਆਫਸੈੱਟ ਟੈਕਨਾਲੋਜੀ ਆ ਗਈ ਅਤੇ ਉਹ ਕੰਮ ਬੰਦ ਕਰਨਾ ਪਿਆ।

ਗੱਲਾਂ ਤਾਂ ਬਹੁਤ ਹੁੰਦੀਆਂ ਹਨ ਸਾਂਝੀਆਂ ਕਰਨ ਲਈ, ਜਦੋਂ ਕਿਸੇ ਮਿੱਤਰ ਬਾਰੇ ਬੋਲੀਏ। ਪਰ ਇੱਕ ਗੱਲ ਅੱਜ ਵਾਕਈ ਸਭ ਨਾਲ ਸਾਂਝੀ ਕਰਾਂਗਾ। ਇਹ ਗੱਲ ਬਹੁਤ ਪੁਰਾਣੀ ਹੈ, ਲਗਭਗ 50 ਸਾਲ ਪੁਰਾਣੀ।

ਇੱਕ ਵਾਰੀ ਮੈਂ ਅਤੇ ਜਨਮੇਜਾ ਸਿੰਘ ਜੌਹਲ ਇਕੱਠੇ ਕਸ਼ਮੀਰ ਪਹੁੰਚ ਗਏ। ਉੱਥੇ ਸਾਡਾ ਇੱਕ ਸਾਂਝਾ ਮਿੱਤਰ ਸੀ, ਜੋ ਪੀ ਏ ਯੂ ਤੋਂ ਸਾਡਾ ਕਲਾਸ-ਫੈਲੋ ਸੀ। ਅਸੀਂ ਉਸਦੇ ਘਰ ਪਹੁੰਚ ਗਏ। ਅਸੀਂ ਉਸ ਮਿੱਤਰ ਦੇ ਘਰ ਕੁਝ ਦਿਨ ਰਹੇ। ਮੈਂ, ਜਨਮੇਜਾ ਸਿੰਘ ਜੌਹਲ, ਸਾਡਾ ਮਿੱਤਰ, ਉਸਦੇ ਭਰਾ ਅਤੇ ਉਸਦੇ ਮਾਤਾ-ਪਿਤਾ। ਇੱਕ ਦਿਨ ਬਹੁਤ ਠੰਡ ਸੀ। ਸਾਡੇ ਮਿੱਤਰ ਨੇ ਕਿਹਾ ਕਿ ਇੱਕ ਝਰਨਾ ਹੈ, ਕੁਦਰਤੀ ਪਾਈ ਦਾ ਵਹਾਅ, ਉੱਥੇ

ਜਾ ਕੇ ਨਹਾਉਣਾ ਹੈ। ਅਸੀਂ ਸਾਰੇ ਚਲੇ ਗਏ। ਪਹਿਲਾਂ ਡਰ ਲੱਗਦਾ ਸੀ ਕਿ ਠੰਡ ਹੈ, ਪਰ ਜਦੋਂ ਅਸੀਂ ਪਾਣੀ ਹੇਠਾਂ ਗਏ ਤਾਂ ਬਹੁਤ ਚੰਗਾ ਲੱਗਿਆ। ਇੱਕ ਹੋਰ ਗੱਲ ਵੀ ਸਾਂਝੀ ਕਰਦਾ ਹਾਂ। ਮੇਰਾ ਮਿੱਤਰ ਜਨਮੇਜਾ ਸਿੰਘ ਜੌਹਲ, ਮੇਜਰ, ਹਮੇਸ਼ਾ ਕੁਝ ਕਾਇਮਤ ਦੀ ਸੋਚ ਰੱਖਦਾ ਸੀ। ਉਸ ਨੇ ਬੁੱਲਟ ਮੋਟਰਸਾਈਕਲ ਵਿੱਚ ਡੀਜ਼ਲ ਇੰਜਨ ਲਗਵਾਇਆ। ਸ਼ਾਇਦ ਇਹ ਸੋਚ ਪਹਿਲਾਂ ਮਿਸਟਰ ਕਪੂਰ ਦੀ ਸੀ, ਜੋ ਸਾਡੇ ਕਾਲਜ ਦੇ ਗ੍ਰੈਜੂਏਟ ਸਨ। ਇਹਨਾਂ ਦੋਵਾਂ ਨੇ ਮਿਲ ਕੇ ਮੋਟਰਸਾਈਕਲ ਦਾ ਇੰਜਨ ਕੱਢ ਕੇ ਉਸ ਵਿੱਚ ਡੀਜ਼ਲ ਇੰਜਨ ਲਗਾਇਆ। ਇਹ ਉਸ ਵੇਲੇ ਇੱਕ ਵੱਡਾ ਤਜਰਬਾ ਸੀ। ਫਿਰ ਮੇਰਾ ਗੁਰਦੇਵ ਨਗਰ ਵਿੱਚ, ਇਹਨਾਂ ਦੇ ਘਰ ਆਉਣਾ-ਜਾਣਾ ਆਮ ਹੋ ਗਿਆ। ਇਸ ਕਰਕੇ ਮੈਨੂੰ ਇੱਕ ਹੋਰ ਵੱਡੀ ਪ੍ਰਿਵਿਲੇਜ ਮਿਲੀ -ਡਾਕਟਰ ਸਰਦਾਰਾ ਸਿੰਘ ਜੌਹਲ ਨੂੰ ਹਮੇਸ਼ਾ ਮਿਲਣ ਦੀ, ਉਹਨਾਂ ਨਾਲ ਇੰਟਰੈਕਟ ਕਰਨ ਦੀ ਅਤੇ ਉਹਨਾਂ ਨੂੰ ਸਮਝਣ ਦੀ। ਮੈਂ ਇਹ ਗੱਲ ਬਹੁਤ ਸਪਸ਼ਟ ਕਹਿਣਾ ਚਾਹੁੰਦਾ ਹਾਂ ਕਿ ਉਹਨਾਂ ਦੇ ਘਰ ਜਾਣਾ ਮੇਰੇ ਲਈ ਇੱਕ ਪ੍ਰਿਵਿਲੇਜ ਸੀ।

ਡਾਕਟਰ ਜੌਹਲ ਅਜਿਹੀ ਸ਼ਖ਼ਸੀਅਤ ਸਨ, ਜਿਨ੍ਹਾਂ ਨੂੰ ਸਾਰੀ ਦੁਨੀਆ ਜਾਣਦੀ ਹੈ। ਮੈਂ ਉਹਨਾਂ ਦੇ ਘਰ ਹਰ ਦਿਨ ਜਾਣਾ, ਉਹਨਾਂ ਨਾਲ, ਉਹਨਾਂ ਦੀ ਵਾਈਫ਼ ਅਤੇ ਮੇਜਰ ਦੀ ਮਾਤਾ ਜੀ ਨਾਲ ਬੈਠ ਕੇ ਗੱਲਾਂ-ਬਾਤਾਂ ਕਰਣੀਆਂ, ਹੱਸਣਾ-ਖੇਡਣਾ। ਇਹ ਸਭ ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਨਹੀਂ ਭੁੱਲ ਸਕਦਾ। ਅਸਲ ਵਿੱਚ, 25 ਸਾਲ ਬਾਅਦ, ਦੋ ਮਹੀਨੇ ਪਹਿਲਾਂ ਜਦੋਂ ਮੈਂ ਅਮਰੀਕਾ ਤੋਂ ਇੰਡੀਆ ਗਿਆ, ਤਾਂ ਮੈਂ ਉਹ ਘਰ ਹੋ ਕੇ ਆਇਆ। ਮੈਨੂੰ ਬਹੁਤ ਚੰਗਾ ਲੱਗਿਆ। ਜੇ ਕੋਈ ਮੈਨੂੰ ਪੁੱਛੇ ਕਿ ਮੇਰਾ ਤੇ ਮੇਜਰ ਦਾ ਪਿਛਲੇ 50 ਸਾਲਾਂ ਦਾ ਰਿਸ਼ਤਾ ਅਤੇ ਸਾਂਝ ਮੈਂ ਕਿਵੇਂ ਡਿਫਾਈਨ ਕਰਾਂ, ਤਾਂ ਮੈਂ ਦੋ ਸ਼ਬਦ ਕਹਾਂਗਾ-ਬਹੁਤ ਵਧੀਆ, ਬਹੁਤ ਵਧੀਆ।

ਇਹ ਇੱਕ ਐਸਾ ਇਨਸਾਨ ਹੈ ਜੋ ਬਹੁਤ ਡਾਊਨ-ਟੂ-ਅਰਥ

ਅਤੇ ਸਿੰਪਲ ਹੈ। ਇਹ ਬੰਦਾ ਸਮਝਣ ਵਿੱਚ ਆਸਾਨ ਨਹੀਂ, ਪਰ ਇਸਨੂੰ ਸਮਝਣ ਦੀ ਲੋੜ ਹੈ। ਇੱਕ ਹੋਰ ਗੱਲ ਯਾਦ ਆ ਗਈ। ਜਦੋਂ ਮੈਂ ਅਤੇ ਮੇਜਰ ਪਾਲਮਪੁਰ ਗਏ ਸੀ, ਉਸ ਵੇਲੇ ਉਸਦੇ ਨਵੇਂ ਡੀਜ਼ਲ ਮੋਟਰਸਾਈਕਲ ਦਾ ਸਫ਼ਰ ਸੀ। ਉਸ ਨੇ ਮੈਨੂੰ ਕਿਹਾ, "ਆਪਾਂ ਅੰਦਰੇਟਾ ਚਲਦੇ ਹਾਂ, ਜਿੱਥੇ ਪ੍ਰਸਿੱਧ ਚਿੱਤਰਕਾਰ ਸਰਦਾਰ ਸੋਭਾ ਸਿੰਘ ਦੀ ਆਰਟ ਗੈਲਰੀ ਹੈ।" ਅਸੀਂ ਉੱਥੇ ਗਏ। ਇਸ ਨੇ ਮੈਨੂੰ ਉੱਥੇ ਘੁਮਾਇਆ ਅਤੇ ਉਸ ਵੇਲੇ ਆਰਟ ਗੈਲਰੀ ਦੇ ਕੇਅਰਟੇਕਰ ਨਾਲ ਵੀ ਮਿਲਾਇਆ। ਮੈਂ ਮੇਜਰ ਦਾ ਇਸ ਗੱਲ ਲਈ ਅੱਜ ਵੀ ਸ਼ੁਕਰਗੁਜ਼ਾਰ ਹਾਂ।

ਉਸੇ ਵੇਲੇ ਪਾਲਮਪੁਰ ਵਿੱਚ ਅਸੀਂ ਇੱਕ ਟੀ ਗਾਰਡਨ ਵਿੱਚ ਘੁੰਮਣ ਗਏ। ਮੇਜਰ ਦਾ ਸੁਭਾਅ ਹੈ ਕਿ ਆਪਣੇ ਗਲ ਵਿੱਚ ਕੈਮਰਾ ਪਾਇਆ ਹੁੰਦਾ ਹੈ ਅਤੇ ਹਮੇਸ਼ਾ ਹਰ ਥਾਂ ਫੋਟੋਆਂ ਖਿੱਚਦਾ ਰਹਿੰਦਾ ਹੈ। ਉੱਥੇ ਅਚਾਨਕ ਇੱਕ ਬਾਂਦਰ ਦਰੱਖਤ ਤੋਂ ਥੱਲੇ ਲਪਕਿਆ ਅਤੇ ਮੇਜਰ ਦਾ ਕੈਮਰਾ ਖੋਹ ਕੇ ਲੈ ਗਿਆ।

ਅਸੀਂ ਉਸ ਬਾਂਦਰ ਦੇ ਪਿੱਛੇ ਭੱਜੇ। ਬਾਂਦਰ ਇੱਕ ਦਰੱਖਤ ਤੋਂ ਦੂਜੇ ਦਰੱਖਤ ਅਤੇ ਤੀਜੇ ਦਰੱਖਤ 'ਤੇ ਕੈਮਰਾ ਲੈ ਕੇ ਭੱਜਦਾ ਰਿਹਾ। ਆਖ਼ਰ ਉਸਦੇ ਹੱਥੋਂ ਕੈਮਰਾ ਛੁੱਟ ਗਿਆ। ਮੈਨੂੰ ਹੁਣ ਪਤਾ ਨਹੀਂ ਕਿ ਮੇਜਰ ਕੋਲ ਉਸ ਐਪੀਸੋਡ ਦੀ ਕੋਈ ਫੋਟੋਗਰਾਫ ਹੈ ਜਾਂ ਨਹੀਂ, ਪਰ ਇਹ ਘਟਨਾ ਵਾਪਰੀ ਸੀ। ਪਾਲਮਪੁਰ ਵਿੱਚ। ਇਹ ਗੱਲ ਮੈਂ ਕਦੇ ਨਹੀਂ ਭੁੱਲ ਸਕਦਾ।

ਮਿੱਤਰੋ, ਦਿਲ ਕਰਦਾ ਹੈ ਕਿ ਕੋਈ ਐਸਾ ਦੋਸਤ ਹੋਵੇ ਜਿਸ ਨਾਲ ਹਰ ਗੱਲ ਸਾਂਝੀ ਕਰ ਸਕੀਏ, ਜਿਸ ਨਾਲ ਹਮੇਸ਼ਾ ਰਲ-ਮਿਲ ਕੇ ਬੈਠ ਸਕੀਏ, ਜਿਸ ਕੋਲ ਕੋਈ ਲੁਕੋ-ਛਿਪੋ ਨਾ ਹੋਵੇ, ਕੋਈ ਰੋਕ ਟੋਕ ਨਾ ਹੋਵੇ, ਜੋ ਬੜਾ ਸਿੰਪਲ ਅਤੇ ਸਧਾਰਨ ਬੰਦਾ ਹੋਵੇ। ਮੇਰੇ ਲਈ ਉਹ ਬੰਦਾ ਮੇਰਾ ਮਿੱਤਰ ਮੇਜਰ ਹੈ, ਜਿਸ ਨਾਲ ਮੈਂ ਸਾਰੀ ਜ਼ਿੰਦਗੀ ਦੀ ਸਾਂਝ ਬਣਾਈ ਹੈ। ਉਸਦਾ ਨਾਂ ਹੈ-ਮੇਜਰ ਜਨਮੇਜਾ ਸਿੰਘ ਜੌਹਲ। ***

# ਖੱਟ ਗਿਆ ਵਿਸ਼ਵ ਪ੍ਰਸਿੱਧੀ
# ਜਸਜੀਤ ਸਿੰਘ ਲੱਕੀ ਸਟਾਰ

ਅਜੀਤ ਵਿੱਚ ਪੜ੍ਹਦਿਆਂ ਅਸੀਂ ਆਪਣੇ ਕਲਾਸ-ਫੈਲੋ ਜਨਮੇਜਾ ਸਿੰਘ ਜੌਹਲ ਨੂੰ ਯਾਦ ਕਰਦੇ ਰਹਿੰਦੇ ਹਾਂ। ਜਦੋਂ ਜਨਮੇਜਾ ਫੌਂਟ ਦੀ ਗੱਲ ਸੁਣਦੇ ਹਾਂ ਅਤੇ ਟੀ ਵੀ ਜਾਂ ਯੂਟਿਊਬ 'ਤੇ ਉਹਦੀ ਭੇਟ-ਵਾਰਤਾ ਸੁਣਦੇ ਹਾਂ, ਤਾਂ ਸਾਡੀ ਵੀ ਟੌਰ ਬਣਦੀ ਹੈ।

ਲੱਗਦਾ ਹੈ ਕਿ ਅਸੀਂ ਦੋਸਤਾਂ ਨੇ ਸ਼ਰਾਰਤਾਂ ਕਰਦੇ-ਕਰਦੇ ਜਿਹੜੀਆਂ ਗੱਲਾਂ ਜਨਮੇਜੇ ਨੂੰ ਸਮਝਾਈਆਂ ਸਨ, ਉਹਨਾਂ 'ਤੇ ਉਸ ਨੇ ਪੂਰੀ ਤਰ੍ਹਾਂ ਅਮਲ ਕਰਕੇ ਜੀਵਨ ਵਿੱਚ ਵੱਡੀ ਕਮਾਈ ਕੀਤੀ ਹੈ।

ਆਪਣੇ ਪਿਤਾ, ਸੰਸਾਰ-ਪ੍ਰਸਿੱਧ ਅਰਥਸ਼ਾਸਤਰੀ ਡਾਕਟਰ ਸਰਦਾਰਾ ਸਿੰਘ ਜੌਹਲ ਦੇ ਸਪੁੱਤਰ ਹੋਣ ਦਾ ਮਾਣ ਉਹਨੂੰ ਬਹੁਤ ਹੈ ਅਤੇ ਸਾਨੂੰ ਦੋਸਤਾਂ ਨੂੰ ਵੀ, ਇਸ ਪਰਿਵਾਰ ਦੇ ਘਰ ਸਕੂਲ ਪੜ੍ਹਦਿਆਂ ਜਾਣ ਅਤੇ ਪਾਰਟੀਆਂ ਖਾਣ ਦੀਆਂ ਯਾਦਾਂ ਕਦੇ ਭੁੱਲਣ ਵਾਲੀਆਂ ਨਹੀਂ।

ਸਾਡੇ ਸਕੂਲ ਵਿੱਚ ਅਨੁਸ਼ਾਸਨ ਬਹੁਤ ਸਖ਼ਤ ਸੀ, ਪਰ ਸ਼ਰਾਰਤ ਕਰਨ ਦਾ ਮਜ਼ਾ ਹੀ ਉਦੋਂ ਆਉਂਦਾ ਹੈ, ਜਦੋਂ ਸ਼ਰਾਰਤਾਂ ਬਿਲਕੁਲ ਨਾ ਕਰਨ ਵਾਲਾ ਮਾਹੌਲ ਹੋਵੇ। ਮੈਨੂੰ ਲੱਗਦਾ ਹੈ ਕਿ ਫੁਰਤੀਲੇ ਅਤੇ ਸ਼ਰਾਰਤੀ ਬੱਚਿਆਂ ਨੂੰ  ਜੇਕਰ ਚੰਗੀ ਸੇਧ ਮਿਲ ਜਾਵੇ, ਤਾਂ ਉਹ ਜ਼ਿੰਦਗੀ ਵਿੱਚ ਉੱਚਾ ਮੁਕਾਮ ਹਾਸਲ ਕਰ ਸਕਦੇ ਹਨ। ਜਨਮੇਜਾ ਦੇ ਇੱਕ ਸਫ਼ਲ ਲਿਖਾਰੀ ਅਤੇ ਪੰਜਾਬੀ ਸਾਹਿਤ ਅਕੈਡਮੀ ਦੇ ਸੀਨੀਅਰ ਮੈਂਬਰ ਹੋਣ ਦਾ ਮਾਣ ਵੀ ਸਾਨੂੰ ਮਿਲਦਾ ਹੈ। ਉਸ ਨੇ ਬੱਚਿਆਂ ਲਈ ਬਹੁਤ ਪੁਸਤਕਾਂ ਲਿਖੀਆਂ ਹਨ। ਕੁਝ ਕਾਵਿ-ਪੁਸਤਕਾਂ ਅਤੇ ਕੰਪਿਊਟਰ ਬਾਰੇ ਵੀ ਉਸ ਦੀਆਂ ਰਚਨਾਵਾਂ ਹਨ। ਸਾਡੇ ਵਾਂਗ ਜਨਮੇਜੇ ਦੇ ਦੋਸਤ ਸਾਰੀ ਦੁਨੀਆ ਵਿੱਚ ਹਨ। ਸ਼ਾਇਦ ਹੀ ਕਦੇ ਉਹਨੂੰ ਹੋਟਲ ਵਿੱਚ ਰਹਿਣਾ ਪਿਆ ਹੋਵੇ।

ਪਿਛਲੇ ਸਾਲਾਂ ਵਿੱਚ, ਸਰਦਾਰਨੀ ਪਿੰਕੀ ਜੌਹਲ ਦੇ ਦੁਖਦਾਈ ਵਿਛੋੜੇ ਨੂੰ ਸਹਿੰਦਿਆਂ, ਜਨਮੇਜੇ ਨੇ "ਪਿੰਕੀ ਹਰਬਲ ਗਾਰਡਨ ਬਣਾ ਕੇ ਆਪਣੇ ਬਨਸਪਤੀ ਗਿਆਨ ਅਤੇ ਖੇਤੀ-ਪ੍ਰੇਮ ਨੂੰ ਪ੍ਰਗਟ ਕੀਤਾ। ਲੋਕ ਦੂਰ-ਦੂਰ ਤੋਂ ਇਹ ਬਾਗ਼ ਦੇਖਣ ਜਾਂਦੇ ਹਨ। ਜਨਮੇਜਾ ਲੰਬੀ ਉਮਰ ਜੀਵੇ, ਚੰਗੀ ਸਿਹਤ ਮਾਏ ਅਤੇ ਆਪਣੇ ਪਿਤਾ ਵਾਂਗ ਦੁਨੀਆ ਵਿੱਚ ਸਿਤਾਰੇ ਵਾਂਗ ਚਮਕੇ, ਮੇਰੀ ਇਹੀ ਅਰਦਾਸ ਅਤੇ ਸ਼ੁੱਭ ਕਾਮਨਾ ਹੈ। ***

# ਬਹੁਤ ਪੁਰਾਣਾ ਸਬੰਧ

## ਜਸਮੇਰ ਢੱਟ

ਮੇਰਾ ਖਿਆਲ ਹੈ ਕਿ ਦੁਨੀਆ ਵਿੱਚ ਸ਼ਾਇਦ ਹੀ ਕੋਈ ਪੰਜਾਬੀ ਹੋਵੇ ਜੋ ਸਰਦਾਰ ਜਨਮੇਜਾ ਸਿੰਘ ਜੌਹਲ ਨੂੰ ਨਾ ਜਾਣਦਾ ਹੋਵੇ ਜਾਂ ਜਿਸ ਨੇ ਉਹਨਾਂ ਦਾ ਨਾਮ ਨਾ ਸੁਣਿਆ ਹੋਵੇ। ਉਹ ਇੱਕ ਲੇਖਕ ਹਨ, ਬਹੁਤ ਵਧੀਆ ਫੋਟੋਗਰਾਫਰ ਹਨ, ਡਾਕੂਮੈਂਟਰੀਆਂ ਵੀ ਉਹਨਾਂ ਨੇ ਬਣਾਈਆਂ ਹਨ। ਪੰਜਾਬੀ ਭਾਸ਼ਾ ਦੇ ਸਿਪਾਹੀ ਹਨ ਅਤੇ ਪੰਜਾਬੀ ਸੱਭਿਆਚਾਰ ਲਈ ਉਹਨਾਂ ਨੇ ਬੜੇ ਵਧੀਆ ਤੇ ਨਵੇਕਲੇ ਕੰਮ ਕੀਤੇ ਹਨ।

ਬੱਚਿਆਂ ਦੀ ਸਿੱਖਿਆ ਅਤੇ ਕਲਾ ਨਾਲ ਜੁੜੇ ਹੋਏ ਹਨ। ਉਹਨਾਂ ਨੇ ਬਹੁਤ ਸਾਰੀਆਂ ਕਿਤਾਬਾਂ ਲਿਖੀਆਂ ਹਨ, ਜਿਹੜੀਆਂ ਬੱਚਿਆਂ ਲਈ ਬੜੀਆਂ ਸੇਧਾਂ ਵਾਲੀਆਂ ਹਨ। ਕਹਾਣੀਆਂ ਦੀਆਂ ਕਿਤਾਬਾਂ ਲਿਖੀਆਂ ਹਨ, ਬਚਪਨ ਦੀਆਂ ਸ਼ਰਾਰਤਾਂ ਬਾਰੇ ਲਿਖਿਆ ਹੈ। ਉਹ ਸਮਝਦੇ ਹਨ ਕਿ ਬੱਚਿਆਂ ਨੂੰ ਡਾਂਟਣਾਂ ਨਹੀਂ, ਸਿਆਣਪ ਅਤੇ ਰਚਨਾਤਮਕਤਾ ਚਾਹੀਦੀ ਹੈ।

ਉਹਨਾਂ ਨੇ "ਬਾਲ ਰੰਗ" ਵਰਗੀਆਂ ਕਿਤਾਬਾਂ ਬਣਾਈਆਂ, ਕਹਾਣੀਆਂ, ਕਵਿਤਾਵਾਂ ਅਤੇ ਪਜ਼ਲਾਂ 'ਤੇ ਬਹੁਤ ਵਧੀਆ ਕੰਮ ਕੀਤਾ। ਸਪੈਸ਼ਲ ਲਰਨਿੰਗ ਲਈ ਉਹਨਾਂ ਨੇ ਫੱਟੀਆਂ ਬਣਾਈਆਂ। ਇਸ ਤੋਂ ਇਲਾਵਾ ਉਹਨਾਂ ਨੇ ਵੱਡੇ- ਵੱਡੇ ਪ੍ਰੋਜੈਕਟ ਵੀ ਕੀਤੇ ਹਨ, ਪੰਜਾਬੀ ਸਪੈਲ-ਚੈੱਕ ਬਣਾਇਆ, ਸੌਫਟਵੇਅਰ ਬਣਾਏ, ਪੰਜਾਬੀ ਫੌਂਟ ਕਨਵਰਟਰ ਬਣਾਇਆ ਅਤੇ ਲੱਖਾਂ ਪੰਜਾਬੀ ਸ਼ਬਦਾਂ ਦੀ ਡਾਟਾਬੇਸ ਤਿਆਰ ਕੀਤੀ।

ਜੇ ਉਹਨਾਂ ਦੇ ਪਰਿਵਾਰ ਦੀ ਗੱਲ ਕਰੀਏ, ਤਾਂ ਉਹਨਾਂ ਦੇ ਪਿਤਾ ਸਰਦਾਰਾ ਸਿੰਘ ਜੌਹਲ ਦੋ ਯੂਨੀਵਰਸਿਟੀਆਂ ਦੇ ਵਾਈਸ-ਚਾਂਸਲਰ ਰਹੇ ਹਨ। ਪਰ ਜੇ ਧਿਆਨ ਨਾਲ ਵੇਖਿਆ ਜਾਵੇ, ਤਾਂ ਦੋਵਾਂ ਦੀਆਂ ਤਸਵੀਰਾਂ ਦਾ ਦੂਜਾ ਪਾਸਾ ਲੱਗਦਾ ਹੈ। ਜਨਮੇਜਾ ਸਿੰਘ ਜੌਹਲ ਨੇ ਜੋ ਕੁਝ ਵੀ

ਹਾਸਲ ਕੀਤਾ, ਉਹ ਨਿਰੋਲ ਆਪਣੀ ਇਮਾਨਦਾਰੀ, ਸਿਆਣਪ ਅਤੇ ਬੁੱਧੀ ਨਾਲ ਕੀਤਾ। ਉਹਨਾਂ ਨੇ ਕਦੇ ਆਪਣੇ ਪਿਤਾ ਦੇ ਨਾਂ ਜਾਂ ਅਹੁਦੇ ਦਾ ਸਹਾਰਾ ਨਹੀਂ ਲਿਆ।

ਮੈਂ ਸਮਝਦਾ ਹਾਂ ਕਿ ਸ਼ਾਇਦ ਹੀ ਕੋਈ ਦੇਸ਼ ਹੋਵੇ ਜਿੱਥੇ ਉਹ ਨਾ ਗਏ ਹੋਣ। ਇੱਕ ਫੱਕਰ, ਫਕੀਰ ਕਿਸਮ ਦਾ ਇਨਸਾਨ ਹੈ ਜਨਮੇਜਾ ਸਿੰਘ ਜੌਹਲ। ਨੌਜਵਾਨ ਉਹਨਾਂ ਨੂੰ ਬਹੁਤ ਪਿਆਰ ਨਾਲ "ਚਾਚਾ ਜਨਮੇਜਾ" ਵੀ ਕਹਿੰਦੇ ਹਨ।

ਮੇਰਾ ਉਹਨਾਂ ਨਾਲ ਬਹੁਤ ਪੁਰਾਣਾ ਸਬੰਧ ਹੈ। ਜਦੋਂ "ਮਿਸ ਵਰਲਡ ਪੰਜਾਬਣ" ਦੇ ਪ੍ਰੋਗਰਾਮ ਦੇ ਪਹਿਲੇ ਸੋਵੀਨਿਰ ਛਪਦੇ ਸਨ, ਤਾਂ ਪਹਿਲੀ ਵਾਰ 1984 ਜਾਂ 1985 ਵਿੱਚ ਮੈਂ ਉਹਨਾਂ ਕੋਲੋਂ ਕੰਮ ਕਰਵਾਇਆ।

ਉਹ ਜਦੋਂ ਕੰਮ ਕਰਦੇ ਹਨ, ਕਈ ਵਾਰੀ ਸਾਨੂੰ ਲੱਗਦਾ ਹੈ ਕਿ ਉਹ ਆਪਣੀ ਮਰਜ਼ੀ ਨਾਲ ਕਰਦੇ ਹਨ। ਜ਼ਰੂਰੀ ਨਹੀਂ ਕਿ ਉਹ ਤੁਹਾਡੇ ਵਿਚਾਰਾਂ ਨਾਲ ਸਹਿਮਤ ਹੋਣ। ਕਈ ਵਾਰੀ ਉਹ ਆਪਣੀ ਗੱਲ ਮਨਵਾਉਂਦੇ ਹਨ,

ਆਪਣੇ ਐਕਸਪੈਰੀਮੈਂਟ ਕਰਦੇ ਹਨ। ਕਈ ਵਾਰੀ ਐਕਸਪੈਰੀਮੈਂਟ ਕਰਦਿਆਂ ਕੋਈ ਗਲਤੀ ਵੀ ਹੋ ਜਾਂਦੀ ਹੈ, ਪਰ ਉਹ ਖੁਦ ਹੀ ਕਹਿ ਦਿੰਦੇ ਹਨ, "ਇਹ ਚੀਜ਼ ਗਲਤ ਹੋ ਗਈ ਹੈ, ਇਸ ਕੰਮ ਦੀ ਪੇਮੈਂਟ ਨਹੀਂ ਲੈਣੀ।"

ਇਸ ਗੱਲ ਕਰਕੇ ਲੋਕ ਉਹਨਾਂ ਨੂੰ ਬਹੁਤ ਪਿਆਰ ਕਰਦੇ ਹਨ। ਸਭ ਤੋਂ ਵੱਡੀ ਗੱਲ ਇਹ ਹੈ ਕਿ ਉਹ ਮੂੰਹ 'ਤੇ ਸੱਚੀ ਗੱਲ ਕਹਿ ਦਿੰਦੇ ਹਨ। ਕਈਆਂ ਨੂੰ ਇਹ ਗੱਲ ਬਹੁਤ ਚੁੱਭਦੀ ਹੈ ਕਿ ਉਹ ਸਰੇਆਮ ਮੂੰਹ-ਫੱਟ ਹੋ ਕੇ ਸਾਹਮਣੇ ਗੱਲ ਕਰ ਦਿੰਦੇ ਹਨ। ਵੱਡੇ-ਵੱਡੇ ਸਾਹਿਤਕਾਰਾਂ ਬਾਰੇ ਵੀ, ਪੰਜਾਬੀ ਸਾਹਿਤ ਅਕੈਡਮੀ ਦੇ ਲੋਕਾਂ ਬਾਰੇ ਵੀ, ਜਿਹੜੀ ਗੱਲ ਉਹਨਾਂ ਦੇ ਮਨ ਵਿੱਚ ਹੁੰਦੀ ਹੈ, ਉਹ ਮੂੰਹ 'ਤੇ ਕਹਿ ਦਿੰਦੇ ਹਨ।

ਪਰ ਦਿਲੋਂ ਉਹ ਬਹੁਤ ਸਾਫ਼, ਇਮਾਨਦਾਰ ਇਨਸਾਨ ਹਨ।

ਉਹ ਕਿਸੇ ਨਾਲ ਮੈਲ, ਵਿਰੋਧ ਜਾਂ ਦੁਸ਼ਮਣੀ ਨਹੀਂ ਰੱਖਦੇ।

ਜਿੱਥੇ ਵੀ ਜਾਂਦੇ ਹਨ, ਪੰਜਾਬੀ ਸੱਭਿਆਚਾਰ, ਪੰਜਾਬੀ ਸਾਹਿਤ ਅਤੇ ਬੱਚਿਆਂ ਲਈ ਨਵੇਂ ਐਕਸਪੈਰੀਮੈਂਟ ਕਰਨ ਵਾਲਿਆਂ ਨੂੰ ਹੌਸਲਾ ਦਿੰਦੇ ਹਨ। ਬਹੁਤ ਸਾਰੇ ਲੋਕ ਉਹਨਾਂ ਤੋਂ ਸਿੱਖ ਕੇ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਦੇ ਵੱਖ-ਵੱਖ ਖੇਤਰਾਂ ਵਿੱਚ ਨਾਮ ਕਮਾ ਚੁੱਕੇ ਹਨ।

ਉਹਨਾਂ ਦੀ ਸ਼ਖਸੀਅਤ ਬਿਲਕੁਲ ਵਿਲੱਖਣ ਹੈ। ਉਹਨਾਂ ਦੀ ਤੁਲਨਾ ਕਿਸੇ ਨਾਲ ਨਹੀਂ ਕੀਤੀ ਜਾ ਸਕਦੀ। ਉਹ ਬਹੁਤ ਸਾਦੇ ਹਨ। ਦੇਖਣ ਵਾਲਾ ਇਹ ਨਹੀਂ ਕਹਿ ਸਕਦਾ ਕਿ ਇਹ ਕੋਈ ਮਾਡਰਨ ਬੰਦਾ ਹੈ, ਕਿਉਂਕਿ ਉਹਨਾਂ ਦੀ ਪੱਗ ਵੀ ਢਿੱਲੀ ਜਿਹੀ ਬੰਨੀ ਹੁੰਦੀ ਹੈ, ਦਾੜ੍ਹੀ ਵੀ ਕਈ ਵਾਰੀ ਆਪ ਹੀ ਹੱਥ ਨਾਲ ਕੱਟ ਲੈਂਦੇ ਹਨ। ਉਹਨਾਂ ਦੀ ਆਪਣੀ ਹੀ ਦੁਨੀਆ ਹੈ। ਉਹ ਕਿਸੇ ਦੇ ਮਗਰ ਨਹੀਂ ਲੱਗਦੇ।

ਜੋ ਲੋਕ ਉਹਨਾਂ ਨੂੰ ਸਮਝਦੇ ਹਨ, ਉਹ ਖੁਦ ਉਹਨਾਂ ਦੇ ਮਗਰ ਲੱਗਣ ਦੀ ਕੋਸ਼ਿਸ਼ ਕਰਦੇ ਹਨ।

ਮੈਂ ਜਦੋਂ ਵੀ ਉਹਨਾਂ ਕੋਲ ਗਿਆ, ਉਹਨਾਂ ਨੇ ਬਹੁਤ ਪਿਆਰ ਦਿੱਤਾ। ਸਵੇਰੇ ਪੁੱਛਦੇ, "ਕਿਹੜੀ ਚਾਹ ਪੀਈ- ਗੁੜ ਵਾਲੀ" ਉਹਨਾਂ ਵਿੱਚ ਸੇਵਾ-ਭਾਵਨਾ ਬਹੁਤ ਹੈ। ਉਹ ਚਾਹੁੰਦੇ ਹਨ ਕਿ ਆਏ ਹੋਏ ਬੰਦੇ ਨੂੰ ਜ਼ਰੂਰ ਚਾਹ ਪਵਾਈ ਜਾਵੇ। ਜਦੋਂ ਵੀ ਮਿਲਦੇ ਹਨ, ਬੜੀ ਖੁਸ਼ਦਿਲੀ ਨਾਲ ਮਿਲਦੇ ਹਨ ਅਤੇ ਕੋਸ਼ਿਸ਼ ਕਰਦੇ ਹਨ ਕਿ ਕਿਸੇ ਨਾ ਕਿਸੇ ਤਰੀਕੇ ਨਾਲ ਬੰਦੇ ਦੀ ਮਦਦ ਕਰ ਸਕਣ।

ਹਾਂ, ਇਹ ਵੀ ਜ਼ਰੂਰੀ ਨਹੀਂ ਕਿ ਜੇ ਕੋਈ ਉਹਨਾਂ ਨੂੰ ਸਲਾਹ ਦੇਵੇ ਤਾਂ ਉਹ ਉਸ ਨਾਲ ਸਹਿਮਤ ਹੀ ਹੋਣ। ਪਰ ਉਹ ਇਹ ਨਹੀਂ ਕਿ ਮੂੰਹ 'ਤੇ ਕੁਝ ਕਹਿਣ ਅਤੇ ਮਗਰੋਂ ਚੁਗਲੀਆਂ ਕਰਨ। ਜੋ ਕਹਿਣਾ ਹੁੰਦਾ ਹੈ, ਸਿੱਧਾ ਮੂੰਹ 'ਤੇ ਕਹਿ ਦਿੰਦੇ ਹਨ।

ਇਸ ਕਰਕੇ ਜਿਹੜੇ ਲੋਕ ਸਿਰਫ਼ ਆਪਣੀ ਤਾਰੀਫ਼ ਸੁਣਨਾ ਚਾਹੁੰਦੇ ਹਨ, ਉਹਨਾਂ ਨੂੰ ਜਨਮੇਜਾ ਜੀ ਪਸੰਦ ਨਹੀਂ ਆਉਂਦੇ।

ਉਹਨਾਂ ਨੇ ਮੈਨੂੰ ਬਹੁਤ ਸਾਰੇ ਦੋਸਤਾਂ ਨਾਲ ਮਿਲਾਇਆ। ਸਰਦਾਰ ਰਣਜੋਧ ਸਿੰਘ, ਜੋ ਰਾਮਗੜ੍ਹੀਆ ਕਾਲਜ ਦੇ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਹਨ, ਉਹਨਾਂ ਨਾਲ ਵੀ ਮਿਲਾਇਆ। ਹੋਰ ਬਹੁਤ ਸਾਰੇ ਮਿੱਤਰਾਂ ਨਾਲ ਜਾਣ-ਪਛਾਣ ਕਰਵਾਈ।

ਸਾਡੇ "ਮਿਸ ਵਰਲਡ ਪੰਜਾਬਣ" ਪ੍ਰੋਗਰਾਮ ਦਾ ਸੋਵੀਨਿਰ ਛਾਪਣ, ਪੰਜਾਬ ਦੀ ਫੋਟੋਗਰਾਫੀ ਕਰਨ ਅਤੇ ਡਾਕੂਮੈਂਟੇਸ਼ਨ ਸੰਭਾਲਣ ਵਿੱਚ ਉਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ। ਉਹ ਹਮੇਸ਼ਾ ਮੈਨੂੰ ਕਹਿੰਦੇ ਰਹੇ ਕਿ ਆਪਣੇ ਪ੍ਰੋਗਰਾਮਾਂ ਦੀ ਵੀਡੀਓ ਅਤੇ ਡਾਕੂਮੈਂਟੇਸ਼ਨ ਸੰਭਾਲੋ, ਕਿਉਂਕਿ "ਮਿਸ ਵਰਲਡ ਪੰਜਾਬਣ" ਵਰਗਾ ਪ੍ਰੋਗਰਾਮ 35 ਸਾਲਾਂ ਤੋਂ ਚੱਲ ਰਿਹਾ ਹੈ ਅਤੇ ਇਹ ਵਿਰਸਾ ਹੈ।

ਇਸ ਤੋਂ ਇਲਾਵਾ ਮੇਰੀ ਵਾਈਫ਼ ਗੁੱਡੀਆਂ ਪਟੋਲੇ" ਬਣਾਉਂਦੀ ਹੈ। ਉਸ ਕੰਮ ਵਿੱਚ ਵੀ ਉਹਨਾਂ ਨੇ ਸਾਨੂੰ ਬਹੁਤ ਵਧੀਆ ਸੁਝਾਅ ਦਿੱਤੇ, ਜਿਨ੍ਹਾਂ ਨੂੰ ਅਸੀਂ ਅਮਲ ਵਿੱਚ ਵੀ ਲਿਆਂਦਾ। ਉਹਨਾਂ ਨੇ ਮੇਰੀ ਮੈਡਮ ਤੋਂ ਹੱਥਾਂ ਨਾਲ ਬਣਵਾਈਆਂ ਗੁੱਡੀਆਂ ਇੱਕ ਨੁਮਾਇਸ਼ ਲਈ ਆਸਟਰੇਲੀਆ ਭੇਜੀਆਂ, ਜੋ ਸਿੱਖ ਗੇਮਜ਼ ਦੌਰਾਨ ਲੱਗੀ ਸੀ।

ਮੈਂ ਇੱਕ ਗੱਲ ਹੋਰ ਵੇਖੀ ਕਿ ਉਹ ਕਿਸੇ ਕਿਸਮ ਦੀ ਟੈਨਸ਼ਨ ਨਹੀਂ ਲੈਂਦੇ। ਖੁਸ਼ ਰਹਿੰਦੇ ਹਨ। ਕਈ ਵਾਰੀ ਲੱਗਦਾ ਹੈ ਕਿ ਉਹਨਾਂ ਦਾ ਆਪਣੇ ਪਰਿਵਾਰ ਨਾਲ ਵੀ ਬਹੁਤ ਜ਼ਿਆਦਾ ਮੋਹ ਨਹੀਂ, ਉਹ ਆਪਣੀ ਹੀ ਚਾਲ ਵਿੱਚ ਮਸਤ ਰਹਿੰਦੇ ਹਨ। ਜਿਵੇਂ ਹਾਥੀ ਆਪਣੀ ਚਾਲ ਤੁਰਦਾ ਜਾਂਦਾ ਹੈ, ਉਹ ਵੀ ਆਪਣੀ ਮਸਤੀ ਵਿੱਚ ਤੁਰਦੇ ਰਹਿੰਦੇ ਹਨ। ਕਿਸੇ ਦੀ ਪਰਵਾਹ ਨਹੀਂ ਕਰਦੇ।

ਜੇ ਸੱਟ ਵੀ ਲੱਗੀ ਹੋਵੇ, ਤਾਂ ਵੀ ਉਹ ਆਪਣਾ ਪੈਰ ਚੁੱਕ ਕੇ ਅੱਗੇ ਤੁਰਦੇ ਰਹਿੰਦੇ ਹਨ।

ਉਹ ਇੱਕ ਬਿਲਕੁਲ ਵਿਲੱਖਣ ਸ਼ਖਸੀਅਤ ਦੇ ਮਾਲਕ ਹਨ। ਮੈਂ ਅਰਦਾਸ ਕਰਦਾ ਹਾਂ ਕਿ ਉਹ ਲੰਮੀ, ਤੰਦਰੁਸਤ ਉਮਰ ਭੋਗਣ ਅਤੇ ਇਸੇ

ਤਰ੍ਹਾਂ ਪੰਜਾਬੀ ਸੱਭਿਆਚਾਰ ਅਤੇ ਸਾਹਿਤ ਲਈ ਕੰਮ ਕਰਨ ਵਾਲੇ ਨੌਜਵਾਨਾਂ ਨੂੰ ਹੌਸਲਾ ਦਿੰਦੇ ਰਹਿਣ।

***

# ਜਾਣ ਕੇ ਵੀ, ਮੈਂ ਜਾਣ ਨਹੀਂ ਸਕਿਆ

## ਜਤਿੰਦਰ ਪਨੂੰ

ਪਤਾ ਨਹੀਂ ਮੇਰੇ ਵਾਂਗ ਹੋਰ ਕਿੰਨੇ ਸੱਜਣਾਂ ਨੂੰ ਇਹ ਵਹਿਮ ਹੋ ਸਕਦਾ ਹੈ ਕਿ ਉਹ ਜਨਮੇਜਾ ਸਿੰਘ ਜੌਹਲ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਮੈਨੂੰ ਕਈ ਵਾਰ ਏਦਾਂ ਲੱਗਦਾ ਹੈ ਕਿ ਜਿੰਨਾ ਉਸ ਨੂੰ ਮੈਂ ਜਾਣਦਾ ਹਾਂ, ਕੋਈ ਹੋਰ ਜਾਣਦਾ ਹੀ ਨਹੀਂ ਹੋਣਾ, ਪਰ ਫਿਰ ਮੈਨੂੰ ਇਹ ਲੱਗਣ ਲੱਗ ਪੈਂਦਾ ਹੈ ਕਿ ਤਿੰਨ ਦਹਾਕਿਆਂ ਤੋਂ ਵੱਧ ਮਿਲਦਿਆਂ ਹੋ ਗਏ, ਮੈਂ ਇਸ ਬੰਦੇ ਨੂੰ ਅੱਜ ਤੱਕ ਚੰਗੀ ਤਰ੍ਹਾਂ ਸਮਝ ਵੀ ਨਹੀਂ ਸਕਿਆ। ਬੜੀ ਅਜੀਬ ਜਿਹੀ ਸ਼ਖਸੀਅਤ ਦਾ ਮਾਲਕ ਹੈ ਇਹ। ਅਖ਼ਬਾਰ ਦੇ ਦਫ਼ਤਰ ਵਿੱਚ ਆਇਆਂ ਮੈਨੂੰ ਅਜੇ ਤਿੰਨ-ਚਾਰ ਸਾਲ ਹੋਏ ਸਨ ਕਿ ਅਚਾਨਕ ਇੱਕ ਦਿਨ ਜਨਮੇਜਾ ਸਿੰਘ ਜੌਹਲ ਮਿਲਣ ਆ ਗਿਆ। ਮੇਰੇ ਸਟਾਫ਼ ਦਾ ਜਿਹੜਾ ਮੈਂਬਰ ਉਸ ਦਾ ਜਾਣੂ ਸੀ ਅਤੇ ਮਿਲਾਉਣ ਲਿਆਇਆ ਸੀ, ਉਸ ਦੇ ਬੋਲਣ ਤੋਂ ਪਹਿਲਾਂ ਹੀ ਜਨਮੇਜਾ ਸਿੰਘ ਨੇ ਕਹਿ ਦਿੱਤਾ, "ਰਹਿਣ ਦੇ ਯਾਰ, ਅਸੀਂ ਦੋਵੇਂ ਪੰਜਾਬੀ ਹਾਂ। ਪੰਜਾਬੀਆਂ ਨੂੰ ਇੱਕ-ਦੂਸਰੇ ਨਾਲ ਮਿਲਾਉਣ ਲਈ ਕਿਸੇ ਤੀਸਰੇ ਦੀ ਲੋੜ ਨਹੀਂ ਹੁੰਦੀ। ਮਨ ਮਿਲਿਆ ਤਾਂ ਆਪੇ ਮਿਲ ਲਵਾਂਗੇ, ਨਾ ਮਿਲਿਆ ਤਾਂ ਤੇਰੇ ਮਿਲਾਇਆਂ ਵੀ ਨਹੀਂ ਮਿਲਣਾ।"

ਉਸ ਦੇ ਸੁਭਾਅ ਤੋਂ ਜਾਣੂ ਹੋਣ ਕਾਰਨ ਉਹ ਸਾਥੀ ਆਪਣੇ ਟੇਬਲ ਵੱਲ ਚਲਾ ਗਿਆ ਤੇ ਅਸੀਂ ਏਧਰ-ਓਧਰ ਦੀਆਂ ਪਤਾ ਨਹੀਂ ਕਿੰਨੀਆਂ ਕਿਸਮਾਂ ਦੀਆਂ ਗੱਲਾਂ ਕਰੀ ਗਏ, ਜਿਹੜੀਆਂ ਹੋਰ ਕੋਈ ਸੁਣਦਾ ਤਾਂ ਉਸ ਨੂੰ ਸਮਝ ਨਹੀਂ ਸਨ ਆਉਣੀਆਂ।

ਵਿੱਚ-ਵਾਰੇ ਜਦੋਂ ਕੋਈ ਜ਼ਰੂਰੀ ਚਿੱਠੀ-ਪੱਤਰ ਆ ਜਾਂਦਾ ਤਾਂ ਮੈਂ ਦੋ ਮਿੰਟ ਉਹਦੇ ਵੱਲ ਝਾਕ ਲੈਂਦਾ। ਇਸ ਦੌਰਾਨ ਪਤਾ ਨਹੀਂ ਕਦੋਂ ਉਸ ਨੇ ਮੇਰੀ ਇੱਕ ਫੋਟੋ ਖਿੱਚ ਲਈ। ਅਗਲੇ ਦਿਨੀਂ ਜਦੋਂ ਉਸ ਦਾ ਪ੍ਰਿੰਟ ਕੱਢ ਕੇ

ਭੇਜਿਆ, ਉਸ ਵੇਲੇ ਹਾਲੇ ਮੈਂ ਈਮੇਲ ਜਾਂ ਵਾਟਸਐਪ ਵਰਤਣ ਜੋਗਾ ਨਹੀਂ ਸੀ ਹੋਇਆ-ਤਾਂ ਮੈਨੂੰ ਉਹ ਫੋਟੋ ਕੋਈ ਖਾਸ ਨਹੀਂ ਸੀ ਲੱਗੀ।

ਪਰ ਸਮੇਂ ਨਾਲ ਉਹ ਫੋਟੋ ਏਨੀ ਖਾਸ ਹੋ ਗਈ ਕਿ ਸੰਸਾਰ ਦੇ ਪਤਾ ਨਹੀਂ ਕਿੰਨੇ ਦੇਸ਼ਾਂ ਦੇ ਕਿੰਨੇ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਸਭ ਤੋਂ ਵੱਧ ਛਪਦੀ ਰਹੀ। ਮੈਨੂੰ ਅੱਜ ਵੀ ਪਤਾ ਨਹੀਂ ਕਿ ਉਸ ਫੋਟੋ ਦੀ ਖਾਸੀਅਤ ਕੀ ਸੀ, ਪਰ ਪਤਾ ਤਾਂ ਜਨਮੇਜਾ ਸਿੰਘ ਦਾ ਵੀ ਅੱਜ ਤੱਕ ਨਹੀਂ ਲੱਗ ਰਿਹਾ ਕਿ ਉਸ ਦੀ ਖਾਸੀਅਤ ਕੀ ਹੈ!

ਲਿਖਾਰੀ ਵੀ ਉਹ ਵਧੀਆ ਹੈ, ਕੰਪਿਊਟਰ ਤਕਨੀਕ ਦਾ ਮਾਹਰ ਵੀ ਹੈ, ਫੋਟੋਗਰਾਫੀ ਦਾ ਸ਼ੌਕੀਨ ਤਾਂ ਪਹਿਲਾਂ ਤੋਂ ਸੀ ਹੀ, ਪ੍ਰਿੰਟ ਦੀ ਦੁਨੀਆ ਦਾ ਹਿਸਾਬੀ-ਕਿਤਾਬੀ ਵੀ ਪੂਰਾ ਜਾਪਦਾ ਹੈ।

ਉਸ ਦੀ ਜੀਵਨ ਸਾਥਣ ਜਦੋਂ ਸੰਸਾਰ ਤੋਂ ਚਲੀ ਗਈ ਤਾਂ ਉਸ ਦੀ ਯਾਦ ਵਿੱਚ ਉਸ ਨੇ ਅਤੇ ਪਰਿਵਾਰ ਨੇ ਹਰਬਲ ਗਾਰਡਨ ਲਾਉਣ ਦੀ ਸਲਾਹ ਬਣਾਈ। ਪਹਿਲਾ ਬੂਟਾ ਲਾਉਣ ਵੇਲੇ ਮੈਨੂੰ ਵੀ ਸੱਦ ਲਿਆ। ਉਹ ਬਾਗ ਜਿਸ ਤਰ੍ਹਾਂ ਸੁਗੰਧੀ ਵੰਡਣ ਵਾਲਾ ਅਤੇ ਵਿਦਿਆਰਥੀਆਂ ਦੀ ਖੋਜ ਦਾ ਟਿਕਾਣਾ ਬਣਦਾ ਗਿਆ, ਉਹ ਆਪਣੇ ਆਪ ਵਿੱਚ ਇੱਕ ਮਿਸਾਲ ਕਿਹਾ ਜਾ ਸਕਦਾ ਹੈ।

ਜਨਮੇਜਾ ਸਿੰਘ ਦੇ ਗੁਣ ਤਾਂ ਗਿਣੇ ਨਹੀਂ ਜਾਂਦੇ, ਪਰ ਔਗੁਣ ਵੱਡਾ ਇਹ ਹੈ ਕਿ ਜਿਸ ਦੀ ਕੋਈ ਗੱਲ ਕਿਸੇ ਵੀ ਮੋੜ 'ਤੇ ਗਲਤ ਜਾਪਦੀ ਹੋਵੇ, ਆਪਣੇ ਮਨ ਦੇ ਭਾਵ ਲੁਕਾਉਂਦਾ ਨਹੀਂ। ਅਗਲੇ ਦੇ ਮੂੰਹ ਉੱਤੇ ਸਿੱਧਾ ਕਹਿਣ ਦੀ ਜੁਰਅੱਤ ਬੜੇ ਆਰਾਮ ਨਾਲ ਵਿਖਾ ਸਕਦਾ ਹੈ।

ਸੌ ਗੱਲਾਂ ਦੀ ਇੱਕ ਗੱਲ ਇਹ ਕਿ ਅੱਜ ਜਦੋਂ ਪੰਜਾਬ ਅਤੇ ਪੰਜਾਬੀਅਤ ਵਿੱਚ ਸਰਵਣ ਪੁੱਤਰਾਂ ਦੀ ਰਿਵਾਇਤ ਮੁੱਕਦੀ ਜਾਂਦੀ ਹੈ, ਓਦੋਂ ਉਹ ਆਪਣੇ ਪਿਤਾ ਜੀ ਸਰਦਾਰਾ ਸਿੰਘ ਜੌਹਲ ਹੁਰਾਂ ਲਈ ਸਰਵਣ ਪੁੱਤਰ ਵਾਂਗ ਸਮਰਪਿਤ ਹੈ।

ਕੁਝ ਦਿਨ ਪਹਿਲਾਂ ਜਦੋਂ ਮੈਂ ਉਸ ਦੇ ਪਿਤਾ ਜੀ ਨੂੰ ਮਿਲਣ

ਗਿਆ, ਦੋਵੇਂ ਜਣੇ ਖੁਸ਼ਗਵਾਰ ਮੂਡ ਵਿੱਚ ਲੰਮਾ ਸਮਾਂ ਗੱਲਾਂ ਕਰਦੇ ਰਹੇ।। ਉਹ ਪਿਤਾ-ਪੁੱਤਰ ਨਹੀਂ ਸਨ ਜਾਪਦੇ, ਕੋਈ ਗਹਿਰੀ ਦੋਸਤੀ ਵਾਲੇ ਯਾਰ-ਮਿੱਤਰ ਜਾਪਦੇ ਸਨ। ਏਦਾਂ ਪੰਜਾਬ ਦੇ ਕਿਸੇ ਘਰ ਵਿੱਚ ਅੱਜਕੱਲ ਘੱਟ ਹੀ ਮਿਲਦਾ ਹੈ।

ਮੈਂ ਏਨੀਆਂ ਗੱਲਾਂ ਕਰ ਲਈਆਂ ਹਨ, ਪਰ ਇਹ ਗੱਲ ਫਿਰ ਆਪਣੀ ਥਾਂ ਖੜੀ ਹੈ ਕਿ ਕਦੇ ਮੈਨੂੰ ਇਹ ਜਾਪਦਾ ਹੈ ਕਿ ਜਨਮੇਜਾ ਸਿੰਘ ਜੌਹਲ ਨੂੰ ਜਿੰਨਾ ਮੈਂ ਜਾਣਦਾ ਹਾਂ, ਕੋਈ ਜਾਣਦਾ ਹੀ ਨਹੀਂ, ਤੇ ਕਦੇ ਇਹ ਜਾਪਣ ਲੱਗ ਪੈਂਦਾ ਹੈ ਕਿ ਦੋਸਤੀ ਦੇ ਨਾਂ 'ਤੇ ਤੀਹਾਂ ਤੋਂ ਵੱਧ ਸਾਲ ਐਵੇਂ ਹੀ ਲੰਘਾ ਲਏ, ਸਮਝ ਤਾਂ ਮੈਂ ਇਸ ਨੂੰ ਅੱਜ ਤੱਕ ਨਹੀਂ ਸਕਿਆ।

ਜਾਂ ਕੋਈ ਉਸ ਦੀ ਖਾਸ ਗੁੰਝਲ ਹੈ ਜਾਂ ਮੇਰੀ ਕਮ-ਅਕਲੀ ਹੈ, ਮੇਰੇ ਲਈ ਇਹ ਵੀ ਕਹਿ ਸਕਣਾ ਔਖਾ ਹੈ।

***

# ਦੋਸਤੀ ਨੂੰ, ਮੈਂ ਫ਼ਖ਼ਰ ਨਾਲ ਦੱਸਦਾ

## ਜਗਰੂਪ ਸਿੰਘ ਬਾਠ

ਜੌਹਲ ਸਾਹਿਬ ਨਾਲ ਮਿਲਈ ਦਾ ਸਬੱਬ ਵੀ ਸੋਸ਼ਲ ਮੀਡੀਆ ਰਾਹੀਂ ਹੀ ਬਇਆ। ਪੰਦਰਾਂ ਕੁ ਸਾਲ ਪਹਿਲਾਂ ਅਸੀਂ ਇੱਕ ਗਰੁੱਪ ਬਣਾਇਆ ਸੀ, ਜਿੱਥੇ ਅਸੀਂ ਲੋੜਵੰਦਾਂ ਦੀ ਮਦਦ ਕਰਦੇ ਸੀ। ਉਸ ਗਰੁੱਪ ਵਿੱਚ ਅਸੀਂ ਤਿੰਨ-ਚਾਰ ਜਣੇ ਸਾਂ, ਜੋ ਇਹ ਫੈਸਲਾ ਕਰਦੇ ਸੀ ਕਿ ਕਿਹੜੇ ਲੋੜਵੰਦ ਨੂੰ ਪੈਸਿਆਂ ਦੀ ਲੋੜ ਹੈ। ਇਥੋਂ ਹੀ ਜੌਹਲ ਸਾਹਿਬ ਨਾਲ ਦੋਸਤੀ ਦਾ ਸਫ਼ਰ ਸ਼ੁਰੂ ਹੋਇਆ।

ਇਹ ਹਰ ਦੂਜੇ-ਤੀਜੇ ਸਾਲ ਅਮਰੀਕਾ ਘੁੰਮਣ ਆਉਂਦੇ ਅਤੇ ਮੇਰੇ ਕੋਲ ਕੁਝ ਦਿਨ ਜ਼ਰੂਰ ਠਹਿਰਦੇ ਸਨ। ਮੈਂ ਵੀ ਹਰ ਸਾਲ ਪਿੰਡ ਆਉਂਦਾ ਅਤੇ ਫਿਰ ਅਸੀਂ ਇੱਕ-ਦੂਜੇ ਨੂੰ ਮਿਲਦੇ ਰਹਿੰਦੇ।

ਫਿਰ ਮੇਰੀ ਬੇਟੀ ਦੇ ਵਿਆਹ ਲਈ ਅਸੀਂ ਬਾਲੀ, ਇੰਡੋਨੇਸ਼ੀਆ ਗਏ, ਜਿੱਥੇ ਮੈਂ ਆਪਣੀ ਬੇਟੀ ਦਾ ਵਿਆਹ ਕੀਤਾ ਸੀ। ਜੌਹਲ ਸਾਹਿਬ ਸਾਡੇ ਮੁੱਖ ਮਹਿਮਾਨ ਸਨ। ਉਸ ਵੇਲੇ ਇਹਨਾਂ ਦੀ ਇੱਕ ਬਾਂਹ ਅਤੇ ਹੱਥ ਬਿਲਕੁਲ ਕੰਮ ਕਰਨਾ ਛੱਡ ਗਿਆ ਸੀ, ਪਰ ਫਿਰ ਵੀ ਇਹ ਵਿਆਹ ਵਿੱਚ ਸ਼ਾਮਲ ਹੋਏ। ਇੱਕ ਹੱਥ ਨਾਲ ਪੱਗ ਬੰਨਣੀ, ਖਾਣਾ ਖਾਣਾ ਅਤੇ ਕੱਪੜੇ ਪਾਉਣੇ ਭਾਵੇਂ ਬਹੁਤ ਔਖੇ ਸਨ, ਪਰ ਇਸਨੇ ਦੋਸਤੀ ਦਾ ਫਰਜ਼ ਨਿਭਾਇਆ। ਮੈਨੂੰ ਹਮੇਸ਼ਾ ਇਹਨਾਂ 'ਤੇ ਮਾਣ ਰਹੇਗਾ।

ਮੇਰੇ ਲਈ ਜੌਹਲ ਸਾਹਿਬ ਦੀ ਦੋਸਤੀ ਬਹੁਤ ਕੀਮਤੀ ਹੈ। ਇਹਨਾਂ ਨਾਲ ਰਹਿ ਕੇ, ਇਹਨਾਂ ਦੇ ਵਿਚਾਰ ਸੁਣ ਕੇ ਅਤੇ ਉਹਨਾਂ 'ਤੇ ਪਹਿਰਾ ਦੇਣਾ-ਬਸ ਇਹੀ ਮੈਂ ਇਹਨਾਂ ਕੋਲੋਂ ਸਿੱਖਿਆ। ਜੌਹਲ ਸਾਹਿਬ ਦੀ ਰਹਿਣ ਵਿੱਚ ਸਾਦਗੀ, ਵਿਚਾਰਾਂ ਵਿੱਚ ਸਪੱਸ਼ਟਤਾ ਅਤੇ ਲੋਭ-ਲਾਲਚ ਤੋਂ ਦੂਰ ਰਹਿਣਾ, ਇਹ ਸਭ ਮੈਂ ਇਹਨਾਂ ਕੋਲੋਂ ਸਿੱਖਿਆ।

ਇਹਨਾਂ ਨੂੰ ਕੋਈ ਕਾਹਲ ਨਹੀਂ ਹੁੰਦੀ, ਕੋਈ ਬਹੁਤੀ ਭੱਜ-ਦੌੜ

ਨਹੀਂ ਹੁੰਦੀ। ਜਿੱਥੇ ਬੈਠ ਜਾਣ, ਬਸ ਉਸੇ ਦੇ ਹੋ ਕੇ ਰਹਿ ਜਾਂਦੇ ਹਨ। ਹੌਲੀ-ਹੌਲੀ ਇਹਨਾਂ ਦੀਆਂ ਗੱਲਾਂ ਸੁਣ-ਸੁਣ ਕੇ ਮੈਂ ਉਹਨਾਂ ਨੂੰ ਪੱਲੇ ਬੰਨਣਾ ਸ਼ੁਰੂ ਕਰ ਦਿੱਤਾ ਅਤੇ ਆਪਣੇ ਜੀਵਨ ਵਿੱਚ ਲਾਗੂ ਕਰ ਲਿਆ।

ਅੱਜ ਮੇਰੇ ਵਿੱਚ ਜੋ ਬਦਲਾਅ ਆਇਆ ਹੈ, ਉਹ ਸਭ ਜੌਹਲ ਸਾਹਿਬ ਕਰਕੇ ਹੀ ਆਇਆ ਹੈ। ਇਸ ਵਿੱਚ ਇਹਨਾਂ ਦਾ ਬਹੁਤ ਵੱਡਾ ਯੋਗਦਾਨ ਹੈ।

ਜੌਹਲ ਸਾਹਿਬ ਦੀ ਦੋਸਤੀ ਨੂੰ ਮੈਂ ਫ਼ਖ਼ਰ ਨਾਲ ਸਭ ਨੂੰ ਦੱਸਦਾ ਹਾਂ ਅਤੇ ਇਹਨਾਂ ਦੀ ਮਿਸਾਲ ਦਿੰਦਾ ਹਾਂ, ਜੋ ਮੇਰੇ ਲਈ ਬੜੇ ਮਾਣ ਵਾਲੀ ਗੱਲ ਹੁੰਦੀ ਹੈ।

ਪਰਮਾਤਮਾ ਜੌਹਲ ਸਾਹਿਬ ਦੀ ਉਮਰ ਲੰਮੀ ਕਰੇ, ਇਹਨਾਂ ਨੂੰ ਤੰਦਰੁਸਤੀ ਬਖ਼ਸ਼ੇ ਅਤੇ ਮੈਂ ਏਦਾਂ ਹੀ ਇਹਨਾਂ ਦੀ ਦੋਸਤੀ ਮਾਣਦਾ ਰਹਾਂ।

***

# ਤੁਹਾਡਾ ਪੁਰਾਣਾ ਸਾਥੀ ਦੋਸਤ

# ਹਰਜਿੰਦਰ ਸਿੰਘ ਰਾਏ

ਸੂਰਜ ਚੜ੍ਹੇ ਲੱਖ ਵਾਰ, ਭਾਵੇਂ ਲੱਖ ਵਾਰ ਢੱਲਦਾ ਰਹੇ, ਪਰ ਤੁਹਾਡੀ ਉਮਰ ਦਾ ਦੀਵਾ ਤੂਫਾਨਾਂ ਵਿੱਚ ਵੀ ਬਲਦਾ ਰਹੇ, ਤੁਹਾਡੇ ਕਦਮ ਉਹਨਾਂ ਰਾਹਾਂ ਨੂੰ ਵੀ ਨਸੀਬ ਹੋਣ ਜਿੱਥੇ ਅਜੇ ਤੱਕ ਕਿਸੇ ਦੀਆਂ ਪੈੜਾਂ ਨਹੀਂ। ਜਨਮੇਜਾ ਭਾਜੀ ਬਾਰੇ ਕੀ ਲਿਖਾਂ, ਉਹ ਇੰਨੀ ਉੱਚੀ ਸਖਸੀਅਤ ਹਨ, ਜਿਹਨਾਂ ਨੂੰ ਸ਼ਬਦਾਂ ਵਿੱਚ ਪਰੋਣਾ ਬਹੁਤ ਮੁਸ਼ਕਿਲ ਹੈ। ਭਾਜੀ ਦਾ ਸੁਭਾਅ ਬਹੁਤ ਨਿੱਘਾ ਹੋਣ ਕਾਰਣ, ਭਾਜੀ ਹਰ ਕਿਸੇ ਨੂੰ ਬਹੁਤ ਖੁਸ਼ ਹੋ ਕੇ ਮਿਲਦੇ ਹਨ। ਹਰ ਉਮਰ ਦੇ ਵਿਅਕਤੀ ਨੂੰ ਉਹ ਆਪਣੇ ਮਿੱਠੇ ਬੋਲਾਂ ਨਾਲ ਕੀਲ ਲੈਂਦੇ ਹਨ। ਭਾਜੀ ਦੀ ਫੋਟੋਗਰਾਫੀ ਤਾਂ ਬਾਅ ਕਮਾਲ ਹੈ। ਜਿਥੇ ਵੀ ਜਾਂਦੇ ਉਥੋਂ ਦੀ ਤਸਵੀਰ ਆਪਣੇ ਕੈਮਰੇ ਰਾਂਹੀ ਆਪਣੇ ਦਿਲ ਵਿੱਚ ਵਸਾ ਲੈਂਦੇ। ਸਾਹਿਤ ਨਾਲ ਬਹੁਤ ਪਿਆਰ ਹੈ। ਭਾਜੀ ਦਾ ਕੁਦਰਤ ਨਾਲ ਬਹੁਤ ਪਿਆਰ ਹੈ। ਜਿਸ ਦੀ ਇੱਕ ਮਿਸਾਲ ਪਿੰਕੀ ਕੁਰਬਲ ਗਾਰਡਨ ਹੈ। ਜਿਸ ਨੂੰ ਇਹਨਾਂ ਵੱਲੋ ਬਹੁਤ ਹੀ ਪਿਆਰ ਨਾਲ ਸਿੰਚਿਆ ਜਾ ਰਿਹਾ ਹੈ, ਜੋ ਆਪਣੇ ਆਪ ਵਿੱਚ ਇੱਕ ਵਖਰਾ ਨਜ਼ਾਰਾ ਪੇਸ਼ ਕਰਦਾ ਹੈ। ਮੇਰੀ ਇਹ ਦਿਲ ਦੀ ਗਹਿਰਾਈ ਤੋ ਕਾਮਨਾ ਹੈ ਕਿ ਪਰਮਾਤਮਾ ਭਾਜੀ ਨੂੰ ਚੜ੍ਹਦੀਕਲਾ`ਚ ਰੱਖੇ।

***

# ਮੱਛੀ ਦੀ ਅੱਖ ਕਿੱਥੇ ਹੈ?

# ਕਮਲਜੀਤ ਨੀਲੋਂ

ਜਿੱਥੇ ਚਾਰ ਕੁ ਸਾਹਿਤਕਾਰ ਬੈਠਦੇ ਹਨ, ਉੱਥੇ ਜਨਮੇਜਾ ਜੌਹਲ ਦੀ ਹਾਜ਼ਰੀ ਆਪ-ਮੁਹਾਰੇ ਹੀ ਲੱਗਦੀ ਰਹਿੰਦੀ ਹੈ। ਕਦੇ ਹਾਸੇ 'ਚ, ਕਦੇ ਗੰਭੀਰਤਾ ਨਾਲ। ਇਹ ਗੱਲਾਂ ਸੁਣ-ਸੁਣ ਕੇ ਮੇਰੇ ਮਨ 'ਚ ਵੀ ਤਾਂਘ ਜਾਗੀ ਕਿ ਇਹੋ ਜਿਹੇ ਵਿਅਕਤੀ ਨੂੰ ਜ਼ਰੂਰ ਮਿਲਿਆ ਜਾਵੇ, ਜੋ ਗ਼ੈਰ-ਹਾਜ਼ਰ ਰਹਿ ਕੇ ਵੀ ਹਾਜ਼ਰ ਰਹਿੰਦਾ ਹੈ। ਉਪਰੋਂ ਅਖ਼ਬਾਰਾਂ 'ਚ ਛਪਦੇ ਛੋਟੇ-ਛੋਟੇ ਆਰਟੀਕਲਾਂ ਤੇ ਫੋਟੋ ਪ੍ਰਦਰਸ਼ਨੀਆਂ ਕਰਕੇ ਉਸ ਨੂੰ ਮਿਲਣ ਦੀ ਉਤਸੁਕਤਾ ਹੋਰ ਵੀ ਵੱਧ ਗਈ।

ਸੰਨ 1992 ਦੀ ਗੱਲ ਹੈ। ਅਸੀਂ ਚਾਰਾਂ ਨੇ ਮਿਲ ਕੇ ਬੱਚਿਆਂ ਦੀ ਸੱਭਿਆਚਾਰਕ ਵਰਕਸ਼ਾਪ ਲਗਾਈ ਤਾਂ ਜੋ ਬੱਚਿਆਂ ਨੂੰ ਰਿਸ਼ਤੇ-ਨਾਤੇ, ਖੇਡਾਂ ਅਤੇ ਸਮਾਜਿਕ ਬੁਰਾਈਆਂ ਪ੍ਰਤੀ ਸੁਚੇਤ ਕੀਤਾ ਜਾਵੇ। ਕਰਿੰਦੇ ਅਸੀਂ ਚਾਰ ਕੁ ਹੀ ਸਾਂ-ਜਨਮੇਜਾ ਜੌਹਲ, ਪਿੰਕੀ ਜੌਹਲ, ਬਲਵਿੰਦਰ ਗਿੱਲ ਤੇ ਮੈਂ।

ਜਨਮੇਜਾ ਜੌਹਲ ਦੀ ਦੇਖ-ਰੇਖ ਹੇਠ ਲੱਗੀ ਇਹ ਵਰਕਸ਼ਾਪ ਅਤੇ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ 'ਚ ਕੀਤਾ ਬੱਚਿਆਂ ਦਾ ਇਹ ਪ੍ਰੋਗਰਾਮ, ਦੋਵੇਂ ਯਾਦਗਾਰੀ ਬਣ ਗਏ।

ਇੱਕ ਦਿਨ ਵੀਰ ਜੀ ਨੇ ਕਿਹਾ, "ਕਮਲਜੀਤ, ਤੇਰੇ ਕੋਲ ਬੱਚਿਆਂ ਦੇ ਕਿੰਨੇ ਕੁ ਗੀਤ ਨੇ

ਮੈਂ ਕਿਹਾ, "ਸੌ ਦੇ ਕਰੀਬ।

ਉਹ ਕਹਿੰਦੇ, 'ਚੱਲ ਫਿਰ ਬੱਚਿਆਂ ਦੀ ਕਿਤਾਬ ਛਾਪੀਏ।

1993 'ਚ ਛਪੀ ਕਿਤਾਬ 'ਗਾਓ ਬੱਚਿਓ' ਜਨਮੇਜਾ ਜੌਹਲ ਨੇ ਛਾਪੀ ਅਤੇ ਇਸ ਦੇ ਚਿੱਤਰ ਵੀ ਉਸ ਦੁਆਰਾ ਖਿੱਚੀਆਂ ਫੋਟੋਆਂ ਸਨ। ਮੇਰੀ ਕਿਤਾਬ ਦਾ ਜਨਮੇਜਾ ਜੌਹਲ ਦੁਆਰਾ ਛਪਣਾ ਮੇਰੇ ਲਈ ਭਰਵਾਂ

ਹੁੰਘਾਰਾ ਸੀ, ਜਿਸ ਦਾ ਅਹਿਸਾਸ ਮੈਨੂੰ ਅਕਸਰ ਹੁੰਦਾ ਰਹਿੰਦਾ ਹੈ।

ਅਸੀਂ ਸਿੰਘਾਪੁਰ ਵੀ ਇਕੱਠੇ ਗਏ। ਉੱਥੇ ਸਿੱਖਿਆ-ਸ਼ਾਸਤਰੀ ਭਜਨ ਸਿੰਘ ਜੀ ਨਾਲ 'ਬੱਚਿਆਂ ਨੂੰ ਪੰਜਾਬੀ ਕਿਵੇਂ ਪੜ੍ਹਾਈਏ' ਵਿਸ਼ੇ 'ਤੇ ਭਰਪੂਰ ਵਿਚਾਰ-ਵਟਾਂਦਰਾ ਹੋਇਆ। ਪੰਜਾਬੀ ਨੂੰ ਨਵੇਂ ਤਰੀਕੇ ਨਾਲ ਪੜ੍ਹਾਉਣ ਦੇ ਸੁਝਾਅ ਪ੍ਰਵਾਨ ਕੀਤੇ ਗਏ। ਇਹ ਕੰਮ ਹੋਣ ਤੋਂ ਬਾਅਦ ਇਹ ਭਰਾ ਕੈਮਰਿਆਂ ਦੇ ਉਪਕਰਨ ਖਰੀਦਣ ਦੀ ਭਾਲ ਵਿੱਚ ਇੱਕ ਸਟੋਰ ਤੋਂ ਦੂਜੇ ਸਟੋਰ ਤੱਕ ਜਾਂਦਾ ਰਿਹਾ। ਜਿੱਥੋਂ ਕੁਝ ਨਵਾਂ ਲੱਭਦਾ, ਉਸ ਦੇ ਚਿਹਰੇ 'ਤੇ ਵੱਖਰੀ ਹੀ ਕਿਸਮ ਦੀ ਖੁਸ਼ੀ ਝਲਕਦੀ ਰਹਿੰਦੀ। ਇਸ ਦੇ ਫੋਟੋਗਰਾਫ਼ੀ ਨਾਲ ਪਿਆਰ ਨੂੰ ਮੈਂ ਉਦੋਂ ਵੀ ਮਹਿਸੂਸ ਕੀਤਾ।

ਸੰਨ 1994 ਵਿੱਚ ਸਾਨੂੰ ਕੈਨੇਡਾ ਜਾਣ ਦਾ ਮੌਕਾ ਮਿਲਿਆ। ਇਸ ਦੌਰੇ 'ਚ ਡਾ. ਆਤਮਜੀਤ, ਸੁਰਜੀਤ ਪਾਤਰ, ਜਨਮੇਜਾ ਜੌਹਲ ਅਤੇ ਮੈਂ ਸਾਂ। ਟੋਰਾਂਟੋ ਹੋਏ ਉਸ ਪੰਜਾਬੀ ਪ੍ਰੋਗਰਾਮ, ਜਿਸ ਵਿੱਚ ਡਾ. ਆਤਮਜੀਤ ਦੁਆਰਾ ਤਿਆਰ ਕਰਵਾਇਆ ਨਾਟਕ 'ਹੋਏ ਪ੍ਰਦੇਸੀ', ਸੁਰਜੀਤ ਪਾਤਰ ਜੀ ਦਾ ਕਵਿਤਾ-ਪਾਠ ਅਤੇ ਜਨਮੇਜਾ ਜੌਹਲ ਦੁਆਰਾ ਸਲਾਈਡ ਸ਼ੋਅ ਲੋਕਾਂ 'ਤੇ ਪ੍ਰਭਾਵ ਪਾਉਣ ਵਿੱਚ ਕਾਮਯਾਬ ਰਹੇ। ਮੇਰੀ ਵੀ ਕੈਨੇਡਾ ਦੇ ਬੱਚਿਆਂ ਨਾਲ ਇਹ ਪਹਿਲੀ ਵਰਕਸ਼ਾਪ ਸੀ।

ਵੈਨ ਰਾਹੀਂ ਅਸੀਂ ਟੋਰਾਂਟੋ ਤੋਂ ਵੈਨਕੂਵਰ ਲਈ ਚੱਲ ਪਏ। ਰਸਤੇ 'ਚ ਜਿਸ ਸ਼ਹਿਰ ਵੀ ਕੋਈ ਸੁਨੇਹਾ ਹੁੰਦਾ, ਉੱਥੇ ਛੋਟਾ ਜਿਹਾ ਪ੍ਰੋਗਰਾਮ ਕਰਕੇ ਅਸੀਂ ਅੱਗੇ ਤੁਰ ਪੈਂਦੇ ਸਾਂ। ਡਾ. ਆਤਮਜੀਤ ਦੁਆਰਾ ਕੈਨੇਡਾ ਦੇ ਜੀਵਨ ਬਾਰੇ ਪੇਸ਼ ਕੀਤੇ ਨੁਕਤੇ, ਡਾ. ਸੁਰਜੀਤ ਪਾਤਰ ਜੀ ਦੀਆਂ ਕਵਿਤਾਵਾਂ ਅਤੇ ਮੇਰੇ 'ਸੌਂ ਜਾ ਬੁੱਬੂਆ' ਤੇ 'ਚਿੜੀਆਂ ਬਾਬਲਾ ਵੇ ਚਿੜੀਆਂ' ਚੰਗੀ ਹਾਜ਼ਰੀ ਲਗਾਉਣ 'ਚ ਸਫ਼ਲ ਰਹਿੰਦੇ।

ਜਨਮੇਜਾ ਜੌਹਲ ਨੇ ਪੰਜਾਬੀ ਜਨ-ਜੀਵਨ ਬਾਰੇ ਫੋਟੋਆਂ ਦੀਆਂ ਸਲਾਈਡਾਂ ਬਣਾਈਆਂ ਹੋਈਆਂ ਸਨ। ਜਦੋਂ ਹਾਲ 'ਚ ਹਨ੍ਹੇਰਾ ਕਰਕੇ ਇਹ ਸਲਾਈਡਾਂ ਦਿਖਾਈਆਂ ਜਾਂਦੀਆਂ ਤਾਂ ਲੋਕ ਭਰਵੀਂ ਨਿਗ੍ਹਾ ਨਾਲ ਉਨ੍ਹਾਂ ਨੂੰ

ਦੇਖਦੇ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਖ਼ੁਸ਼ੀ ਅਤੇ ਉਦਰੇਵੇ ਦੇ ਹਾਵ-ਭਾਵ ਸੋਚਣ ਲਈ ਮਜ਼ਬੂਰ ਕਰਦੇ ਸਨ।

ਉਸ ਦੁਆਰਾ ਲਗਾਈਆਂ ਪ੍ਰਦਰਸ਼ਨੀਆਂ ਨੂੰ ਦੇਖਣ ਦਾ ਅਕਸਰ ਮੌਕਾ ਮਿਲਦਾ। ਫੋਟੋਗਰਾਫ਼ੀ ਵਿੱਚ ਨਵੀਆਂ ਤਕਨੀਕਾਂ ਦੀ ਆਮਦ ਬਾਰੇ ਜਨਮੇਜਾ ਜੌਹਲ ਤੋਂ ਪਤਾ ਲੱਗਦਾ ਅਤੇ ਕਈ ਵਾਰੀ ਗੀਤ ਲਿਖਣ ਦਾ ਵੀ ਮੌਕਾ ਮਿਲਦਾ।

ਫੋਟੋ ਖਿੱਚਣ ਦੀ ਆਈ ਮੇਰੀ ਵਾਰੀ,
ਕੈਮਰੇ 'ਚੋਂ ਰੀਲ ਮੁੱਕ ਗਈ।।
ਮੈਂ ਤਾਂ ਰੀਝਾਂ ਨਾਲ ਕਰੀ ਸੀ ਤਿਆਰੀ,
ਕੈਮਰੇ 'ਚੋਂ ਰੀਲ ਮੁੱਕ ਗਈ।

ਉਹ ਕਹਿੰਦਾ ਹੈ, ਨਿੰਦਕ ਦੀ ਵੀ ਸੁਣ ਲਓ ਯਾਰ, ਪਰ ਮਨ ਨੂੰ ਨਾ ਲਾਓ। ਕਈ ਵਾਰੀ ਇਨ੍ਹਾਂ ਅੰਦਰੋਂ ਵੀ ਭੁੱਲ-ਭੁਲੇਖੇ ਕੋਈ ਚੰਗੀ ਗੱਲ ਨਿੱਕਲ ਜਾਂਦੀ ਹੈ।

ਕਈ ਵਾਰੀ ਮੈਨੂੰ ਲੱਗਦਾ ਹੈ ਜਿਵੇਂ ਜਨਮੇਜਾ ਸਾਰਿਆਂ ਨੂੰ ਟਿੱਚ ਕਰਕੇ ਜਾਣਦਾ ਹੈ। ਉਹ ਮਸਤ ਹਾਥੀ ਵਾਂਗ ਚੱਲਦਾ ਰਹਿੰਦਾ ਹੈ। ਨਿੰਦਕ ਪਿਆਰੇ ਉਸ ਦੀ ਆਲੋਚਨਾ ਕਰਦੇ ਰਹਿੰਦੇ ਹਨ, ਪਰ ਮੇਰੀ ਜਾਚੇ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ।

ਉਸ ਨੇ ਆਪਣੀ ਜ਼ਿੰਦਗੀ 'ਚ ਵਾਪਰੇ ਸਦਮੇ ਨੂੰ ਸਿਰਜਣਾਤਮਕ ਦਿਸ਼ਾ ਦਿੱਤੀ ਹੈ। ਭਾਬੀ ਜੀ ਦੀ ਯਾਦ ਵਿੱਚ ਬਣਾਇਆ 'ਪਿੰਕੀ ਹਰਬਲ ਗਾਰਡਨ' ਨਾਲ ਉਸ ਦਾ ਬੇਹੱਦ ਪਿਆਰ ਹੈ।

ਅਸਲ 'ਚ ਜਨਮੇਜਾ ਜੌਹਲ ਨੂੰ ਜਿਸ ਨੇ ਜਿੰਨਾ ਕੁ ਸਮਝਿਆ, ਉਹੋ ਜਿਹੇ ਹੀ ਉਸਦੇ ਬਾਰੇ ਹੋਰਾਂ ਦੇ ਵਿਚਾਰ ਹਨ। ਮੁੱਕਦੀ ਗੱਲ ਇਹ ਹੈ ਕਿ ਉਹ ਜਾਣਦਾ ਹੈ ਕਿ ਮੱਛੀ ਦੀ ਅੱਖ ਕਿੱਥੇ ਹੈ।

***

# ਮੇਰਾ ਆੜੀ, ਬੇਪਰਵਾਹ,ਅਨੋਖੀ ਰੂਹ

## ਡਾ. ਕਮਲੇਸ਼ ਸਿੰਘ ਦੁੱਗਲ

ਜਨਮੇਜੇ ਦਾ ਨਾਂ ਮੈਂ ਪਹਿਲੀ ਦਫ਼ਾ ਵੀਹਵੀਂ ਸਦੀ ਦੇ ਅੱਠਵੇਂ ਦਹਾਕੇ ਦੇ ਅਖ਼ੀਰ 'ਚ ਅਖ਼ਬਾਰ ਵਿੱਚ ਛਪੀ ਸੱਭਿਆਚਾਰ ਸਬੰਧੀ ਫੋਟੋ ਦੀ ਕੈਪਸ਼ਨ ਵਿੱਚ ਪੜ੍ਹਿਆ। ਉਦੋਂ ਮੈਂ ਪਟਿਆਲੇ ਪੰਜਾਬੀ ਯੂਨੀਵਰਸਿਟੀ ਵਿੱਚ ਪੱਤਰਕਾਰਤਾ ਦੀ ਡਿਗਰੀ ਕਰ ਰਿਹਾ ਸੀ। ਫਿਰ ਜਦੋਂ ਮੈਂ ਡਿਗਰੀ ਕਰਨ ਗਿਆ ਤਾਂ ਆਨੇ-ਬਹਾਨੇ ਜਨਮੇਜੇ ਦੇ ਨਿੱਤ ਹੀ ਦਰਸ਼ਨ ਹੋਣ ਲੱਗੇ। ਦਿਲਚਸਪ ਗੱਲ ਇਹ ਸੀ ਕਿ ਮੈਂ ਤਾਂ ਜਨਮੇਜੇ ਨੂੰ ਜਾਣ ਗਿਆ ਸੀ, ਪਰ ਉਹ ਮੇਰੇ ਬਾਰੇ ਕੋਰਾ ਅਣਜਾਣ ਸੀ।

ਖੇਤੀ ਵਰਸਿਟੀ ਵਿੱਚ ਜਨਮੇਜੇ ਦਾ ਡੀਜ਼ਲ ਵਾਲੇ ਆਈਸ਼ਰ ਟਰੈਕਟਰ ਵਾਂਗ ਸ਼ੋਰ ਕਰਦਾ ਮੋਟਰਸਾਈਕਲ ਵੀ ਉਨ੍ਹਾਂ ਹੀ ਮਸ਼ਹੂਰ ਸੀ, ਜਿੰਨਾ ਜਨਮੇਜਾ ਤੇ ਉਸਦੇ ਗੱਲ ਵਿੱਚ ਪਾਇਆ ਮਹਿੰਗੇ ਲੈਂਜ਼ਾਂ ਵਾਲਾ ਕੈਮਰਾ। ਲਾਇਬ੍ਰੇਰੀ ਸਾਹਮਣੇ ਲਾਅਨ 'ਚ ਕੈਂਟੀਨ ਦੇ ਹਰੇ ਘਾਹ 'ਤੇ ਬੈਠਿਆਂ ਜਦੋਂ ਵੀ ਉਸਦੇ ਮੋਟਰਸਾਈਕਲ ਦੀ ਕੰਨ ਪਾੜਵੀਂ ਆਵਾਜ਼ ਸੁਣਦੀ ਤਾਂ ਸਾਡੇ ਵਿੱਚੋਂ ਕੋਈ ਨਾ ਕੋਈ ਆਪ-ਮੁਹਾਰੇ ਹੀ ਬੋਲ ਪੈਂਦਾ, “ਲਓ ਵੀ ਆ ਗਿਆ ਜਨਮੇਜਾ ਵਰਸਿਟੀ ਦੀ ਗੇੜੀ ਲਾਉਣ।” ਉਦੋਂ ਸ਼ਾਇਦ ਹੀ ਕੋਈ ਅਜਿਹਾ ਦਿਨ ਹੁੰਦਾ, ਜਦੋਂ ਸੜਕਾਂ 'ਤੇ ਦੁਹਾਈਆਂ ਨਾ ਪਾਉਂਦਾ ਹੋਵੇ। ਇੰਜ ਵੀ ਕਿਹਾ ਜਾ ਸਕਦਾ ਹੈ ਕਿ ਵਰਸਿਟੀ ਦੇ ਸ਼ਾਂਤ ਵਾਤਾਵਰਣ 'ਚ ਸ਼ੋਰ ਦਾ ਰੱਸ ਨਾ ਘੋਲਦਾ ਹੋਵੇ।

ਬੇਪਰਵਾਹ ਜ਼ਿੰਦਗੀ ਜੀਉਣ ਵਾਲਾ ਜਨਮੇਜਾ ਵਰਸਿਟੀ ਦੇ ਖੇਤੀ ਇੰਜੀਨੀਅਰਿੰਗ ਕਾਲਜ ਦਾ ਸਾਬਕਾ ਵਿਦਿਆਰਥੀ ਸੀ। ਇਹ ਤਾਂ ਸਾਨੂੰ ਪਤਾ ਲੱਗ ਗਿਆ ਸੀ, ਹਾਂ, ਇੱਕ ਗੱਲ ਪੱਕੀ ਸੀ ਕਿ ਉਹ ਖੇਤੀ ਵਰਸਿਟੀ ਨੂੰ ਆਪਣਾ ਦੂਜਾ ਘਰ ਹੀ ਸਮਝਦਾ ਸੀ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਜਨਮੇਜੇ ਦੇ ਬਹੁਤ ਸੰਗੀ-ਸਾਥੀ, ਯਾਰ-ਦੋਸਤ

ਇਸੇ ਹੀ ਵਰਸਿਟੀ ਦੇ ਕਿਸੇ ਨਾ ਕਿਸੇ ਕੋਨੇ ਵਿੱਚ ਫਿੱਟ ਸਨ।

ਜਨਮੇਜੇ ਦੇ ਚਹੇਤਿਆਂ ਦਾ ਘੇਰਾ ਪੂਰੇ ਦੇਸ਼ ਵਿੱਚ ਦਿੱਲੀ-ਦੱਖਣ ਤੋਂ ਲੈ ਕੇ ਵਿਦੇਸ਼ਾਂ ਤੱਕ ਫੈਲਿਆ ਹੋਇਆ ਹੈ। ਇਸਦੇ ਯਾਰਾਂ ਵਿੱਚ ਪੈਂਚਰ ਲਾਉਣ ਵਾਲਿਆਂ ਤੋਂ ਲੈ ਕੇ ਵੱਡੇ-ਵੱਡੇ ਵਿਗਿਆਨੀ, ਡਾਕਟਰ, ਵੈਦ ਅਤੇ ਪ੍ਰੋਫੈਸਰ ਸ਼ਾਮਲ ਹਨ। ਜੇ ਅੱਜ ਦੇ ਸਮੇਂ ਇਨ੍ਹਾਂ ਦੀ ਸੂਚੀ ਬਣਾਉਣੀ ਹੋਵੇ ਤਾਂ ਸਹਿਜੇ ਹੀ ਪੂਰੀ ਦੀ ਪੂਰੀ ਕਿਤਾਬ ਕਾਲੀ ਕੀਤੀ ਜਾ ਸਕਦੀ ਹੈ।

ਉਸੇ ਵੇਲੇ ਜੇ ਕਿਸੇ ਨੇ ਜਨਮੇਜੇ ਨੂੰ ਲੱਭਣਾ ਹੁੰਦਾ ਤਾਂ ਉਹ ਪਹਿਲਾਂ ਜਨਮੇਜੇ ਦੇ ਨਿਵੇਕਲੇ ਮੋਟਰਸਾਈਕਲ ਦੀ ਖੋਜ ਕਰਦਾ। ਉਸ ਤੋਂ ਬਾਅਦ 100-200 ਮੀਟਰ ਦੇ ਘੇਰੇ ਵਿੱਚ ਹੀ ਜਨਮੇਜੇ ਦੀ ਪੈੜ ਆਸਾਨੀ ਨਾਲ ਨੱਪੀ ਜਾਂਦੀ। ਵਿਦਿਆਰਥੀ ਭਵਨ, ਸੰਚਾਰ ਕੇਂਦਰ, ਡੀਲਕਸ ਕੈਂਟੀਨ ਤੇ ਇੰਜੀਨੀਅਰਿੰਗ ਕਾਲਜ ਇਸਦੇ ਮੁੱਖ ਅੱਡੇ ਹੁੰਦੇ ਸਨ। ਵਰਸਿਟੀ ਪੜ੍ਹਦਿਆਂ ਜਨਮੇਜੇ ਦੀਆਂ ਛੋਟੀਆਂ-ਛੋਟੀਆਂ ਕਹਾਣੀਆਂ, ਕਵਿਤਾਵਾਂ, ਕਾਵਿ-ਟੋਟੇ ਤੇ ਅਰਥਪੂਰਨ ਗੱਲਾਂ ਅਸੀਂ ਕਈ ਦਫ਼ਾ ਸਾਹਿਤਕ ਮਿਲਣੀਆਂ ਵਿੱਚ ਸੁਣੀਆਂ ਸਨ, ਪਰ ਖੁੱਲ੍ਹ ਕੇ ਆਹਮੋ-ਸਾਹਮਣੇ ਕਦੇ ਗੱਲਾਂ ਨਹੀਂ ਸਨ ਹੋਈਆਂ। ਉਦੋਂ ਜਨਮੇਜੇ ਨੂੰ ਆਪਣਾ ਆੜੀ ਕਹਿਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਸੀ। ਇਸਦਾ ਇੱਕ ਕਾਰਨ ਇਹ ਵੀ ਸੀ ਕਿ ਜਨਮੇਜੇ ਦੇ ਬਾਪੂ ਜੀ ਦੀ ਇੱਕ ਉੱਘੇ ਅਰਥ-ਸ਼ਾਸਤਰੀ ਵਜੋਂ ਪੂਰੇ ਮੁਲਕ ਵਿੱਚ ਤੂਤੀ ਬੋਲਦੀ ਸੀ ਅਤੇ ਅੱਜ ਵੀ ਉਨ੍ਹਾਂ ਦੀ ਪ੍ਰਸਿੱਧਤਾ ਵਿੱਚ ਰੱਤੀ ਭਰ ਵੀ ਫ਼ਰਕ ਨਹੀਂ ਪਿਆ।

ਖੈਰ, ਇੰਜ ਹੀ ਸਾਡੇ ਸਾਰਿਆਂ ਦੇ ਤਿੰਨ-ਚਾਰ ਸਾਲਾਂ ਦਾ ਵਰਸਿਟੀ ਦਾ ਸਫ਼ਰ ਪੂਰਾ ਹੋ ਗਿਆ ਅਤੇ ਸਾਰਿਆਂ ਨੇ ਕੱਚੀ-ਪੱਕੀ ਨੌਕਰੀ ਲਈ ਹੱਥ-ਪੈਰ ਮਾਰਨੇ ਸ਼ੁਰੂ ਕਰ ਦਿੱਤੇ। ਜਨਮੇਜਾ ਵੀ ਸਾਡੇ ਚੇਤਿਆਂ ਵਿੱਚੋਂ ਹੌਲੀ- ਹੌਲੀ ਅਲੋਪ ਹੋਣਾ ਸ਼ੁਰੂ ਹੋ ਗਿਆ।

ਸਾਡੀ ਮਿੱਤਰ ਮੰਡਲੀ ਵਿੱਚੋਂ ਨਵਜੀਤ ਪੰਜਾਬੀ ਵਰਸਿਟੀ ਵਿੱਚ ਪੜ੍ਹਾਉਣ ਲੱਗ ਪਿਆ ਤੇ ਬਲਵਿੰਦਰ ਸ਼ੌਕੀਨਾ ਪੰਚਕੂਲਾ ਚਲਾ ਗਿਆ।

ਰਛਪਾਲ ਬੈਂਕਰ ਬਣ ਕੱਚੀ ਨੌਕਰੀ 'ਤੇ ਲੱਗ ਗਿਆ ਅਤੇ ਮੈਂ ਵੀ ਧੱਕੇ ਧੋਲੇ ਖਾਂਦਾ ਪੰਜਾਬੀ ਵਰਸਿਟੀ ਆ ਗਿਆ, ਜਿੱਥੇ ਜਨਮੇਜੇ ਦੇ ਬਾਪੂ ਜੀ ਉਪ-ਕੁਲਪਤੀ ਸਨ। ਕੁਦਰਤੀ ਸੀ, ਉੱਥੇ ਫਿਰ ਜਨਮੇਜੇ ਦਾ ਜ਼ਿਕਰ ਛਿੜਨ ਲੱਗ ਪਿਆ।

ਇੱਕ ਦਿਨ ਖ਼ਬਰ ਫੈਲੀ ਕਿ ਜਨਮੇਜੇ ਨੂੰ ਯੂਨੀਵਰਸਿਟੀ ਬੱਸ ਵਿੱਚੋਂ ਇਸ ਲਈ ਉਤਾਰ ਦਿੱਤਾ ਗਿਆ ਕਿ ਉਸ ਕੋਲ ਬੱਸ ਪਾਸ ਨਹੀਂ ਸੀ ਅਤੇ ਵਿਚਾਰਾ ਜਨਮੇਜਾ 4-5 ਕਿਲੋਮੀਟਰ ਤੁਰ ਕੇ ਵਰਸਿਟੀ ਦੀ ਕੰਧ ਟੱਪ ਕੇ ਆਪਣੇ ਹੀ ਘਰ ਵਿੱਚ ਚੋਰਾਂ ਵਾਂਗ ਪ੍ਰਵੇਸ਼ ਕਰ ਗਿਆ। ਫਿਰ ਜਦੋਂ ਕੰਡਕਟਰ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਤਾਂ ਉਹ ਮਾਫ਼ੀਆਂ ਮੰਗਦਾ ਫਿਰੇ। ਜਨਮੇਜੇ ਨੇ ਉਸਨੂੰ ਬੜੀ ਹਲੀਮੀ ਨਾਲ ਕਿਹਾ ਕਿ "ਜੇ ਮੈਂ ਤੇਰੀ ਥਾਂ ਹੁੰਦਾ ਤਾਂ ਮੈਂ ਵੀ ਇਹੀ ਕੁਝ ਕਰਨਾ ਸੀ।" ਉਸਨੇ ਫਿਰ ਵੀ ਇਹੀ ਗੱਲ ਡਾਕਟਰ ਸਾਹਿਬ ਕੋਲ ਨਾ ਕਰਨ ਦਾ ਤਰਲਾ ਕੀਤਾ। ਅੱਗੋਂ ਜਨਮੇਜਾ ਕਹਿੰਦਾ, "ਭਰਾਵਾ, ਉਨ੍ਹਾਂ ਨੇ ਤੈਨੂੰ ਕੁਝ ਨਹੀਂ ਕਹਿਣਾ, ਸਗੋਂ ਮੈਨੂੰ ਹੀ ਝਿੜਕਾਂ ਮਾਰਣੀਆਂ ਕਿ ਤੂੰ ਬੱਸ ਪਾਸ ਕਿਉਂ ਨਹੀਂ ਬਣਾਇਆ।"

ਪੂਰੀ ਵਰਸਿਟੀ ਵਿੱਚ ਇਸ ਗੱਲ 'ਤੇ ਜਨਮੇਜੇ ਦੀ ਸਾਦਗੀ ਦੀਆਂ ਗੱਲਾਂ ਹੋਈਆਂ। ਫਿਰ ਇੱਕ ਦਿਨ ਜਨਮੇਜਾ ਆਪ ਹੀ ਆਪਣੀ ਫੋਟੋ ਪ੍ਰਦਰਸ਼ਨੀ ਦੇ ਇਸ਼ਤਿਹਾਰ ਪਤਲੀ ਜਿਹੀ ਲੇਟੀ ਨਾਲ ਲਾਉਂਦਾ ਦੇਖਿਆ ਤਾਂ ਹੈਰਾਨੀ ਹੋਈ, ਕਿਉਂਕਿ ਵਰਸਿਟੀ 'ਚ ਪ੍ਰੋਫੈਸਰਾਂ ਦੇ ਧੀਆਂ-ਪੁੱਤ ਨਖਰੇ ਕਰਦੇ ਹੁੰਦੇ ਸਨ, ਉਹ ਤਾਂ ਫਿਰ ਵੀਸੀ ਸਾਹਿਬ ਦਾ ਫਰਜ਼ੰਦ ਸੀ। ਇੱਕ ਥਾਂ ਸਹੀ ਹੀ ਕਿਸੇ ਨੇ ਇੱਕ ਲੇਖ ਵਿੱਚ ਲਿਖਿਆ ਸੀ ਕਿ ਪੰਜਾਬੀ ਪੈਂਤੀ ਵਿੱਚ 'ਜ- ਜੱਗ' ਦੀ ਥਾਂ 'ਜਨਮੇਜਾ" ਹੋਣਾ ਚਾਹੀਦਾ ਹੈ।

ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਮੈਨੂੰ ਪੱਕੇ ਤੌਰ 'ਤੇ ਪਿੰਡ ਛੱਡ ਕੇ ਲੁਧਿਆਣੇ ਆਉਣਾ ਪਿਆ। ਉਨ੍ਹਾਂ ਹੀ ਦਿਨਾਂ ਵਿੱਚ ਨਵਜੀਤ ਦਾ ਵਿਆਹ ਆ ਗਿਆ। ਜੰਞ ਜੰਡਿਆਲੇ ਤੋਂ ਸ਼ਾਹੀ ਨਗਰ ਪਟਿਆਲੇ ਜਾਈ

ਸੀ। ਪਹਿਲਾਂ ਹੀ ਮਿੱਥੇ ਪ੍ਰੋਗਰਾਮ ਅਨੁਸਾਰ ਮੈਂ ਤੇ ਜਨਮੇਜੇ ਨੇ ਲੁਧਿਆਣੇ ਦੇ ਭਾਰਤ ਨਗਰ ਚੌਂਕ ਤੋਂ ਨਵੇਂ ਜ਼ਮਾਨੇ ਵਾਲੇ ਗੁਰਮੀਤ ਦੀ ਲੰਮੀ ਜੀਪ 'ਤੇ ਸਵਾਰ ਹੋਣਾ ਸੀ। ਜੀਪ ਦੀਆਂ ਪਿਛਲੀਆਂ ਸੀਟਾਂ 'ਤੇ ਦੋ ਢਾਈ ਘੰਟਿਆਂ ਦੇ ਸਫ਼ਰ ਵਿੱਚ ਹੀ ਮੇਰੀ ਕੱਚੀ ਆੜੀ ਪੱਕੀ ਵਿੱਚ ਬਦਲ ਗਈ। ਬੱਸ, ਉਸ ਦਿਨ ਤੋਂ ਬਾਅਦ ਜਨਮੇਜੇ ਨਾਲ ਤੁਸੀਂ ਤੋਂ ਤੂੰ ਤੱਕ ਦਾ ਸਫ਼ਰ ਸ਼ੁਰੂ ਹੋ ਗਿਆ, ਜੋ ਅੱਜ ਦੀ ਤਾਰੀਖ਼ ਤੱਕ ਕਾਇਮ ਹੈ। ਮੈਨੂੰ ਜਨਮੇਜੇ ਨੂੰ ਬਹੁਤ ਨੇੜਿਓਂ ਤੱਕਣ ਦਾ ਮੌਕਾ ਮਿਲਿਆ।

ਜਨਮੇਜਾ ਕਈ ਮਾਮਲਿਆਂ ਵਿੱਚ ਮੇਰਾ ਸਲਾਹਕਾਰ ਵੀ ਰਿਹਾ ਹੈ। ਬੇਰੁਜ਼ਗਾਰੀ ਵਾਲੇ ਦਿਨਾਂ ਵਿੱਚ ਮੇਰੇ ਪੰਦਰਰੋਜ਼ਾ ਅਖ਼ਬਾਰ ਨੂੰ ਖੇਤੀ ਮੈਗਜ਼ੀਨ ਬਣਾ ਦਿੱਤਾ, ਜਿਹੜਾ ਰੰਗਦਾਰ ਟਾਈਟਲ ਅਤੇ ਇਸ਼ਤਿਹਾਰਾਂ ਦੀ ਘਾਟ ਕਰਕੇ ਛੇਤੀ ਹੀ ਦਮ ਤੋੜ ਗਿਆ। ਫਿਰ ਜਨਮੇਜੇ ਨੇ ਮੇਰੀਆਂ ਦੁਕਾਨਾਂ ਵਿੱਚ ਸਟੂਡੀਓ ਖੋਲ੍ਹ ਲਿਆ, ਜਿਹੜਾ ਬਹੁਤੀ ਦੇਰ ਚੱਲ ਨਾ ਸਕਿਆ। ਆਖ਼ਿਰ ਜਨਮੇਜੇ ਨੇ ਆਪਣੀ ਕੀਮਤੀ ਸਲਾਹ ਦਿੰਦਿਆਂ ਕਿਹਾ ਕਿ "ਕਮਲੇਸ਼, ਤੂੰ ਇੱਥੇ ਜਨਰਲ ਸਟੋਰ ਖੋਲ੍ਹ ਲੈ। ਘੱਟੋ-ਘੱਟ ਖ਼ਰਚਾ ਤਾਂ ਨਿਕਲੂ ਤੇ ਸਾਈਡ 'ਤੇ ਪੱਤਰਕਾਰੀ ਕਰੀ ਜਾਈਂ।" ਖੈਰ, ਜਨਮੇਜੇ ਦੀ ਇਸ ਸਲਾਹ ਨੂੰ ਬੂਰ ਪਿਆ ਅਤੇ ਆਪਣੀ ਜੇਬ ਦਸਾਂ-ਦਸਾਂ ਦੇ ਨੋਟਾਂ ਨਾਲ ਭਰੀ ਰਹਿਣ ਲੱਗੀ। ਫਿਰ ਜਦੋਂ ਮੈਨੂੰ ਪੱਕੀ ਨੌਕਰੀ ਮਿਲੀ ਤਾਂ ਸਟੋਰ ਨੂੰ ਪੱਕੇ ਜੰਦਰੇ ਜੜ੍ਹਨੇ ਪਏ।

ਇਹ ਜਨਮੇਜਾ ਹੀ ਸੀ ਜਿਹੜਾ ਮੈਨੂੰ ਕੁਲਵਿੰਦਰ ਕੁਲਾਰ ਨਾਲ ਆਪਣੀ ਹਰੇ ਰੰਗ ਦੀ ਫਿਐਟ ਕਾਰ ਵਿੱਚ ਜਲੰਧਰ ਦੇ ਕਾਲਜ ਦੇ ਗੇਟ ਸਾਹਮਣੇ ਲਾਹ ਕੇ ਗਿਆ। ਨੌਕਰੀ ਤੋਂ ਬਾਅਦ ਕੁਝ ਮਹੀਨੇ ਜਨਮੇਜਾ ਮੇਰਾ ਗੁਰੂ ਵੀ ਰਿਹਾ। ਜਰਮਨੀ ਤੋਂ ਪ੍ਰਿੰਟਿੰਗ ਦੀ ਟ੍ਰੇਨਿੰਗ ਲੈ ਕੇ ਆਇਆ ਜਨਮੇਜਾ ਦੀ ਇਹ ਪਹਿਲੀ ਟ੍ਰੇਨਿੰਗ ਜ਼ਿਆਦਾਤਰ ਮੇਰੇ ਕੰਮ ਆਈ। ਇੱਕ ਦਿਨ ਪਹਿਲਾਂ ਮੈਂ ਜਨਮੇਜੇ ਤੋਂ ਤਿਆਰੀ ਕਰਦਾ ਅਤੇ ਫਿਰ ਇੰਨ-ਬਿੰਨ ਆਪਣੇ ਵਿਦਿਆਰਥੀਆਂ ਨੂੰ ਉਵੇਂ ਹੀ ਪੜ੍ਹਾ ਦਿੰਦਾ। ਜਨਮੇਜੇ

ਦੁਆਰਾ ਪ੍ਰਿੰਟਿੰਗ ਸਬੰਧੀ ਦਿੱਤਾ ਗਿਆ ਗਿਆਨ ਸੇਵਾਮੁਕਤੀ ਤੱਕ ਸੋਨੇ 'ਤੇ ਸੁਹਾਗੇ ਵਾਲਾ ਕੰਮ ਕਰਦਾ ਰਿਹਾ, ਜਿਹੜਾ 35-36 ਸਾਲਾਂ ਬਾਅਦ ਵੀ ਚੇਤਿਆਂ ਵਿੱਚ ਵਸਿਆ ਹੋਇਆ ਹੈ।

ਉਨ੍ਹਾਂ ਦਿਨਾਂ ਵਿੱਚ ਮੈਂ ਮੈਗਜ਼ੀਨ ਵਿੱਚ ਜਨਮੇਜੇ 'ਤੇ ਇੱਕ ਲੇਖ ਲਿਖਿਆ ਸੀ, ਜਿਸਦਾ ਹੈਡਿੰਗ ਸੀ 'ਮੇਰੀ ਐਨਕ ਵਿੱਚੋਂ ਜਨਮੇਜਾ। ਇਹ ਲੇਖ ਪੜ੍ਹਨ ਤੋਂ ਬਾਅਦ ਮੈਨੂੰ ਦੋ ਘੱਟ ਦੋ ਦਰਜਨ ਚਿੱਠੀਆਂ ਆਈਆਂ, ਜਿਨ੍ਹਾਂ ਨੇ ਜਨਮੇਜੇ ਦੀ ਤਾਰੀਫ਼ ਦੇ ਪੁਲ ਬੰਨੇ ਹੋਏ ਸਨ। ਲੇਖ ਤੇ ਚਿੱਠੀਆਂ ਤਾਂ ਭਾਵੇਂ ਕਿਧਰੇ ਗੁਆਚ ਗਈਆਂ, ਪਰ ਏਨਾ ਜ਼ਰੂਰ ਯਾਦ ਹੈ ਕਿ ਪਹਿਲੀ ਚਿੱਠੀ ਲੁਧਿਆਣੇ ਦੇ ਜਵਾਹਰ ਕੈਂਪ ਤੋਂ ਸੁਰਜੀਤ ਭਗਤ ਦੀ ਸੀ, ਜਿਹੜਾ ਆਖ਼ਿਰ ਤੱਕ ਮੇਰੇ ਨਾਲ ਖੜ੍ਹਾ ਰਿਹਾ।

ਉਨ੍ਹਾਂ ਦਿਨਾਂ ਵਿੱਚ ਮੇਰੀ ਬੇਟੀ, ਜਿਹੜੀ 2-3 ਵਰਿਆਂ ਦੀ ਸੀ, ਜਦੋਂ ਵੀ ਕਾਰਪੋਰੇਸ਼ਨ ਦਾ ਟਰੈਕਟਰ ਘਰ ਦੇ ਅੱਗੋਂ ਗੁਜ਼ਰਦਾ ਤਾਂ ਉਹ ਆਪਣੀ ਤੋਤਲੀ ਆਵਾਜ਼ 'ਚ "ਮੇਜਾ ਅੰਕਲ ਆ ਗਏ, ਮੇਜਾ ਅੰਕਲ ਆ ਗਏ" ਦਾ ਰੌਲਾ ਪਾ ਦਿੰਦੀ।

ਜਨਮੇਜਾ ਉਰਫ਼ ਘਰਦਿਆਂ ਦਾ 'ਮੇਜਰ' ਤੋਂ ਜ਼ਿੰਦਗੀ ਦੀਆਂ ਕਈ ਬਾਰੀਕ ਤੇ ਗਿਆਨ ਵਧਾਉਣ ਵਾਲੀਆਂ ਗੱਲਾਂ ਵੀ ਸਿੱਖੀਆਂ। ਚੰਡੀਗੜ੍ਹ ਇੱਕ ਦਫ਼ਾ ਉਸਨੇ ਦੱਸਿਆ ਕਿ ਢਾਬੇ ਦੇ ਮੰਜੇ 'ਤੇ ਫੱਟਾ ਰੱਖ ਕੇ ਰੋਟੀ ਖਾਣ ਦਾ ਆਪਣਾ ਹੀ ਸੁਆਦ ਹੈ। ਇੱਕ ਦਫ਼ਾ ਜਨਮੇਜੇ ਨੇ ਦੱਸਿਆ ਕਿ ਉਹ ਜਦੋਂ ਵੀ ਬਾਹਰ ਜਾਂਦਾ ਹੈ ਤਾਂ ਹਮੇਸ਼ਾ ਹੀ 500 ਦਾ ਨੋਟ ਆਪਣੇ ਨਿੱਕੇ ਨਿਆਣੇ ਦੇ ਹੱਥ ਟਿਕਾ ਦਿੰਦਾ ਹੈ। ਬੱਚਾ ਡਾਲਰ ਸਮਝ ਕੇ ਸਾਰਾ ਦਿਨ ਖ਼ੁਸ਼ ਰਹਿੰਦਾ ਹੈ।

ਇੱਕ ਹੋਰ ਗੱਲ ਜਨਮੇਜੇ ਦੀ ਮੈਂ ਲੜ ਬੰਨੀ ਕਿ ਕਿਸੇ ਵੀ ਯਾਤਰਾ 'ਤੇ ਘੱਟ ਤੋਂ ਘੱਟ ਸਮਾਨ ਲੈ ਕੇ ਜਾਣਾ। ਉਸਦਾ ਕਹਿਣਾ ਸੀ ਨਹੀਂ ਤਾਂ ਬਹੁਤੇ ਬੰਦੇ ਟੂਰਿਸਟ ਨਾਲੋਂ ਜ਼ਿਆਦਾ ਕੁਲੀ ਲੱਗਦੇ ਹਨ। ਉਸਨੇ ਇਹ ਵੀ ਦੱਸਿਆ ਕਿ ਵਿਦੇਸ਼ੀ ਯਾਤਰਾ 'ਤੇ ਵੀ ਉਹ 3-4 ਜੋੜਿਆਂ

ਨਾਲ ਹੀ ਪੂਰਾ ਮਹੀਨਾ ਕੱਢ ਲੈਂਦੇ ਹਨ।

ਜਨਮੇਜੇ ਦੇ ਮੋਟਰਸਾਈਕਲ ਦੇ ਸ਼ੌਕ ਨੇ ਉਸਨੂੰ ਮਕੈਨਿਕ ਦੇ ਪਾਠ ਵੀ ਪੜ੍ਹਾ ਦਿੱਤੇ ਹਨ। ਕਿਹੜਾ ਮੋਟਰਸਾਈਕਲ ਜਾਂ ਕਿਹੜੀ ਕਾਰ ਕਿਫਾਇਤੀ ਹੈ, ਜਨਮੇਜਾ ਦੱਸਣ ਨੂੰ ਮਿੰਟ ਵੀ ਨਹੀਂ ਲਾਉਂਦਾ। ਹਵਾਈ ਜਹਾਜ਼ ਤੇ ਰੇਲ ਇੰਜਣ ਨੂੰ ਛੱਡ ਕੇ ਕੈਮਰਿਆਂ ਵਾਂਗ ਉਸਨੂੰ ਸਾਰੇ ਗੁਣ ਤੇ ਔਗੁਣ ਯਾਦ ਹਨ।

ਜਨਮੇਜੇ ਦੀ ਸਿਹਤ ਸਬੰਧੀ ਲਾਪਰਵਾਹੀ ਵੀ ਕਿਸੇ ਤੋਂ ਛੁਪੀ ਨਹੀਂ। ਪਿੱਛੇ ਜਿਹੇ ਇੱਕ ਰੇਲ ਸਫ਼ਰ ਦੌਰਾਨ ਉਸਦੇ ਪੈਰ 'ਤੇ ਸੱਟ ਵੱਜੀ। ਉਹ ਓਨੀ ਦੇਰ ਡਾਕਟਰ ਦੇ ਬੂਹੇ ਨਹੀਂ ਚੜ੍ਹਿਆ, ਜਿੰਨੀ ਦੇਰ ਦਰਦਾਂ ਨੇ ਚੀਕਾਂ ਨਾ ਕਢਵਾ ਦਿੱਤੀਆਂ। ਅੱਜਕੱਲ ਭਾਵੇਂ ਲੰਬੀ ਯਾਤਰਾ ਤੇ ਗੱਡੀ ਚਲਾਉਣੀ ਔਖੀ ਹੋ ਗਈ ਹੈ, ਪਰ ਪੰਜਾਬੀ ਭਵਨ ਤੱਕ ਰੋਜ਼ਾਨਾ ਗੇੜੀ ਮਾਰ ਹੀ ਜਾਂਦਾ ਹੈ।

ਕੋਵਿਡ ਨੇ ਜਨਮੇਜੇ ਨਾਲ ਕਹਿਰ ਕਮਾਇਆ। ਮਾਤਾ ਤੇ ਪਿੰਕੀ ਭਾਬੀ ਦੇ ਵਿਛੋੜੇ ਨੇ ਜਨਮੇਜੇ ਨੂੰ ਗਹਿਰੀ ਸੱਟ ਮਾਰੀ, ਪਰ ਫਿਰ ਵੀ ਆਪਣੇ ਆਪ ਨੂੰ ਸੰਭਾਲ ਲਿਆ ਅਤੇ 'ਪਿੰਕੀ ਹਰਬਲ ਗਾਰਡਨ' ਸਥਾਪਤ ਕਰਕੇ ਪਿੰਕੀ ਭਾਬੀ ਦੀ ਯਾਦ ਨੂੰ ਹਮੇਸ਼ਾ ਲਈ ਆਪਣੇ ਹਿਰਦੇ ਵਿੱਚ ਵਸਾ ਲਿਆ। ਸ਼ਾਇਦ ਪਿੰਕੀ ਭਾਬੀ ਵੀ ਜਨਮੇਜੇ ਨੂੰ ਕਹਿੰਦੀ ਹੋਵੇਗੀ,

"ਕਿੰਝ ਬਣਦਾ ਪਿੰਕੀ ਹਰਬਲ ਗਾਰਡਨ,
ਮੇਜਰਿਆ, ਜੇ ਮੈਂ ਨਾ ਮਰਦੀ।"

***

# ਆਪਣੇ ਆਪ ਵਿੱਚ ਕਾਰਨਾਮਾ

## ਡਾ. ਕਿਰਨਜੀਤ ਕੌਰ ਰੰਧਾਵਾ

ਜਨਮੇਜਾ ਸਾਹਿਬ ਨੇ ਕਿਤਾਬ ਦਾ ਸਿਰਨਾਵਾਂ ਤਾਂ ਬਿਲਕੁਲ ਸਹੀ ਦਿੱਤਾ ਸੀ ਮੇਰੇ ਕਾਰਨਾਮੇ, ਪਰ ਅਸਲੀਅਤ ਇਹ ਹੈ ਕਿ ਉਹ ਖ਼ੁਦ ਵੀ ਕਿਸੇ ਕਾਰਨਾਮੇ ਤੋਂ ਘੱਟ ਨਹੀਂ। ਮੇਰੀ ਉਮਰ ਸੀਨੀਅਰ ਸਿਟੀਜ਼ਨ ਦੀ ਹੈ, ਪਰ ਮੈਨੂੰ ਸਾਰੀ ਉਮਰ ਇਹੋ ਜਿਹਾ ਕਾਰਨਾਮਾ ਅੱਜ ਤੱਕ ਨਹੀਂ ਟੱਕਰਿਆ, ਜਿਹੜਾ ਹਰ ਸਮੇਂ ਹਰ ਇੱਕ ਲਈ ਉਪਲੱਬਧ ਹੋਵੇ।

ਚਾਹੇ ਰਾਤ ਹੋਵੇ ਜਾਂ ਦਿਨ, ਉਹ ਹਰ ਵਕਤ ਫੋਨ ਪਹਿਲੀ ਜਾਂ ਦੂਜੀ ਘੰਟੀ ਵਿੱਚ ਹੀ ਚੁੱਕ ਲੈਣਗੇ। ਜਦੋਂ ਪੁੱਛੋਗੇ, "ਕੀ ਹਾਲ ਹੈ ਜੀ" ਕਹਿਣਗੇ, "ਚੜ੍ਹਦੀ ਕਲਾ।" ਤੇ ਜੇ ਫੋਨ ਕਰੋ ਤੇ ਪੁੱਛੋ, "ਚੜ੍ਹਦੀ ਕਲਾ ਹੈ ਜੀ" ਤਾਂ ਕਹਿਣਗੇ, "ਹਮੇਸ਼ਾ ਹੀ।"

ਇਹ ਇਹੋ ਜਿਹਾ ਸ਼ਖ਼ਸ ਹੈ, ਜਿਸਨੂੰ ਕਿਸੇ ਇੰਟਰੋਡਕਸ਼ਨ ਦੀ ਲੋੜ ਨਹੀਂ। ਸਿਰਫ਼ ਪਹਿਲੀ ਵਾਰ ਤੁਸੀਂ ਆਪ ਹੀ ਜ਼ਰੂਰੀ ਸਮਝਦੇ ਹੋ ਕਿ ਆਪਣਾ ਤਾਰੁਫ਼ ਕਰਵਾ ਦਿੱਤਾ ਜਾਵੇ। ਬਸ ਫਿਰ ਉਸੇ ਘੜੀ-ਪਲ ਤੋਂ ਤੁਸੀਂ ਉਹਨਾਂ ਦੀ ਡਾਇਰੀ ਵਿੱਚ ਪੱਕੇ ਹੋ ਜਾਂਦੇ ਹੋ। ਪਹਿਲੀ ਵਾਰ ਮਿਲਣ 'ਤੇ ਲੱਗਦਾ ਹੀ ਨਹੀਂ ਕਿ ਤੁਸੀਂ ਆਪਸ ਵਿੱਚ ਪਹਿਲਾਂ ਨਹੀਂ ਸੀ ਜਾਣਦੇ। ਛੋਟੀ ਉਮਰ ਜਾਂ ਵੱਡੀ-ਉਹ ਸਭ ਦੇ ਹਮਉਮਰ ਨਿਕਲਦੇ ਹਨ।

ਜਿਹੜੀ ਸੋਚ ਮਨ ਵਿੱਚ ਉੱਭਰ ਆਈ, ਉਸਨੂੰ ਸੱਚ ਕਰਨ ਲਈ ਜੀ-ਜਾਨ ਲਾ ਦੇਂਦੇ ਹਨ। ਅਲੱਗ-ਅਲੱਗ ਕਿੱਤਿਆਂ ਵਿੱਚ ਅਜ਼ਮਾਇਸ਼ ਲਈ ਉਹ ਰਿਸਕ ਵੀ ਚੁੱਕ ਲੈਂਦੇ ਹਨ। ਕਿਸੇ ਇੱਕ ਕਿੱਤੇ ਦੇ ਨਾ ਹੋ ਕੇ, ਉਹ ਸਭ ਕਿੱਤਿਆਂ ਦੇ ਹਾਣੀ ਹਨ। ਰਮਤੇ ਜੋਗੀ ਵਾਂਗ ਦੋ ਜੋੜੇ ਕੱਪੜੇ ਤੇ ਕੈਮਰਾ ਲੈ ਕੇ ਜਿੱਡੇ ਮਰਜ਼ੀ ਵੱਡੇ ਸਫ਼ਰ ਲਈ ਦੋ ਘੰਟਿਆਂ ਵਿੱਚ ਤਿਆਰ ਹੋ ਜਾਂਦੇ ਹਨ। ਉਮਰ ਦੇ ਤਕਾਜ਼ੇ ਨੂੰ ਦਰਕਿਨਾਰ ਕਰਕੇ ਵਰਜਿਤ ਮੌਸਮ ਵਿੱਚ ਵੀ ਚਾਈਂ- ਚਾਈਂ ਠੱਲ ਪੈਂਦੇ ਹਨ।

ਲੱਗਦਾ ਘਰਦਿਆਂ ਨੇ ਨਾਂ ਵੀ ਉਹ ਦਿੱਤਾ -ਜਨਮ-ਏ-ਜਾ, ਮਤਲਬ ਇੱਕ ਜਨਮ ਹੈ, ਜਾ ਤੇ ਜੀ ਲੈ। ਫਿਰ ਜਨਮੇਜੇ ਨੇ ਇਹ ਗੱਲ ਸਫ਼ਲ ਕਰ ਵਿਖਾਈ। ਕਹਿੰਦੇ ਹਨ, ਜਿਸ ਨੇ ਦੁਨੀਆਂ ਵਿੱਚ ਭੇਜਿਆ ਹੈ, ਉਹ ਖ਼ਰਚੇ ਦਾ ਵੀ ਜੁਗਾੜ ਕਰ ਦੇਂਦਾ ਹੈ। ਉਹ ਆਪੇ ਹੀ ਬੰਦੋਬਸਤ ਕਰੀ ਜਾਂਦਾ ਹੈ ਅਤੇ ਲੋੜ ਤੋਂ ਵੱਧ ਵੱਲ ਝਾਕਣਾ ਮੂਰਖਤਾ ਹੈ।

ਉਹ ਜਦੋਂ ਬੋਲਦੇ ਹਨ, ਕਿਸੇ ਲਈ ਘਿਰਣਾ, ਨਫ਼ਰਤ ਜਾਂ ਵੰਡਵੀਂ ਅੱਗ ਲਾਉਣ ਵਾਲੇ ਸ਼ਬਦ ਇਸਤੇਮਾਲ ਨਹੀਂ ਕਰਦੇ। ਬਸ ਆਪਣੇ ਸਾਦੇ ਸੁਭਾਅ ਮੁਤਾਬਕ ਸਹਿਜੇ-ਸਹਿਜੇ ਬੋਲਦੇ ਹਨ। ਉਕਸਾਉਣ ਵਾਲਿਆਂ ਅੱਗੇ ਯਕਦਮ ਨਾ ਬੋਲ ਕੇ ਦਿਮਾਗੀ ਖੋਜ ਸ਼ੁਰੂ ਕਰ ਲੈਂਦੇ ਹਨ ਕਿ ਇਹ ਕਿਉਂ ਤੇ ਕਿਵੇਂ। ਫਿਰ ਇਸਨੂੰ ਹਾਸਰਸ ਵਿੱਚ ਤਬਦੀਲ ਕਰਕੇ ਕੋਈ ਲੇਖ ਲਿਖ ਦੇਣਗੇ। ਵੈਸੇ ਕਦੀ ਸੋਚਦੀ ਹਾਂ, ਜੇ ਹਰ ਵਿਅਕਤੀ ਇਹੀ ਧਾਰਨਾ ਰੱਖ ਲਵੇ ਤਾਂ ਝਗੜੇ ਹੀ ਮੁੱਕ ਜਾਣ।

ਜੇ ਕਦੇ ਲੁਧਿਆਣੇ ਦਾ ਪ੍ਰੋਗਰਾਮ ਬਣੇ ਤਾਂ ਇਹ ਲਾਜ਼ਮੀ ਹੈ ਕਿ ਉਹਨਾਂ ਨੂੰ ਮਿਲ ਕੇ ਜ਼ਰੂਰ ਆਇਆ ਜਾਵੇ, ਭਾਵੇਂ ਕੁਝ ਮਿੰਟਾਂ ਲਈ ਹੀ ਹੋਵੇ। ਫੋਨ ਕਰਨ 'ਤੇ ਕਹਿਣਗੇ, ਆ ਜਾਓ", ਫਿਰ ਭਾਵੇਂ ਘਰ ਹੋਵੇ ਜਾਂ ਪਿੰਕੀ ਹਰਬਲ ਗਾਰਡਨ। ਉਹਨਾਂ ਵੱਲੋਂ ਨਾਂਹ ਉਦੋਂ ਆਉਂਦੀ ਹੈ, ਜਦੋਂ ਉਹ ਲੁਧਿਆਣੇ ਵਿੱਚ ਨਾ ਹੋਣ।

ਲੱਗਦਾ ਉਹਨਾਂ ਕੋਲ ਜਾਂਦਾ ਵੀ ਉਹੀ ਹੈ, ਜੋ ਉਹਨਾਂ ਵਰਗਾ ਹੈ, ਯਾਨੀ ਸ਼ਾਂਤ, ਕਾਹਲੀ ਪਾਉਂਦੀ ਰਫ਼ਤਾਰ ਨਾਲ ਨਾ ਭੱਜਣ ਵਾਲਾ, ਕੁਦਰਤ ਨੂੰ ਮਾਣਨ ਵਾਲਾ। ਜੀਵਨ ਦੇ ਉਤਾਰ-ਚੜ੍ਹਾਅ ਧੀਰਜ ਤੇ ਸਹਿਜਤਾ ਨਾਲ ਅਪਣਾ ਲੈਣਾ, ਭਾਵੇਂ ਅੰਦਰੂਨੀ ਜ਼ਖ਼ਮ ਚਕਨਾ-ਚੂਰ ਕਰਨ ਵਾਲੇ ਹੋਣ, ਆਮ ਗੱਲ ਨਹੀਂ, ਪਰ ਉਹ ਇਸਨੂੰ ਵੀ ਪੀ ਕੇ ਜਜ਼ਬ ਕਰਨਾ ਜਾਣਦੇ ਹਨ। ਵਚਿੱਤਰ ਸ਼ਖ਼ਸੀਅਤ ਹੈ, ਨਾ ਕੋਈ ਸੱਜਣ, ਨਾ ਕੋਈ ਦੁਸ਼ਮਣ, ਪਰ ਜੀਹਦੇ ਨਾਲ ਤੁਰ ਪਏ,  ਹਰ ਕੋਈ ਜਿਵੇਂ ਆਪਣਾ ਹੀ ਹੋਵੇ।

ਮੈਨੂੰ ਯਾਦ ਹੈ, ਮੇਰਾ ਕੋਈ ਲੇਖ ਅਖ਼ਬਾਰ ਵਿੱਚ ਛਪਿਆ, ਜਿਸਨੂੰ ਪੜ੍ਹ ਕੇ ਇੱਕ ਸਕੂਲ ਅਧਿਆਪਕਾ ਦਾ ਫੋਨ ਆਇਆ। ਲੇਖ 'ਤੇ ਚਰਚਾ ਕਰਦਿਆਂ ਉਸਨੇ ਆਪਣੀ ਨਵੀਂ ਛਪੀ ਕਿਤਾਬ ਦਾ ਜ਼ਿਕਰ ਕੀਤਾ ਅਤੇ ਫਿਰ ਇਹ ਦੱਸਿਆ ਕਿ ਕਾਫ਼ੀ ਚਿਰ ਤੋਂ ਉਹ ਆਪਣੀਆਂ ਕਿਤਾਬਾਂ ਜਨਮੇਜਾ ਸਿੰਘ ਹੁਰਾਂ ਤੋਂ ਹੀ ਪ੍ਰਿੰਟ ਕਰਵਾ ਰਹੇ ਹਨ। ਇਸ ਤੋਂ ਪਹਿਲਾਂ ਮੈਂ ਜੌਹਲ ਸਰ ਬਾਰੇ ਸੁਣਿਆ ਸੀ, ਪਰ ਮਿਲੀ ਕਦੇ ਨਹੀਂ ਸੀ। ਹੁਣ ਮੈਂ ਮਨ ਬਣਾਇਆ ਕਿ ਮਿਲਿਆ ਜਾਵੇ।

ਮੈਂ ਪਹਿਲੀ ਵਾਰੀ ਫੋਨ ਕੀਤਾ। ਰਸਮੀ ਤੌਰ 'ਤੇ ਗੱਲਬਾਤ ਹੋਈ। ਇਸ ਤੋਂ ਬਾਅਦ ਕਈ ਵਿਸ਼ਿਆਂ 'ਤੇ ਫੋਨ 'ਤੇ ਗੱਲਬਾਤ ਹੋ ਜਾਈ। ਇੱਕ ਦਿਨ ਮੈਂ ਤੇ ਮੇਰੇ ਪਤੀ ਰੰਧਾਵਾ ਸਾਹਿਬ ਨੇ ਲੁਧਿਆਣੇ ਜਾਣ ਦਾ ਪ੍ਰੋਗਰਾਮ ਬਣਾਇਆ ਅਤੇ ਦੱਸਿਆ ਕਿ ਅਸੀਂ ਤੁਹਾਨੂੰ ਹੀ ਮਿਲਣ ਆ ਰਹੇ ਹਾਂ। ਉਹਨਾਂ ਦਿਨਾਂ ਵਿੱਚ ਜੌਹਲ ਸਾਹਿਬ ਦੀ ਬਾਂਹ 'ਤੇ ਸੱਟ ਲੱਗੀ ਸੀ ਤੇ ਫਰੈਕਚਰ ਹੋਇਆ ਸੀ, ਸੋ ਅਸੀਂ ਹਾਲ ਪਤਾ ਕਰਨ ਜਾਣਾ ਸੀ। ਕਹਿੰਦੇ, "ਆ ਜਾਓ।"

ਪਰ ਕਿਉਂਕਿ ਪਹਿਲੀ ਵਾਰੀ ਘਰ ਜਾਣਾ ਸੀ, ਸਾਨੂੰ ਕਾਫ਼ੀ ਦਿੱਕਤ ਆਈ। ਫਿਰ ਫੋਨ ਕੀਤਾ ਤਾਂ ਕਹਿੰਦੇ, "ਮੈਂ ਸੜਕ 'ਤੇ ਹੀ ਫਿਰਦਾ ਹਾਂ, ਆ ਜਾਓ।" ਸਾਨੂੰ ਦੂਰੋਂ ਵੱਡੀ ਸੂਰਜ ਵਾਲੀ ਟੋਪੀ ਪਾਈ ਅਤੇ ਬਾਂਹ 'ਤੇ ਫਰੈਕਚਰ ਵਾਲੀ ਸਲਿੰਗ ਲਟਕਾਈ ਜੌਹਲ ਸਾਹਿਬ ਨਜ਼ਰ ਆ ਗਏ। ਡਰਾਇੰਗ ਰੂਮ ਵਿੱਚ ਜਾਣ ਦੀ ਲੋੜ ਨਹੀਂ ਪਈ। ਬਾਹਰ ਹੀ ਬੜਾ ਰਮਣੀਕ ਮਾਹੌਲ ਬਣਿਆ ਹੋਇਆ ਸੀ। ਗੇਟ ਖੋਲ੍ਹਦਿਆਂ ਥੜ੍ਹੇ'ਤੇ ਦੀਵਾਨ ਵਿਛਿਆ ਸੀ, ਜਿਸ 'ਤੇ ਉਹਨਾਂ ਦੇ ਮਾਤਾ ਜੀ ਬੈਠੇ ਸਨ। ਨਾਲ ਦੋ-ਤਿੰਨ ਕੁਰਸੀਆਂ ਪਈਆਂ ਸਨ। ਅਸੀਂ ਬੈਠ ਗਏ। ਉੱਥੇ ਹੀ ਕੁੜੀ ਨੇ ਚਾਹ ਦੇ ਕੱਪ ਫੜਾਏ। ਛਾਂਦਾਰ ਰੁੱਖਾਂ ਨਾਲ ਠੰਡਕ ਬਣੀ ਹੋਈ ਸੀ। ਚਿੜੀਆਂ ਵੀ ਚਹਿਚਹਾ ਕੇ ਖੁਸ਼ੀ ਵੰਡ ਰਹੀਆਂ ਸਨ।

ਪਤਨੀ ਪਿੰਕੀ ਹੁਰਾਂ ਨਾਲ ਵੀ ਮੁਲਾਕਾਤ ਹੋਈ ਅਤੇ ਇੰਨੀ ਦੇਰ

ਨੂੰ ਪਿਤਾ ਸਰਦਾਰਾ ਸਿੰਘ ਜੌਹਲ ਸਾਹਿਬ ਵੀ ਆ ਗਏ। ਕਿਆ ਖਿੱਚਵੀਂ ਸ਼ਖ਼ਸੀਅਤ, ਲੰਮਾ ਕੱਦ, ਖਿੜਿਆ ਚਿਹਰਾ। ਸਹਿਜੇ-ਸਹਿਜੇ ਗੱਲ ਕਰਦੇ ਉਹ ਵੀ ਕੁਰਸੀ 'ਤੇ ਬੈਠ ਗਏ। ਉਸ ਤੋਂ ਬਾਅਦ ਜੌਹਲ ਸਾਹਿਬ ਜਦੋਂ ਵੀ ਲੁਧਿਆਣੇ ਤੋਂ ਜਲੰਧਰ ਜਾਂ ਫਗਵਾੜੇ ਦੇ ਨੇੜੇ-ਤੇੜੇ ਗੇੜਾ ਲਾਉਂਦੇ ਹਨ ਜਾਂ ਕਿਸੇ ਸਮਾਗਮ ਜਾਂ ਕੰਮ ਲਈ ਇਸ ਪਾਸੇ ਆਉਂਦੇ ਹਨ, ਤਾਂ ਅਕਸਰ ਫਗਵਾੜੇ ਮੇਰੇ ਕਾਲਜ ਮਿਲਣ ਜ਼ਰੂਰ ਆ ਜਾਂਦੇ ਹਨ। ਬੜੇ ਆਪਣੇਪਣ ਨਾਲ ਕਹਿਣਗੇ, “ਅੱਜ ਉੱਧਰ ਦਾ ਪ੍ਰੋਗਰਾਮ ਹੈ, ਸਮਾਂ ਹੋਇਆ ਤਾਂ ਚਾਹ ਪੀ ਕੇ ਜਾਵਾਂਗੇ, ਪ੍ਰਿੰਸੀਪਲ ਸਾਹਿਬ।”

ਜਦੋਂ ਕਰੋਨਾ ਕਾਲ ਸ਼ੁਰੂ ਹੋਇਆ, ਆਲੇ-ਦੁਆਲੇ ਹਾਹਾਕਾਰ ਜਿਹੀ ਮੱਚ ਗਈ। ਚਾਰੇ ਪਾਸੇ ਬੇਚੈਨੀ, ਮੌਤਾਂ ਦੀਆਂ ਬੇਸ਼ੁਮਾਰ ਖ਼ਬਰਾਂ। ਸਕੂਲ-ਕਾਲਜ ਬੰਦ ਹੋ ਗਏ। ਪ੍ਰਿੰਸੀਪਲ ਦੇ ਤੌਰ 'ਤੇ ਮੈਨੂੰ ਕਾਲਜ ਆਉਣਾ ਪੈਂਦਾ ਸੀ, ਪਰ ਜਦੋਂ ਸਰਕਾਰ ਨੇ ਸੁਰੱਖਿਆ ਦੇ ਮੱਦੇਨਜ਼ਰ ਐਲਾਨ ਕਰ ਦਿੱਤਾ ਤਾਂ ਮੈਂ ਵੀ ਕੁਝ ਦਿਨ ਘਰ ਨਜ਼ਰਬੰਦ ਹੋ ਗਈ। ਜ਼ਿੰਦਗੀ ਦੀ ਰਫ਼ਤਾਰ ਮੱਧਮ ਹੋ ਗਈ। ਸਾਰਾ ਦਿਨ ਕਿੰਨਾ ਹੀ ਲੰਮਾ ਹੋ ਜਾਂਦਾ, ਕਿਉਂਕਿ ਚਾਰੇ ਪਾਸਿਓਂ ਬਿਮਾਰੀ, ਮੌਤ ਤੇ ਖ਼ੌਫ਼ਨਾਕ ਖ਼ਬਰਾਂ ਹੀ ਆਉਂਦੀਆਂ।

ਮੈਂ ਜੌਹਲ ਸਾਹਿਬ ਨਾਲ ਗੱਲ ਕੀਤੀ ਕਿ ਕੋਈ ਪੌਡਕਾਸਟ ਤਰ੍ਹਾਂ ਦਾ ਪ੍ਰੋਗਰਾਮ ਸ਼ੁਰੂ ਕਰੀਏ, ਤਾਂ ਜੋ ਮਨ ਦੀ ਸਿਹਤ ਦਰੁਸਤ ਰੱਖੀ ਜਾਵੇ। ਲਓ ਜੀ, ਕੁਝ ਹੀ ਦਿਨਾਂ ਵਿੱਚ ਇਹ ਬੰਦੋਬਸਤ ਵੀ ਹੋ ਗਿਆ ਤੇ ਅਸੀਂ ਆਪੋ-ਆਪਣੇ ਘਰ ਬੈਠੇ ਕੈਮਰਾ ਚਾਲੂ ਕਰਕੇ ਨਵਾਂ ਪ੍ਰੋਗਰਾਮ ਸ਼ੁਰੂ ਕਰ ਦਿੱਤਾ। ਇਹ ਪ੍ਰੋਗਰਾਮ ਵਿਦੇਸ਼ ਵਿੱਚ ਹਫ਼ਤੇ ਵਿੱਚ ਦੋ ਵਾਰ ਟੈਲੀਕਾਸਟ ਹੁੰਦਾ ਸੀ। ਨਾਂ ਸੀ, “ਵਕਤ ਦੇ ਪਰਾਂ ’ਤੇ।” ਚੈਨਲ ਸੀ- ‘ਚੜ੍ਹਦੀ ਕਲਾ ਟਾਈਮ ਟੀਵੀ'। ਇਸਦੇ ਪੱਚੀ ਐਪੀਸੋਡ ਰਿਕਾਰਡ ਹੋਏ ਅਤੇ ਚੰਗਾ ਭਰਵਾਂ ਹੁੰਗਾਰਾ ਵੀ ਮਿਲਿਆ। ਫਿਰ ਕਰੋਨਾ ਕਾਲ ਨੂੰ ਠੱਲ ਪਈ ਤੇ ਜ਼ਿੰਦਗੀ ਚਾਰੇ ਪਾਸੇ ਰਫ਼ਤਾਰ ਫੜਨ ਲੱਗੀ, ਤਾਂ ਇਹ ਪ੍ਰੋਗਰਾਮ

ਵੀ ਬੰਦ ਹੋ ਗਿਆ।

ਇਸੇ ਸਮੇਂ ਦੌਰਾਨ ਪਤਾ ਲੱਗਾ ਕਿ ਪਿੰਕੀ, ਧਰਮ ਪਤਨੀ ਜਨਮੇਜਾ ਜੌਹਲ, ਵੀ ਕਰੋਨਾ ਦੇ ਪੰਜੇ ਦਾ ਸ਼ਿਕਾਰ ਹੋ ਕੇ ਦੁਨੀਆਂ ਤੋਂ ਚਲੇ ਗਏ। ਬੜੇ ਭਾਰੀ ਦਿਲ ਨਾਲ ਜੌਹਲ ਸਾਹਿਬ ਨਾਲ ਗੱਲ ਹੋਈ, ਫਿਰ ਮੁਲਾਕਾਤ ਵੀ ਹੋਈ। ਉਪਰੋਂ ਕਾਫ਼ੀ ਜੋੜਨ ਦੀ ਕੋਸ਼ਿਸ਼ ਉਹਨਾਂ ਦਿਨਾਂ ਵਿੱਚ ਉਹ ਕਰ ਰਹੇ ਸਨ, ਪਰ ਦਿਲ ਤਾਂ ਵਲੂੰਧਰਿਆ ਗਿਆ ਸੀ, ਕਿਉਂਕਿ ਘਰ ਦੀ ਜਿੰਦ-ਜਾਨ ਰੁਖ਼ਸਤ ਹੋ ਗਈ ਸੀ।

ਫਿਰ ਜੌਹਲ ਸਾਹਿਬ ਨੇ ਆਪਣਾ ਧਿਆਨ ਖਾਲੀ ਪਈ ਜ਼ਮੀਨ ਵੱਲ ਲਾ ਦਿੱਤਾ ਅਤੇ ਉਸਦਾ ਨਾਂ 'ਪਿੰਕੀ ਹਰਬਲ ਗਾਰਡਨ' ਰੱਖਿਆ। ਇਹ ਬਿਲਕੁਲ ਸੁੱਕੀ ਤੇ ਖਾਲੀ ਜ਼ਮੀਨ ਸੀ। ਅੰਦਰ ਵੜਦਿਆਂ ਦੋ-ਚਾਰ ਕੁਰਸੀਆਂ ਰੱਖੀਆਂ ਸਨ ਅਤੇ ਉੱਥੇ " ਸਤਵੈਣੀ" ਦੇ ਨਾਂ ਦੀ ਥਾਂ ਮੁਕਰਰ ਕਰ ਲਈ, ਜਿੱਥੇ ਉਹਨਾਂ ਕੋਲ ਆਉਣ ਵਾਲਿਆਂ ਰਾਹੀਂ ਲਿਆਂਦੇ ਖ਼ਾਸ ਬੂਟੇ ਲਾ ਦਿੱਤੇ ਜਾਂਦੇ ਸਨ।

ਮੈਂ ਵੀ ਤਿੰਨ ਬੂਟੇ ਲੈ ਕੇ ਗਈ ਤਾਂ ਮੇਰੇ ਤੇ ਰੰਧਾਵਾ ਸਾਹਿਬ ਦੇ ਹੱਥੋਂ ਉਹਨਾਂ ਨੇ ਇਹ ਬੂਟੇ ਵੀ ਸਤਵੈਣੀ ਦਾ ਹਿੱਸਾ ਬਣਾਏ ਅਤੇ ਫੋਟੋ ਖਿੱਚ ਕੇ ਆਪਣੇ ਸੋਸ਼ਲ ਮੀਡੀਆ 'ਤੇ ਪੋਸਟ ਕੀਤੀਆਂ, ਜਿਵੇਂ ਉਹ ਸਭ ਆਉਣ ਵਾਲਿਆਂ ਦੀਆਂ ਸ਼ੇਅਰ ਕਰਦੇ ਹਨ। ਹੌਲੀ-ਹੌਲੀ ਉਹਨਾਂ ਨੇ ਇਸ ਜ਼ਮੀਨ ਲਈ ਦੂਰੋਂ-ਦੂਰੋਂ ਅਲੱਗ-ਅਲੱਗ ਕਿਸਮਾਂ ਦੇ ਪਤਾ ਨਹੀਂ ਕਿੰਨੇ ਬੇਸ਼ੁਮਾਰ ਬੂਟੇ ਲਾ ਦਿੱਤੇ। ਵਕਤ ਤਾਂ ਲੱਗਾ, ਪਰ ਜ਼ਮੀਨ ਆਬਾਦ ਹੋਈ ਸ਼ੁਰੂ ਹੋ ਗਈ। ਅੱਜ ਉਹ ਹਰਿਆ-ਭਰਿਆ, ਰੌਣਕੀ ਬਾਗ ਬਣ ਚੁੱਕਾ ਹੈ।

ਉਹਨਾਂ ਕਈ ਪ੍ਰਕਾਰ ਦੀ ਪਨੀਰੀ ਇੱਥੇ ਉਗਾਉਣੀ ਸ਼ੁਰੂ ਕਰ ਦਿੱਤੀ ਹੈ। ਖੁੱਲ੍ਹਾ ਸੱਦਾ ਵੀ ਦੇਂਦੇ ਹਨ ਕਿ ਜਿਹੜਾ ਪਹਿਲਾਂ ਆਏ, ਉਹ ਬੂਟੇ ਲੈ ਜਾਵੇ। ਜਿੱਥੇ ਸੰਭਵ ਹੁੰਦਾ ਹੈ, ਉਹ ਬੂਟੇ ਤੇ ਪਨੀਰੀ ਭੇਜ ਵੀ ਦੇਂਦੇ ਹਨ। ਬਿਲਕੁਲ ਉਸੇ ਤਰ੍ਹਾਂ, ਜਿਵੇਂ ਉਹ ਪੰਜਾਬੀ ਭਾਸ਼ਾ ਲਈ ਜੀ-ਤੋੜ

ਕੋਸ਼ਿਸ਼ ਕਰ ਰਹੇ ਹਨ। ਗੁਰਮੁਖੀ ਵਾਲੀਆਂ ਪੈਂਤੀ ਅੱਖਰਾਂ ਦੀਆਂ ਫੱਟੀਆਂ ਅਤੇ ਕੈਦੇ ਉਹਨਾਂ ਦੁਨੀਆਂ ਦੇ ਹਰ ਕੋਨੇ ਵਿੱਚ ਪਹੁੰਚਾ ਦਿੱਤੇ ਹਨ। ਉਹ ਆਪਣੀਆਂ ਕਿਤਾਬਾਂ ਵੀ ਖੁੱਲ੍ਹੇ ਦਿਲ ਨਾਲ ਪੜ੍ਹਨ ਵਾਲਿਆਂ ਨੂੰ ਵੰਡਦੇ ਹਨ।

ਜਿਹੜੇ ਅਸੀਂ 'ਵਕਤ ਦੇ ਪਰਾਂ 'ਤੇ' ਐਪੀਸੋਡ ਕੀਤੇ, ਉਸ ਵਿੱਚ ਵੀ ਉਹਨਾਂ ਦੇ ਰੁਝਾਨ ਤੇ ਸ਼ੌਕ, ਜਿਵੇਂ ਅਲੱਗ-ਅਲੱਗ ਥਾਵਾਂ ਦੀਆਂ ਯਾਤਰਾਵਾਂ, ਟੂਰ ਤੇ ਫੋਟੋਗਰਾਫ਼ੀ, ਕੰਪਿਊਟਰ ਦੀ ਜਾਣਕਾਰੀ ਅਤੇ ਇਹ ਕਿ ਕਿਵੇਂ ਘਰ ਬੈਠੇ ਅਸੀਂ ਪੰਜਾਬੀ ਟਾਈਪ ਕਰ ਸਕਦੇ ਹਾਂ ਆਦਿ ਵਿਸ਼ਿਆਂ 'ਤੇ ਗੱਲ ਕੀਤੀ ਗਈ। ਪ੍ਰੋਗਰਾਮ ਜਿੰਨਾ ਚਿਰ ਚੱਲਦਾ ਰਿਹਾ, ਕਾਫ਼ੀ ਮਕਬੂਲ ਵੀ ਰਿਹਾ।

ਕਿਸੇ ਵੀ ਵਿਸ਼ੇ 'ਤੇ ਜਾਣਕਾਰੀ ਮੰਗੋ ਤਾਂ ਤੁਰੰਤ ਦੱਸ ਦੇਣਗੇ। ਕਦੇ ਟਾਲ-ਮਟੋਲ ਨਹੀਂ, ਭਾਵੇਂ ਘਰ ਹੋਣ ਜਾਂ ਕਿਤੇ ਸਫ਼ਰ ਕਰ ਰਹੇ ਹੋਣ। ਨਕਾਰਾਤਮਕ ਗੱਲ ਨੂੰ ਸਿਰੇ ਤੋਂ ਖ਼ਾਰਜ ਕਰ ਦੇਣਗੇ। ਜਿਵੇਂ ਜੇ ਕੋਈ ਕਹੇ, "ਪੰਜਾਬ ਖ਼ਤਮ ਹੁੰਦਾ ਜਾ ਰਿਹਾ ਹੈ, ਪੰਜਾਬੀ ਖ਼ਤਮ ਹੁੰਦੀ ਜਾ ਰਹੀ ਹੈ, ਤਾਂ ਕਹਿਣ ਵਾਲੇ ਨੂੰ ਪੂਰਾ ਤਰਕ ਦੇ ਕੇ ਠੱਪ ਦੇਣਗੇ ਅਤੇ ਕਹਿਣਗੇ, "ਮੈਂ ਤਾਂ ਕਹਿੰਦਾ ਹਾਂ, ਪਹਿਲਾਂ ਤੋਂ ਪੰਜਾਬੀ ਵੱਧ ਮਕਬੂਲ ਹੋ ਰਹੀ ਹੈ, ਭਾਵੇਂ ਸਮਾਜ ਵਿੱਚ, ਭਾਵੇਂ ਫ਼ਿਲਮ ਜਗਤ ਵਿੱਚ ਜਾਂ ਵਿਦੇਸ਼ਾਂ ਵਿੱਚ।"

ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਨੂੰ ਜਦੋਂ ਪੁੱਛਿਆ ਕਿ ਘਰ ਹੁਣ ਦੋਵੇਂ ਔਰਤਾਂ ਨਹੀਂ ਰਹੀਆਂ, ਤਾਂ ਤੁਹਾਡੇ ਅਤੇ ਸ. ਸਰਦਾਰਾ ਸਿੰਘ ਜੀ ਦੀ ਸਿਹਤ-ਸੰਭਾਲ ਜਾਂ ਘਰ-ਸੰਭਾਲ ਦੀਆਂ ਦਿੱਕਤਾਂ ਨੂੰ ਕਿਵੇਂ ਸਾਰ ਰਹੇ ਹੋ ? ਤਾਂ ਸਹਿਜੇ ਜਿਹੇ ਕਹਿਣਗੇ, "ਚੱਲੀ ਜਾਂਦਾ ਕਿਸੇ ਨਾ ਕਿਸੇ ਤਰ੍ਹਾਂ। ਯਾਰ-ਦੋਸਤ ਆਉਂਦੇ ਨੇ, ਆਪ ਹੀ ਚਾਹ ਬਣਾ ਲੈਂਦੇ ਨੇ, ਫਿਰ ਭਾਂਡੇ ਰਸੋਈ ਵਿੱਚ ਵੀ ਰੱਖ ਆਉਂਦੇ ਨੇ। ਨਾਲੇ ਆਪ ਚਾਹ ਪੀਂਦੇ ਨੇ, ਨਾਲ ਸਾਨੂੰ ਵੀ ਪਿਆ ਜਾਂਦੇ ਨੇ। ਬਾਕੀ ਕੰਮ ਵਾਲੀ ਆਉਂਦੀ ਹੈ। ਸਾਫ਼-ਸਫ਼ਾਈ ਤੇ ਖਾਣੇ ਦਾ ਚੱਲੀ ਜਾਂਦਾ ਏ।"

ਉਹਨਾਂ ਦੀ ਸ਼ਖ਼ਸੀਅਤ ਦਾ ਇੱਕ ਬੜਾ ਵਧੀਆ ਪਾਸਾ ਹੈ ਕਿ ਗੱਲ ਕਰਦਿਆਂ ਕਦੇ ਇਹੋ ਜਿਹੀ ਝਿਜਕ ਮਹਿਸੂਸ ਨਹੀਂ ਹੋਈ ਕਿ ਕਿਹੜੀ ਗੱਲ ਕੀਤੀ ਜਾਵੇ ਤੇ ਕਿਹੜੀ ਨਾ। ਵਾਰਤਾਲਾਪ ਵਿੱਚ ਕਦੇ ਮੇਲ-ਫੀਮੇਲ ਵਾਲੀ ਗੱਲ ਦਾ ਅਹਿਸਾਸ ਨਹੀਂ ਹੁੰਦਾ।

ਇੱਕ ਵਾਰੀ ਉਹ ਦੱਸ ਰਹੇ ਸਨ ਕਿ ਕਿਵੇਂ ਰਾਜਸਥਾਨ ਵਿੱਚ ਉਹ ਮੇਲੇ 'ਤੇ ਗਏ, ਕੀ ਪਰੇਸ਼ਾਨੀਆਂ ਆਈਆਂ ਅਤੇ ਉਹਨਾਂ ਨੂੰ ਕਿਵੇਂ ਹੱਲ ਕੀਤਾ। ਹਰ ਥਾਂ ਦੀ ਤਰ੍ਹਾਂ ਉੱਥੇ ਵੀ ਮੌਜਾਂ ਕਰਦਿਆਂ ਅਸੀਂ ਮੇਲਾ ਲੁੱਟ ਲਿਆ। ਮੈਂ ਕਿਹਾ, "ਜੌਹਲ ਸਰ, ਤੁਹਾਡੀਆਂ ਮੌਜਾਂ ਸੁਣ ਕੇ ਕਈ ਵਾਰ ਮੇਰਾ ਦਿਲ ਕਰਦਾ ਹੈ ਕਿ ਭੇਸ ਬਦਲਿਆ ਜਾਵੇ, ਤਾਂ ਜੋ ਇਹ ਕੋਈ ਨਾ ਜਾਣ ਸਕੇ ਕਿ ਇਹ ਇਸਤਰੀ ਹੈ, ਅਤੇ ਮਰਦਾਂ ਦੀ ਦੁਨੀਆਂ ਨੂੰ ਵਿਚਾਰਿਆ ਜਾਵੇ ਕਿ ਜਦੋਂ ਉਹ ਘਰ-ਪਰਿਵਾਰ ਤੋਂ ਦੂਰ ਆਪਣੇ ਯਾਰਾਂ ਜਾਂ ਸੰਗੀ-ਸਾਥੀਆਂ ਨਾਲ ਹੁੰਦੇ ਹਨ ਤਾਂ ਕੀ ਗੱਲਾਂ ਕਰਦੇ ਹਨ। ਕੀ ਮਸਤੀਆਂ ਹੀ ਮਾਰਦੇ ਹਨ ਜਾਂ ਜੀਵਨ ਨੂੰ ਸੰਜੀਦਾ ਸਮਝ ਕੇ ਇਹ ਹੱਲ ਵੀ ਲੱਭਦੇ ਹਨ ਕਿ ਦੁਨੀਆਂ-ਸਮਾਜ ਕਿਵੇਂ ਸਵਾਰਿਆ ਜਾਵੇ, ਆਪਣੀਆਂ ਤੀਵੀਆਂ ਨਾਲ ਘਰ ਨੂੰ ਜੰਨਤ ਕਿਵੇਂ ਬਣਾਇਆ ਜਾਵੇ, ਆਉਣ-ਜਾਣ ਵਾਲਿਆਂ ਤੇ ਤਨਜ਼ ਕੱਸਣ ਵਾਲਿਆਂ ਨੂੰ ਕਿਵੇਂ ਸਬਕ ਸਿਖਾਏ ਜਾਣ, ਰਾਹ ਛੋਟੇ ਬੱਚਿਆਂ ਅਤੇ ਔਰਤਾਂ ਲਈ ਕਿਵੇਂ ਸੁਰੱਖਿਅਤ ਕੀਤੇ ਜਾਣ, ਔਰਤਾਂ ਲਈ ਲੇਟ ਹਨੇਰੇ ਵਿੱਚ ਜਾਣ ਦੇ ਸ਼ੋਸ਼ਣ ਦੇ ਡਰ ਨੂੰ ਕਿਵੇਂ ਖ਼ਤਮ ਕੀਤਾ ਜਾਵੇ ਆਦਿ।"

ਹੈਰਾਨੀ ਦੀ ਗੱਲ ਸੀ ਕਿ ਕਹਿੰਦੇ, "ਹਾਂ, ਬਿਲਕੁਲ ਕੀਤਾ ਜਾ ਸਕਦਾ ਹੈ। ਕੋਈ ਬਾਹਲਾ ਔਖਾ ਕੰਮ ਨਹੀਂ ਹੈ।" ਇਹ ਸਵਾਲ ਮੇਰੇ ਮਨ ਵਿੱਚ ਸਿਰਫ਼ ਉਹਨਾਂ ਨੂੰ ਹੀ ਪੁੱਛਣ ਲਈ ਉੱਭਰਿਆ ਸੀ ਅਤੇ ਸਵਾਲ ਕਰਕੇ ਮੈਂ ਜ਼ਰਾ ਅਚੰਭਿਤ ਜਿਹੀ ਸੀ, ਪਰ ਉਹਨਾਂ ਦੇ ਇਸ ਜਵਾਬ ਨੇ ਫਿਰ ਲਾਜਵਾਬ ਕਰ ਦਿੱਤਾ।

ਇੱਕ ਵਾਰੀ ਗੱਲਾਂ ਕਰਦਿਆਂ ਉਹਨਾਂ ਨੇ ਦੱਸਿਆ ਕਿ ਉਹ

ਆਸਟ੍ਰੇਲੀਆ ਦਾ ਗੇੜਾ ਕੱਢ ਕੇ ਆਏ ਹਨ ਅਤੇ ਕਾਫ਼ੀ ਜਗ੍ਹਾ ਸੈਰ ਕੀਤੀ। ਕਹਿੰਦੇ, "ਹਰ ਸ਼ਹਿਰ ਵਿੱਚ ਕੋਈ ਨਾ ਕੋਈ ਯਾਰ-ਦੋਸਤ ਜਾਂ ਪਹਿਚਾਣ ਵਾਲਾ ਬੰਦਾ ਹੈਗਾ ਅਤੇ ਮੇਰਾ ਖ਼ਰਚਾ ਕੋਈ ਨਹੀਂ ਹੁੰਦਾ। ਬਸ ਖੇਚਲ ਕਰਕੇ ਉੱਥੇ ਪਹੁੰਚਣਾ ਹੀ ਹੁੰਦਾ ਹੈ।" ਅਲੱਗ-ਅਲੱਗ ਸਮਿਆਂ 'ਤੇ ਖ਼ਾਸ-ਖ਼ਾਸ ਕਿੱਸੇ ਤਾਂ ਉਹ ਆਪਣੀ ਫੇਸਬੁੱਕ 'ਤੇ ਹੀ ਪਾਉਂਦੇ ਰਹਿੰਦੇ ਹਨ।

ਆਸਟ੍ਰੇਲੀਆ ਦੀ ਗੱਲ ਕਰਦਿਆਂ ਕਹਿੰਦੇ, "ਨਾਲੇ ਉੱਥੇ ਤਾਂ ਉਹ ਦੋਵੇਂ ਭਰਾ ਸਿਡਨੀ ਵਿੱਚ ਗਾਣਿਆਂ ਦੀ ਮਹਿਫ਼ਲ ਸਜਾ ਲੈਂਦੇ ਨੇ। ਬੜੇ ਰੌਣਕੀ ਤੇ ਦਿਲਦਾਰ ਨੇ।" ਮੈਂ ਪੁੱਛਿਆ, "ਕੌਣ ਏ" ਤਾਂ ਕਹਿੰਦੇ, "ਤੁਹਾਡੇ ਮਝੈਲ ਸੰਧੂ।" ਇੱਕ ਮਾਝਾ ਤੇ ਦੂਜਾ ਮੇਰੇ ਪੇਕਿਆਂ ਦੀ ਗੋਤ ਸੰਧੂ, ਮੈਨੂੰ ਦੋਵੇਂ ਗੱਲਾਂ ਸੁਣ ਕੇ ਅਥਾਹ ਖੁਸ਼ੀ ਹੋਈ। ਕੁਝ ਦਿਨਾਂ ਬਾਅਦ ਮੈਂ ਉਹਨਾਂ ਸੰਧੂ ਦੋਵੇਂ ਭਰਾਵਾਂ ਨੂੰ ਫਤਹਿ ਬੁਲਾਈ ਅਤੇ ਫੋਨ 'ਤੇ ਜੌਹਲ ਸਾਹਿਬ ਦਾ ਜ਼ਿਕਰ ਕੀਤਾ।

ਇਸੇ ਤਰ੍ਹਾਂ ਲੱਗਾ ਜਿਵੇਂ ਉਹ ਮੇਰੇ ਹੀ ਪੇਕਿਆਂ ਜਾਏ ਹੋਣ, ਵੱਡਾ ਪ੍ਰਭਜੋਤ ਸਿੰਘ ਸੰਧੂ ਅਤੇ ਛੋਟਾ ਕੁਲਜੀਤ ਸਿੰਘ ਸੰਧੂ। ਸਬੱਬ ਇਸੇ ਤਰ੍ਹਾਂ ਬਣਿਆ ਕਿ ਉਹ ਕਹਿਣ ਲੱਗੇ, "ਅਸੀਂ ਵਿਆਹ 'ਤੇ ਇੰਡੀਆ ਅਗਲੇ ਮਹੀਨੇ ਪਹੁੰਚ ਰਹੇ ਹਾਂ।" ਇੱਥੇ ਪਹੁੰਚ ਕੇ ਉਹ ਆਪਣੇ ਰਿਸ਼ਤੇਦਾਰ ਵੱਲ ਫਗਵਾੜੇ ਰੁਕੇ ਸਨ। ਬੱਸ ਫਿਰ ਕੀ ਸੀ, ਮੇਰੇ ਕਹਿਣ 'ਤੇ ਉਹ ਦੋਵੇਂ ਕਾਲਜ ਵਿੱਚ ਆਪਣੀ ਭੈਣ ਕੋਲ ਮਿਲਣ ਪਹੁੰਚ ਗਏ।

ਮੇਰਾ ਮਨ ਭਾਵੁਕ ਹੋ ਗਿਆ, ਜਦੋਂ ਪ੍ਰਭਜੋਤ ਭਾਜੀ ਨੇ ਮਿਠਾਈ ਵਾਲਾ ਡੱਬਾ ਮੈਨੂੰ ਫੜਾਇਆ। ਕਹਿੰਦੇ, "ਭੈਣ ਕੋਲ ਪਹਿਲੀ ਵਾਰ ਜਾਣ 'ਤੇ ਏਨਾ ਤਾਂ ਬਣਦਾ ਹੀ ਹੈ।" ਬੜੀ ਵਧੀਆ ਮੁਲਾਕਾਤ ਸੀ। ਅਗਲੇ ਦਿਨ ਇੰਟਰ-ਸਕੂਲ ਕੰਪੀਟੀਸ਼ਨ ਦਾ ਸਮਾਗਮ ਸੀ। ਕਾਲਜ ਵਿੱਚ ਮੈਂ ਦੋਹਾਂ ਨੂੰ ਬੜੇ ਮਾਣ ਨਾਲ ਆਉਣ ਦਾ ਸੱਦਾ ਦਿੱਤਾ। ਜਿੱਥੇ ਪ੍ਰਭਜੋਤ ਭਾਜੀ ਨੇ ਆਪਣੇ ਸਕੂਲ-ਕਾਲਜ ਦੇ ਦਿਨਾਂ ਦੀਆਂ ਯਾਦਾਂ ਵਿਦਿਆਰਥੀਆਂ ਨਾਲ ਸਾਂਝੀਆਂ ਕੀਤੀਆਂ, ਉੱਥੇ ਹੀ ਕੁਲਜੀਤ ਨੇ ਆਪਣੀ ਐਲਬਮ ਦੇ ਦੋ ਗੀਤ

ਗਾ ਕੇ ਸਭ ਨੂੰ ਬਾਗੋ-ਬਾਗ ਕਰ ਦਿੱਤਾ।

ਹੁਣ ਤਾਂ ਉਹਨਾਂ ਦੀ ਹਰ ਵਤਨ-ਫੇਰੀ ਵਿੱਚ ਕੁਝ ਸਮਾਂ ਸਾਡੇ ਰੰਧਾਵਾ ਪਰਿਵਾਰ ਲਈ ਰਿਜ਼ਰਵ ਕਰ ਲਿਆ ਜਾਂਦਾ ਹੈ। ਪਰ ਇਸ ਸਾਂਝ ਦੀ ਤੰਦ ਤਾਂ ਜੌਹਲ ਸਾਹਿਬ ਤੋਂ ਹੀ ਆਈ ਹੈ ਅਤੇ ਅੱਜ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਇਹ ਸੰਧੂ ਭਰਾ ਉੱਨੀ ਹੀ ਪੁਰਾਈ ਪਹਿਚਾਣ ਸਾਡੇ ਨਾਲ ਵੀ ਰੱਖਦੇ ਹਨ, ਜਿਹੜੀ ਉਹਨਾਂ ਦੇ ਪਿਤਾ ਨਾਲ ਯੂਨੀਵਰਸਿਟੀ ਲੁਧਿਆਣਾ ਦੇ ਸਮੇਂ ਤੋਂ ਚੱਲੀ ਆ ਰਹੀ ਹੈ।

ਜੀਵਨ ਦਾ ਬੜਾ ਸਾਦਾ ਜਿਹਾ ਫੰਡਾ ਹੈ ਜੌਹਲ ਸਾਹਿਬ ਦਾ। ਕਹਿੰਦੇ, “ਆਪਣੇ ਹੀ ਬੜੇ ਕੰਮ ਤੇ ਝਮੇਲੇ ਹੁੰਦੇ ਨੇ, ਬਾਹਰ ਕੀਹਦਾ-ਕੀਹਦਾ ਪੁੱਛਦਾ ਫਿਰੇ। ਨਾਲੇ ਮੈਂ ਤਾਂ ਦੁਨਿਆਵੀ ਜਿਹੀਆਂ ਗੱਲਾਂ ਨੂੰ ਬਾਈਪਾਸ ਨਹੀਂ ਕਹਿੰਦਾ, ਫਲਾਈਓਵਰ ਹੀ ਕਰ ਜਾਂਦਾ ਹਾਂ। ਨਾ ਮੈਂ ਬਹੁਤਾ ਪੁੱਛਦਾ, ਨਾ ਗਹਿਰਾਈ 'ਚ ਜਾਂਦਾ। ਨਾ ਹੀ ਕਦੇ ਇਸ ਗੱਲ ਦਾ ਗੁੱਸਾ ਕੀਤਾ ਕਿ ਕੋਈ ਕਿਉਂ ਨਹੀਂ ਮਿਲਣ ਆਇਆ। ਕਾਹਨੂੰ ਮਨ ’ਤੇ ਬੋਝ ਪਾਉਣਾ ਜੀ ਕਰੇ ਕਿਸੇ ਦਾ ਤਾਂ ਜੀ ਸਦਕੇ ਆ ਜਾਵੇ, ਨਹੀਂ ਤਾਂ ਆਪਾਂ ਕਦੇ ਮਲਾਲ ਨਹੀਂ ਕੀਤਾ। ਜੀਹਦਾ ਸਾਨੂੰ ਮਿਲਣ ਨੂੰ ਦਿਲ ਨਾ ਕਰੇ, ਉਹਨੂੰ ਅਸੀਂ ਸੱਦਣਾ ਹੀ ਕਿਉਂ ਜਿੱਥੇ ਮੇਰਾ ਅੰਦਰੋਂ ਮਨ ਕਰੇ, ਮੈਂ ਤਾਂ ਜਾਂਦਾ ਹੀ ਉੱਥੇ ਹਾਂ, ਨਹੀਂ ਤਾਂ ਆਪਣੇ ਘਰ ਬਥੇਰੇ ਕੰਮ ਲੱਭ ਜਾਂਦੇ ਨੇ ਕਰਨ ਨੂੰ।”

ਮੈਂ ਸੋਚਦੀ ਹਾਂ ਕਿ ਸਾਡੀ ਆਮ ਜਨਤਾ ਨੂੰ ਵੀ ਇਹ ਗੱਲਾਂ ਸਾਦਗੀ ਨਾਲ ਅਪਣਾ ਲੈਣੀਆਂ ਚਾਹੀਦੀਆਂ ਹਨ, ਜਿਹੜੀਆਂ ਆਸਾਨੀ ਨਾਲ ਝਮੇਲਿਆਂ ਵਿੱਚੋਂ ਕੱਢ ਕੇ ਜੀਵਨ ਨੂੰ ਸੁਖੀ ਕਰ ਜਾਣ। ਜੀਵਨ ਨੂੰ ਜਿੰਨਾ ਉਲਝਾਉਂਦੇ ਜਾਂਦੇ ਹਾਂ, ਉਨਾ ਹੀ ਗੁੰਝਲਾਂ ਵਿੱਚੋਂ ਬਾਹਰ ਨਿਕਲਣਾ ਮੁਸ਼ਕਲ ਹੋ ਜਾਂਦਾ ਹੈ। ਇੱਕ ਹੀ ਤਾਂ ਜਿਊਣਾ ਹੈ, ਆਓ, ਉਸਨੂੰ ਜਿਉਣ ਦਾ ਸਹੀ ਢੰਗ ਜੌਹਲ ਵਰਗੇ ਰਮਤਿਆਂ ਤੋਂ ਸਿੱਖੀਏ, ਜਿਹੜੇ ਆਪਣੇ ਆਪ ਵਿੱਚ ਚੱਲਦਾ-ਫਿਰਦਾ ਕਾਰਨਾਮਿਆਂ ਦਾ ਕਾਰਖਾਨਾ ਹਨ। ***

# ਪੱਕੀ ਹੋਈ ਦੋਸਤੀ

# ਕ੍ਰਿਸ਼ਨ ਕੁਮਾਰ ਪਰਮਾਰ, ਨਿਊਯਾਰਕ

1978 ਵਿੱਚ ਇੱਕ ਸਾਂਝੇ ਦੋਸਤ ਰਾਹੀਂ ਮੇਰੀ ਮੁਲਾਕਾਤ ਜਨਮੇਜਾ ਜੀ ਨਾਲ ਯੂਨੀਵਰਸਿਟੀ ਦੇ ਨੇੜੇ ਹੋਈ। ਉਹ ਸਮਾਂ ਜਵਾਨੀ ਦਾ ਸੀ, ਸੁਪਨਿਆਂ ਦਾ ਸੀ। ਮੇਰੀ ਪਹਿਲੀ ਧਾਰਨਾ ਇਹ ਸੀ ਕਿ ਜਨਮੇਜਾ ਹਮੇਸ਼ਾਂ ਦੋਸਤਾਂ ਨਾਲ ਘਿਰਿਆ ਰਹਿੰਦਾ ਹੈ ਅਤੇ ਜੀਵਨ ਦੀ ਦੌੜ ਵਿੱਚ ਸ਼ਾਮਲ ਹੋਣ ਦੀ ਕੋਈ ਜਲਦੀ ਉਸਨੂੰ ਨਹੀਂ।

ਸੱਚ ਕਹਾਂ ਤਾਂ ਮੈਨੂੰ ਉਸਦੀ ਇਹ ਆਜ਼ਾਦੀ ਪਸੰਦ ਸੀ। ਜਨਮੇਜਾ ਜੀ ਕੋਲ ਸਮਾਂ ਸੀ -ਦੋਸਤਾਂ ਲਈ, ਗੱਲਾਂ ਲਈ, ਹਾਸੇ ਲਈ। ਮੈਨੂੰ ਲੱਗਦਾ ਸੀ, ਸ਼ਾਇਦ ਇਹ ਬੇਫ਼ਿਕਰੀ ਪਰਿਵਾਰਕ ਪਿਛੋਕੜ ਕਰਕੇ ਹੈ, ਕਿਉਂਕਿ ਜਨਮੇਜਾ ਜੀ ਦੇ ਪਿਤਾ ਜੀ ਖੇਤੀ ਅਰਥਸ਼ਾਸਤਰ ਦੇ ਪ੍ਰਸਿੱਧ ਪ੍ਰੋਫੈਸਰ ਸਨ ਅਤੇ ਖੇਤੀਬਾੜੀ ਯੂਨੀਵਰਸਿਟੀ ਵਿੱਚ ਸਭ ਤੋਂ ਉੱਚੇ ਪਦ 'ਤੇ ਸੇਵਾ ਨਿਭਾ ਰਹੇ ਸਨ।

ਪਰ ਸਮੇਂ ਨੇ ਸਿਖਾਇਆ ਕਿ ਮੇਰੀ ਸੋਚ ਅਧੂਰੀ ਸੀ।

ਜਨਮੇਜਾ ਬੇਪਰਵਾਹ ਨਹੀਂ ਸੀ, ਜਨਮੇਜਾ ਲਾਲਚ ਤੋਂ ਆਜ਼ਾਦ ਸੀ। ਉਸਨੇ ਕਦੇ ਜੀਵਨ ਨੂੰ ਪੈਸੇ ਦੀ ਤੋਲ 'ਤੇ ਨਹੀਂ ਰੱਖਿਆ। ਸਵਾਰਥ ਉਸਦੇ ਸੁਭਾਅ ਦਾ ਹਿੱਸਾ ਕਦੇ ਨਹੀਂ ਬਣਿਆ। ਜਨਮੇਜਾ ਖੁੱਲ੍ਹ ਕੇ ਗੱਲ ਕਰਦਾ ਹੈ, ਸੱਚਾਈ ਨਾਲ ਖੜ੍ਹਾ ਰਹਿੰਦਾ ਹੈ ਅਤੇ ਜੋ ਸਹੀ ਲੱਗੇ, ਉਸਦੀ ਪੱਖਦਾਰੀ ਕਰਦਾ ਹੈ। ਮਾਨਦਾਰੀ ਉਸਦੀ ਪਛਾਣ ਹੈ।

ਯੂਨੀਵਰਸਿਟੀ ਦੇ ਦਿਨਾਂ ਵਿੱਚ ਵੀ, ਜਦੋਂ ਕੈਮਰੇ ਕਦੇ ਹੀ ਮਿਲਦੇ ਸਨ, ਜਨਮੇਜਾ ਹਮੇਸ਼ਾਂ ਆਪਣੇ ਨਾਲ ਕੈਮਰਾ ਲਿਆਉਂਦਾ ਸੀ। ਅਸੀਂ ਯਾਦਾਂ ਬਣਾ ਰਹੇ ਸਾਂ, ਜਨਮੇਜਾ ਉਹਨਾਂ ਨੂੰ ਸੰਭਾਲ ਰਿਹਾ ਸੀ।

ਉਸਦੀ ਨਜ਼ਰ ਵਿੱਚ ਇੱਕ ਖ਼ਾਸ ਤੀਖਣਤਾ ਸੀ, ਪਲਾਂ ਦੀ ਕਦਰ ਕਰਨ ਦੀ ਸਮਰਥਾ।

ਸਮੇਂ ਦੇ ਨਾਲ ਜਨਮੇਜਾ ਇੱਕ ਬੇਮਿਸਾਲ ਫ਼ੋਟੋਗਰਾਫ਼ਰ ਬਣਿਆ, ਖ਼ਾਸ ਕਰਕੇ ਪ੍ਰਕਿਰਤੀ ਦੀ ਰੂਹ ਨੂੰ ਕੈਦ ਕਰਨ ਵਿੱਚ। ਮਿੱਟੀ ਦੀ ਮਹਿਕ, ਦਰੱਖਤਾਂ ਦੀ ਛਾਂ, ਪਿੰਡਾਂ ਦੀ ਸਾਦਗੀ, ਇਹ ਸਭ ਕੁਝ ਉਸ ਦੀਆਂ ਤਸਵੀਰਾਂ ਵਿੱਚ ਜ਼ਿੰਦਗੀ ਲੈ ਲੈਂਦਾ ਹੈ। ਭਾਵੇਂ ਜਨਮੇਜਾ ਨੇ ਜ਼ਿਆਦਾਤਰ ਜੀਵਨ ਸ਼ਹਿਰ ਵਿੱਚ ਬਿਤਾਇਆ, ਪਰ ਉਸਦਾ ਦਿਲ ਹਮੇਸ਼ਾਂ ਪੰਜਾਬ ਦੇ ਪਿੰਡਾਂ ਦੀ ਸੰਸਕ੍ਰਿਤੀ ਨਾਲ ਧੜਕਦਾ ਰਿਹਾ।

1980 ਵਿੱਚ ਜਨਮੇਜਾ ਨੇ ਲੋਕ ਸਭਾ ਚੋਣ ਲੜੀ। ਨਾ ਕੋਈ ਧਨ, ਨਾ ਕੋਈ ਵੱਡਾ ਸੰਗਠਨ, ਸਿਰਫ਼ ਦੋਸਤ, ਇੱਕ ਮਾਈਕ ਅਤੇ ਬੇਅੰਤ ਜੋਸ਼। ਲੁਧਿਆਣਾ ਦੀਆਂ ਗਲੀਆਂ ਵਿੱਚ ਰਿਕਸ਼ੇ 'ਤੇ ਬੈਠ ਕੇ ਪ੍ਰਚਾਰ ਕਰਨਾ ਜਿੱਤ ਲਈ ਨਹੀਂ ਸੀ, ਉਹ ਜੀਵਨ ਨੂੰ ਪੂਰੇ ਮਨ ਨਾਲ ਜੀਣ ਦੀ ਇੱਕ ਘੋਸ਼ਣਾ ਸੀ। ਉਹ ਦਿਨ ਅੱਜ ਵੀ ਯਾਦ ਆਉਂਦੇ ਹਨ ਤਾਂ ਮੁਸਕਾਨ ਲੈ ਆਉਂਦੇ ਹਨ।

ਗ੍ਰੈਜੂਏਸ਼ਨ ਤੋਂ ਬਾਅਦ ਜਦੋਂ ਮੈਂ ਆਪਣਾ ਕਾਰੋਬਾਰ ਸ਼ੁਰੂ ਕੀਤਾ, ਜਨਮੇਜਾ ਜੀ ਨੇ ਆਪਣੇ ਪ੍ਰਿੰਟਿੰਗ ਪ੍ਰੈਸ ਰਾਹੀਂ ਮੇਰੀ ਖੂਬ ਮਦਦ ਕੀਤੀ। ਜਦੋਂ ਮੇਰਾ ਕਾਰੋਬਾਰ ਅਸਫ਼ਲ ਹੋ ਗਿਆ, ਜਨਮੇਜਾ ਜੀ ਦੀ ਦੋਸਤੀ ਵਿੱਚ ਕੋਈ ਫ਼ਰਕ ਨਹੀਂ ਆਇਆ। ਉਹ ਉੱਥੇ ਹੀ ਖੜ੍ਹਾ ਰਿਹਾ, ਮਜ਼ਬੂਤੀ ਨਾਲ, ਬਿਨਾਂ ਕਿਸੇ ਸ਼ਰਤ ਦੇ।

1985 ਵਿੱਚ ਮੇਰੇ ਵਿਆਹ 'ਤੇ ਜਨਮੇਜਾ ਸਿਰਫ਼ ਹਾਜ਼ਰ ਨਹੀਂ ਸੀ, ਉਹ ਮੇਰੇ ਖ਼ਾਸ ਪਲਾਂ ਦਾ ਸਾਕਸ਼ੀ ਸੀ, ਆਪਣੇ ਕੈਮਰੇ ਰਾਹੀਂ ਉਹ ਪਲ ਅਮਰ ਕਰਦਾ ਹੋਇਆ। ਵਿਆਹ ਤੋਂ ਬਾਅਦ ਮੈਨੂੰ ਅਤੇ ਮੇਰੀ ਪਤਨੀ ਨੂੰ ਖਾਣੇ ਲਈ ਲੈ ਜਾਣਾ, ਇਹ ਉਸਦੀ ਸਾਦਗੀ ਅਤੇ ਪਿਆਰ ਦਾ ਪ੍ਰਗਟਾਵਾ ਸੀ।

ਕੋਵਿਡ ਦੇ ਦੌਰ ਵਿੱਚ ਆਪਣੀ ਜੀਵਨ-ਸਾਥੀ ਦੇ ਵਿਛੋੜੇ ਨੇ

ਜਨਮੇਜਾ ਦੇ ਜੀਵਨ ਵਿੱਚ ਇੱਕ ਡੂੰਘੀ ਖਾਲੀ ਥਾਂ ਛੱਡੀ। ਪਰ ਦੁੱਖ ਨੂੰ ਵੀ ਉਸਨੇ ਰਚਨਾਤਮਕਤਾ ਵਿੱਚ ਬਦਲ ਦਿੱਤਾ। ਆਪਣੀ ਪਤਨੀ ਦੀ ਯਾਦ ਵਿੱਚ ਜਨਮੇਜਾ ਜੀ ਨੇ ਇੱਕ ਜੜ੍ਹੀ-ਬੂਟੀ ਬਾਗ਼ ਬਣਾਇਆ। ਭਾਰਤ ਦੇ ਵੱਖ-ਵੱਖ ਕੋਨਿਆਂ ਤੋਂ, ਇੱਥੋਂ ਤੱਕ ਕਿ ਦੁਰਲਭ ਜੜ੍ਹੀਆਂ- ਬੂਟੀਆਂ ਇਕੱਠੀਆਂ ਕਰਕੇ, ਜਨਮੇਜਾ ਨੇ ਉਸ ਬਾਗ਼ ਨੂੰ ਸੰਵਾਰਿਆ। ਉਸ ਬਾਗ਼ ਦੀ ਪੈਦਾਵਾਰ ਜਨਮੇਜਾ ਆਪਣੇ ਦੋਸਤਾਂ ਵਿੱਚ ਮੁਫ਼ਤ ਜਾਂ ਬਹੁਤ ਘੱਟ ਮੁੱਲ 'ਤੇ ਵੰਡਦਾ ਹੈ। ਇਹ ਕਾਰੋਬਾਰ ਨਹੀਂ, ਇਹ ਪ੍ਰੇਮ, ਸੇਵਾ ਅਤੇ ਯਾਦ ਦਾ ਜੀਵੰਤ ਰੂਪ ਹੈ।

ਅੱਜ ਲਗਭਗ ਪੰਜ ਦਹਾਕਿਆਂ ਬਾਅਦ, ਜਦੋਂ ਮੈਂ ਜਨਮੇਜਾ ਜੀ ਨਾਲ ਆਪਣੀ ਦੋਸਤੀ ਦੇ ਸਫ਼ਰ ਵੱਲ ਮੁੜ ਕੇ ਵੇਖਦਾ ਹਾਂ, ਤਾਂ ਸਮਝ ਆਉਂਦੀ ਹੈ ਕਿ ਜਿਸਨੂੰ ਮੈਂ ਕਦੇ ਬੇਫ਼ਿਕਰੀ ਸਮਝਿਆ ਸੀ, ਉਹ ਦਰਅਸਲ ਅੰਦਰੂਨੀ ਆਜ਼ਾਦੀ ਸੀ। ਜਿਸਨੂੰ ਮੈਂ ਗੰਭੀਰਤਾ ਦੀ ਘਾਟ ਸਮਝਿਆ ਸੀ, ਉਹ ਜੀਵਨ ਦੀ ਗਹਿਰੀ ਸਮਝ ਸੀ।

ਕੁਝ ਲੋਕ ਧਨ ਇਕੱਠਾ ਕਰਦੇ ਹਨ। ਜਨਮੇਜਾ ਜੀ ਨੇ ਦੋਸਤੀਆਂ, ਯਾਦਾਂ, ਸੰਸਕ੍ਰਿਤੀ ਅਤੇ ਨੇਕੀ ਇਕੱਠੀ ਕੀਤੀ ਹੈ।

ਜਿੱਥੇ ਦੁਨੀਆ ਪੈਸੇ, ਤਾਕਤ ਅਤੇ ਹੋਰ ਵਧੇਰੇ ਦੀ ਦੌੜ ਵਿੱਚ ਮਗਨ ਹੈ, ਉੱਥੇ ਜਨਮੇਜਾ ਜੀ ਨੇ ਜੀਵਨ ਦੇ ਅਸਲ ਅਰਥ ਨੂੰ ਚੁਣਿਆ।

ਮੈਂ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਹਾਂ ਕਿ ਇਸ ਅਰਥਪੂਰਨ ਯਾਤਰਾ ਦਾ ਸਾਕਸ਼ੀ ਬਣਿਆ।

***

# ਕਈ ਕਹਿੰਦੇ ਕਿ ਉਹ "ਕਮਲਾ ਹੈ

## ਡਾ. ਕੁਲਵਿੰਦਰ ਸਿੰਘ ਮਾਨ

ਜਨਮੇਜਾ ਸਿੰਘ ਜੌਹਲ - ਉਮਰ ਲਗਭਗ 72 ਤੋਂ 73 ਸਾਲ, ਜਾਂ ਸ਼ਾਇਦ 75 ਵੀ ਹੋ ਸਕਦੀ ਹੈ। ਪਰ ਉਹ ਹਰ ਵਰਗ ਦਾ ਦੋਸਤ ਹੈ, ਚਾਹੇ ਕੋਈ ਵੱਡੀ ਉਮਰ ਦਾ ਹੋਵੇ, ਚਾਹੇ ਕੋਈ ਅੱਧਖੜ ਉਮਰ ਦਾ ਹੋਵੇ ਜਾਂ ਕੋਈ ਜਵਾਕ। ਲੋਕਾਂ ਦੇ ਵਿੱਚ ਬੈਠਦਾ ਜਨਮੇਜਾ ਸਿੰਘ ਜੌਹਲ ਉਹੋ ਜਿਹਾ ਬਣ ਜਾਂਦਾ ਹੈ। ਇਹੀ ਖ਼ੂਬਸੂਰਤੀ ਹੈ ਇਸ 74 ਸਾਲ ਦੇ ਨੌਜਵਾਨ ਦੀ।

ਮੈਂ ਕਦੇ-ਕਦੇ ਉਸਨੂੰ "ਬੇਪਰਵਾਹ" ਕਹਿ ਦਿੰਦਾ ਹਾਂ। ਬਹੁਤੇ ਲੋਕ ਵੀ ਜਨਮੇਜਾ ਨੂੰ ਬੇਪਰਵਾਹ ਕਹਿੰਦੇ ਹਨ। ਪਰ ਜਦੋਂ ਇਸ ਸ਼ਬਦ ਨੂੰ ਧਿਆਨ ਨਾਲ ਸੋਚੀਏ ਤਾਂ ਬੇਪਰਵਾਹ ਹੋਣਾ ਬਹੁਤ ਵਧੀਆ ਗੱਲ ਹੈ। ਜਨਮੇਜਾ ਸਿੰਘ ਜੌਹਲ ਲਾਪਰਵਾਹ ਨਹੀਂ, ਬੇਪਰਵਾਹ ਹੈ। ਕੌਣ ਕੀ ਕਰਦਾ ਹੈ, ਉਸਦੀ ਉਸਨੂੰ ਕੋਈ ਫਿਕਰ ਨਹੀਂ। ਕੌਣ ਜਨਮੇਜੇ ਬਾਰੇ ਕੀ ਸੋਚਦਾ ਹੈ, ਉਸਦੇ ਕੱਪੜੇ ਕਿਹੋ ਜਿਹੇ ਹਨ, ਕਿਹਦੇ ਨਾਲ ਬੈਠਦਾ ਹੈ, ਸਾਰਾ ਦਿਨ ਕੀ ਕਰਦਾ ਹੈ, ਉਸਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ। ਉਹ ਆਪਣੀ ਜ਼ਿੰਦਗੀ ਆਪਣੇ ਅੰਦਾਜ਼ ਨਾਲ ਜੀਉਂਦਾ ਹੈ। ਸਮੇਂ ਨੂੰ ਆਪਣੇ ਨਾਲ ਰਲਾਉਂਦਾ ਹੈ, ਸਮੇਂ ਦੇ ਨਾਲ ਨਹੀਂ ਰਲਦਾ। ਇਹ ਹੈ ਬੇਪਰਵਾਹ ਇਨਸਾਨ ਦੀ ਖ਼ੂਬਸੂਰਤੀ। ਕਈ ਵਾਰੀ ਅਸੀਂ ਜਨਮੇਜੇ ਨੂੰ ਕਹਿੰਦੇ ਹਾਂ, "ਜਨਮੇਜਾ ਸਾਹਿਬ, ਅੱਜ ਪੱਗ ਬਹੁਤ ਵਧੀਆ ਬੰਨੀ ਹੈ।" ਪਰ ਉਹ ਇਸ ਗੱਲ ਦੀ ਖ਼ੁਸ਼ੀ ਨਹੀਂ ਮਾਣਦਾ। ਜੇ ਕੋਈ ਕਹੇ ਕਿ "ਤੁਹਾਡੀ ਪੱਗ ਵਧੀਆ ਨਹੀਂ ਹੈ, " ਫਿਰ ਵੀ ਉਸਦੀ ਕੋਈ ਪਰਵਾਹ ਨਹੀਂ। ਕਿਉਂਕਿ ਜਨਮੇਜਾ ਹੋਰਾਂ ਨੂੰ ਦਿਖਾਉਣ ਲਈ ਪੱਗ ਨਹੀਂ ਬੰਨਦਾ, ਉਹ ਪੱਗ ਆਪਣੇ ਸਿਰ ਨੂੰ ਢੱਕਣ ਲਈ ਬੰਨਦਾ ਹੈ।

ਪੂਰੀ ਬਿਮਾਰੀ ਦੇ ਵਿੱਚ, ਜਦੋਂ ਉਸਨੂੰ 103 ਬੁਖ਼ਾਰ ਸੀ, ਪੈਰਾਂ 'ਤੇ ਛਾਲੇ ਪਏ ਹੋਏ ਸਨ, ਲੱਤ 'ਤੇ ਵੀ ਸੱਟ ਲੱਗੀ ਸੀ, ਪਰ ਉਹਨਾਂ ਚੀਜ਼ਾਂ

ਦੀ ਪਰਵਾਹ ਨਾ ਕਰਦੇ ਹੋਏ ਜਨਮੇਜਾ ਪਹਾੜਾਂ ਦੀ ਸੈਰ ਕਰ ਰਿਹਾ ਸੀ। ਖੂਬਸੂਰਤੀ ਦਾ ਆਨੰਦ ਮਾਣ ਰਿਹਾ ਸੀ ਅਤੇ ਆਪਣੇ ਦੋਸਤਾਂ ਨੂੰ ਫੇਸਬੁੱਕ ਰਾਹੀਂ ਵੀਡੀਓ ਸੁਨੇਹੇ ਭੇਜ ਰਿਹਾ ਸੀ।

ਕਈ ਵਾਰੀ ਲੋਕ ਕਹਿੰਦੇ ਹਨ ਕਿ ਉਹ "ਕਮਲਾ" ਹੈ। ਪਰ ਕਮਲਾ ਹੋਣਾ ਵੀ ਚੰਗੀ ਗੱਲ ਹੈ। ਕਮਲੇ ਹੋਣ ਦਾ ਭਾਵ ਇਹ ਹੈ ਕਿ ਉਹ ਆਪਣੀ ਜ਼ਿੰਦਗੀ ਆਪਣੇ ਅਸੂਲਾਂ ਨਾਲ ਜੀਉਂਦਾ ਹੈ। ਬੂਟਿਆਂ ਨਾਲ ਪਿਆਰ, ਪ੍ਰਕਿਰਤੀ ਨਾਲ ਪਿਆਰ ਅਤੇ ਫੋਟੋਗਰਾਫ਼ੀ ਨਾਲ ਪਿਆਰ - ਇਹ ਜਨਮੇਜਾ ਦੇ ਸ਼ੌਕ ਹਨ। ਸਾਰੀ ਦੁਨੀਆ ਉਸਦੀ ਨਿਪੁੰਨਤਾ ਨੂੰ ਜਾਣਦੀ ਹੈ।

ਜੇ ਟੈਕਨੀਕਲ ਗੱਲ ਕਰੀਏ ਤਾਂ ਅੱਜ ਦਾ ਨੌਜਵਾਨ ਵੀ ਇੰਨੇ ਟੈਕਨੀਕਲ ਸਕਿਲ ਨਾਲ ਪੰਗੇ ਨਹੀਂ ਲੈਂਦਾ, ਜਿੰਨੇ ਜਨਮੇਜਾ ਸਿੰਘ ਜੌਹਲ ਲੈਂਦਾ ਹੈ। ਉਹ ਟੂਲਾਂ ਅਤੇ ਸਾਫ਼ਟਵੇਅਰ ਨਾਲ ਬਹੁਤ ਕੁਸ਼ਲ ਹੈ।

ਜਨਮੇਜਾ ਸਾਹਿਬ ਕਦੇ ਕਿਸੇ ਦੀ ਵਡਿਆਈ ਦੀ ਲੋੜ ਨਹੀਂ ਮੰਨਦਾ। ਹਾਂ, ਕਈ ਵਾਰੀ ਉਹ ਹੱਠਪੁੜਾ ਲੱਗਦਾ ਹੈ, ਜਿਵੇਂ ਕੋਈ ਗੱਲ ਸੁਣਨ ਤੋਂ ਪਹਿਲਾਂ ਹੀ ਜਵਾਬ ਦੇ ਦੇਵੇ। ਪਰ ਫਿਰ ਵੀ ਉਹ ਪਿਆਰਾ ਹੈ, ਲਾਡਲਾ ਹੈ।

ਪਰਮਾਤਮਾ ਜਨਮੇਜੇ ਨੂੰ ਤੰਦਰੁਸਤ ਰੱਖੇ। ਜਨਮੇਜੇ ਵਰਗੇ ਦਰਖ਼ਤ ਸਾਰੀ ਦੁਨੀਆ ਨੂੰ ਠੰਡੀ ਹਵਾ ਦੇਂਦੇ ਰਹਿਣ। ***

# ਰਹਿਣ-ਸਹਿਣ ਵਿਚਾਰਾਂ ਤੋਂ ਵੱਖਰਾ ਹੈ

## ਕੁਲਵਿੰਦਰ ਸਿੰਘ ਆਹਲੂਵਾਲੀਆ

ਮੈਂ ਵੱਖ-ਵੱਖ ਧਰਮਾਂ ਬਾਰੇ ਜਾਣਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸੇ ਲੜੀ ਦੇ ਤਹਿਤ ਮੈਂ ਮਹਾਨ ਗ੍ਰੰਥ ਮਹਾਂਭਾਰਤ ਦੇ ਵਾਲਿਊਮ ਪਟਿਆਲੇ ਤੋਂ ਲੈ ਆਇਆ। ਮੈਂ ਉਨ੍ਹਾਂ ਨੂੰ ਅੱਖਰ-ਅੱਖਰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਾਡੇ ਗੁਆਂਢ ਇੱਕ ਗੁਜਰਾਤੀ ਪੰਡਤਾਂ ਦਾ ਪਰਿਵਾਰ ਰਹਿੰਦਾ ਹੈ। ਚੰਗੀ ਆਉਈ-ਜਾਈ ਹੈ। ਮੇਰੀ ਘਰਵਾਲੀ ਕਹਿੰਦੀ ਹੈ ਕਿ ਘਰ ਵਿੱਚ ਮਹਾਂਭਾਰਤ ਨਹੀਂ ਰੱਖਣੀ ਚਾਹੀਦੀ, ਘਰ ਵਿੱਚ ਕਲੇਸ਼ ਰਹਿਣ ਲੱਗ ਜਾਂਦਾ ਹੈ। ਮੈਂ ਕਿਹਾ, “ਐਵੇਂ ਵਹਿਮ ਹੈ।” ਚਲੋ, ਫਿਰ ਵੀ ਮੈਂ ਪੜ੍ਹ ਕੇ ਕਿਸੇ ਲਾਇਬ੍ਰੇਰੀ ਨੂੰ ਦਾਨ ਕਰ ਦੇਵਾਂਗਾ। ਇਸ ਗੱਲ ਨੂੰ ਕਈ ਮਹੀਨੇ ਬੀਤ ਗਏ। ਇੱਕ ਦਿਨ ਜਨਮੇਜਾ ਸਿੰਘ ਸਾਡੇ ਘਰ ਆਏ। ਘਰਵਾਲੀ ਚਾਹ ਬਣਾ ਲਿਆਈ। ਚਾਹ ਪੀਂਦੇ-ਪੀਂਦੇ ਘਰਵਾਲੀ ਨੇ ਮਹਾਂਭਾਰਤ ਵਾਲੀ ਗੱਲ ਛੇੜ ਲਈ ਕਿ ਲੋਕ ਕਹਿੰਦੇ ਹਨ ਕਿ ਮਹਾਂਭਾਰਤ ਘਰ ਵਿੱਚ ਨਹੀਂ ਰੱਖਣੀ ਚਾਹੀਦੀ, ਕਲੇਸ਼ ਰਹਿਣ ਲੱਗ ਜਾਂਦਾ ਹੈ। “ਪਰ ਇਹ ਗੱਲ ਸਮਝਦੇ ਨਹੀਂ, ਮੈਨੂੰ ਲੱਗ ਵੀ ਰਿਹਾ ਹੈ ਕਿ ਇਹ ਗੱਲ ਸੱਚ ਹੈ।”

ਮੈਂ ਚੁੱਪਚਾਪ ਸੁਣ ਰਿਹਾ ਸੀ। ਜਨਮੇਜਾ ਸਿੰਘ ਕਹਿੰਦੇ, “ਇਹ ਗੱਲ ਬਿਲਕੁਲ ਠੀਕ ਹੈ। ਜਾਂ ਤਾਂ ਸਾਰਾ ਟੱਬਰ ਮਹਾਂਭਾਰਤ ਪੜ੍ਹ ਲਵੇ, ਫਿਰ ਠੀਕ ਹੈ। ਜੇਕਰ ਕੋਈ ਇੱਕ ਪੜ੍ਹੇਗਾ ਤਾਂ ਉਸਦਾ ਸੋਚਣ ਦਾ ਪੱਧਰ ਬਾਕੀਆਂ ਤੋਂ ਵੱਖਰਾ ਹੋ ਜਾਵੇਗਾ, ਭਾਵ ਸਿਆਣਾ ਹੋ ਜਾਵੇਗਾ। ਜਿੱਥੇ ਵੱਖ-ਵੱਖ ਪੱਧਰ ਦੀ ਸੋਚ ਦੇ ਬੰਦੇ ਹੋਣਗੇ, ਉੱਥੇ ਬੋਲ-ਬੁਲਾਰਾ ਤਾਂ ਹੋਵੇਗਾ ਹੀ।”

ਮੇਰੇ ਮਨ ਵਿੱਚ ਇੱਕ ਕੰਡਾ ਸੀ। ਮੈਂ ਇਸ ਲਈ ਨਹੀਂ ਸੀ ਪੁੱਛਦਾ ਕਿ ਬਾਈ ਕਿਤੇ ਨਾਰਾਜ਼ ਨਾ ਹੋ ਜਾਵੇ। ਮੈਂ ਸੋਚਿਆ, ਹੁਣ ਬਾਈ ਫਸਿਆ ਹੋਇਆ ਹੈ, ਹੁਣ ਪੁੱਛਦੇ ਹਾਂ।

ਮੈਂ ਕਿਹਾ, "ਬਾਈ, ਤੂੰ ਬੇਮੇਲ ਕੱਪੜੇ ਕਿਉਂ ਪਾਉਂਦਾ ਹੈਂ ਨੀਲੀ ਪੱਗ, ਲਾਲ ਕਮੀਜ਼, ਕਾਲੀ ਪੈਂਟ। ਇੰਨੇ ਕੱਪੜੇ ਹਨ, ਮੈਚ ਕਿਉਂ ਨਹੀਂ ਕਰਦਾ"

ਬਾਈ ਕਹਿੰਦਾ, "ਤੇਰਾ ਕੀ ਖ਼ਿਆਲ ਹੈ ਕਿ ਮੈਨੂੰ ਰੰਗ ਮੈਚ ਕਰਨੇ ਨਹੀਂ ਆਉਂਦੇ"

ਮੈਂ ਕਿਹਾ, "ਫਿਰ"

ਬਾਈ ਕਹਿੰਦਾ, "ਪਾਏ ਹੋਏ ਕੱਪੜੇ ਸ਼ਖ਼ਸੀਅਤ ਦਾ ਕੋਡ ਹੁੰਦੇ ਹਨ। ਜਿਵੇਂ ਪੁਲੀਸ ਦੀ ਵਰਦੀ, ਮਿਲਟਰੀ ਦੇ ਅਲੱਗ-ਅਲੱਗ ਵਿੰਗਾਂ ਦੀ ਵਰਦੀ। ਚਿੱਟੀ ਡਰੈੱਸ ਸ਼ਾਂਤੀ ਦੀ ਪ੍ਰਤੀਕ ਹੈ, ਕਾਲੀ ਅਫ਼ਸੋਸ ਤੇ ਦੁੱਖ ਦੀ ਪ੍ਰਤੀਕ ਹੈ। ਗਲ ਵਿੱਚ ਕਾਲਾ ਰੁਮਾਲ, ਕੰਨ ਵਿੱਚ ਮੁੰਦਰਾ, ਅਜੀਬ ਵਾਲਾਂ ਦਾ ਸਟਾਈਲ, ਇਹ ਸਭ ਕਿਸੇ ਚੋਰ ਹੋਣ ਦਾ ਅਹਿਸਾਸ ਕਰਵਾਉਂਦੇ ਹਨ।

ਜੇਕਰ ਮੈਂ ਸਵੇਰੇ ਕੱਪੜੇ ਪਾਏ ਹੋਣ ਸਾਧਾਂ ਵਾਲੇ ਅਤੇ ਮਨ ਦੁਪਹਿਰ ਨੂੰ ਚੋਰ ਹੋ ਜਾਵੇ, ਕੀ ਪਤਾ, ਸੋ ਜੋ ਕੱਪੜੇ ਸਾਹਮਣੇ ਆ ਜਾਂਦੇ ਹਨ, ਪਾ ਲੈਂਦਾ ਹਾਂ।"

ਇੱਕ ਵਾਰ ਮੇਰਾ ਵੀ ਪੰਜਾਬ ਦੇ ਕਿਸੇ ਮਸ਼ਹੂਰ ਬਾਬੇ ਨਾਲ ਵਾਹ ਪਿਆ। ਲੰਬੀ ਗੱਲਬਾਤ ਤੋਂ ਬਾਅਦ ਬਾਬਾ ਜੀ ਕਹਿਣ ਲੱਗੇ ਕਿ "ਤੁਹਾਡਾ ਰਹਿਣ-ਸਹਿਣ ਤੁਹਾਡੇ ਵਿਚਾਰਾਂ ਤੋਂ ਬਹੁਤ ਵੱਖਰਾ ਹੈ।"

ਫਿਰ ਇਹੀ ਉਪਰਲੀ ਉਦਾਹਰਨ ਮੈਂ ਉਹਨਾਂ ਨੂੰ ਦਿੱਤੀ। *

# ਵਿਲੱਖਣ ਅਤੇ ਪਾਰਦਰਸ਼ੀ

# ਕੁਲਵੰਤ ਸਿੰਘ ਗਿੱਲ

ਇਹ ਪਰਮਾਤਮਾ ਦਾ ਇੱਕ ਵੱਡਾ ਆਸ਼ੀਰਵਾਦ ਹੁੰਦਾ ਹੈ, ਜਦੋਂ ਕੋਈ ਮਨੁੱਖ ਦੇ ਰੂਪ ਵਿੱਚ ਜਨਮ ਲੈਂਦਾ ਹੈ। ਇੱਕ ਸੰਪੂਰਨ ਮਨੁੱਖ ਵਜੋਂ ਵਿਕਸਤ ਹੋਣ ਲਈ ਉਸਨੂੰ ਜੀਵਨ ਦੇ ਵੱਖ-ਵੱਖ ਪੜਾਵਾਂ ਵਿੱਚੋਂ ਲੰਘਣਾ ਪੈਂਦਾ ਹੈ। ਉਹ ਵੱਖ-ਵੱਖ ਸਰੋਤਾਂ ਤੋਂ ਸਿੱਖਿਆ ਪ੍ਰਾਪਤ ਕਰਦਾ ਹੈ, ਆਪਣੀ ਰੁਚੀ ਅਤੇ ਯੋਗਤਾ ਅਨੁਸਾਰ ਕੋਈ ਢੁਕਵਾਂ ਪੇਸ਼ਾ ਜਾਂ ਕਰੀਅਰ ਅਪਣਾਉਂਦਾ ਹੈ, ਤਾਂ ਜੋ ਆਪਣੀਆਂ ਭੌਤਿਕ ਲੋੜਾਂ ਪੂਰੀਆਂ ਕਰਨ ਲਈ ਆਮਦਨ ਕਮਾ ਸਕੇ ਅਤੇ ਇੱਕ ਸੁਖਦਾਈ ਜੀਵਨ ਬਤੀਤ ਕਰ ਸਕੇ।

ਪਰ ਜੀਵਨ ਨੂੰ ਹੋਰ ਸਤਿਕਾਰਯੋਗ ਅਤੇ ਅਰਥਪੂਰਨ ਬਣਾਉਣ ਲਈ, ਅਤੇ ਇੱਕ ਸੱਚੇ ਮਨੁੱਖ ਵਜੋਂ ਵਿਕਸਤ ਹੋਣ ਲਈ, ਦਿਆਲਤਾ, ਸਵੈ-ਨਿਰਭਰਤਾ, ਨਿਮਰਤਾ, ਹਿੰਮਤ, ਇਮਾਨਦਾਰੀ, ਉੱਚ ਨੈਤਿਕਤਾ, ਹਮਦਰਦੀ, ਜ਼ਿੰਮੇਵਾਰੀ, ਨਿਰਪੱਖਤਾ, ਸਤਿਕਾਰ ਅਤੇ ਸ਼ੁਕਰਗੁਜ਼ਾਰੀ ਵਰਗੀਆਂ ਮੁੱਖ ਨੈਤਿਕ ਕਦਰਾਂ-ਕੀਮਤਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣਾ ਬਹੁਤ ਜ਼ਰੂਰੀ ਹੁੰਦਾ ਹੈ।

ਇਹ ਇੱਕ ਸੱਚਾਈ ਹੈ ਕਿ ਮੌਜੂਦਾ ਜੀਵਨ- ਦ੍ਰਿਸ਼ਟੀ ਵਿੱਚ ਅਸੀਂ ਇਹਨਾਂ ਮੁੱਖ ਨੈਤਿਕ ਕਦਰਾਂ-ਕੀਮਤਾਂ ਨੂੰ ਬਹੁਤ ਹੱਦ ਤੱਕ ਭੁੱਲਦੇ ਜਾ ਰਹੇ ਹਾਂ ਜਾਂ ਆਪਣੀ ਸਹੂਲਤ ਅਨੁਸਾਰ ਉਹਨਾਂ ਨੂੰ ਤਬਦੀਲ ਕਰ ਰਹੇ ਹਾਂ। ਅਸੀਂ ਵਧੇਰੇ ਪਦਾਰਥਵਾਦੀ, ਅਨੁਸ਼ਾਸਨਹੀਣ, ਗੈਰ-ਭਰੋਸੇਯੋਗ, ਹੰਕਾਰੀ ਅਤੇ ਗੈਰ-ਸਤਿਕਾਰਯੋਗ ਬਣਦੇ ਜਾ ਰਹੇ ਹਾਂ।

ਪਰ ਮੌਜੂਦਾ ਸਮੇਂ ਵਿੱਚ ਵੀ ਇੱਕ ਅਜਿਹੀ ਵਿਲੱਖਣ ਸ਼ਖ਼ਸੀਅਤ ਹੈ, ਜੋ ਮੇਰਾ ਪੁਰਾਣਾ ਸਹਿਪਾਠੀ ਅਤੇ ਦੋਸਤ ਹੈ। ਜਦੋਂ ਅਸੀਂ 1972 ਵਿੱਚ ਪੀਏਯੂ ਲੁਧਿਆਣਾ ਵਿੱਚ ਬੀ ਟੈਕ (ਐਗਰੀਕਲਚਰਲ ਇੰਜੀਨੀਅਰਿੰਗ) ਦੇ ਵਿਦਿਆਰਥੀ ਵਜੋਂ ਦਾਖਲਾ ਲਿਆ ਸੀ, ਉਹ ਮੇਰੇ

ਨਾਲ ਸੀ। ਉਹ ਕੁਝ ਬੁਨਿਆਦੀ ਜੀਵਨ-ਸਿਧਾਂਤਾਂ ਨੂੰ ਅਪਣਾ ਕੇ ਅਤੇ ਆਪਣੇ ਜੀਵਨ ਵਿੱਚ ਮਹੱਤਵਪੂਰਨ ਨੈਤਿਕ ਕਦਰਾਂ-ਕੀਮਤਾਂ ਨੂੰ ਵਿਕਸਤ ਕਰਕੇ ਆਪਣੇ ਤਰੀਕੇ ਨਾਲ ਇੱਕ ਨੇਕ ਅਤੇ ਸਤਿਕਾਰਯੋਗ ਜੀਵਨ ਜੀ ਰਿਹਾ ਹੈ।

ਪਿਛਲੇ 53 ਸਾਲਾਂ ਤੋਂ ਅਸੀਂ ਉਸ ਦੀਆਂ ਵੱਖ-ਵੱਖ ਖੇਤਰਾਂ ਵਿੱਚ ਰੁਚੀਆਂ ਨੂੰ ਦੇਖ ਰਹੇ ਹਾਂ। ਉਸਨੂੰ ਕੁਦਰਤੀ ਸੁੰਦਰਤਾ, ਪੁਰਾਤਨ ਸੱਭਿਆਚਾਰਕ ਸਮਾਰਕਾਂ, ਦੇਸ਼ ਦੇ ਦੱਬੇ-ਕੁਚਲੇ ਲੋਕਾਂ ਦੇ ਜੀਵਨ ਅਤੇ ਸਾਹਸੀ ਥਾਵਾਂ ਦੀ ਫੋਟੋਗਰਾਫ਼ੀ ਦਾ ਬਹੁਤ ਸ਼ੌਕ ਹੈ।

ਕੰਪਿਊਟਰ 'ਤੇ ਕੰਮ ਕਰਨਾ ਅਤੇ ਕੁਝ ਨਵੀਨਤਾਕਾਰੀ ਕਰਨਾ ਸ਼ੁਰੂ ਤੋਂ ਹੀ ਉਸਦੀ ਪਸੰਦ ਰਹੀ ਹੈ। ਉਸਨੇ ਕੰਪਿਊਟਰ 'ਤੇ ਪੰਜਾਬੀ ਵਿੱਚ ਕੰਮ ਕਰਨ ਦੇ ਤਰੀਕੇ ਵਿਕਸਤ ਕਰਨ ਲਈ ਬਹੁਤ ਮਿਹਨਤ ਕੀਤੀ।

ਬੱਚਿਆਂ ਅਤੇ ਵਿਦਿਆਰਥੀਆਂ ਲਈ ਵੱਖ-ਵੱਖ ਵਿਸ਼ਿਆਂ 'ਤੇ ਪੰਜਾਬੀ ਵਿੱਚ ਕਿਤਾਬਾਂ ਲਿਖਣਾ ਉਸਦਾ ਜਨੂੰਨ ਹੈ।

ਉਹ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਕਾਲਜਾਂ, ਸਕੂਲਾਂ ਅਤੇ ਸੱਭਿਆਚਾਰਕ ਸੰਸਥਾਵਾਂ ਦੁਆਰਾ ਆਯੋਜਿਤ ਵੱਖ-ਵੱਖ ਪ੍ਰੋਗਰਾਮਾਂ ਵਿੱਚ ਮੁੱਖ ਮਹਿਮਾਨ ਜਾਂ ਵਿਸ਼ੇਸ਼ ਬੁਲਾਰੇ ਵਜੋਂ ਸੱਦਾ ਪ੍ਰਾਪਤ ਕਰਦਾ ਹੈ।

ਫੋਟੋ ਪ੍ਰਦਰਸ਼ਨੀਆਂ ਦਾ ਆਯੋਜਨ ਕਰਨਾ ਜਾਂ ਜੱਜ ਅਤੇ ਮਹਿਮਾਨ ਵਜੋਂ ਸ਼ਾਮਲ ਹੋਣਾ ਉਸਦੀ ਜ਼ਿੰਦਗੀ ਦਾ ਨਿਯਮਤ ਹਿੱਸਾ ਹੈ।

1974 ਵਿੱਚ, ਜਦੋਂ ਉਹ ਵਿਦਿਆਰਥੀ ਜੀਵਨ ਵਿੱਚ ਸੀ, ਉਸਨੇ ਰਸਾਲੇ, ਕਿਤਾਬਾਂ ਅਤੇ ਹੋਰ ਸਾਹਿਤ ਛਾਪਣ ਲਈ ਇੱਕ ਪ੍ਰਿੰਟਿੰਗ ਪ੍ਰੈਸ ਸ਼ੁਰੂ ਕਰਨ ਦਾ ਫੈਸਲਾ ਕੀਤਾ। ਉਦਘਾਟਨ ਲਈ ਕਿਸੇ ਵੱਡੇ ਵਿਅਕਤੀ ਨੂੰ ਬੁਲਾਉਣ ਦੀ ਬਜਾਏ, ਅਸੀਂ ਚਾਰ-ਪੰਜ ਦੋਸਤਾਂ ਨੇ ਹੀ ਇਸਦਾ ਉਦਘਾਟਨ ਕੀਤਾ ਅਤੇ ਮੈਨੂੰ ਇਸ ਮੌਕੇ 'ਤੇ ਸਰੋਂ ਦਾ ਤੇਲ ਪਾਉਣ ਦੀ ਸੇਵਾ ਸੌਂਪੀ ਗਈ। ਇਹ ਪ੍ਰੈੱਸ ਪੀ ਏ ਯੂ ਦੇ ਨੇੜੇ ਕ੍ਰਿਸ਼ਨਾ ਨਗਰ ਚੌਂਕ

ਵਿੱਚ ਸੀ। ਇਹ ਬਹੁਤ ਸਫਲਤਾਪੂਰਵਕ ਚੱਲਿਆ, ਹਾਲਾਂਕਿ ਸਮੇਂ ਦੇ ਨਾਲ ਇਸ ਖੇਤਰ ਵਿੱਚ ਬਹੁਤ ਵੱਡੇ ਤਕਨੀਕੀ ਬਦਲਾਅ ਆ ਗਏ।

ਪਰ ਉਸਦੇ ਜੀਵਨ ਦਾ ਸਭ ਤੋਂ ਮਹੱਤਵਪੂਰਨ ਪੱਖ ਮੁੱਖ ਨੈਤਿਕ ਕਦਰਾਂ-ਕੀਮਤਾਂ ਅਤੇ ਆਪਣੇ ਬਣਾਏ ਜੀਵਨ-ਸਿਧਾਂਤਾਂ ਨੂੰ ਅਪਣਾਉਣਾ ਹੈ, ਜੋ ਉਸਦੀ ਸ਼ਖ਼ਸੀਅਤ ਨੂੰ ਹੋਰ ਵੀ ਵਿਲੱਖਣ ਅਤੇ ਪਾਰਦਰਸ਼ੀ ਬਣਾਉਂਦੇ ਹਨ।

ਉਸਦੇ ਵਿਚਾਰ, ਬੋਲ ਅਤੇ ਕਰਮ ਹਮੇਸ਼ਾਂ ਇਕਸਾਰ ਰਹਿੰਦੇ ਹਨ। ਮੇਰੇ ਦੋਸਤ ਵਿੱਚ ਦਲੀਲ ਨਾਲ ਅਤੇ ਨਿਡਰਤਾ ਨਾਲ ਸਹੀ ਤੇ ਗਲਤ ਨੂੰ ਮੂੰਹ 'ਤੇ ਕਹਿਣ ਦੀ ਹਿੰਮਤ ਹੈ। ਉਹ ਕਦੇ ਵੀ ਆਪਣੀ ਪ੍ਰਸ਼ੰਸਾ ਦਾ ਇੱਛੁਕ ਨਹੀਂ ਰਿਹਾ। ਉਹ ਹੰਕਾਰ ਤੋਂ ਰਹਿਤ ਹੈ।

ਉਸਨੇ ਕਦੇ ਵੀ ਆਪਣੇ ਸਤਿਕਾਰਯੋਗ ਪਿਤਾ ਦੇ ਉੱਚ ਅਹੁੱਦੇ ਦਾ ਲਾਭ ਜਾਂ ਹਮਦਰਦੀ ਪ੍ਰਾਪਤ ਕਰਨ ਲਈ ਇਸਤੇਮਾਲ ਨਹੀਂ ਕੀਤਾ ਅਤੇ ਨਾ ਹੀ ਉਸਨੂੰ ਇਸ ਗੱਲ ਦਾ ਕੋਈ ਘਮੰਡ ਹੈ।

ਉਹ ਆਪਣੇ ਨਵੀਨਤਾਕਾਰੀ ਸੁਭਾਅ, ਹਿੰਮਤ, ਮਿਹਨਤ, ਗਿਆਨ ਅਤੇ ਨਿਡਰਤਾ ਦੇ ਬਲ 'ਤੇ ਹਮੇਸ਼ਾਂ ਨਵੇਂ ਉੱਦਮਾਂ ਵਿੱਚ ਜਾਣ ਲਈ ਤਤਪਰ ਰਹਿੰਦਾ ਹੈ।

ਇੱਕ ਵਾਰ ਸਾਡੇ ਇੱਕ ਦੋਸਤ ਬਾਰੇ ਆਪਣਾ ਵਿਚਾਰ ਦਿੰਦਿਆਂ ਉਸਨੇ ਕਿਹਾ, "ਮੈਂ ਉਸਨੂੰ ਬਹੁਤ ਪਿਆਰ ਕਰਦਾ ਹਾਂ, ਪਰ ਉਸ 'ਤੇ ਭਰੋਸਾ ਨਹੀਂ ਕਰਦਾ।" ਆਪਣੀ ਜ਼ਿੰਦਗੀ ਵਿੱਚ ਉਹ ਖੁਦ ਭਰੋਸੇਯੋਗਤਾ ਦੇ ਸਿਧਾਂਤ ਨੂੰ ਪੂਰੀ ਇਮਾਨਦਾਰੀ ਨਾਲ ਨਿਭਾ ਰਿਹਾ ਹੈ।

ਇਕੱਲੇ ਰਹਿਣਾ, ਕੁਝ ਨਵਾਂ ਪ੍ਰਾਪਤ ਕਰਨ ਲਈ ਦੇਸ਼ ਅਤੇ ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਘੁੰਮਣਾ, ਕੁਦਰਤ ਅਤੇ ਮਨੁੱਖਤਾ ਦੀ ਬਣਾਈ ਸੁੰਦਰਤਾ ਨੂੰ ਆਪਣੇ ਕੈਮਰੇ ਵਿੱਚ ਕੈਦ ਕਰਨਾ-ਇਹ ਸਭ ਉਸਦੀ ਜਨਮਜਾਤ ਦਿਲਚਸਪੀਆਂ ਹਨ।

ਪਰਿਵਾਰਕ ਸੰਬੰਧਾਂ ਵਿੱਚ ਉਹ ਹਮੇਸ਼ਾਂ ਇੱਕ ਅਨੁਸ਼ਾਸਿਤ,

ਸਤਿਕਾਰਯੋਗ ਅਤੇ ਭਰੋਸੇਯੋਗ ਵਿਅਕਤੀ ਵਜੋਂ ਜੀਵਨ ਜੀਊਂਦਾ ਆਇਆ ਹੈ। ਉਸਦਾ ਪਰਿਵਾਰਕ ਜੀਵਨ ਆਪਸੀ ਪਿਆਰ, ਸਤਿਕਾਰ ਅਤੇ ਸਮਰਪਣ ਦਾ ਪ੍ਰਤੀਕ ਹੈ।

ਕੁਝ ਸਾਲ ਪਹਿਲਾਂ ਉਸਦੀ ਜੀਵਨ-ਸਾਥੀ ਅਚਾਨਕ ਇਸ ਸੰਸਾਰ ਤੋਂ ਚਲੇ ਗਏ। ਉਹਨਾਂ ਦੀ ਯਾਦ ਵਿੱਚ ਉਸਨੇ 'ਪਿੰਕੀ ਗਾਰਡਨ' ਨਾਮ ਦਾ ਇੱਕ ਜੈਵਿਕ ਬਾਗ ਸਥਾਪਤ ਕੀਤਾ। ਇਸ ਬਾਗ ਵਿੱਚ ਫਲਦਾਰ ਪੌਦੇ, ਸਬਜ਼ੀਆਂ ਅਤੇ ਹੋਰ ਸਜਾਵਟੀ ਪੌਦੇ ਜੈਵਿਕ ਤਰੀਕੇ ਨਾਲ ਉਗਾਏ ਜਾਂਦੇ ਹਨ।

ਮੇਰਾ ਦੋਸਤ ਸਾਡੇ ਸਮਾਜ ਵਿੱਚ ਲਗਾਤਾਰ ਵੱਖ-ਵੱਖ ਖੇਤਰਾਂ ਵਿੱਚ ਯੋਗਦਾਨ ਪਾ ਰਿਹਾ ਹੈ। ਇਸ ਵਿੱਚ ਕੰਪਿਊਟਰੀਕਰਨ ਦਾ ਗਿਆਨ, ਵੱਖ-ਵੱਖ ਵਿਸ਼ਿਆਂ 'ਤੇ ਸਾਹਿਤ ਰਚਨਾ, ਖ਼ਾਸ ਕਰਕੇ ਬੱਚਿਆਂ ਅਤੇ ਵਿਦਿਆਰਥੀਆਂ ਲਈ ਕਿਤਾਬਾਂ, ਅਤੇ ਆਪਣੀ ਫੋਟੋਗਰਾਫ਼ੀ ਰਾਹੀਂ ਕੁਦਰਤ ਦੀ ਸੁੰਦਰਤਾ ਨੂੰ ਪੇਸ਼ ਕਰਨਾ ਆਦਿ ਸ਼ਾਮਲ ਹਨ।

ਉਹ ਇੱਕ ਸਵੈ-ਨਿਰਮਿਤ ਵਿਅਕਤੀ ਹੈ, ਜੋ ਆਪਣੇ ਬਣਾਏ ਜੀਵਨ-ਸਿਧਾਂਤਾਂ ਅਤੇ ਨੈਤਿਕ ਕਦਰਾਂ-ਕੀਮਤਾਂ ਦੀ ਪਾਲਣਾ ਕਰਦਿਆਂ ਇੱਕ ਉੱਚ ਅਤੇ ਸਤਿਕਾਰਯੋਗ ਜੀਵਨ ਜੀ ਰਿਹਾ ਹੈ। ਉਹ ਇੱਕ ਸੱਚੇ ਮਨੁੱਖ ਵਜੋਂ ਜੀਵਨ ਬਤੀਤ ਕਰ ਰਿਹਾ ਹੈ।

ਮੇਰੇ ਇਸ ਸੁਹਿਰਦ ਦੋਸਤ ਲਈ ਚੰਗੀ ਸਿਹਤ ਅਤੇ ਜੀਵਨ ਦੀ ਹਰ ਤਰ੍ਹਾਂ ਦੀ ਖੁਸ਼ਹਾਲੀ ਲਈ ਮੇਰੀਆਂ ਦਿਲੋਂ ਸ਼ੁਭਕਾਮਨਾਵਾਂ। ***

# ਜਨਮੇਜਾ ਜੌਹਲ ਨਾਲ ਤੁਰਦਿਆਂ

## ਡਾ. ਨਿਰਮਲ ਜੌੜਾ

ਜਨਮੇਜਾ ਸਿੰਘ ਜੌਹਲ ਦੇ ਨਾਲ ਤੁਰੇ-ਫਿਰੇ ਦਾ ਮਤਲਬ ਹੈ ਕੁਝ ਨਵਾਂ ਸਿੱਖਣਾ, ਜ਼ਿੰਦਗੀ ਦੇ ਢੰਗ- ਤਰੀਕਿਆਂ ਨੂੰ ਨਿਵੇਕਲੇ ਦ੍ਰਿਸ਼ਟੀਕੋਣ ਤੋਂ ਸਮਝਣਾ, ਵਿਚਾਰਨਾ ਤੇ ਗ੍ਰਹਿਣ ਕਰਨਾ। ਕਿਉਂਕਿ ਉਹ ਇਕ ਜਿਗਿਆਸੂ ਜੀਅ ਹਨ, ਨਾ ਟਿਕਦੇ, ਨਾ ਟਿਕਣ ਦਿੰਦੇ। ਹਰ ਗੱਲ ਨੂੰ ਸਿੱਧੇ ਤਰੀਕੇ ਨਾਲ ਨਾਲ ਉਹ ਪੁੱਠੇ ਤਰੀਕੇ ਨਾਲ ਵੀ ਸੋਚਦੇ ਹਨ। ਵਾਲ ਦੀ ਖ਼ਾਲ ਉਧੇੜਦੇ, ਟਿੱਬਿਆਂ 'ਤੇ ਪਾਣੀ ਚੜ੍ਹਾਉਂਦੇ। ਇਸੇ ਕਰਕੇ ਪੁੱਠੀਆਂ-ਸਿੱਧੀਆਂ ਤਕਨੀਕਾਂ ਦੇ ਮਾਹਿਰ ਹਨ ਜਨਮੇਜਾ ਭਾਅ ਜੀ।

ਦੁਨੀਆ ਵਿੱਚ ਵਾਪਰਦੇ ਕਰਿਸ਼ਮਿਆਂ ਬਾਰੇ ਪੂਰੀ ਸੂਝ ਹੁੰਦੀ ਹੈ ਉਹਨਾਂ ਨੂੰ। ਸ਼ੁਰੂ-ਸ਼ੁਰੂ ਵਿੱਚ ਜਦੋਂ ਲੋਕ ਕੰਪਿਊਟਰ ਨੂੰ ਦੇਵਤਾ ਬਣਾਈ ਫਿਰਦੇ ਸਨ, ਉਦੋਂ ਕੰਪਿਊਟਰ ਨੂੰ ਉਹਨਾਂ ਨੇ ਖਿਡੌਣਾ ਬਣਾ ਕੇ ਚਲਾਇਆ। ਜਿਹੜੀ ਆਰਟੀਫ਼ੈਸ਼ਲ ਇੰਟੈਲੀਜੈਂਸ ਦੇ ਲੋਕ ਅੱਜ ਗੁਣ ਗਾ ਰਹੇ ਹਨ, ਅਸੀਂ ਜਨਮੇਜਾ ਭਾਅ ਜੀ ਕੋਲੋਂ ਇਸਦੀ ਭਵਿੱਖਬਾਈ 25 ਸਾਲ ਪਹਿਲਾਂ ਸੁਈ ਸੀ।

ਘਰ ਦੀ ਰਸੋਈ ਤੋਂ ਲੈ ਕੇ ਪ੍ਰਿੰਟਿੰਗ ਪ੍ਰੈੱਸ ਤੱਕ ਕਈ ਨਵੀਆਂ ਤਕਨੀਕਾਂ ਉਹਨਾਂ ਨੇ ਪੈਦਾ ਕੀਤੀਆਂ। ਬਿਨਾਂ ਪੇਚਕਸ ਤੋਂ ਪੇਚ ਕੱਸਣ-ਖੋਲ੍ਹਣ ਦੀ ਮੁਹਾਰਤ ਹੈ ਉਹਨਾਂ ਕੋਲ। ਕਮਾਲ ਦੀ ਗੱਲ ਇਹ ਹੈ ਕਿ ਇਹ ਸਭ ਕੁਝ ਵਾਪਰਦਾ ਵੀ ਉਹਨਾਂ ਦੀ ਸਾਦਗੀ ਅਤੇ ਸਹਿਜਤਾ ਵਿੱਚ ਹੀ ਹੈ।

ਜਨਮੇਜਾ ਸਿੰਘ ਜੌਹਲ ਅਸਲ ਵਿੱਚ ਮਸਤੀ ਦਾ ਉਹ ਅਨੁਵਾਦ ਹਨ, ਜੋ ਮਨ ਨੂੰ ਸ਼ਾਂਤ ਤੇ ਤਨ ਨੂੰ ਤਣਾਅ- ਮੁਕਤ ਰੱਖਣ ਦੇ ਸਮਰੱਥ ਹਨ, ਬਲਕਿ ਰੱਖਦੇ ਹਨ। ਇਸੇ ਕਰਕੇ ਉਹਨਾਂ ਦੀ ਸਦਾ ਦਿਵਾਲੀ ਅਤੇ ਚੌਵੀ ਘੰਟੇ ਬਸੰਤ ਹੁੰਦੀ ਹੈ। ਘਾਟਿਆਂ-ਵਾਧਿਆਂ ਤੋਂ ਮੁਕਤ ਰੰਗ-ਢੰਗ ਹੈ,

ਉਹਨਾਂ ਦੀ ਜੀਵਨ-ਸ਼ੈਲੀ ਦਾ।

ਖੁਸ਼ੀਆਂ-ਗ਼ਮੀਆਂ ਵਿੱਚੋਂ ਲੰਘਦੇ ਹੋਏ ਉਹ ਆਪਣੀ ਸਧਾਰਨ ਚਾਲ ਤੁਰਦੇ ਹਨ। ਪਰ ਇਸਦਾ ਮਤਲਬ ਇਹ ਨਹੀਂ ਕਿ ਉਹ ਕਦੇ ਉਦਾਸ ਨਹੀਂ ਹੁੰਦੇ ਜਾਂ ਕਿਸੇ ਮੁਸੀਬਤ ਵਿੱਚ ਨਹੀਂ ਘਿਰਦੇ। ਮਤਲਬ ਇਹ ਹੈ ਕਿ ਜਨਮੇਜਾ ਸਿੰਘ ਜੌਹਲ ਆਪਣੀਆਂ ਵੱਡੀਆਂ ਪ੍ਰਾਪਤੀਆਂ ਨੂੰ ਸਹਿਜਤਾ ਨਾਲ ਕਲਾਵੇ ਵਿੱਚ ਲੈਂਦੇ ਹਨ ਅਤੇ ਦੁੱਖਾਂ-ਤਕਲੀਫ਼ਾਂ ਨੂੰ ਸਹਿਜਤਾ ਅਤੇ ਬੇਪਰਵਾਹੀ ਨਾਲ ਸਵੀਕਾਰ ਕਰਦੇ ਹਨ। ਇਹੀ ਉਹਨਾਂ ਦੀ ਤਾਕਤ ਹੈ।

ਮੈਂ ਜਦੋਂ ਲੁਧਿਆਣੇ ਪੜ੍ਹਨ ਆਇਆ ਤਾਂ ਡਾ ਐਸ ਐਨ ਸੇਵਕ ਰਾਹੀਂ ਜਨਮੇਜਾ ਭਾਅ ਜੀ ਨਾਲ ਮੇਰਾ ਵਾਸਤਾ ਬਣਿਆ। ਇੱਥੋਂ ਹੀ ਦੋਸਤੀ ਅਤੇ ਪਰਿਵਾਰਕ ਸੰਬੰਧ ਬਣੇ, ਜੋ ਅੱਜ ਤੱਕ ਪ੍ਰਪੱਕ ਹਨ। ਮੈਨੂੰ ਇਹਨਾਂ ਰਾਹਾਂ 'ਤੇ ਤੋਰਨ ਵਿੱਚ ਜਨਮੇਜਾ ਭਾਅ ਜੀ ਦੀ ਅਹਿਮ ਭੂਮਿਕਾ ਹੈ।

ਉਹਨਾਂ ਦੇ ਮੋਟਰਸਾਈਕਲ, ਐਂਬੈਸਡਰ ਕਾਰ ਅਤੇ ਹੋਰ ਨਵੀਆਂ-ਪੁਰਾਣੀਆਂ ਗੱਡੀਆਂ ਵਿੱਚ ਮੈਂ ਬਹੁਤ ਸੈਰ ਕੀਤੀ ਹੈ। ਉਹਨਾਂ ਨਾਲ ਦੂਰ-ਦੁਰਾਡੇ ਦੇ ਸਫ਼ਰ ਕਰਦਿਆਂ ਕਈ ਸਬਕ ਸਿੱਖੇ ਹਨ।

ਜਦੋਂ ਮੈਂ ਨਵਾਂ-ਨਵਾਂ ਜਨਮੇਜਾ-ਨੈਟਵਰਕ ਵਿੱਚ ਆਇਆ ਸੀ ਤਾਂ ਇਕ ਦਿਨ ਉਹ ਮੇਰੇ ਕੋਲ ਯੂਨੀਵਰਸਿਟੀ ਦੇ ਪੰਜ ਨੰਬਰ ਹੋਸਟਲ ਵਿੱਚ ਆ ਗਏ। ਆਖਣ ਲੱਗੇ, "ਨਿਰਮਲ, ਤੇਰੇ ਤੱਕ ਇਕ ਕੰਮ ਆ ਮੈਨੂੰ।"

ਮੈਂ ਹੈਰਾਨ ਸੀ, ਪਰ ਉਹਨਾਂ ਨੂੰ ਪੁੱਛਿਆ ਕੁਝ ਨਾ। ਚੁੱਪ ਕਰਕੇ ਉਹਨਾਂ ਦੀ ਐਂਬੈਸਡਰ ਕਾਰ ਵਿੱਚ ਬੈਠ ਗਿਆ। ਗੱਡੀ ਸਟਾਰਟ ਕਰਕੇ ਕਹਿੰਦੇ, "ਕਾਰ ਦੀ ਬਾਰੀ ਨੂੰ ਜ਼ੋਰ ਨਾਲ ਫੜ ਕੇ ਆਪਣੇ ਵੱਲ ਖਿੱਚ ਕੇ ਰੱਖ।"

ਮੈਂ ਬਾਰੀ ਖਿੱਚ ਕੇ ਰੱਖੀ। ਉਹ ਕਾਰ ਚਲਾ ਰਹੇ ਸਨ।

"ਦੱਸੋ ਭਾਅ ਜੀ, ਕੰਮ ਕੀ ਆ ਮੇਰੇ ਤੱਕ। ਜਦੋਂ ਮੈਂ ਪੁੱਛਿਆ ਤਾਂ

ਆਖਣ ਲੱਗੇ, "ਬੱਸ ਇਹੀ ਕੰਮ ਆ ਜੋ ਤੂੰ ਕਰੀ ਜਾਣਾ।"

ਮੈਂ ਹੈਰਾਨੀ ਨਾਲ ਉਹਨਾਂ ਵੱਲ ਵੇਖਿਆ ਤਾਂ ਕਹਿਣ ਲੱਗੇ, "ਅਸਲ ਵਿੱਚ ਬਾਰੀ ਖਰਾਬ ਹੋ ਗਈ ਕਾਰ ਦੀ, ਠੀਕ ਕਰਵਾਉਣ ਦਾ ਵੇਲਾ ਨਹੀਂ ਲੱਗਿਆ। ਤੂੰ ਬੱਸ ਬਾਰੀ ਖਿੱਚ ਕੇ ਰੱਖਣੀ ਆ, ਇਹਦੀ ਕੁੰਡੀ ਨਹੀਂ ਲੱਗਦੀ। ਅੰਬਾਲੇ ਤੱਕ ਜਾਣਾ ਆਪਾਂ।"

ਅੰਬਾਲੇ ਤੱਕ ਮੇਰੀ ਬਾਂਹ ਟੁੱਟਣ ਵਰਗੀ ਹੋ ਗਈ। ਬਹੁਤ ਔਖਾ ਹੋਇਆ ਮੈਨੂੰ। ਪਰ ਮੇਰਾ ਸਾਰਾ ਗੁੱਸਾ ਤੇ ਬਾਂਹ ਦਾ ਦਰਦ ਦੂਰ ਹੋ ਗਿਆ ਜਦੋਂ ਭਾਅ ਜੀ ਨੇ ਮੈਨੂੰ ਉਸ ਵੇਲੇ ਦੀ ਮਸ਼ਹੂਰ ਹਿੰਦੀ ਤੇ ਪੰਜਾਬੀ ਫ਼ਿਲਮਾਂ ਦੀ ਹੀਰੋਇਨ ਰਮਾ ਵਿਜ ਨਾਲ ਮਿਲਵਾਇਆ।

ਰਮਾ ਵਿਚ ਉਹਨਾਂ ਨੂੰ ਉਡੀਕ ਰਹੀ ਸੀ। ਚਾਹ ਪੀ ਕੇ ਗੱਲਾਂ-ਬਾਤਾਂ ਕਰਕੇ ਜਦੋਂ ਤੁਰਨ ਲੱਗੇ ਤਾਂ ਰਮਾ ਵਿਜ ਦਾ ਅੰਦਾਜ਼ ਅਤੇ ਲਫ਼ਜ਼ ਅੱਜ ਵੀ ਮੇਰੀਆਂ ਯਾਦਾਂ ਵਿੱਚ ਤਾਜ਼ਾ ਹਨ,

"ਜਨਮੇਜਾ ਜੀ, ਖਾਣਾ ਤਾਂ ਆਪ ਕੋ ਮੇਰੇ ਸਾਥ ਖਾਣਾ ਹੀ ਪੜੇਗਾ। ਇਤਨੀ ਦੂਰ ਸੇ ਆਏ ਹੋ, ਔਰ ਆਪ ਕੇ ਯਹ ਦੋਸਤ ਵੀ ਆਪ ਕੇ ਸਾਥ ਹੈਂ। ਲੈਟਸ ਇੰਜੋਏ ਦ ਫੂਡ।"

ਮੈਨੂੰ ਲੱਗਿਆ ਕਿ ਭਾਅ ਜੀ ਦਾ ਤਾਂ ਮੰਡੀ ਵਿੱਚ ਮੁੱਲ ਹੀ ਬਹੁਤ ਹੈ।

ਉਹਨਾਂ ਦੀ ਸਾਦਗੀ ਤੇ ਮਸਤੀ ਦੀ ਗੱਲ ਸੁਣੋ। ਉਹਨਾਂ ਦਿਨਾਂ ਵਿੱਚ ਜਨਮੇਜਾ ਭਾਅ ਜੀ ਦਾ ਕਾਲਮ ਅਜੀਤ ਅਖ਼ਬਾਰ ਵਿੱਚ ਛਪਦਾ ਸੀ। ਪ੍ਰਿੰਟ ਮੀਡੀਆ ਦਾ ਯੁੱਗ ਸੀ। ਅਜੀਤ ਵਿੱਚ ਛਪਣ ਦਾ ਮਤਲਬ ਸੀ- "ਪੂਰੀ ਚੜ੍ਹਾਈ।"

ਭਗਤੇ ਭਾਈਕੇ ਵਾਲੇ ਗੁਰੂ ਨਾਨਕ ਪਬਲਿਕ ਸਕੂਲ ਦੀ ਪ੍ਰਿੰਸੀਪਲ ਮੈਡਮ ਮੈਨੂੰ ਆਖਣ ਲੱਗੇ, "ਜਨਮੇਜਾ ਜੌਹਲ ਜੀ ਸਾਡੇ ਸਕੂਲ ਦੇ ਪ੍ਰੋਗਰਾਮ 'ਤੇ ਆ ਜਾਣਗੇ"

ਮੈਂ ਕਿਹਾ, "ਗੱਲ ਹੀ ਕੋਈ ਨਹੀਂ ਜੀ।"

ਮੈਂ ਜਨਮੇਜਾ ਭਾਅ ਜੀ ਨੂੰ ਤਿਆਰ ਕਰ ਲਿਆ। ਕਾਰਡ ਛਪ ਗਏ-ਮੁੱਖ ਮਹਿਮਾਨ ਜਨਮੇਜਾ ਸਿੰਘ ਜੌਹਲ ਹੋਣਗੇ।

ਜਾਂਦੇ-ਜਾਂਦੇ ਅਸੀਂ ਯੂਨੀਵਰਸਿਟੀ ਤੋਂ ਆਰਟਿਸਟ ਕੁਲਵੰਤ ਸਿੰਘ ਬਸਰਾ ਨੂੰ ਨਾਲ ਬਿਠਾ ਲਿਆ। ਬਸਰਾ ਜੀ ਪੋਚਵੀਂ ਪੱਗ ਬੰਨ੍ਹ ਕੇ, ਟਾਈ ਲਾ ਕੇ, ਕੋਟ ਪਾ ਕੇ ਐਂਬੈਸਡਰ ਕਾਰ ਦੇ ਪਿੱਛੇ ਬੈਠ ਗਏ।

ਸਕੂਲ ਪਹੁੰਚੇ ਤਾਂ ਮਾਸਟਰ-ਮਾਸਟਰਨੀਆਂ ਨੂੰ ਲੱਗਿਆ ਕਿ ਜਨਮੇਜਾ ਜੌਹਲ ਜੀ ਕਾਰ ਦੇ ਪਿੱਛੇ ਬੈਠੇ ਹਨ। ਉਹ ਫੁਲਕਾਰੀ ਤਾਣ ਕੇ, ਢੋਲ ਦੇ ਡੱਗੇ 'ਤੇ ਬਸਰਾ ਜੀ ਨੂੰ ਮਾਣ-ਤਾਣ ਨਾਲ ਲੈ ਤੁਰੇ।

ਮੈਂ ਦੱਸਣ ਲੱਗਿਆ ਤਾਂ ਜਨਮੇਜਾ ਭਾਅ ਜੀ ਨੇ ਮੈਨੂੰ ਸੈਨਤ ਨਾਲ ਰੋਕ ਦਿੱਤਾ। ਬਸਰਾ ਜੀ ਨੂੰ ਵੀ ਸਮਝ ਨਾ ਲੱਗੀ।

ਪ੍ਰਿੰਸੀਪਲ ਦੇ ਕਮਰੇ ਵਿੱਚ ਬਸਰਾ ਜੀ ਦੀ ਸੇਵਾ ਹੋ ਰਹੀ ਸੀ ਤੇ ਪ੍ਰਿੰਸੀਪਲ ਮੈਡਮ ਮੈਨੂੰ ਆਖਣ ਲੱਗੇ, "ਕਾਰ ਦੇ ਡਰਾਈਵਰ ਨੂੰ ਚਾਹ ਉੱਥੇ ਭੇਜ ਦਈਏ ਜਾਂ ਇੱਥੇ ਬੁਲਾ ਲਈਏ"

ਮੇਰਾ ਹਾਸਾ ਨਿਕਲ ਗਿਆ।

ਜਦੋਂ ਗੱਲ ਖੁੱਲੀ ਤਾਂ ਪ੍ਰਿੰਸੀਪਲ ਸਮੇਤ ਸਾਰੇ ਮਾਸਟਰ ਜਨਮੇਜਾ ਭਾਅ ਜੀ ਵੱਲ ਭੱਜੇ। ਜਨਮੇਜਾ ਜੀ ਸਕੂਲ ਦੇ ਪਿੱਛੇ ਬਣੀਆਂ ਪੱਥਕਣਾਂ ਦੀਆਂ ਫੋਟੋਆਂ ਖਿੱਚਦੇ ਫਿਰ ਰਹੇ ਸਨ। ਆਖਣ ਲੱਗੇ,

"ਓ ਯਾਰ, ਮੁੱਖ ਮਹਿਮਾਨ ਤੁਸੀਂ ਆਪੇ ਬਣੇ ਰਹੋ ਹੁਣ, ਮੈਨੂੰ ਆਪਣਾ ਕੰਮ ਕਰਨ ਦਿਓ।"

ਮੇਰਾ ਪਹਿਲਾ ਨਾਟਕ ਵਾਪਸੀ ਕੀਰਤੀ ਕਿਰਪਾਲ ਨੇ ਖੇਡਿਆ ਸੀ ਗੁਰੂ ਨਾਨਕ ਭਵਨ ਲੁਧਿਆਣਾ ਵਿੱਚ। ਨਾਟਕ ਦੇਖਣ ਉਪਰੰਤ ਜਨਮੇਜਾ ਭਾਅ ਜੀ ਨੇ ਮੇਰੇ ਕੋਲੋਂ ਸਿਕ੍ਰਿਪਟ ਲੈ ਲਈ। ਕਹਿੰਦੇ, "ਨਾਟਕ ਪੜ੍ਹਨਾ ਮੈਂ।"

ਦਸ-ਬਾਰਾਂ ਦਿਨਾਂ ਬਾਅਦ ਇਕ ਦਿਨ ਮੈਂ ਸਵੇਰੇ ਉੱਠਿਆ। ਦਰਵਾਜ਼ਾ ਖੋਲ੍ਹਿਆ ਤਾਂ ਕਿਤਾਬਾਂ ਦਾ ਇਕ ਬੰਡਲ ਦਰਵਾਜ਼ੇ ਅੱਗੇ ਪਿਆ

ਸੀ। ਚੁੱਪ-ਚਪੀਤੇ ਉਹਨਾਂ ਨੇ ਮੇਰੀ ਕਿਤਾਬ ਵਾਪਸੀ ਛਪਵਾ ਦਿੱਤੀ ਸੀ। ਜੋ ਸ਼ਬਦ ਨਾਟਕ ਦੇ ਸ਼ੋਅ ਵੇਲੇ ਸੁਰਜੀਤ ਪਾਤਰ ਸਾਹਿਬ ਨੇ ਬੋਲੇ ਸਨ, ਉਹ ਟਾਈਟਲ ਦੇ ਪਿੱਛੇ ਛਾਪ ਦਿੱਤੇ।

ਪਲੇਠੀ ਕਿਤਾਬ ਛਪਣ ਦਾ ਚਾਅ ਸੀ ਮੈਨੂੰ। ਸਾਰਾ ਦਿਨ ਮੈਂ ਕਿਤਾਬ ਦੇਖਦਾ ਰਿਹਾ। ਮੇਰੇ ਵਰਗਿਆਂ ਦੇ ਕਈ ਚਾਅ ਭਾਅ ਜੀ ਨੇ ਪੂਰੇ ਕੀਤੇ ਹਨ।

ਵੈਸੇ ਜਨਮੇਜਾ ਜੌਹਲ ਨਾਲ ਮੈਂ ਕਈ ਵਾਰ ਗੁੱਸੇ ਵੀ ਹੋਇਆ ਹਾਂ, ਲੜਨ ਦੀ ਵੀ ਕੋਸ਼ਿਸ਼ ਕੀਤੀ ਹੈ, ਪਰ ਨਾ ਉਹ ਗੁੱਸੇ ਹੁੰਦੇ ਹਨ, ਨਾ ਲੜਦੇ ਹਨ। ਫਿਰ ਅੱਗੋਂ ਬੰਦਾ ਕੀ ਕਰੇ!

ਕਈ ਵਾਰ ਗੁੱਸੇ ਵਿੱਚ ਹੀ ਉਹਨਾਂ ਨਾਲ ਤੁਰੇ-ਫਿਰਦੇ ਰਹੇ ਹਾਂ।

***

# ਜਿਉਣ ਦਾ ਢੰਗ ਸਿੱਖਣਾ ਹੋਵੇ ਤਾਂ

## ਨਿਰਲੇਪ ਕੌਰ, ਕਲਾਕਾਰ

ਕਿਸੇ ਨੇ ਜੇਕਰ ਜਿਉਣ ਦਾ ਢੰਗ ਸਿੱਖਣਾ ਹੋਵੇ ਤਾਂ ਜਨਮੇਜਾ ਜੌਹਲ ਤੋਂ ਸਿੱਖੇ। ਪੁਸਤਕ-ਪ੍ਰੇਮੀ, ਕੁਦਰਤ- ਪ੍ਰੇਮੀ, ਜ਼ਿੰਦਗੀ ਦੇ ਚਲਦੇ ਪ੍ਰਵਾਹ ਨਾਲ ਚੱਲਣ ਵਾਲੀ ਸ਼ਖ਼ਸੀਅਤ। ਬਿਨਾਂ ਕਿਸੇ ਲਾਗ-ਲਪੇਟ ਦੇ, ਸਾਦਾ ਪਹਿਰਾਵਾ, ਸਾਦਾ ਰਹਿਣ-ਸਹਿਣ ਤੇ ਉੱਚ-ਉੱਚੇ ਵਿਚਾਰ।

ਕੁਦਰਤ ਦੇ ਕਣ-ਕਣ ਵਿੱਚੋਂ ਨਵੇਂ ਵਿਚਾਰ ਪੈਦਾ ਕਰਨ ਵਾਲੇ ਵਿਅਕਤੀ। ਕੁਦਰਤ ਦੇ ਗੂੜ੍ਹੇ ਗਿਆਨ ਦੇ ਨਾਲ-ਨਾਲ ਸਮੇਂ ਦੀ ਰਫ਼ਤਾਰ ਅਨੁਸਾਰ ਕੰਪਿਊਟਰ ਦਾ ਪੂਰਾ ਗਿਆਤਾ। ਪੰਜਾਬੀ ਸਾਫਟਵੇਅਰ ਡਿਵੈਲਪ ਕਰਕੇ ਪੰਜਾਬੀ ਨੂੰ ਦੁਨੀਆ ਵਿੱਚ ਫੈਲਾਉਣ ਵਾਲੇ।

ਬਾਲ ਸਾਹਿਤ ਦੀਆਂ ਕਿਤਾਬਾਂ ਰਚ ਕੇ ਰੁਚਿਕਰ ਤਰੀਕੇ ਨਾਲ ਨਵੀਂ ਪੀੜ੍ਹੀ ਦੇ ਬੱਚਿਆਂ ਨੂੰ ਮਾਂ-ਬੋਲੀ ਪੰਜਾਬੀ ਨਾਲ ਜੋੜਣ ਵਾਲੀ ਲਾਜਵਾਬ ਸ਼ਖ਼ਸੀਅਤ। ਆਪਣੀ ਫੋਟੋਗਰਾਫ਼ੀ ਰਾਹੀਂ ਕੁਦਰਤ ਦੇ ਅਣਰਛੋਹੇ ਵਿਸ਼ਿਆਂ ਨੂੰ ਜਨਤਾ ਤੱਕ ਪਹੁੰਚਾਉਣ ਵਾਲੇ।

ਸੱਚ ਜਾਣਿਓ - ਜਨਮੇਜਾ ਜੌਹਲ ਤੋਂ ਭਾਵ ਤੁਰਦਾ-ਫਿਰਦਾ ਇਨਸਾਈਕਲੋਪੀਡੀਆ।

***

# ਦਿਲਚਸਪ ਕਿਤਾਬ ਵਰਗਾ

# ਡਾ. ਲਖਵਿੰਦਰ ਸਿੰਘ ਜੌਹਲ

ਸ਼ਰਾਫ਼ਤ ਭਰੀ ਸਾਦਗੀ ਦਾ ਨਾਮ ਹੈ, ਜਨਮੇਜਾ ਸਿੰਘ ਜੌਹਲ। ਤਰ੍ਹਾਂ-ਤਰ੍ਹਾਂ ਦੀਆਂ ਖਬਤਾਂ ਨਾਲ ਭਰੀ ਹੋਈ ਦਿਲਚਸਪ ਸ਼ਖ਼ਸੀਅਤ। ਵੱਡੇ-ਵੱਡੇ ਆਸ਼ਿਆਂ ਵਾਲੇ ਨਿੱਕੇ-ਨਿੱਕੇ ਕਾਰੋਬਾਰਾਂ ਦੇ ਮਨਸੂਬੇ ਬਣਾ-ਬਣਾ ਕੇ ਇੱਕਦਮ ਆਪੇ ਢਾਹ ਦੇਣ ਵਾਲਾ ਜਨਮੇਜਾ ਮੈਨੂੰ ਪਹਿਲੀ ਵਾਰ "ਨਵਾਂ ਜ਼ਮਾਨਾ" ਅਖ਼ਬਾਰ ਦੇ ਦਫ਼ਤਰ ਵਿੱਚ 70ਵਿਆਂ ਦੇ ਦੂਸਰੇ ਅੱਧ ਵਿੱਚ ਮਿਲਿਆ ਸੀ। ਮੈਂ ਉਦੋਂ "ਨਵਾਂ ਜ਼ਮਾਨਾ" ਵਿੱਚ ਉਪ-ਸੰਪਾਦਕ ਸਾਂ ਅਤੇ ਜਨਮੇਜਾ ਫੋਟੋਗਰਾਫ਼ੀ ਦੇ ਆਰਟ ਵਿੱਚ ਆਪਣੀਆਂ ਧੁੰਮਾਂ ਪਾਉਣੀਆਂ ਸ਼ੁਰੂ ਕਰ ਚੁੱਕਿਆ ਸੀ। ਉਸ ਦੀਆਂ ਖਿੱਚੀਆਂ ਹੋਈਆਂ ਕਲਾਤਮਿਕ ਅਤੇ ਥੀਮੈਟਿਕ ਤਸਵੀਰਾਂ ਅਖ਼ਬਾਰਾਂ ਵਿੱਚ ਛਪਣੀਆਂ ਨਾ ਸਿਰਫ਼ ਸ਼ੁਰੂ ਹੋ ਚੁੱਕੀਆਂ ਸਨ, ਸਗੋਂ ਉਹਨਾਂ ਨੇ ਕੋਮਲ-ਭਾਵੀ ਲੋਕਾਂ ਦਾ ਆਪਣੇ ਵੱਲ ਧਿਆਨ ਖਿੱਚਣਾ ਵੀ ਸ਼ੁਰੂ ਕਰ ਦਿੱਤਾ ਸੀ।

ਹਾਲਾਂਕਿ ਉਹ ਮੇਰਾ ਗਰਾਈਂ ਸੀ, ਪਰ ਬਚਪਨ ਤੋਂ ਹੀ ਜੰਡਿਆਲੇ ਤੋਂ ਬਾਹਰ, ਲੁਧਿਆਣੇ ਰਹਿਣ ਕਰਕੇ, ਇਸ ਤੋਂ ਪਹਿਲਾਂ ਉਸ ਦੀ ਕਦੇ ਮੇਰੇ ਨਾਲ ਕੋਈ ਮੁਲਾਕਾਤ ਨਹੀਂ ਸੀ ਹੋਈ। ਪਰ "ਨਵਾਂ ਜ਼ਮਾਨਾ" ਦੇ ਦਫ਼ਤਰ ਵਿੱਚ ਹੋਈ ਪਹਿਲੀ ਮੁਲਾਕਾਤ ਨੇ ਹੀ ਉਸ ਨਾਲ ਮੇਰੀ ਅਪਣੱਤ ਬੇਹੱਦ ਗੂੜ੍ਹੀ ਕਰ ਦਿੱਤੀ ਸੀ। ਇਹ ਉਸ ਦੀ ਸ਼ਖ਼ਸੀਅਤ ਦਾ ਕ੍ਰਿਸ਼ਮਾ ਸੀ ਜਾਂ ਇਸ ਵਿੱਚ ਪਿੰਡ ਦੇ ਪਿਛੋਕੜ ਨਾਲ ਅਚੇਤ ਲਗਾਅ ਵਾਲੀ ਕਸ਼ਿਸ਼ ਵੀ ਸ਼ਾਮਲ ਸੀ, ਇਸ ਬਾਰੇ ਪੱਕੇ ਤੌਰ 'ਤੇ ਕੋਈ ਨਤੀਜਾ ਕੱਢਣਾ ਮੁਸ਼ਕਿਲ ਹੈ।

ਫਿਰ ਉਸ ਨਾਲ ਮੇਲ-ਮਿਲਾਪ ਐਨਾ ਵਧ ਗਿਆ ਕਿ ਜਲਦੀ ਹੀ ਉਸਦੇ ਲੁਧਿਆਣਾ ਵਿੱਚ ਹੀ ਸਥਾਪਿਤ ਕੀਤੇ ਗਏ ਫੋਟੋ-ਸਟੂਡੀਓ ਵਿੱਚ ਜਾਣ ਦਾ ਮੌਕਾ ਵੀ ਮੈਨੂੰ ਇਹਨਾਂ ਦਿਨਾਂ ਵਿੱਚ ਹੀ ਪ੍ਰਾਪਤ ਹੋ

ਗਿਆ। ਉਦੋਂ ਡਾਕਟਰ ਕਮਲੇਸ਼ ਸਿੰਘ ਦੁੱਗਲ ਨਾਲ ਉਸ ਦੀ ਗੂੜ੍ਹੀ ਦੋਸਤੀ ਸੀ (ਜੋ ਅਜੇ ਤੱਕ ਵੀ ਬਾਦਸਤੂਰ ਕਾਇਮ ਹੈ)। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸੜਕਾਂ ਉੱਤੇ ਜਨਮੇਜਾ ਸਿੰਘ ਜੌਹਲ ਦੇ ਡੀਜ਼ਲ ਨਾਲ ਚਲਦੇ ਜੁਗਾੜੂ ਮੋਟਰ- ਸਾਈਕਲ ਦੀ ਸਵਾਰੀ ਕਰਨ ਦਾ ਮਾਣ ਵੀ ਮੈਨੂੰ ਪਹਿਲੀ ਵਾਰ ਇਹਨਾਂ ਦਿਨਾਂ ਵਿੱਚ ਹੀ ਪ੍ਰਾਪਤ ਹੋਇਆ ਸੀ। ਇਕ ਵਾਰੀ ਤਾਂ ਅਸੀਂ - ਜਨਮੇਜਾ, ਕਮਲੇਸ਼ ਅਤੇ ਮੈਂ - ਤਿੰਨਾਂ ਨੇ ਇਕੱਠਿਆਂ ਵੀ ਇਸ ਮੋਟਰ-ਸਾਈਕਲ ਦੀ ਸਵਾਰੀ ਕੀਤੀ ਸੀ ਅਤੇ ਯੂਨੀਵਰਸਿਟੀ ਦੀਆਂ ਸੜਕਾਂ 'ਤੇ ਦੌੜਦੇ ਮੋਟਰ-ਸਾਈਕਲ ਦੇ ਉੜਾਟ ਨੇ ਯੂਨੀਵਰਸਿਟੀ ਦੇ ਕਈ ਪ੍ਰੋਫ਼ੈਸਰਾਂ ਅਤੇ ਵਿਦਿਆਰਥੀਆਂ ਦਾ ਧਿਆਨ ਖਿੱਚਿਆ ਸੀ।

ਫਿਰ ਜਦੋਂ ਮੈਂ "ਅਜੀਤ" ਅਖ਼ਬਾਰ ਵਿੱਚ ਮੈਗਜ਼ੀਨ ਸੰਪਾਦਕ ਬਣ ਗਿਆ ਤਾਂ ਜਨਮੇਜਾ ਦੀਆਂ ਖਿੱਚੀਆਂ ਤਸਵੀਰਾਂ ਵੱਖ-ਵੱਖ ਅੰਕਾਂ ਵਿੱਚ ਛਾਪਣ ਦਾ ਮਾਣ ਵੀ ਪ੍ਰਾਪਤ ਕਰਦਾ ਰਿਹਾ ਸਾਂ। ਕਈ ਵਿਰਾਸਤੀ ਵਸਤਾਂ ਅਤੇ ਪੇਂਡੂ ਅੰਦਾਜ਼ ਵਾਲੀਆਂ ਤਸਵੀਰਾਂ ਨਾਲ ਲਿਖ ਕੇ ਭੇਜੇ ਜਾਣ ਵਾਲੇ ਦਿਲਚਸਪ ਵੇਰਵੇ ਜਨਮੇਜਾ ਦੀ ਅਦਭੁਤ ਲੇਖਣੀ ਦੇ ਲਿਖਾਇਕ ਰਹੇ ਹਨ। "ਕੈਮਰਾ ਬੋਲ ਪਿਆ" ਵਰਗੇ ਕਾਲਮ ਉਸ ਦੀ ਵਿਲੱਖਣਤਾ ਦੀ ਗਵਾਹੀ ਭਰਦੇ ਅੱਜ ਤੱਕ ਵੀ ਲਗਾਤਾਰ ਵੇਖੇ ਜਾ ਸਕਦੇ ਹਨ।

ਮੇਰੇ ਵੱਲੋਂ ਦੂਰਦਰਸ਼ਨ ਲਈ ਕੀਤੇ ਬਹੁਤ ਸਾਰੇ ਕਾਰਜਾਂ ਵਿੱਚ ਜਨਮੇਜਾ ਮੇਰੀ ਅਗਵਾਈ ਕਰਦਾ ਰਿਹਾ ਹੈ। ਪੰਜਾਬੀ ਸੱਭਿਆਚਾਰ ਦੀ ਪ੍ਰਤੀਕ "ਫੁਲਕਾਰੀ", ਪੰਜਾਬੀ ਜਨਜੀਵਨ ਦਾ ਵਾਹਕ "ਗੱਡਾ" ਅਤੇ "ਹਲਟ" ਉੱਤੇ ਬਣਾਈਆਂ ਗਈਆਂ ਖ਼ੂਬਸੂਰਤ ਦਸਤਾਵੇਜ਼ੀ ਫਿਲਮਾਂ ਦੇ ਨਿਰਮਾਣ-ਨਿਰਦੇਸ਼ਨ ਵਿੱਚ ਉਹ ਮੇਰੇ ਨਾਲ-ਨਾਲ ਰਿਹਾ। "ਫੁਲਕਾਰੀ" ਦਾ ਫ਼ਿਲਮਾਂਕਣ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਕਰਵਾਉਣ ਅਤੇ ਇਸ ਵਿਚਲੇ ਅਦਾਕਾਰਾਂ ਦੀ ਚੋਣ ਕਰਨ ਵਿੱਚ ਵੀ ਉਸਦਾ ਵਡਮੁੱਲਾ ਯੋਗਦਾਨ ਸੀ। "ਹਲਟ" ਵਿੱਚ ਵਰਤੇ ਗਏ "ਡਵਿੱਡੇ ਹਲਟਾਂ ਦੀ

ਵੀਡੀਓ ਉਸਨੇ ਆਪਣੇ ਆਰਕਾਈਵ ਵਿੱਚੋਂ ਹੀ ਦੂਰਦਰਸ਼ਨ ਨੂੰ ਭੇਟ ਕੀਤੀ ਸੀ। ਪੁਰਾਣਾ ਲੱਕੜ ਦੀ ਜੋੜੀ ਵਾਲਾ "ਗੱਡਾ" ਲੱਭਦਿਆਂ ਜਨਮੇਜੇ ਨਾਲ ਰਲ ਕੇ ਮੈਂ ਸਾਰਾ ਪੰਜਾਬ ਗਾਹ ਮਾਰਿਆ ਸੀ। ਰੋਪੜ ਤੋਂ ਹੰਡਿਆਏ ਨੂੰ ਜਾਂਦਿਆਂ ਰਾਹ ਵਿੱਚ ਸਾਡੀ ਦੂਰਦਰਸ਼ਨ ਵਾਲੀ ਅੰਬੈਸਡਰ ਕਾਰ ਦਾ ਇੱਕ ਫੌਜੀ ਅਫ਼ਸਰ ਦੀ ਫੀਅਟ ਕਾਰ ਨਾਲ ਹੋਇਆ ਹਾਦਸਾ ਮੈਂ ਕਦੇ ਨਹੀਂ ਭੁਲਾ ਸਕਿਆ।

ਇਸ ਹਾਦਸੇ ਦੀ ਦਿਲਚਸਪ ਗੱਲ ਇਹ ਸੀ ਕਿ ਗ਼ਲਤੀ ਫੌਜੀ ਅਫ਼ਸਰ ਦੀ ਹੋਣ ਦੇ ਬਾਵਜੂਦ ਉਹ ਅਚਾਨਕ ਗੱਡੀ ਵਿੱਚੋਂ ਬਾਹਰ ਨਿਕਲ ਕੇ ਸਾਨੂੰ ਅੰਗਰੇਜ਼ੀ ਵਿੱਚ ਗਾਲ੍ਹਾਂ ਕੱਢਣ ਲੱਗ ਪਿਆ। ਨਾ ਸਾਨੂੰ ਗੁਜ਼ਾਰੇ ਜੋਗੀ ਅੰਗਰੇਜ਼ੀ ਆਵੇ ਤੇ ਨਾ ਹੀ ਚੱਜ ਨਾਲ ਗਾਲ੍ਹ ਕੱਢਈ ਆਵੇ। ਅਸੀਂ ਦੂਰਦਰਸ਼ਨ ਦੇ ਸਾਰੇ ਹੀ ਮੁਲਾਜ਼ਮ ਡੌਰ-ਭੌਰੇ ਜਿਹੇ ਹੋਏ ਫ਼ੌਜੀ ਅਫ਼ਸਰ ਵੱਲ ਵੇਖੀ ਜਾਈਏ। ਉਹ ਬਾਹਬਰੀ ਜਾਵੇ ਅਤੇ ਅਸੀਂ ਨਿਮਰਤਾ ਭਰੀ ਪੰਜਾਬੀ ਵਿੱਚ ਉਸ ਨੂੰ ਸਮਝਾਉਣ ਦਾ ਯਤਨ ਕਰੀਏ। ਤੇ ਫਿਰ ਜਨਮੇਜਾ ਅਚਾਨਕ ਅਗਾਂਹ ਹੋਇਆ ਤੇ ਉਸਨੇ ਫਰਨ-ਫਰਨ ਅੰਗਰੇਜ਼ੀ ਦੀ ਐਸੀ ਫੁਹਾਰ ਫੌਜੀ ਅਫ਼ਸਰ ਉੱਤੇ ਛੱਡੀ ਕਿ ਅਸੀਂ ਦੰਗ ਰਹਿ ਗਏ। ਫੌਜੀ ਅਫ਼ਸਰ ਵੀ ਇਕਦਮ ਭੜੱਕਾ ਰਹਿ ਗਿਆ। ਜਨਮੇਜੇ ਦੀ ਦੇਸੀ ਦਿੱਖ ਵਿੱਚੋਂ ਫਰਾਟੇਦਾਰ ਅੰਗਰੇਜ਼ੀ ਝਰਦੀ ਮੈਂ ਪਹਿਲੀ ਵਾਰ ਵੇਖੀ ਸੀ। ਪਹਿਲੀ ਵਾਰ ਮੈਨੂੰ ਅਹਿਸਾਸ ਹੋਇਆ ਕਿ ਸਾਹਮਣੇ ਵਾਲੇ ਦੀ ਭਾਸ਼ਾ ਵਿੱਚ ਹੀ ਸਾਹਮਣੇ ਵਾਲੇ ਨੂੰ ਜਵਾਬ ਦੇਣ ਦਾ ਮਤਲਬ ਵੀ ਕਿੰਨਾ ਮਹੱਤਵਪੂਰਨ ਹੁੰਦਾ ਹੈ।

ਦੇਸ਼, ਦੱਖਣ ਅਤੇ ਦੁਨੀਆ ਘੁੰਮਣ ਵਾਲਾ ਜਨਮੇਜਾ ਕਲਾਕਾਰ ਵੀ ਹੈ ਤੇ ਕਾਰੋਬਾਰੀ ਵੀ। ਕੁਦਰਤ-ਪ੍ਰੇਮੀ ਵੀ ਅਤੇ ਤਕਨੀਕੀ ਮਾਹਰ ਵੀ। ਉਸਨੇ ਜ਼ਿੰਦਗੀ ਵਿੱਚ ਅਥਾਹ ਸੁਖ ਵੀ ਮਾਣੇ ਹਨ ਤੇ ਦਹਿਕਦੇ ਦੁੱਖ ਵੀ ਉਸਦੇ ਅੰਗ- ਸੰਗ ਰਹੇ ਹਨ।

ਪਿਤਾ-ਪੁਰਖੀ ਵਿਰਾਸਤ ਨੂੰ ਆਪਣੀ ਸ਼ਰਾਫ਼ਤ ਵਿੱਚ ਸਮੋ ਕੇ

ਦੋਸਤੀਆਂ ਦੀ ਦਮਕ ਨੂੰ ਕਾਇਮ ਰੱਖਣ ਵਾਲਾ ਜਨਮੇਜਾ ਇਕੱਲਤਾ ਵਿੱਚ ਰਹਿ ਕੇ ਵੀ ਹਮੇਸ਼ਾ ਜ਼ਿੰਦਗੀ ਦੀ ਭਰਪੂਰਤਾ ਨੂੰ ਮਾਣਣ ਵਾਲਾ ਅਦਭੁਤ ਜਿਊੜਾ ਹੈ। ਆਪਣੀ ਪਤਨੀ ਦੇ ਵਿਛੋੜੇ ਉਪਰੰਤ ਉਸ ਦੀ ਯਾਦ ਵਿੱਚ ਬਣਾਏ ਗਏ "ਪਿੰਕੀ ਗਾਰਡਨ" ਰਾਹੀਂ ਕੁਦਰਤ-ਪ੍ਰੇਮ ਨਾਲ ਗੜ੍ਹਿਆ ਹੋਇਆ ਜਨਮੇਜਾ ਪੰਜਾਬੀ ਭਾਸ਼ਾ, ਸਾਹਿਤ ਤੇ ਸੱਭਿਆਚਾਰ ਦਾ ਬੇਤਾਜ ਵਾਹਕ ਹੈ। ਗੁਰਮੁਖੀ ਫੌਂਟ ਅਤੇ ਪੰਜਾਬੀ ਪੈਂਤੀ ਅੱਖਰੀ ਵਾਲੀਆਂ ਫੱਟੀਆਂ ਦੇ ਪ੍ਰਸਾਰ ਅਤੇ ਪ੍ਰਚਾਰ ਦੇ ਖੇਤਰ ਵਿੱਚ ਉਸ ਵੱਲੋਂ ਕੀਤਾ ਗਿਆ ਕਾਰਜ ਨਿਵੇਕਲਾ ਵੀ ਹੈ ਅਤੇ ਬੇਜੋੜ ਵੀ। ਕਿੱਸਿਆਂ ਵਾਂਗ ਪ੍ਰਚਲਤ ਹੋਏ ਉਸ ਦੇ ਕਰਤੱਬਾਂ ਦੀ ਗਾਥਾ ਐਨੀ ਵਸੀਹ ਅਤੇ ਅਦਭੁਤ ਹੈ ਕਿ ਹਰ ਕੋਈ ਹੈਰਾਨ ਰਹਿ ਜਾਂਦਾ ਹੈ।

ਹਾਲਾਤ ਕਿੰਨੇ ਵੀ ਵਿਪਰੀਤ ਕਿਉਂ ਨਾ ਹੋਣ, ਜਨਮੇਜੇ ਦੀ ਧੁੰਨ ਕਦੀ ਮੱਠੀ ਨਹੀਂ ਪੈਂਦੀ।

ਕੰਪਿਊਟਰ ਦੀਆਂ ਬਰੀਕੀਆਂ, ਛਪਾਈ ਦੀਆਂ ਜੁਗਤਾਂ, ਫੌਂਟ ਦੀਆਂ ਤਕਨੀਕਾਂ ਅਤੇ ਪੌਦਿਆਂ ਦੀ ਸਾਂਭ- ਸੰਭਾਲ ਵਿੱਚ ਇੱਕੋ ਜਿੰਨੀ ਮੁਹਾਰਤ ਰੱਖਣ ਵਾਲਾ ਜਨਮੇਜਾ ਸਹੀ ਅਰਥਾਂ ਵਿੱਚ ਧਰਤੀ-ਪੁੱਤਰ ਹੈ। ਆਪਣੇ ਪੁਰਖਿਆਂ ਦੇ ਪਿੰਡ ਜੰਡਿਆਲੇ ਨੂੰ ਉਹ ਕਦੇ ਵੀ ਨਹੀਂ ਭੁੱਲਦਾ। ਲੁਧਿਆਣੇ ਤੋਂ ਜਲੰਧਰ ਨੂੰ ਆਉਣਾ ਹੋਵੇ ਤਾਂ ਉਹ ਸਿੱਧੀ ਜਰਨੈਲੀ ਸੜਕ ਦੇ ਸਫ਼ਰ ਨੂੰ ਕਦੇ-ਕਦਾਈਂ ਹੀ ਤਰਜੀਹ ਦਿੰਦਾ ਹੈ। ਫਿਲੌਰ ਤੋਂ ਸਿੱਧਾ ਪਿੰਡਾਂ ਵਿੱਚ ਦੀ ਰੁੜਕਾ- ਬੰਡਾਲਾ ਹੁੰਦਾ ਹੋਇਆ ਉਹ ਆਪਣੇ ਪਿੰਡ ਦੀ ਮਿੱਟੀ ਨੂੰ ਸਿਜਦਾ ਕਰਕੇ ਜਮਸ਼ੇਰ ਵਿੱਚੋਂ ਜਲੰਧਰ ਪੁੱਜਦਾ ਹੈ। ਜਲੰਧਰ ਅਤੇ ਲਾਂਬੜੇ ਦੇ ਦੋਸਤਾਂ ਨੂੰ ਮਿਲਦਾ ਹੋਇਆ ਇਸੇ ਰਸਤੇ ਵਾਪਸ ਲੁਧਿਆਣੇ ਪਹੁੰਚ ਕੇ "ਪਿੰਕੀ ਗਾਰਡਨ" ਦੇ ਬੂਟਿਆਂ ਨਾਲ ਇੱਕਮਿਕ ਹੋ ਜਾਂਦਾ ਹੈ। "ਪਿੰਕੀ ਗਾਰਡਨ' ਦੇ ਇਹ ਪੌਦੇ ਅੱਜ-ਕੱਲ ਉਸ ਦੀ ਦਿਨਚਰਿਆ ਦੇ ਸੰਗੀ- ਸਾਥੀ ਹਨ। ਸਾਹਿਤ, ਸੱਭਿਆਚਾਰ, ਕਲਾ ਅਤੇ ਕੁਦਰਤ ਨਾਲ ਗਹਿਰੀ ਦੋਸਤੀ ਰੱਖਣ ਵਾਲੀ ਇਹ ਸ਼ਖ਼ਸੀਅਤ

ਪੰਜਾਬੀਅਤ ਦੀ ਦੁਰਲਭ ਮਿਸਾਲ ਹੈ।

ਉਸ ਦੇ ਕੋਲ ਬੈਠਣਾ, ਉਸ ਦਾ ਸੰਗ-ਸਾਥ ਮਾਣਣਾ, ਉਸ ਨਾਲ ਗੱਲਾਂ ਕਰਨਾ, ਮੈਨੂੰ ਹਮੇਸ਼ਾ ਇੱਕ ਖ਼ੂਬਸੂਰਤ ਅਤੇ ਦਿਲਚਸਪ ਕਿਤਾਬ ਪੜ੍ਹਨ ਵਰਗਾ ਲੱਗਦਾ ਹੈ।

***

# ਜਨਮੇਜਾ ਜੌਹਲ, ਮੇਰੇ ਪਿਤਾ ਤੇ ਮੈਂ

## ਮਨਦੀਪ ਕੌਰ ਭੰਮਰਾ

ਜਨਮੇਜਾ ਜੌਹਲ ਉਰਫ਼ ਮੇਜਰ ਸਿੰਘ ਜੌਹਲ ਅਜੋਕੇ ਪੰਜਾਬੀ ਪਾਠਕਾਂ ਅਤੇ ਸਰੋਤਿਆਂ ਵਿੱਚ ਇੱਕ ਜਾਣਿਆ-ਪਛਾਣਿਆ ਨਾਮ ਹੈ। ਪੰਜਾਬੀ ਮਾਂ-ਬੋਲੀ, ਪੰਜਾਬੀ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰਣਾਈ ਹੋਈ ਇੱਕ ਵਿਲੱਖਣ ਸ਼ਖ਼ਸੀਅਤ ਦਾ ਨਾਮ ਹੈ, ਜਨਮੇਜਾ ਜੌਹਲ। ਮੈਂ ਉਸਨੂੰ 'ਜਨਮੇਜਾ ਵੀਰਾ' ਆਖਦੀ ਹਾਂ।

ਮੇਰੇ ਨਾਲ ਜਨਮੇਜਾ ਵੀਰ ਦੀ ਸਾਂਝ 1996 ਦੀ ਹੈ, ਭਾਵ ਤੀਹ ਸਾਲ ਪੁਰਾਣੀ। ਪਹਿਲੀ ਵਾਰ ਉਹ ਮੇਰੇ ਪਰਚੇ "ਪਰਹਿਤ" ਦੇ ਸ਼ੁਰੂਆਤੀ ਸਮਾਗਮ ਵਿੱਚ ਮੇਰੇ ਪਿਤਾ ਡਾ. ਆਤਮ ਹਮਰਾਹੀ ਜੀ ਦੇ ਨਾਲ ਆਏ ਸਨ। ਜਲੰਧਰ ਤੋਂ ਡਾ. ਜਗਤਾਰ, ਉਮਿੰਦਰ ਜੌਹਲ ਅਤੇ ਬਹੁਤ ਸਾਰੇ ਸਾਹਿਤਕਾਰ ਆਏ ਸਨ। ਪ੍ਰਧਾਨਗੀ ਵਿੱਚ ਡਾ. ਬਰਜਿੰਦਰ ਸਿੰਘ ਹਮਦਰਦ ਅਤੇ ਸ੍ਰੀ ਵਿਜੈ ਚੋਪੜਾ ਸਨ। ਗੱਲ ਇਹ ਹੈ ਕਿ ਇਸ ਭੂਮਿਕਾ ਦਾ ਬੰਨ੍ਹੇ ਜਾਣ ਦਾ ਕਾਰਨ ਇਹ ਹੈ ਕਿ ਜਨਮੇਜਾ ਵੀਰ ਨਾਲ ਇਹ ਮੇਰੀ ਪਹਿਲੀ ਸੰਯੋਜਿਤ ਸਾਹਿਤਕ ਇਕੱਤਰਤਾ ਸੀ।

ਦੂਸਰੀ ਮੁਲਾਕਾਤ 'ਜਨਮੇਜਾ ਫੌਂਟ' ਅਪਲੋਡ ਕਰਨ ਲਈ ਹੋਈ, ਜਦੋਂ ਉਹ 'ਪਰਹਿਤ' ਦੇ ਦਫ਼ਤਰ ਆਏ ਸਨ। ਉਦੋਂ ਤੱਕ ਮੇਰਾ ਸਾਹਿਤਕ ਅਤੇ ਪੱਤਰਕਾਰੀ ਦਾ ਸਫ਼ਰ ਸ਼ੁਰੂ ਹੋ ਚੁੱਕਾ ਸੀ।

ਬਹੁਤੇ ਆਰਥਿਕ ਸਾਧਨਾਂ ਅਤੇ ਜੋੜ-ਤੋੜ ਤੋਂ ਬਿਨਾਂ ਇੱਕ ਔਰਤ ਸੰਪਾਦਕ ਦਾ ਐਨਾ ਕਾਮਯਾਬ ਹੋ ਜਾਣਾ ਸੁਖਾਵੀਂ ਗੱਲ ਨਹੀਂ ਸੀ। ਸੋ, 'ਪਰਹਿਤ' ਦੇ ਨੌ ਅੰਕ ਕੱਢ ਕੇ ਮੈਂ ਇਸਨੂੰ ਬੰਦ ਕਰ ਦਿੱਤਾ ਸੀ।

ਉਪਰੰਤ ਲਗਭਗ ਪੰਦਰਾਂ ਸਾਲ ਬਾਅਦ ਜਦੋਂ ਮੈਂ ਸਾਹਿਤ ਦੇ ਖੇਤਰ ਵਿੱਚ ਮੁੜ ਪ੍ਰਵੇਸ਼ ਕੀਤਾ, ਤਾਂ ਜਨਮੇਜਾ ਜੌਹਲ ਵੀਰ ਹੀ ਸੀ ਜਿਸ ਨੇ ਆਪਣੀ ਪ੍ਰੇਰਨਾ ਸਦਕਾ ਮੈਨੂੰ ਮੇਰੇ ਪਿਤਾ ਡਾ. ਆਤਮ ਹਮਰਾਹੀ ਜੀ

ਦੀ ਯਾਦ ਵਿੱਚ ਪ੍ਰੋਗਰਾਮ ਕਰਵਾਉਣ ਲਈ ਤਿਆਰ ਕੀਤਾ ਅਤੇ ਹੱਲਾਸ਼ੇਰੀ ਦਿੱਤੀ ਕਿ ਇਸੇ ਤਾਰੀਖ਼, ਭਾਵ 9 ਫ਼ਰਵਰੀ 2020 ਨੂੰ ਹੀ ਇਹ ਯਾਦ ਮਨਾਉਣੀ ਹੈ। ਉਸ ਸਮਾਗਮ ਦਾ ਸਿਹਰਾ ਮੇਰੇ ਸਾਹਿਤਕਾਰ ਵੀਰ ਜਨਮੇਜਾ ਸਿੰਘ ਜੌਹਲ ਦੇ ਸਿਰ ਬੱਝਦਾ ਹੈ।

ਸੋ, ਮੈਂ ਸਮਝਦੀ ਹਾਂ ਕਿ ਮੇਰੇ ਪਿਤਾ ਨੂੰ ਮੁੜ ਜ਼ਿੰਦਾ ਕਰਨ ਵਿੱਚ ਮੇਰੇ ਵੀਰ ਜਨਮੇਜਾ ਸਿੰਘ ਜੌਹਲ ਦਾ ਪੂਰਨ ਹੱਥ ਹੈ ਅਤੇ ਇਸ ਦੇ ਕੁਝ ਕਾਰਨ ਹਨ।

ਮੁੱਖ ਕਾਰਨ ਇਹ ਹੈ ਕਿ ਜਦੋਂ ਮੇਰੇ ਪਿਤਾ ਜਿਉਂਦੇ ਸਨ ਅਤੇ ਸਾਹਿਤਕ ਕਾਰਜ ਕਰਦੇ ਸਨ ਤਾਂ ਉਨ੍ਹਾਂ ਦਾ ਚਾਰ-ਚਾਰ ਕੰਪਿਊਟਰਾਂ ਉੱਤੇ ਕੰਮ ਚੱਲਦਾ ਸੀ। ਮੇਰੇ ਤਰਖਾਣ-ਲੁਹਾਰ-ਕਲਮਕਾਰ ਪਿਤਾ ਦਾ ਇਹੀ ਕਾਰਖਾਨਾ ਸੀ। ਅਜਿਹੇ ਵਿੱਚ ਜਨਮੇਜਾ ਜੌਹਲ ਦਾ ਕੰਪਿਊਟਰ ਵਾਲਾ ਕਮਰਾ ਵੀ ਉਨ੍ਹਾਂ ਦੀ ਠਾਹਰ ਬਣਿਆ, ਜੋ ਮੈਂ ਖ਼ੁਦ ਅੱਖੀਂ ਦੇਖਿਆ।

ਜਨਮੇਜਾ ਜੌਹਲ ਆਪਣੇ ਆਪ ਵਿੱਚ ਇੱਕ ਸੰਸਥਾ ਹੈ। ਵੈਸੇ ਇਹ ਗੱਲ ਤਾਂ ਉਸਨੂੰ ਬਹੁਤਾ ਜਾਣਨ ਵਾਲੇ ਲੋਕ ਆਖ ਸਕਦੇ ਹਨ। ਮੈਂ ਉਸਨੂੰ ਐਨਾ ਕੁ ਜਾਣਦੀ ਹਾਂ ਕਿ ਉਹ ਇਕ ਬਹੁਪਰਤੀ ਸ਼ਖ਼ਸੀਅਤ ਹੈ। ਉਹ ਬੇਪਰਵਾਹ, ਮੌਜੀ, ਪੂਰਾ ਨਿਘੋਚੀ, ਆਪਣੀ ਗੱਲ ਮੂੰਹ 'ਤੇ ਕਹਿਣ ਲਈ ਬੇਬਾਕੀ ਦੀ ਹੱਦ ਪਾਰ ਕਰ ਜਾਣ ਵਾਲਾ ਸ਼ਖ਼ਸ ਹੈ। ਇਹ ਉਸਦੇ ਸੁਭਾਅ ਦੇ ਲੱਛਣ ਹਨ, ਐਬ ਨਹੀਂ ਕਹਿੰਦੀ ਮੈਂ। ਇਹ ਉਸਦਾ ਆਲੋਚਨਾ ਅਤੇ ਵਿਰੋਧ ਕਰਨ ਦਾ ਤਰੀਕਾ ਹੈ। ਵਿਰੋਧ ਵਿਕਾਸ ਦੀ ਨਿਸ਼ਾਨੀ ਹੈ। ਕੋਈ ਮੰਨੇ ਚਾਹੇ ਨਾ ਮੰਨੇ। ਵਾਹ ਲੱਗਦੀ ਉਹ ਕੌੜੀ ਤੋਂ ਕੌੜੀ ਗੱਲ ਕਹਿ ਜਾਣ ਦੀ ਤਾਕਤ ਰੱਖਦਾ ਹੈ। ਇਹ ਗੱਲ ਉਸਨੂੰ ਵਿਲੱਖਣ ਬਣਾਉਂਦੀ ਹੈ। ਇਸੇ ਕਰਕੇ ਉਹ ਜਨਮੇਜਾ ਹੈ - ਜਨਮੇਜਾ ਜੌਹਲ।

ਇਤਿਹਾਸ ਵਿੱਚ ਇੱਕ ਰਾਜਾ ਹੋਇਆ ਹੈ - ਜਨਮੇਜਾ। ਇਹ ਉਹੀ ਹੈ ਮੁੜ ਜਨਮਿਆ - ਰਾਜੇ ਬਾਪ ਦੇ ਘਰ ਰਾਜਾ ਜਨਮੇਜਾ!

ਬੇਪਰਵਾਹੀ ਉਸਦੇ ਖ਼ੂਨ ਵਿੱਚ ਹੈ, ਫ਼ਕੀਰੀ ਉਸਦੇ ਸੁਭਾਅ

ਵਿੱਚ ਹੈ, ਸਾਦਗੀ ਉਸਦੇ ਜੀਵਨ ਵਿੱਚ ਹੈ। ਅੱਤ ਦੀ ਸਾਧਾਰਣਤਾ ਉਸਦੀ ਜੀਵਨ-ਜਾਚ ਹੈ। ਉਹ ਵਿਖਾਵੇ ਤੋਂ ਕੋਹਾਂ ਦੂਰ ਹੈ। ਉਹ ਵਿੰਗੀ-ਟੇਢੀ ਪੱਗ ਬੰਨ ਕੇ ਵੀ ਜਨਮੇਜਾ ਜੌਹਲ ਹੀ ਰਹਿੰਦਾ ਹੈ। ਉਹ ਉਧੜੀ ਹੋਈ ਪੈਂਟ ਪਾ ਕੇ ਵੀ ਪੰਜਾਬੀ ਭਵਨ ਆ ਸਕਦਾ ਹੈ। ਅਗਲੇ ਹੀ ਦਿਨ ਉਹ ਇਕੱਠੀਆਂ ਬਾਰਾਂ ਕਮੀਜ਼ਾਂ ਖ਼ਰੀਦ ਸਕਦਾ ਹੈ। ਉਹ ਜੀਨ ਪਾ ਕੇ ਲਾਲ ਕਮੀਜ਼ ਅਤੇ ਲਾਲ ਪੈੱਗ ਵੀ ਬੰਨ ਸਕਦਾ ਹੈ। ਮੇਰਾ ਵੀਰ ਐਡਾ ਸੋਹਣਾ ਲੱਗਦਾ ਫਿਰ ਕਿ ਸਿਫ਼ਤ ਕੀਤੇ ਬਗ਼ੈਰ ਰਿਹਾ ਨਹੀਂ ਜਾ ਸਕਦਾ। ਐਡੀ ਸਾਦਗੀ ਕਮਾਲ ਦੀ ਗੱਲ ਹੈ। ਅੱਜ ਦੇ ਦਿਖਾਵੇ ਵਾਲੇ ਯੁੱਗ ਵਿੱਚ ਜਨਮੇਜਾ ਜੌਹਲ ਵਾਂਗ ਜਿਉਣਾ ਬੇਮਿਸਾਲ ਹੈ।

ਜਨਮੇਜਾ ਜੌਹਲ ਦੇ ਸਾਹਿਤਕ ਪੱਖ ਦੀ ਗੱਲ ਕਰਾਂ ਤਾਂ ਉਸਦੇ ਦੱਸੇ ਅਨੁਸਾਰ ਉਹ ਘੱਟੋ-ਘੱਟ ਪੰਜਾਹ ਕਿਤਾਬਾਂ ਲਿਖ ਚੁੱਕਾ ਹੈ। ਬਹੁਤੀਆਂ ਕਿਤਾਬਾਂ ਬਾਲ-ਸਾਹਿਤ ਦੇ ਰੂਪ ਵਿੱਚ ਹਨ, ਕੁਝ ਲੇਖ ਅਤੇ ਕਹਾਣੀਆਂ ਹਨ। ਉਹਨਾਂ ਦੀਆਂ ਆਡੀਓ-ਵੀਡੀਓ ਵੀ ਬਣਾਈਆਂ ਗਈਆਂ ਹਨ। ਉਸਨੇ "ਪੈਂਤੀ ਅੱਖਰੀ" ਦੀ ਬੋਲਣ ਵਾਲੀ ਫੱਟੀ ਵੀ ਬਣਾਈ ਹੈ। ਉਸਦੀਆਂ ਜਗਦੀਆਂ-ਬੁਝਦੀਆਂ ਅੱਖਾਂ ਵਿੱਚ ਹਾਲੇ ਬਹੁਤ ਸੁਪਨੇ ਹਨ।

ਉਹ ਕੰਪਿਊਟਰ ਦਾ ਸਿਰੇ ਦਾ ਮਾਹਿਰ ਹੈ। ਅਮਰੀਕਾ ਜਾ ਕੇ ਪੜ੍ਹਨ ਵਾਲਾ ਜਨਮੇਜਾ ਉੱਥੇ ਟਿਕ ਨਹੀਂ ਸਕਿਆ। ਉਸਨੂੰ ਪੰਜਾਬ ਦੀ ਧਰਤੀ ਨਾਲ ਮੋਹ ਮੁੜ ਇੱਥੇ ਖਿੱਚ ਲਿਆਇਆ। ਉਹ ਪੁੱਜ ਕੇ ਘੁਮੱਕੜ ਹੈ। ਰਣਜੋਧ ਵੀਰੇ ਜਾਂ ਕਿਸੇ ਹੋਰ ਦਾ ਸਾਥ ਬਣਿਆ ਨਹੀਂ ਤੇ ਉਹ ਸਫ਼ਰ 'ਤੇ ਤੁਰਿਆ ਨਹੀਂ। ਅਸਲ ਵਿੱਚ ਉਹ ਤੁਰਦੀ-ਫਿਰਦੀ ਸੰਸਥਾ ਹੈ। ਉਹ ਬਹੁਤਾ ਚਿਰ ਟਿਕ ਕੇ ਇੱਕ ਥਾਂ ਨਹੀਂ ਬੈਠ ਸਕਦਾ। ਕਰਨ ਵਾਲੇ ਕੰਮ ਉਸਦੇ ਟਿਪਸ ਉੱਤੇ ਹੁੰਦੇ ਨੇ। ਕੋਈ ਉਸਨੂੰ ਕੁਝ ਕਹਿ ਨਹੀਂ ਸਕਦਾ। ਪਰ ਉਹ ਗੱਲ ਕਹਿ ਦਿੰਦਾ ਹੈ।

ਇੱਕ ਦਿਨ ਮੇਰੀ ਕਵਿਤਾ ਵਿੱਚ "ਮਨੂੰਵਾਦ" ਆ ਗਿਆ। ਉਹ

ਬਹੁਤ ਜ਼ੋਰ ਨਾਲ ਕਹਿਣ ਲੱਗਾ ਕਿ ਤੂੰ "ਮਨੂੰ ਸਿਮਰਤੀ" ਪੜ੍ਹ। ਮੈਂ ਦੁਖੀ ਹੋ ਕੇ ਕਿਹਾ ਕਿ ਵੀਰੇ, ਤੁਸੀਂ ਜਿੰਨਾ ਮਰਜ਼ੀ ਜ਼ੋਰ ਲਾ ਲਓ, ਮੈਂ ਨਹੀਂ ਪੜ੍ਹਨੀ। ਕੀ ਕਰਦਾ ਵੀਰ ਮੇਰਾ, ਚੁੱਪ ਹੋ ਗਿਆ। ਤੇ ਮੈਂ ਸੋਚਿਆ ਕਿ ਵੀਰੇ ਦੇ ਕਹਿਣ ਉੱਤੇ ਮੈਨੂੰ "ਮਨੂੰ ਸਿਮਰਤੀ" ਪੜ੍ਹ ਲੈਣੀ ਚਾਹੀਦੀ ਹੈ। ਇਹ ਖਹਿਬੜਾ-ਖਹਿਬੜੀ ਹੁੰਦੀ ਰਹਿੰਦੀ ਹੈ। ਇਹ ਅੱਜ-ਕੱਲ ਸਾਡੇ ਜੀਣ ਦਾ ਅੰਦਾਜ਼ ਬਣਿਆ ਹੋਇਆ ਹੈ।

"ਪੰਜਾਬੀ ਭਵਨ ਲੁਧਿਆਣਾ ਸਾਡੇ ਲਈ ਪਵਿੱਤਰ ਸਥਾਨ ਹੈ। ਜਨਮੇਜੇ ਵੀਰ ਦੇ ਕਦਮ ਹਰ ਰੋਜ਼ ਪਰਿਕਰਮਾ ਕਰਦੇ ਨੇ। ਸਵੇਰੇ ਆ ਜਾਣਾ, ਗੱਪ-ਸੱਪ ਮਾਰਨੀ, ਡਾ. ਗੁਲਜ਼ਾਰ ਸਿੰਘ ਪੰਧੇਰ ਨਾਲ ਯਾਰੀ ਨਿਭਾਉਣੀ, ਪਰ ਪ੍ਰਬੰਧ ਵਿੱਚ ਕੋਈ ਦਖ਼ਲ ਨਹੀਂ ਦੇਣਾ, ਥੋੜ੍ਹਾ-ਬਹੁਤ ਕੁੜਨਾ ਪਰ ਫਿਰ ਵੀ ਚੁੱਪ ਰਹਿਣਾ, ਘਰ ਦੀ ਰੋਟੀ ਖਾਣ ਦੁਪਹਿਰੇ ਘਰ ਜਾਣਾ ਤੇ ਫਿਰ ਪੰਜਾਬੀ ਭਵਨ ਆ ਜਾਣਾ। ਸੁਰਿੰਦਰ ਕੈਲੇ ਹੁਰਾਂ ਨਾਲ ਉਸ ਦੀ ਨਿੱਜੀ ਸਾਂਝ ਹੈ।

ਮੇਰੇ ਵੀ ਧੰਨਭਾਗ ਨੇ ਕਿ ਮੇਰੇ ਜੀਵਨ ਦੇ ਪਿਛਲੇ ਚਾਰ-ਪੰਜ ਵਰ੍ਹੇ ਪੰਜਾਬੀ ਭਵਨ ਨਾਲ ਬਾਵਾਸਤਾ ਹੋ ਗਏ ਨੇ। ਜਨਮੇਜੇ ਵੀਰੇ ਦੀ ਮਿੱਠੀ-ਤਿੱਖੀ ਨੋਕ-ਝੋਕ ਸਾਡੇ ਸਭ ਦੇ ਜੀਵਨ ਨੂੰ ਕੁਝ ਸਮੇਂ ਲਈ ਆਨੰਦਿਤ ਕਰੀ ਰੱਖਦੀ ਹੈ। ਅਸੀਂ ਬਹੁਤ ਕਰਮਾਂ ਵਾਲੇ ਹਾਂ ਜੋ ਇਹ ਆਨੰਦ ਮਾਣਦੇ ਹਾਂ।

ਜਨਮੇਜਾ ਜੌਹਲ ਨੇ ਬਾਕਾਇਦਾ ਕੋਈ ਨੌਕਰੀ ਨਹੀਂ ਕੀਤੀ, ਪਰੰਤੂ ਬਹੁਪਰਤੀ ਕੰਮ ਕੀਤੇ ਹਨ। ਜਿਵੇਂ ਉਹ ਕੰਪਿਊਟਰ ਦਾ ਮਾਹਿਰ ਹੈ, ਉਸ ਨੇ ਪਹਿਲਾਂ-ਪਹਿਲ ਪੰਜਾਬੀ ਦੇ ਫ਼ੌਂਟ ਬਣਾਏ ਹਨ। "ਉਸਦਾ "ਅਜੀਤ" ਵਿੱਚ ਲਗਾਤਾਰ ਛਪਦਾ ਕਾਲਮ ਹੈ, ਜਿਸਦੀ ਪਾਠਕ ਉਡੀਕ ਕਰਦੇ ਹਨ। ਜਨਮੇਜਾ ਜੌਹਲ ਵੀਰ ਪਬਲਿਸ਼ਰ ਵੀ ਹੈ ਅਤੇ ਕਿਤਾਬਾਂ ਛਾਪਣ ਦੇ ਗੁਰ ਉਸ ਕੋਲ ਹਨ। ਉਸਨੇ ਹੀ ਪਹਿਲਾਂ-ਪਹਿਲ ਸੁਰਜੀਤ ਪਾਤਰ ਹੁਰਾਂ ਦੀ ਪੁਸਤਕ "ਹਵਾ ਵਿੱਚ ਲਿਖੇ ਹਰਫ਼" ਛਾਪੀ ਸੀ।

ਮਤਲਬ ਕਿ ਉਹ ਪਬਲਿਸ਼ਰ ਵੀ ਹੈ - ਤੁਰਦਾ-ਫਿਰਦਾ ਪਬਲਿਸ਼ਰ

ਜਿਵੇਂ ਕਿ ਸਾਰੇ ਜਾਣਦੇ ਹਨ ਕਿ ਆਪਣੀ ਪਤਨੀ ਪਿੰਕੀ ਜੌਹਲ ਦੇ ਨਾਂ ਉੱਤੇ ਉਸਨੇ ਲੁਧਿਆਣਾ ਵਿਖੇ "ਪਿੰਕੀ ਹਰਬਲ ਗਾਰਡਨ" ਬਣਾਇਆ ਹੈ। ਉਹ ਉਸਦੀ ਸਿਹਤਯਾਬੀ ਦਾ ਸਬੱਬ ਵੀ ਹੈ ਅਤੇ ਸਮਾਜ ਲਈ ਵੀ ਲਾਹੇਵੰਦ ਸਾਬਤ ਹੋਵੇਗਾ।

ਮੈਂ ਖੁੱਲ੍ਹੀਆਂ ਗੱਲਾਂ ਕੀਤੀਆਂ ਨੇ। ਮੈਂ ਆਲੋਚਨਾ ਨਹੀਂ ਕੀਤੀ, ਬੱਸ ਸੱਚ ਲਿਖਿਆ ਜੋ ਮੈਂ ਅਕਸਰ ਦੇਖਦੀ ਹਾਂ। ਉਹ ਨੈਗੇਟਿਵ ਫੀਡਬੈਕ ਦੇ ਮਹੱਤਵ ਨੂੰ ਸਮਝਦਾ ਹੈ ਅਤੇ ਛਿੱਲ-ਤਰਾਸ਼ ਕੇ ਦੂਜੇ ਦੀ ਘਾੜਤ ਕਰਨੀ ਵੀ ਜਾਣਦਾ ਹੈ। ਇਹ ਵੱਖਰੀ ਗੱਲ ਹੈ ਕਿ ਜਨਮੇਜੇ ਵੀਰ ਵਰਗੇ ਉਮਰ-ਦਰਾਜ਼ ਲੋਕਾਂ ਦੀ ਗੱਲ ਨੂੰ ਸੁਣਨ, ਸਮਝਣ ਅਤੇ ਮੰਨਣ ਵਾਲੇ ਲੋਕਾਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਹੈ। ਸ਼ਾਇਦ ਉਹ ਕਦੇ-ਕਦੇ ਵੱਧ ਉਲਾਰ ਹੋ ਕੇ ਗੱਲ ਕਹਿ ਜਾਂਦਾ ਹੋਵੇ। ਖ਼ੈਰ, ਕੋਈ ਗੱਲ ਨਹੀਂ। ਕਹਾਵਤ ਹੈ ਨਾ ਕਿ ਆਉਲੇ ਦਾ ਖਾਧਾ ਅਤੇ ਸਿਆਣੇ ਦਾ ਕਿਹਾ ਮਗਰੋਂ ਪਤਾ ਲੱਗਦਾ ਹੈ। ਸਾਨੂੰ ਸਿਆਣੇ ਬੰਦੇ ਦੀ ਗੱਲ ਕੰਨ ਧਰ ਕੇ ਸੁਣ ਲੈਣੀ ਚਾਹੀਦੀ ਹੈ। ਇਹ ਸਤਰਾਂ ਲਿਖਦੀ-ਲਿਖਦੀ ਮੈਂ ਆਪਣੇ ਆਪ ਨੂੰ ਵੀ ਆਖ ਰਹੀ ਹਾਂ।

ਮੇਰੇ ਪਿਤਾ ਨਾਲ ਸਨੇਹ ਅਤੇ ਸੰਬੰਧਾਂ ਦੀ ਗੱਲ ਮੈਂ ਸ਼ੁਰੂ ਵਿੱਚ ਕਰ ਆਈ ਹਾਂ। ਇੱਕ ਗੱਲ ਬਹੁਤ ਮਿਆਰੀ ਅਤੇ ਪਿਆਰੀ ਹੈ ਕਿ ਪਾਪਾ ਦੀ ਕਮਾਲ ਦੀ ਮੌਲਿਕ ਕਾਵਿ-ਪੁਸਤਕ "ਪ੍ਰੋਟੋਨ" ਦੀ ਭੂਮਿਕਾ ਮੇਰੇ ਜਨਮੇਜਾ ਜੌਹਲ ਵੀਰ ਨੇ ਲਿਖੀ ਹੋਈ ਹੈ। ਉਸ ਵਿਚਲੀਆਂ ਕੁਝ ਕਵਿਤਾਵਾਂ ਮੈਂ ਰੂਹਦਾਰੀ ਨਾਲ ਪੜ੍ਹਦੀ ਹਾਂ, ਜਦੋਂ ਪਠਨ ਕਰਦੀ ਹਾਂ। ਉਸ ਪੁਸਤਕ ਦੀ ਭੂਮਿਕਾ "ਇਤਿਹਾਸ ਨਾਲ ਜੋੜ" ਵਿੱਚ ਉਹ ਲਿਖਦਾ ਹੈ, "ਆਤਮ ਹਮਰਾਹੀ ਬਹੁਤ ਹੀ ਤਿੱਖੀ ਸੁਰ ਦਾ ਕਵੀ ਹੈ। ਉਹ ਆਪਣੀ ਕਵਿਤਾ ਵਿੱਚ ਕਿਸੇ ਨੂੰ ਨਹੀਂ ਬਖ਼ਸ਼ਦਾ।" ਉਹ ਲਿਖਦਾ ਹੈ,

"ਸੱਚ ਦੀ ਬੀੜ ਦੇ ਅੱਖਰ

ਸਿਦਕ ਦੇ ਅੰਨਆਂ ਤੋਂ ਪੜ੍ਹੇ ਨਹੀਂ ਜਾਂਦੇ
ਸੱਚ ਉਘਾੜਨ ਤੇ ਕੁਫ਼ਰ ਤੋੜਨ ਲਈ
ਨਾਨਕ ਤੇ ਲੂਥਰ ਦਾ ਹੌਂਸਲਾ ਚਾਹੀਏ।"

ਸੋ, ਉਸੇ ਹਮਰਾਹੀ ਦੀ ਧੀ ਹਾਂ ਜੋ ਆਪਣੀ ਆਤਮਾ ਦਾ ਰਾਹੀ ਸੀ, ਰਾਹੀ ਹੈ।

ਮੈਂ ਮਨਦੀਪ ਹਮਰਾਹੀ ਬਨਾਮ ਮਨਦੀਪ ਕੌਰ ਭੰਮਰਾ ਹਾਂ ਆਤਮ ਹਮਰਾਹੀ ਦੇ ਸਮਕਾਲੀ ਜਨਮੇਜਾ ਸਿੰਘ ਜੌਹਲ ਦੀ ਸਮਕਾਲੀ! ਪਰਮਾਤਮਾ ਅੱਗੇ ਦੁਆ ਕਰਦੀ ਹਾਂ ਕਿ ਸਾਡੀ ਇਹ ਸਮਕਾਲਤਾ ਚਿਰੰਜੀਵੀ ਹੋਵੇ!

ਸਮੇਂ ਦੇ ਸਫ਼ਰ ਵਿੱਚ ਜਨਮੇਜਾ ਜੌਹਲ ਅਜਿਹਾ ਤੁਰਿਆ ਹੈ ਕਿ ਉਸਦਾ ਨਾਮ ਜਨਮੇਜਾ ਦੂਜੇ ਦੇ ਨਾਂ ਵਾਂਗ ਇਤਿਹਾਸ ਵਿੱਚ ਸਦਾ ਚਮਕਦਾ ਰਹੇਗਾ। ਇਹ ਗੱਲ ਉਸਦੇ ਵਿਰੋਧੀ ਵੀ ਜਾਣਦੇ ਹਨ, ਮੰਨਣ ਭਾਵੇਂ ਨਾ। ਪਰ ਮੈਂ ਮੰਨਦੀ ਹਾਂ, ਕਿਉਂਕਿ ਜਨਮੇਜਾ ਮੇਰਾ ਧਰਮ ਦਾ ਵੀਰ ਹੈ, ਚੰਗਾ ਸਲਾਹਕਾਰ, ਦੂਰਅੰਦੇਸ਼ ਸਾਹਿਤਕਾਰ ਅਤੇ ਇਖ਼ਲਾਕੀ ਸ਼ਖ਼ਸ ਹੈ।

ਸ਼ਿਵਮੰ ਸੱਤਿਅਮ ਸੁੰਦਰਮੰ।
ਮੈਂ ਇਸ ਨੂੰ ਇੰਜ ਹੀ ਲਿਖਿਆ ਹੈ।

***

# ਪੰਜਾਬੀ ਸਾਹਿਤ ਦਾ ਰਮਤਾ ਜੋਗੀ

## ਮਨਜੀਤ ਬੋਪਾਰਾਏ, ਬ੍ਰਿਸਬੇਨ

ਬਹੁਪੱਖੀ ਸ਼ਖ਼ਸੀਅਤ ਜਨਮੇਜਾ ਸਿੰਘ ਜੌਹਲ ਪੰਜਾਬੀ ਸਾਹਿਤ ਦਾ ਉਹ ਰਮਤਾ ਜੋਗੀ ਹੈ, ਜਿਸ ਦੀ ਬਗਲੀ ਵਿੱਚ ਕਲਾ ਅਤੇ ਸਾਹਿਤ ਦੀਆਂ ਅਨੇਕਾਂ ਵੰਨਗੀਆਂ ਉਸਦੀ ਜੀਵਨ-ਭਰ ਦੀ ਕਮਾਈ ਵਜੋਂ ਸਾਂਭੀਆਂ ਪਈਆਂ ਹਨ।

ਉਸਦੀ ਖੋਜੀ, ਘੁਮੱਕੜ ਅਤੇ ਕਿਰਿਆਸ਼ੀਲ ਬਿਰਤੀ ਕਾਰਨ ਉਸਦੀਆਂ ਲਿਖਤਾਂ ਅਤੇ ਹਵਾਲਿਆਂ ਵਿੱਚ ਕਿਤਾਬੀ ਜਾਣਕਾਰੀ ਦੀ ਬਜਾਏ ਹਮੇਸ਼ਾ ਜੀਵਨ ਦੇ ਠੋਸ ਤਜਰਬੇ ਅਤੇ ਤਲਖ਼ ਹਕੀਕਤਾਂ ਰੂਪਮਾਨ ਹੋਇਆ ਕਰਦੀਆਂ ਹਨ।

ਮੈਨੂੰ ਪਹਿਲੀ ਮਿਲਣੀ ਤੋਂ ਹੀ ਉਸਦੀ ਗੰਭੀਰ ਮੁਸਕਾਨ, ਬੌਧਿਕ ਤਨਜ਼ ਅਤੇ ਮਿਲਾਪੜੀ ਤਬੀਅਤ ਨੇ ਬਹੁਤ ਪ੍ਰਭਾਵਿਤ ਕੀਤਾ ਸੀ। ਜਨਮੇਜਾ ਸਿੰਘ ਜੌਹਲ ਦਾ ਬਹੁਤਾ ਸਮਾਂ ਸ਼ਹਿਰੀ ਜੀਵਨ ਦੀ ਘੜਮੱਸ ਵਿੱਚ ਬੀਤਿਆ ਹੈ, ਪਰ ਉਹਦੇ ਵਿੱਚ ਅੰਤਾਂ ਦੀ ਸਾਦਗੀ, ਸਹਿਜਤਾ ਅਤੇ ਇਕਾਗਰਤਾ ਹਰ ਮੁਲਾਕਾਤੀ 'ਤੇ ਇਕ ਅਲੱਗ ਹੀ ਅਸਰ ਛੱਡਦੀ ਹੈ।

ਜੌਹਲ ਪਰਿਵਾਰ ਭਾਰਤ ਦਾ ਨਾਮਵਰ ਪਰਿਵਾਰ ਹੈ, ਜਿਸਦਾ ਦਾਇਰਾ ਕੇਂਦਰੀ ਸਿਆਸਤ, ਉੱਚ ਵਿਦਿਅਕ ਅਦਾਰਿਆਂ ਅਤੇ ਆਰਥਿਕ ਨੀਤੀ-ਘਾੜਿਆਂ ਤੱਕ ਫੈਲਿਆ ਹੋਇਆ ਹੈ। ਜਨਮੇਜਾ ਸਿੰਘ ਜੌਹਲ ਦੀ ਬਹੁਪੱਖੀ ਸ਼ਖ਼ਸੀਅਤ ਨੂੰ ਘਰ ਦੇ ਮਾਹੌਲ ਨੇ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਉਸਦੀ ਸੋਚ ਨੂੰ ਤਰਾਸ਼ਣ ਵਿੱਚ ਜੌਹਲ ਪਰਿਵਾਰ ਦੀ ਵਿਸ਼ਵ-ਪੱਧਰੀ ਭੂਮਿਕਾ ਦਾ ਵੀ ਬਹੁਤ ਵੱਡਾ ਯੋਗਦਾਨ ਹੈ।

ਜਨਮੇਜਾ ਸਿੰਘ ਜੌਹਲ ਖਪਤੀ ਸਭਿਆਚਾਰ ਅਤੇ ਉਤਪਾਦਕੀ ਸਮੀਕਰਨਾਂ ਦੇ ਦਰਮਿਆਨ ਮਨੁੱਖੀ ਕਦਰਾਂ- ਕੀਮਤਾਂ ਨਾਲ ਲਬਰੇਜ਼ ਇਕ ਬਹੁਤ ਹੀ ਸਾਦਾ, ਪਰ ਚਿੰਤਨਸ਼ੀਲ ਵਿਅਕਤੀ ਹੈ।

ਪਹਿਲਾਂ-ਪਹਿਲ ਉਸਦਾ ਨਾਮ “ਅਜੀਤ” ਅਖ਼ਬਾਰ ਦੇ ਇਕ ਸੰਖੇਪ ਜਿਹੇ ਲੜੀਵਾਰ ਕਾਲਮ ਨਾਲ ਮਸ਼ਹੂਰ ਹੋਇਆ ਸੀ। ਹਰ ਸਾਧਾਰਣ ਪਾਠਕ ਵੀ ਜਨਮੇਜਾ ਸਿੰਘ ਜੌਹਲ ਦੁਆਰਾ ਪੇਸ਼ ਕੀਤੀਆਂ ਤਸਵੀਰਾਂ ਨੂੰ ਗਹੁ ਅਤੇ ਉਤਸੁਕਤਾ ਨਾਲ ਵੇਖਿਆ ਕਰਦਾ ਸੀ। ਉਸ ਨੂੰ ਫੋਟੋਗਰਾਫ਼ੀ ਦਾ ਸ਼ੌਕ ਜਵਾਨੀ ਤੋਂ ਹੀ ਸੀ। ਉਸਦਾ ਕਾਲਮ ਉਸਦੀ ਪੂਰੇ ਵਿਸ਼ਵ ਵਿੱਚ ਪਹਿਚਾਣ ਬਣ ਚੁੱਕਾ ਹੈ। ਪੰਜਾਬ ਦੇ ਪੇਂਡੂ ਜੀਵਨ ਦੀਆਂ ਝਲਕੀਆਂ ਨੂੰ ਕੈਮਰੇ ਵਿੱਚ ਕੈਦ ਕਰਕੇ ਉਸਨੇ ਇਕ ਅਮੀਰ ਵਿਰਾਸਤ ਸਾਂਭੀ ਹੋਈ ਹੈ।

ਇਕ ਬਹੁਤ ਹੀ ਉੱਚ-ਪੱਧਰੀ ਸਿੱਖਿਆ ਵਾਲੇ ਪਰਿਵਾਰ ਵਿੱਚ ਜਨਮੇ ਜਨਮੇਜਾ ਸਿੰਘ ਦਾ ਪਰਿਵਾਰਕ ਮਾਹੌਲ ਅਤੇ ਦੋਸਤੀ ਦਾ ਦਾਇਰਾ ਬਹੁਤ ਹੀ ਵਿਸ਼ਾਲ, ਵਿਗਿਆਨਕ ਅਤੇ ਰਾਜਨੀਤਕ ਤੌਰ 'ਤੇ ਮਹੱਤਵਪੂਰਨ ਹੈ। ਉਸਦੀ ਮਾਨਸਿਕਤਾ ਅਤੇ ਸੋਚ ਇਸ ਕਰਕੇ ਹੀ ਪੰਜਾਬ ਦੇ ਖੇਤਰੀ ਹਾਸ਼ੀਏ ਤੱਕ ਸੀਮਤ ਨਹੀਂ ਹੈ। ਸੱਤਰਵਿਆਂ ਵਿੱਚ ਉਹ ਅਮਰੀਕਾ ਵਿੱਚ ਪੜ੍ਹ ਕੇ ਵੀ ਪਰਵਾਸੀ ਨਹੀਂ ਹੋਇਆ, ਸਗੋਂ ਆਪਣੀਆਂ ਜੜ੍ਹਾਂ ਨਾਲ ਜੁੜਿਆ ਰਿਹਾ। ਇਸ ਕਰਕੇ ਉਸਨੇ ਪੜ੍ਹਾਈ ਪੂਰੀ ਕਰਕੇ ਵਤਨ ਪਰਤਣ ਦਾ ਫ਼ੈਸਲਾ ਲਿਆ।

ਇਕ ਸਾਹਿਤਕਾਰ ਵਜੋਂ ਉਹ ਕਵਿਤਾਵਾਂ, ਰੁਬਾਈਆਂ, ਕਹਾਣੀਆਂ, ਬਾਲ-ਸਾਹਿਤ, ਵਿਅੰਗ ਅਤੇ ਜਾਣਕਾਰੀ ਭਰਪੂਰ ਲੇਖ ਲਿਖਦਾ ਹੈ। ਉਸਦੀਆਂ ਦਰਜਨਾਂ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਪੰਜਾਬੀ ਦੇ ਨਾਮਵਰ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿੱਚ ਉਸਦੇ ਕਾਲਮ ਆਮ ਹੀ ਛਪਦੇ ਰਹਿੰਦੇ ਹਨ।

ਪੰਜਾਬੀ ਭਾਸ਼ਾ ਲਈ ਇੰਟਰਨੈੱਟ ਦੇ ਦੌਰ ਵਿੱਚ ਉਸਦੇ ਕਾਰਜ ਬਹੁਤ ਹੀ ਮਹੱਤਵਪੂਰਨ ਹਨ। ਪੰਜਾਬੀ ਭਾਸ਼ਾ ਨੂੰ ਨਵੇਂ ਸੰਚਾਰ ਯੁੱਗ ਨਾਲ ਜੋੜਨ ਲਈ ਉਸਨੇ ਵੱਖ-ਵੱਖ ਸੌਫਟਵੇਅਰ ਤਿਆਰ ਕੀਤੇ ਹਨ। ਲਿੱਪੀ ਦੇ ਖੇਤਰ ਵਿੱਚ ਉਹਦਾ ਕੰਮ ਬਹੁਤ ਹੀ ਸਾਰਥਕ ਅਤੇ

ਸ਼ਲਾਘਾਯੋਗ ਹੈ।

ਜਨਮੇਜਾ ਸਿੰਘ ਜੌਹਲ ਬਹੁਤ ਹੀ ਊਰਜਾ-ਭਰਪੂਰ, ਅਗਾਂਹਵਧੂ ਅਤੇ ਸਕਾਰਾਤਮਕ ਸੋਚ ਦਾ ਮਾਲਕ ਹੈ। ਆਪਣੀ ਧਰਮ-ਪਤਨੀ ਦੇ ਸਦੀਵੀ ਵਿਛੋੜੇ ਤੋਂ ਬਾਅਦ ਉਹ ਤਿੜਕਿਆ ਜਾਂ ਬਿਖਰਿਆ ਨਹੀਂ, ਸਗੋਂ ਆਪਣੀ ਪਤਨੀ ਦੀ ਯਾਦ ਵਿੱਚ ਉਸਨੇ "ਪਿੰਕੀ ਹਰਬਲ ਗਾਰਡਨ ਦੇ ਰੂਪ ਵਿੱਚ ਕੁਦਰਤ ਨਾਲ ਇਕ ਵਿਲੱਖਣ ਰਿਸ਼ਤਾ ਸਿਰਜ ਲਿਆ ਹੈ। ਉਸ ਦੁਆਰਾ ਚਲਾਇਆ ਜਾ ਰਿਹਾ ਬਗੀਚਾ ਭਾਂਤ-ਭਾਂਤ ਦੇ ਪੌਦਿਆਂ ਅਤੇ ਫੁੱਲਾਂ ਕਾਰਨ ਚਰਚਾ ਦਾ ਕੇਂਦਰ ਬਣਿਆ ਹੋਇਆ ਹੈ। ਉਸਨੇ ਕੁਦਰਤੀ ਤਰੀਕਿਆਂ ਨਾਲ ਫੁੱਲਾਂ ਅਤੇ ਪੌਦਿਆਂ ਨੂੰ ਤਿਆਰ ਕਰਨ ਦੇ ਯਤਨਾਂ ਨਾਲ ਨਵੀਆਂ ਸੰਭਾਵਨਾਵਾਂ ਪੈਦਾ ਕੀਤੀਆਂ ਹਨ।

ਜਨਮੇਜਾ ਸਿੰਘ ਦੀ ਹਰ ਵੇਲੇ ਉਤਸ਼ਾਹੀ ਤਬੀਅਤ ਅਤੇ ਖੋਜੀ ਬਿਰਤੀ ਉਸ ਨੂੰ ਨਿੱਤ ਨਵੇਂ ਰਾਹਾਂ ਦਾ ਪਾਂਧੀ ਬਣਾਈ ਰੱਖਦੀ ਹੈ। ਉਹ ਨਿਰੰਤਰ ਸ਼ਬਦ-ਸਿਰਜਣ ਪ੍ਰਕਿਰਿਆ ਅਤੇ ਸਮਾਜਿਕ ਗਤੀਵਿਧੀਆਂ ਨਾਲ ਜੁੜਿਆ ਰਹਿੰਦਾ ਹੈ। ਸਰੀਰਕ ਨਿਰੋਗਤਾ ਲਈ ਉਸਦੇ ਦੇਸੀ ਨੁਸਖ਼ੇ ਅਤੇ ਕੁਦਰਤ ਦੇ ਦਾਇਰੇ ਵਿੱਚ ਰਹਿੰਦਿਆਂ ਕੀਤੇ ਉਪਾਅ ਬਹੁਤ ਪ੍ਰਭਾਵਸ਼ਾਲੀ ਹਨ।

ਜਨਮੇਜਾ ਮੇਰੇ ਘਰ ਦੋ ਵਾਰ ਆਸਟ੍ਰੇਲੀਆ ਆ ਚੁੱਕਿਆ ਹੈ ਅਤੇ ਸਾਡੀ ਅਕਸਰ ਗੱਲਬਾਤ ਹੁੰਦੀ ਰਹਿੰਦੀ ਹੈ। ਉਸਦਾ ਬੇਟਾ ਮੈਲਬੌਰਨ ਰਹਿੰਦਾ ਹੈ, ਇਸ ਕਰਕੇ ਉਸਦੇ ਸਾਡੇ ਕੋਲ ਗੇੜੇ ਲੱਗਦੇ ਰਹਿਣਗੇ।

ਇਹਨਾਂ ਸ਼ਬਦਾਂ ਨਾਲ ਉਸਦੀ ਨਵੀਂ ਆ ਰਹੀ ਪੁਸਤਕ ਲਈ ਮੇਰੇ ਵੱਲੋਂ ਤਹਿ ਦਿਲੋਂ ਮੁਬਾਰਕਾਂ ਹਨ।

***

# ਮੈਂ ਉਸਦਾ ਮੁਰੀਦ ਹੋ ਗਿਆ।
# ਮਨਮੋਹਣ ਸਿੰਘ ਗਰੇਵਾਲ,
# ਅਮਰੀਕਾ

ਇੱਕ ਰੁੱਖੇ ਅਤੇ ਅਲੱਗ ਜਿਹੇ ਸੁਭਾਅ ਦੇ ਬੰਦੇ ਨੂੰ ਮੈਂ ਪਹਿਲੀ ਵਾਰ 1978 ਵਿੱਚ ਮਿਲਿਆ, ਜਦੋਂ ਮੈਂ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ। ਨਾਮ ਵੀ ਨਿਵੇਕਲਾ ਸੀ - ਜਨਮੇਜਾ ਸਿੰਘ ਜੌਹਲ।

ਉਸ ਦੇ ਬਹੁਤ ਸ਼ੌਕ ਸਨ ਬਾਹਰਲੇ ਦੇਸ਼ਾਂ ਦੇ ਸਿੱਕੇ, ਨੋਟ ਅਤੇ ਡਾਕ-ਟਿਕਟਾਂ ਇਕੱਠੀਆਂ ਕਰਨ ਦਾ, ਫੋਟੋਗਰਾਫ਼ੀ ਦਾ, ਕਹਾਣੀ, ਕਵਿਤਾ ਅਤੇ ਲੇਖ ਲਿਖਣ ਦਾ, ਬਾਗਬਾਨੀ ਦਾ, ਸ਼ਤਰੰਜ ਦਾ, ਨੁਮਾਇਸ਼ਾਂ ਲਾਉਣ ਦਾ ਅਤੇ ਹੋਰ ਪਤਾ ਨਹੀਂ ਕੀ-ਕੀ!

ਉਸ ਨਾਲ ਅਕਸਰ ਵਿਦਿਆਰਥੀ ਭਵਨ ਵਿੱਚ ਸ਼ਤਰੰਜ ਖੇਡਣ ਦਾ ਮੌਕਾ ਮਿਲਦਾ। ਰੌਇਲ ਐਨਫ਼ੀਲਡ ਮੋਟਰਸਾਈਕਲ 'ਤੇ ਡੀਜ਼ਲ ਇੰਜਣ ਰੱਖਵਾ ਕੇ ਹੌਲੀ-ਹੌਲੀ ਦੁਗ਼-ਦੁਗ਼ ਕਰਦਾ ਉਹ ਮਸਤ ਤੇ ਮਠਾ ਜਿਹਾ ਕੋਲੋਂ ਦੀ ਲੰਘਦਾ, ਪਰ ਉਹ ਮੌਲੇ ਸੁਭਾਅ ਦਾ ਹਰ-ਫ਼ਨ-ਮੌਲਾ ਕਦੇ ਕਾਹਲੀ ਵਿੱਚ ਨਾ ਦਿਸਦਾ। ਕਦੇ ਵੀ ਫੁਕਰਾ ਨਾ ਲੱਗਦਾ ਤੇ ਨਾ ਹੀ ਫੁਕਰੀਆਂ ਮਾਰਦਾ। ਘੱਟ ਬੋਲਦਾ ਤੇ ਮਿਣ-ਤੋਲ ਕੇ ਬੋਲਦਾ।

ਫਿਰ ਸੁਣਿਆ ਕਿ ਉਹ ਐਮ ਪੀ ਦੀ ਚੋਣ ਲੜੇਗਾ। ਉਦੋਂ ਉਸ ਦੇ ਸੁਭਾਅ ਬਾਰੇ ਸੋਚਦੇ ਰਹਿਣਾ। ਅਸੀਂ ਪੇਂਡੂ ਵਿਦਿਆਰਥੀ ਸੀ। ਉਸ ਦੇ ਹਰ ਤਰ੍ਹਾਂ ਦੇ ਸ਼ੌਕਾਂ ਤੋਂ ਲੱਗਣਾ ਕਿ ਉਹ ਬਹੁਤ ਕੁਝ ਸਮਾਈ ਬੈਠਾ ਹੈ ਤੇ ਹਰ ਪਾਸੇ ਪਰਿਵਰਤਨ ਅਤੇ ਜਾਗ੍ਰਿਤੀ ਲਿਆਉਣਾ ਚਾਹੁੰਦਾ ਹੈ।

ਬੀ ਐੱਸ ਸੀ ਕਰਨ ਸਾਰ 1983 ਵਿੱਚ ਮੈਂ ਲਾਇਬੇਰੀਆ ਚਲਾ ਗਿਆ। 1989 ਵਿੱਚ ਵਿਆਹ ਕਰਵਾ ਕੇ ਇੰਗਲੈਂਡ ਅਤੇ ਕੈਨੇਡਾ ਰਹਿ ਕੇ 1996 ਵਿੱਚ ਯੂਟਾ ਦੇ ਸ਼ਹਿਰ ਸਾਲਟ ਲੇਕ ਸਿਟੀ ਆ ਕੇ ਪਰਿਵਾਰ

ਸਮੇਤ ਅਸੀਂ ਪੱਕੇ ਵੱਸ ਗਏ।

ਫੇਸਬੁੱਕ ਅਤੇ ਵਟਸਐਪ ਆਦਿ ਦਾ ਜ਼ਮਾਨਾ ਆਇਆ ਤਾਂ ਮੁੜ ਸਭ ਨਾਲ ਜੁੜਨ ਦਾ ਸਬੱਬ ਬਣਿਆ। 2011-12 ਵਿੱਚ ਬਹੁਤ ਸਾਲਾਂ ਬਾਅਦ ਮੈਂ ਮੁੜ ਵਤਨੀਂ ਆਇਆ, ਬਾਦਲਾਂ ਦੇ ਐਨ ਆਰ ਆਈ ਸੰਮੇਲਨ 'ਤੇ।

ਉਸ ਤੋਂ ਪਹਿਲਾਂ ਜਦੋਂ ਵੀ ਮੌਕਾ ਮਿਲਦਾ ਤਾਂ ਅਖ਼ਬਾਰਾਂ, ਰਸਾਲਿਆਂ ਤੇ ਮੈਗਜ਼ੀਨਾਂ ਵਿੱਚ ਉਸਦਾ ਨਾਮ ਦੇਖਦੇ ਹੀ ਆਕਰਸ਼ਿਤ ਹੋ ਕੇ ਉਸ ਦੇ ਕੁਦਰਤ ਨਾਲ, ਬਨਸਪਤੀ ਨਾਲ, ਜੀਵ-ਜੰਤੂਆਂ ਨਾਲ, ਸੰਸਾਰਿਕ ਅਤੇ ਸਮਾਜ ਪ੍ਰਤੀ ਲਿਖੇ ਅਨਮੋਲ ਸ਼ਬਦ, ਸੁਨੇਹੇ ਅਤੇ ਵਿਚਾਰਾਂ ਭਰਪੂਰ ਲਿਖਤਾਂ ਪੜ੍ਹਾਈਆਂ ਤੇ ਫ਼ੋਟੋਆਂ ਦੇਖਣੀਆਂ।

ਬਿਨਾਂ ਕਿਸੇ ਨਾਮ-ਸ਼ੋਹਰਤ (ਨੇਮ ਐਂਡ ਫ਼ੇਮ) ਦੇ ਸਮਾਜ ਪ੍ਰਤੀ ਕੰਮ ਕਰਨਾ, ਜ਼ਿੰਮੇਵਾਰੀਆਂ ਨਿਭਾਉਣੀਆਂ, ਵੰਡਣਾ, ਗ਼ਰੀਬਾਂ, ਦੁਖਿਆਰਿਆਂ ਅਤੇ ਲਾਚਾਰਾਂ ਲਈ ਪੁੰਨ-ਦਾਨ ਦੇ ਕੰਮ ਕਰਨੇ, ਬੂਟੇ ਅਤੇ ਪਨੀਰੀਆਂ ਵੰਡਣੀਆਂ, ਔਰਗੈਨਿਕ ਚੀਜ਼ਾਂ ਲੱਭਣੀਆਂ ਤੇ ਵੰਡਣੀਆਂ, ਕਿਤਾਬਾਂ ਵੰਡਈਆਂ, ਫਿਰ ਸਾਰਿਆਂ ਤੋਂ ਪਹਿਲਾਂ ਪੰਜਾਬੀ ਦੇ ਫ਼ੌਂਟ ਤਿਆਰ ਕਰਨੇ ਅਤੇ ਵੰਡਣੇ, ਫੱਟੀਆਂ ਅਤੇ ਕਾਇਦੇ ਵੰਡਣੇ, ਕੰਬਲ ਵੰਡਣੇ ਨਾ ਕੋਈ ਫੋਟੋ, ਨਾ ਖ਼ਬਰ, ਨਾ ਅਖ਼ਬਾਰ ਦਾ ਚਾਅ, ਨਾ ਜ਼ਿਕਰ। ਇਹ ਉਸਦੀ ਫ਼ਿਤਰਤ ਹੀ ਲੱਗਈ।

ਮੈਂ ਜਿਸ ਨੂੰ ਢਿੱਲੀ ਜਿਹੀ ਪੱਗ ਵਾਲਾ ਰੁੱਖਾ ਜਿਹਾ ਕਾਮਰੇਡ ਸਮਝਦਾ ਸੀ, ਮੈਨੂੰ ਉਸ ਵਿੱਚੋਂ ਨਾਨਕ ਦਾ ਮਸੀਹਾ ਨਜ਼ਰ ਆਉਣ ਲੱਗਿਆ। ਉਸ ਗੁਣਾਂ ਦੀ ਗੁਠਲੀ ਵਿੱਚੋਂ ਮੈਨੂੰ ਭਗਤ ਪੂਰਨ ਸਿੰਘ ਨਜ਼ਰ ਆਇਆ। ਮੈਂ ਉਸਦਾ ਮੁਰੀਦ ਹੋ ਗਿਆ।

ਉਸਦੇ ਹਰਬਲ ਗਾਰਡਨ ਲਈ ਯੂਟਾ ਤੋਂ ਮਿੱਟੀ ਲੈ ਕੇ ਗਿਆ। ਪੰਜਾਬ ਫੇਰੀ 'ਤੇ ਮੈਂ ਖ਼ਾਸ ਤੌਰ 'ਤੇ ਜਨਮੇਜਾ ਜੀ ਨੂੰ ਮਿਲਣ ਆਇਆ ਤੇ ਪਿੰਕੀ ਭਾਬੀ ਜੀ ਨੂੰ ਪਹਿਲੀ ਅਤੇ ਆਖ਼ਰੀ ਵਾਰ ਮਿਲਿਆ।

ਅਗਲੀ ਫੇਰੀ 'ਤੇ ਮੇਰੇ ਇੱਕ ਦੋਸਤ ਨੇ ਹੁਸ਼ਿਆਰਪੁਰ ਫ਼ਿਲਮ ਦੀ ਸ਼ੂਟਿੰਗ 'ਤੇ ਮੈਨੂੰ ਬੁਲਾਇਆ। ਮੈਂ ਜਲੰਧਰ ਤੋਂ ਜਾਣਾ ਸੀ, ਪਰ ਮੈਂ ਸੋਚਿਆ ਚੰਗਾ ਹੋਵੇਗਾ ਜੇ ਅੱਜ ਜਨਮੇਜਾ ਜੀ ਨਾਲ ਵੀ ਸਮਾਂ ਬਿਤਾਇਆ ਜਾਵੇ। ਸੋ, ਉਹ ਮੇਰੀ ਬੇਨਤੀ ਮੰਨ ਗਏ ਤੇ ਅਸੀਂ ਉਸ ਦਿਨ ਪਹਿਲੀ ਵਾਰੀ ਬਹੁਤ ਸਮਾਂ ਇਕੱਠਿਆਂ ਲੰਘਾਇਆ।

ਮੈਂ ਕੀ ਲਿਖ ਸਕਦਾ ਹਾਂ ਉਸ ਇਨਸਾਨ ਲਈ, ਜਿਸ ਨੂੰ ਇਮਾਨਦਾਰੀ, ਸਾਦਗੀ ਅਤੇ ਸਿਆਣਪ ਵਿਰਸੇ ਵਿੱਚ ਮਿਲੀ ਹੋਵੇ, ਜਿਸ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਰਗ-ਰਗ ਵੱਸਦੀ ਹੋਵੇ, ਜਿਸ ਦੀ ਕਹਿਣੀ ਵਿੱਚ ਵਜ਼ਨ ਹੋਵੇ, ਕਥਈ ਵਿੱਚ ਕਰਨੀ ਹੋਵੇ, ਫ਼ਕੀਰਾਂ ਵਾਲਾ ਸੁਭਾਅ ਹੋਵੇ, ਫੱਕਰਾਂ ਵਾਲਾ ਲਿਬਾਸ ਹੋਵੇ, ਪਰ ਅਸੂਲੀ ਮਹਾਰਾਜਿਆਂ ਵਾਲੇ ਫ਼ਰਜ਼ ਹੋਏ ਕਾਸ਼! ਉਹ ਸਿਆਸਤ ਵਿੱਚ ਆਉਂਦੇ ਤੇ ਕੁਝ ਸੁਧਾਰ ਕਰਦੇ।

ਬਰਫ਼ ਦਾ ਤੋਦਾ ਕੇਵਲ ਇੱਕ ਵਟਾ ਦਸ ਹੀ ਪਾਣੀ ਤੋਂ ਉੱਪਰ ਦਿਖਾਈ ਦੇਂਦਾ ਹੈ, ਕਿਉਂਕਿ ਨੌਂ ਗੁਣਾ ਆਮ ਤਲ ਤੋਂ ਥੱਲੇ ਹੁੰਦਾ ਹੈ। ਉਸੇ ਤਰ੍ਹਾਂ ਜਨਮੇਜਾ ਜੀ ਦੇ ਗੁਣਾਂ ਨੂੰ ਮੈਂ ਕੀ ਬਿਆਨ ਕਰ ਸਕਦਾ ਹਾਂ, ਇਹ ਜ਼ਰੂਰ ਕਹਾਂਗਾ ਕਿ ਕੌਫ਼ੀ-ਟੇਬਲ ਕਿਤਾਬ ਤੋਂ ਬਾਅਦ ਉਨ੍ਹਾਂ 'ਤੇ ਡੌਕੂਮੈਂਟਰੀ ਬਣਨੀ ਚਾਹੀਦੀ ਹੈ!

ਉਨ੍ਹਾਂ ਦੀ ਹਰ ਖੇਤਰ ਵਿੱਚ ਦੇਣ ਅਤੇ ਯੋਗਦਾਨ ਦਾ ਉਪਾਸ਼ਕ।

***

# ਜ਼ਮੀਨ ਨਾਲ ਜੁੜਿਆ ਫੱਕਰ

## ਮਨੋਜਪ੍ਰੀਤ, ਲੁਧਿਆਣਾ

ਅੱਜ ਦੇ ਯੁੱਗ ਵਿੱਚ ਇਨਸਾਨ ਲੱਭਣਾ ਬਹੁਤ ਔਖਾ ਹੈ ਤੇ ਫੱਕਰ ਲੱਭਣਾ ਉਸ ਤੋਂ ਵੀ ਔਖਾ। ਮੈਂ ਜਦ ਵੀ ਆਪਣੇ ਵੱਡੇ ਵੀਰ ਜਨਮੇਜਾ ਜੀ ਨੂੰ ਮਿਲਦਾ ਹਾਂ ਤਾਂ ਮੈਨੂੰ ਇੱਕ ਅਲੱਗ ਜਿਹਾ ਧਰਵਾਸਾ ਮਿਲਦਾ ਹੈ। ਅੱਜ ਇਦਾਂ ਦੇ ਲੋਕ ਨਹੀਂ ਰਹੇ। ਕਾਰਨ ਭੌਤਿਕਵਾਦ ਦੀ ਦੌੜ, ਇੱਕ-ਦੂਜੇ ਤੋਂ ਅੱਗੇ ਨਿਕਲਣ ਦਾ ਹੱਠ ਅਤੇ ਦੂਸਰੇ ਨੂੰ ਨੀਵਾਂ ਦਿਖਾਉਣ ਲਈ ਕੀਤੀਆਂ ਜਾ ਰਹੀਆਂ ਸਾਜ਼ਿਸ਼ਾਂ। ਇਹੀ ਸਭ ਅੱਜ ਦੇ ਯੁੱਗ ਦਾ ਸੱਚ ਹੈ। ਪਰ ਫਿਰ ਵੀ ਕਿਤੇ ਨਾ ਕਿਤੇ, ਕੋਈ ਨਾ ਕੋਈ ਵਿਰਲਾ ਅਜਿਹਾ ਬੈਠਾ ਹੈ, ਜਿਨ੍ਹਾਂ ਦੇ ਧੁਰੇ 'ਤੇ ਇਹ ਸਮਾਜ ਚਲਦਾ ਹੈ। ਉਹਨਾਂ ਵਿੱਚੋਂ ਇੱਕ ਜਨਮੇਜਾ ਜੌਹਲ ਹੈ।

ਇਹਨਾਂ ਨੂੰ ਮੈਂ ਲਗਭਗ 1980 ਤੋਂ ਬਾਅਦ ਪੰਜਾਬੀ ਭਵਨ ਵਿੱਚ ਮਿਲਿਆ ਸਾਂ। ਕਿਉਂਕਿ ਲਿਖਣ ਦੀ ਚੇਟਕ ਮੈਨੂੰ ਵੀ ਰਹੀ ਤੇ ਪੰਜਾਬੀ ਭਵਨ ਦਾ ਵੇਹੜਾ, ਮੇਰਾ ਹਮੇਸ਼ਾ ਘਰ ਹੀ ਰਿਹਾ। ਉਦੋਂ ਤੋਂ ਇਹਨਾਂ ਦੀ ਵਿਲੱਖਣ ਸ਼ਖ਼ਸੀਅਤ ਦਾ ਮੈਂ ਪੁਜਾਰੀ ਰਿਹਾ ਹਾਂ।

ਸ਼ੁਰੂ-ਸ਼ੁਰੂ ਵਿੱਚ ਮੈਂ ਜਦੋਂ ਪੰਜਾਬੀ ਭਵਨ ਵਿੱਚ ਸਾਹਿਤਿਕ ਗੋਸ਼ਟੀਆਂ ਕਰਵਾਉਂਦਾ ਰਿਹਾ ਤਾਂ ਇਹਨਾਂ ਦਾ ਥਾਪੜਾ ਹਮੇਸ਼ਾ ਮੇਰੇ ਨਾਲ ਰਿਹਾ। ਫਿਰ ਕੁਝ ਹਾਲਾਤਾਂ ਕਰਕੇ ਮੈਂ ਪੰਜਾਬੀ ਭਵਨ ਵਿੱਚ ਗੋਸ਼ਟੀਆਂ ਬੰਦ ਕਰ ਦਿੱਤੀਆਂ। ਇੱਕ ਦਿਨ ਮੈਨੂੰ ਜੌਹਲ ਵੀਰ ਜੀ ਮਿਲੇ ਤੇ ਕਹਿਣ ਲੱਗੇ, "ਤੂੰ ਇੱਥੇ ਕਿਉਂ ਨਹੀਂ ਆਉਂਦਾ" ਮੈਂ ਇਹਨਾਂ ਨੂੰ ਦੱਸਿਆ ਕਿ ਮੈਂ ਇਕੱਲਾ ਹੋਣ ਕਰਕੇ ਪੰਜਾਬੀ ਭਵਨ ਦੀ ਫੀਸ ਨਹੀਂ ਦੇ ਸਕਦਾ, ਇਸ ਲਈ ਮੈਂ ਗੋਸ਼ਟੀਆਂ ਆਪਣੇ ਘਰ ਹੀ ਕਰਵਾਉਂਦਾ ਹਾਂ।

ਇਹਨਾਂ ਨੇ ਕਿਹਾ, "ਕੋਈ ਗੱਲ ਨਹੀਂ, ਮੈਂ ਕੁਝ ਵੇਖਦਾ ਹਾਂ।"

ਕੁਝ ਸਮੇਂ ਬਾਅਦ ਇਹਨਾਂ ਦਾ ਸੁਨੇਹਾ ਆਇਆ ਕਿ ਇੱਕ ਨਵਾਂ

ਹਾਲ ਬਣਾ ਦਿੱਤਾ ਹੈ, ਤੂੰ ਜਦੋਂ ਮਰਜ਼ੀ ਇੱਥੇ ਆ ਸਕਦਾ ਹੈਂ। ਆਉਣਾ ਜਾਂ ਨਾ ਆਉਣਾ ਵੱਖਰੀ ਗੱਲ ਰਹੀ, ਪਰ ਇਹਨਾਂ ਦੇ ਪ੍ਰੇਮ ਅੱਗੇ ਮੇਰਾ ਸਿਰ ਝੁੱਕ ਗਿਆ। ਮੈਂ ਸੋਚਿਆ, ਅੱਜ ਦੇ ਜ਼ਮਾਨੇ ਵਿੱਚ ਕੌਣ ਕਿਸੇ ਨੂੰ ਇੰਨਾ ਯਾਦ ਰੱਖਦਾ ਹੈ! ਫਿਰ ਬਿਨਾਂ ਮਤਲਬ ਤੋਂ ਅਜਿਹਾ ਵਰਤਾਓ ਕਿਸੇ ਕਾਰਨਾਮੇ ਤੋਂ ਘੱਟ ਨਹੀਂ।

ਮੈਂ ਆਪਣੇ ਘਰ ਗੋਸ਼ਟੀਆਂ ਕਰਦਾ ਹਾਂ ਅਤੇ ਵਰ੍ਹਿਆਂ ਤੋਂ ਮੇਰਾ ਮਨ ਸੀ ਕਿ ਮੈਂ ਆਪਣੇ ਵੱਡੇ ਵੀਰ ਜਨਮੇਜਾ ਜੌਹਲ ਨੂੰ ਸੱਦਾ ਦਿਆਂ, ਪਰ ਮੈਂ ਇਹੀ ਸੋਚਦਾ ਰਿਹਾ ਕਿ ਮੇਰਾ ਵੇਹੜਾ ਛੋਟਾ ਹੈ ਤੇ ਮੈਂ ਹੌਸਲਾ ਹੀ ਨਹੀਂ ਕਰ ਪਾਇਆ। ਇੱਕ ਦਿਨ ਗੋਸ਼ਟੀ ਦੇ ਸਮੇਂ ਤੋਂ ਪਹਿਲਾਂ ਅਚਾਨਕ ਮੈਂ ਵੇਖਿਆ ਕਿ ਮੇਰੇ ਵਿਹੜੇ ਵਿੱਚ ਵੀਰ ਜੀ ਖੜੇ ਸਨ। ਮੈਂ ਵੇਖ ਕੇ ਹੈਰਾਨ ਹੋ ਗਿਆ। ਨਾ ਕੋਈ ਰੌਬ, ਨਾ ਕੋਈ ਹੰਕਾਰ, ਨਾ ਕਿਤੇ ਹਉਮੈ। ਵਿਦੇਸ਼ੋਂ ਪੜ੍ਹ ਕੇ ਆਏ ਲੋਕ ਜ਼ਮੀਨ 'ਤੇ ਪੈਰ ਨਹੀਂ ਰੱਖਦੇ, ਪਰ ਜ਼ਮੀਨ ਨਾਲ ਜੁੜੇ ਲੋਕ ਤਿਨਕੇ ਦੀ ਵੀ ਪਰਵਾਹ ਰੱਖਦੇ ਹਨ। ਇਹ ਵੀ ਇਹਨਾਂ ਦੇ ਕਾਰਨਾਮਿਆਂ ਵਿਚਲਾ ਸੱਚ ਹੈ।

ਇੱਕ ਦਿਨ ਇਹਨਾਂ ਦਾ ਫੋਨ ਆਇਆ। ਅਖੇ, "ਮੇਰੀ ਨਵੀਂ ਕਿਤਾਬ "ਜ਼ਮੀਰੋ' ਆਈ ਹੈ ਤੇ ਮੈਂ ਤੈਨੂੰ ਦੇਣਾ ਚਾਹੁੰਦਾ ਹਾਂ।" ਮੈਂ ਆਖਿਆ, "ਕੋਈ ਗੱਲ ਨਹੀਂ, ਮੈਂ ਲੈ ਜਾਵਾਂਗਾ।" ਕਹਿਣ ਲੱਗੇ, "ਨਹੀਂ, ਮੈਂ ਹੀ ਆਵਾਂਗਾ।"

ਅਗਲੇ ਦਿਨ ਮੇਰੇ ਕੋਲ ਪੁੱਜੇ। ਇਹਨਾਂ ਦੇ ਪੈਰ 'ਤੇ ਗੰਭੀਰ ਚੋਟ ਸੀ। ਪੈਰ ਬੁਰੀ ਤਰ੍ਹਾਂ ਜ਼ਖ਼ਮੀ ਸੀ ਤੇ ਖ਼ੂਨ ਵਾਲੀ ਪਾਈਪ ਵੀ ਲੱਗੀ ਹੋਈ ਸੀ। ਬੜੀ ਮੁਸ਼ਕਿਲ ਨਾਲ ਤੁਰ ਕੇ ਮੇਰੇ ਕੋਲ ਆਏ। ਮੈਂ ਕਿਹਾ, "ਮੈਂ ਹੀ ਆ ਜਾਂਦਾ, ਕਿਉਂ ਖੇਚਲ ਕੀਤੀ" ਆਖਣ ਲੱਗੇ, "ਨਹੀਂ, ਮੇਰਾ ਵੀ ਮਨ ਸੀ।"

ਇੰਨੀ ਤਕਲੀਫ਼ ਵਿੱਚ ਵੀ ਜੇ ਕੋਈ ਮਨੁੱਖ ਤੁਹਾਡੇ ਵਿਹੜੇ ਆ ਜਾਵੇ ਤਾਂ ਇਹ ਕਿਸੇ ਕਾਰਨਾਮੇ ਤੋਂ ਘੱਟ ਵਾਲੀ ਗੱਲ ਨਹੀਂ ਹੁੰਦੀ।

"ਕੈਮਰਾ ਚੁੱਪ ਨਹੀਂ" ਕਿੰਨੇ ਸਾਲਾਂ ਤੋਂ ਇਹਨਾਂ ਦੀ ਕਲਾ ਦਾ ਸਬੂਤ ਹੈ। ਜੰਗਲਾਂ, ਜੀਵਾਂ, ਝਰਨਿਆਂ, ਪਾਣੀਆਂ, ਪਹਾੜਾਂ ਅਤੇ ਕੁਦਰਤ ਦੀ ਵੰਨ-ਸਵੰਨੀ ਛੋਹ ਇਹਨਾਂ ਦੇ ਕੈਮਰੇ ਦੀ ਭੁੱਖ ਨਹੀਂ ਲਾਹ ਸਕਦੀ। ਇਹਨਾਂ ਦਾ ਸ਼ੌਂਕ ਵਿਲੱਖਣ ਹੈ। ਅਜਿਹਾ ਸ਼ੌਂਕ ਭਲਾ ਆਪਾਂ ਕਿੰਨਿਆਂ ਵਿੱਚ ਵੇਖਿਆ ਹੋਵੇਗਾ ? ਅੱਜ ਵੀ ਪੰਜਾਬੀ ਭਵਨ ਵਿੱਚ ਇਹਨਾਂ ਦੀ ਕਲਾ ਦਾ ਜਾਦੂ ਵਿਛਿਆ ਪਿਆ ਹੈ। ਇੰਨੀਆਂ ਖ਼ੂਬਸੂਰਤ ਫੋਟੋਆਂ ਪੰਜਾਬੀ ਭਵਨ ਦੀ ਸ਼ਾਨ ਹਨ।

ਪੰਜਾਬੀ ਭਾਸ਼ਾ ਦੀ ਸਭ ਤੋਂ ਵੱਡੀ ਸੇਵਾ - ਉਸਨੂੰ ਟਾਈਪ ਦੇ ਵਿੱਚ ਨਵਾਂ ਜੀਵਨ ਦੇਣਾ - ਇੱਕ ਬਹੁਤ ਵੱਡੀ ਕਲਾਕਾਰੀ ਤੇ ਕਾਰਨਾਮੇ ਵਾਲੀ ਗੱਲ ਹੈ, ਜੋ ਅਸੀਂ ਹੀ ਨਹੀਂ, ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ।

ਨਿਮਰਤਾ, ਪ੍ਰੇਮ ਤੇ ਸੁਹਿਰਦਤਾ ਇਹਨਾਂ ਦੇ ਸੁਭਾਅ ਦੇ ਗਹਿਣੇ ਹਨ, ਜੋ ਅੱਜ ਦੇ ਮਨੁੱਖ ਵਿੱਚ ਬਹੁਤ ਘੱਟ ਨਜ਼ਰ ਆਉਂਦੇ ਹਨ। ਸਾਦਾ ਤੇ ਫੱਕਰਾਂ ਵਾਲਾ ਸੁਭਾਅ ।

ਸਾਡੀ ਪੰਜਾਬੀ ਨਿਸ਼ਾਨੀ - ਸਿਰਫ਼ ਇਹਨਾਂ ਨੇ ਸੰਭਾਲ ਰੱਖੀ ਹੈ, ਜੋ ਸਾਡੇ ਲਈ ਫ਼ਖ਼ਰ ਦੀ ਗੱਲ ਹੈ ਅਤੇ ਇੱਕ ਨਵੇਂ ਕਾਰਨਾਮੇ ਵਾਂਗ ਜਿਉਂਦੀ ਹੈ।

ਕੁਦਰਤ ਨੂੰ ਪ੍ਰੇਮ ਕਰਦੇ ਹੋਏ "ਪਿੰਕੀ ਹਰਬਲ ਗਾਰਡਨ" ਇਹਨਾਂ ਦੇ ਸ਼ੌਂਕ ਵਜੋਂ ਸਾਡੇ ਲਈ ਇੱਕ ਨਿਵੇਕਲੀ ਗੱਲ ਹੈ, ਜਿੱਥੇ ਕੁਦਰਤੀ ਬੀਜੀਆਂ ਚੀਜ਼ਾਂ ਨੂੰ ਮਨੁੱਖਤਾ ਲਈ ਪੇਸ਼ ਕੀਤਾ ਜਾਂਦਾ ਹੈ। ਹਾਂ ਜੀ, ਅਜਿਹਾ ਕਾਰਜ ਕੌਣ ਕਰਦਾ ਹੈ ਭਲਾ ਕੀ ਇਹ ਇਹਨਾਂ ਦਾ ਕਾਰਨਾਮਾ ਨਹੀਂ ?

ਜ਼ਿੰਦਗੀ ਨੂੰ ਸਹਿਜਤਾ ਨਾਲ ਜੀਣ ਦਾ ਹੁਨਰ ਜੇ ਸਿੱਖਣਾ ਚਾਹੁੰਦੇ ਹੋ ਤਾਂ ਤੁਸੀਂ ਇਹਨਾਂ ਦੀ ਸੰਗਤ ਕਰ ਸਕਦੇ ਹੋ, ਜੋ ਅੱਜ ਹਰੇਕ ਮਨੁੱਖ ਲਈ ਸੰਭਵ ਨਹੀਂ।

ਪੱਤਰਕਾਰਤਾ ਦੇ ਵਿੱਚ ਵੀ ਇਹਨਾਂ ਨੇ ਆਪਣੇ ਹਿਸਾਬ ਨਾਲ ਅਤੇ ਇਮਾਨਦਾਰੀ ਨਾਲ ਜੋ ਭੂਮਿਕਾ ਸਮਾਜ ਲਈ ਨਿਭਾ ਕੇ ਦਿਖਾਈ ਹੈ, ਇਹ ਇਸ ਖੇਤਰ ਵਿੱਚ ਨਿਵੇਕਲੀ ਤੇ ਕਿਸੇ ਕਾਰਨਾਮੇ ਤੋਂ ਘੱਟ ਨਜ਼ਰ ਨਹੀਂ ਆਉਂਦੀ। ਇਹ ਸਾਡੇ ਸਮਾਜ ਵਾਸਤੇ ਸ਼ੀਸ਼ੇ ਵਾਂਗ ਕੰਮ ਕਰਦੀ ਹੈ ਅਤੇ ਆਉਣ ਵਾਲੀ ਪੀੜ੍ਹੀ ਬਹੁਤ ਕੁਝ ਇਹਨਾਂ ਤੋਂ ਸਿੱਖਦੀ ਪਈ ਹੈ।

ਜ਼ਿੰਦਗੀ ਇੰਨੀ ਔਖੀ ਨਹੀਂ ਜਿੰਨੀ ਅਸੀਂ ਕਰੀ ਬੈਠੇ ਹਾਂ। ਲੇਕਿਨ ਕੁਝ ਅਜਿਹੇ ਵਿਅਕਤੀ ਵੀ ਹਨ, ਜਿਨ੍ਹਾਂ ਤੋਂ ਸਿੱਖਣ ਦੀ ਕਲਾ ਆਪ-ਮੁਹਾਰੀ ਜਿਉਣ ਦੀ ਪ੍ਰੇਰਨਾ ਦੇ ਸਕਦੀ ਹੈ, ਤਾਂ ਕਿ ਅਸੀਂ ਸਹਿਜ ਰੂਪ ਨਾਲ ਜ਼ਮੀਨ ਨਾਲ ਜੁੜ ਕੇ ਜੀਣਾ ਸਿੱਖ ਲਈਏ।

ਅਜੇ ਬਹੁਤ ਗੱਲਾਂ ਤੇ ਬਹੁਤ ਤੱਤ ਹਨ ਜਿਹੜੇ ਇਹਨਾਂ ਦੀ ਨਬਜ਼ ਤੋਂ ਸਿੱਖੇ ਜਾਣੇ ਚਾਹੀਦੇ ਹਨ, ਤਾਂ ਕਿ ਸਾਡੀ ਮਨੁੱਖਤਾ ਘੱਟੋ-ਘੱਟ ਇਸ ਯੁੱਗ ਵਿੱਚ ਜੀਣਾ ਸਿੱਖ ਲਵੇ।

ਮੈਂ ਇਹਨਾਂ ਦੀ ਲੰਮੀ ਉਮਰ ਤੇ ਲੰਮੇ ਸਾਥ ਦਾ ਚਾਹਵਾਨ ਹਾਂ। ਰੱਬ ਖੈਰ ਕਰੇ। -ਪ੍ਰੀਤ ਸਾਹਿਤ ਸਦਨ

# ਰੰਗ ਬਰੰਗੇ ਗੁਣਾਂ ਦਾ ਭੰਡਾਰ ਹੈ

## ਮਨਪ੍ਰੀਤ ਸਿੰਘ ਬੱਧਨੀ ਕਲਾਂ

ਜਨਮੇਜਾ ਸਿੰਘ ਜੌਹਲ ਨੂੰ ਮੈਂ ਸਕੂਲ ਸਮੇਂ ਤੋਂ ਪੜ੍ਹਦਾ ਆ ਰਿਹਾ ਹਾਂ। ਉਸ ਸਮੇਂ ਸਾਡੀ ਜਾਣ-ਪਛਾਣ ਇੱਕ ਪਾਠਕ ਤੇ ਲੇਖਕ ਵਾਲੀ ਸੀ। ਪਾਠਕ ਅਤੇ ਲੇਖਕ ਵਾਲਾ ਰਿਸ਼ਤਾ ਭਾਵੇਂ ਅੱਜ ਵੀ ਕਾਇਮ ਹੈ, ਪਰ ਇੰਗਲੈਂਡ ਪਹੁੰਚ ਕੇ ਜਨਮੇਜਾ ਸਿੰਘ ਨਾਲ ਮੇਰੀ ਪਹਿਲੀ ਸਾਂਝ ਉਸ ਸਮੇਂ ਹੋਈ ਜਦੋਂ ਮੈਂ ਬਧਨੀ ਡਾਟ ਕਾਮ ਸ਼ੁਰੂ ਕੀਤੀ।

ਜਨਮੇਜਾ ਸਿੰਘ ਜੌਹਲ ਨਾਲ ਮਿਲ ਕੇ ਕਾਫ਼ੀ ਕੰਮ ਕੀਤਾ, ਕਿਉਂਕਿ ਆਮ ਪਾਠਕਾਂ ਵਾਂਗ ਮੈਂ ਉਹਨਾਂ ਦੇ ਸਿਰਫ਼ ਕੈਮਰੇ ਵਾਲੇ ਹੁਨਰ ਤੋਂ ਜ਼ਿਆਦਾ ਵਾਕਿਫ਼ ਸੀ। ਪਰ ਉਹ ਵੈੱਬ ਡਿਜ਼ਾਈਨਿੰਗ, ਖ਼ਬਰਾਂ, ਆਰਟੀਕਲਾਂ ਤੋਂ ਇਲਾਵਾ ਪੰਜਾਬੀ ਭਾਸ਼ਾ ਲਈ ਹੋਰ ਬਹੁਤ ਕੰਮ ਕਰ ਰਹੇ ਸਨ। ਉਹਨਾਂ ਵੱਲੋਂ ਤਿਆਰ ਕੀਤੇ ਬੈਨਰ ਅਤੇ ਪੋਸਟਰ ਅੱਜ ਵੀ ਮੇਰੇ ਕੋਲ ਸਾਂਭੇ ਹੋਏ ਹਨ। ਜਿਸ ਵਿੱਚ ਉਹਨਾਂ ਵੱਲੋਂ ਬਣਾਏ ਫੌਂਟ, ਫੌਂਟ ਕਨਵਰਟਰ, ਫਿਰ ਯੂਨੀਕੋਡ ਆਦਿ 'ਤੇ ਉਹਨਾਂ ਦਾ ਕੰਮ ਅੱਜ ਵੀ ਬੋਲਦਾ ਹੈ। ਜੇ ਮੈਂ ਇਹ ਕਹਾਂ ਕਿ "ਕੈਮਰਾ ਬੋਲਦਾ" ਤੋਂ ਲੈ ਕੇ "ਕੰਪਿਊਟਰ ਬੋਲਦਾ" ਤੱਕ ਦਾ ਸਫ਼ਰ ਤੈਅ ਕਰਦਿਆਂ ਜਨਮੇਜਾ ਦਾ ਹੁਨਰ ਦੁਨੀਆ ਦੇ ਹਰ ਕੋਨੇ ਵਿੱਚ ਵਿਖਾਈ ਦਿੰਦਾ ਹੈ, ਤਾਂ ਇਹ ਗਲਤ ਨਹੀਂ ਹੋਵੇਗਾ। ਮੀਡੀਆ ਅਦਾਰਿਆਂ ਵਿੱਚ ਜਨਮੇਜਾ ਜੀ ਵੱਲੋਂ ਤਿਆਰ ਕੀਤੇ ਫੌਂਟ ਅਤੇ ਫੌਂਟ ਕਨਵਰਟਰ ਦੀ ਅੱਜ ਵੀ ਵਰਤੋਂ ਹੁੰਦੀ ਹੈ - ਭਾਵੇਂ ਪੰਜਾਬ ਹੋਵੇ, ਭਾਵੇਂ ਇੰਗਲੈਂਡ, ਕੈਨੇਡਾ, ਅਮਰੀਕਾ, ਆਸਟ੍ਰੇਲੀਆ ਜਾਂ ਕੋਈ ਹੋਰ ਦੇਸ਼।

ਜਨਮੇਜਾ ਸਿੰਘ ਇੱਕ ਅਜਿਹੀ ਸ਼ਖ਼ਸੀਅਤ ਹਨ, ਜਿਨ੍ਹਾਂ ਨੂੰ ਮੈਂ ਕਦੇ ਸੌਂਦੇ ਨਹੀਂ ਵੇਖਿਆ। ਇਸ ਦਾ ਮਤਲਬ ਇਹ ਨਹੀਂ ਕਿ ਉਹ ਸੌਂਦੇ ਨਹੀਂ ਹੋਣਗੇ, ਪਰ ਜੋ ਵਿਅਕਤੀ 24 ਘੰਟੇ ਹਾਜ਼ਰ ਹੋਵੇ, ਰੱਬ ਹੀ ਜਾਣਦਾ ਹੈ ਉਹ ਕਦੋਂ ਸੌਂਦਾ ਹੈ। ਭਾਵੇਂ ਮੈਂ ਨਿੱਜੀ ਤੌਰ 'ਤੇ ਕੁਝ ਗਿਣਤੀ ਵਾਰ ਹੀ

ਇਹਨਾਂ ਨੂੰ ਮਿਲਿਆ ਹਾਂ, ਪਰ ਇਸ ਤਰ੍ਹਾਂ ਕਦੇ ਲੱਗਾ ਨਹੀਂ, ਕਿਉਂਕਿ ਇੱਕ-ਦੂਜੇ ਨੂੰ ਮਿਲਣ ਲਈ ਫੋਨਾਂ ਦੀ ਵਰਤੋਂ ਅਸੀਂ ਰੱਜ ਕੇ ਕੀਤੀ ਹੈ।

ਜਨਮੇਜਾ ਸਿੰਘ ਜੌਹਲ ਨੇ ਹਰ ਉਮਰ ਦੇ ਪਾਠਕ ਨੂੰ ਆਪਣੇ ਨਾਲ ਜੋੜਿਆ ਹੈ। ਇਸੇ ਕਰਕੇ ਕਦੇ ਬਾਲ ਕਹਾਣੀਆਂ, ਕਦੇ ਪੈਂਤੀ ਅੱਖਰੀ ਫੱਟੀ ਨਾਲ ਉਹਨਾਂ ਨੇ ਪੰਜਾਬੀ ਬੋਲੀ ਦੇ ਹਿਤੈਸ਼ੀਆਂ ਨੂੰ ਆਪਣੇ ਨਾਲ ਜੋੜ ਕੇ ਰੱਖਿਆ। ਇੱਕ ਵਿਅਕਤੀ ਵਿੱਚ ਕਿੰਨੇ ਕੁ ਰੰਗ ਕੁਦਰਤ ਭਰ ਸਕਦੀ ਹੈ, ਸ਼ਾਇਦ ਜਨਮੇਜਾ ਸਿੰਘ ਵਿੱਚ ਉਹ ਸਾਰੇ ਰੰਗ ਹਨ।

ਇੱਕ ਵਾਰ ਦੀ ਯਾਦ ਮੈਂ ਆਪਣੇ ਨਗਰ ਦੀ ਜ਼ਰੂਰ ਸਾਂਝੀ ਕਰਨੀ ਚਾਹੁੰਦਾ ਹਾਂ। ਜਨਮੇਜਾ ਸਿੰਘ ਇੱਕ ਵਾਰ ਬਧਨੀ ਕਲਾਂ ਮੇਰੇ ਘਰ ਗਏ, ਮੈਂ ਉਸ ਸਮੇਂ ਇੰਗਲੈਂਡ ਸੀ। ਘਰ ਦੇ ਬਾਹਰ ਹਮੇਸ਼ਾ ਬਜ਼ੁਰਗਾਂ ਦੀ ਮਹਿਫ਼ਲ ਲੱਗੀ ਰਹਿੰਦੀ ਸੀ, ਦੁਪਹਿਰ ਤੋਂ ਬਾਅਦ ਤਾਸ਼ ਆਮ ਚੱਲਦੀ ਸੀ। ਜਨਮੇਜਾ ਸਿੰਘ ਨੇ ਬਜ਼ੁਰਗਾਂ ਨੂੰ ਵੇਖਿਆ ਤੇ ਨਾਲ ਹੀ ਕੈਮਰੇ ਵਿੱਚ ਕੈਦ ਕਰਕੇ, ਕੁਝ ਸਮੇਂ ਬਾਅਦ ਰੋਜ਼ਾਨਾ “ਅਜੀਤ” ਦੇ ਆਪਣੇ ਕਾਲਮ ਵਿੱਚ ਉਸ ਤਸਵੀਰ ਸਮੇਤ ਇੱਕ ਆਰਟੀਕਲ ਛਾਪ ਦਿੱਤਾ।

ਮੇਰੇ ਅਗਵਾੜ ਵਾਲੇ ਪੂਰੇ ਬਾਗੋ-ਬਾਗ ਹੋ ਗਏ। ਜਦੋਂ ਮੈਂ ਇੰਗਲੈਂਡ ਤੋਂ ਗਿਆ ਤਾਂ ਮੈਨੂੰ ਵਾਰ-ਵਾਰ ਪੁੱਛਣ, “ਉਹ ਤੇਰਾ ਮਿੱਤਰ ਆਇਆ ਸੀ ਸਾਡੀ ਫੋਟੋ ਖ਼ਬਰ ਛਾਪੀ ਸੀ ਉਹਨੇ!”

ਜਨਮੇਜਾ ਸਿੰਘ ਬਾਰੇ ਜੋ ਮੈਂ ਜਾਣਦਾ ਹਾਂ, ਤਕਰੀਬਨ ਉਹ ਸਾਰੇ ਹੀ ਜਾਣਦੇ ਹੋਣਗੇ, ਕਿਉਂਕਿ ਮੇਰੇ ਜਾਚੇ ਉਹ ਖੁੱਲ੍ਹੀ ਕਿਤਾਬ ਹਨ, ਜਿਸ ਨੂੰ ਹਰ ਕਿਸੇ ਨੇ ਪੜ੍ਹਿਆ ਹੈ। ਨਿੱਘੇ, ਮਿੱਠੇ ਸੁਭਾਅ ਵਾਲੇ, ਮਿਲਣਸਾਰ ਜਨਮੇਜਾ ਸਿੰਘ ਜੌਹਲ ਦੀ ਇੱਕ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਉਹਨਾਂ ਦੀ ਡਿਕਸ਼ਨਰੀ (ਸ਼ਬਦਕੋਸ਼) ਵਿੱਚ “ਨੋ” (ਨਹੀਂ) ਸ਼ਬਦ ਹੀ ਨਹੀਂ। ਕੁਝ ਵੀ ਕਹੋ, ਪੁੱਛੋ, ਕਰਵਾਉਣਾ ਹੋਵੇ ਤਾਂ ਅੱਗੋਂ ਇੱਕੋ ਹੀ ਜਵਾਬ ਮਿਲਦਾ - “ਹੋ ਜੂ!”

ਸਾਹਿਤਕਾਰ, ਖੋਜਕਾਰ, ਪੰਜਾਬੀ ਬੋਲੀ ਦੇ ਹਿਤੈਸ਼ੀ ਜਨਮੇਜਾ

ਸਿੰਘ ਜੌਹਲ ਕੁਦਰਤ ਨੂੰ ਕਿੰਨਾ ਪਿਆਰ ਕਰਦੇ ਹਨ, ਇਸ ਗੱਲ ਦਾ ਅੰਦਾਜ਼ਾ ਉਹਨਾਂ ਨੂੰ ਜਾਂ ਉਹਨਾਂ ਦੇ ਪਰਿਵਾਰ ਨੂੰ ਤਾਂ ਸ਼ਾਇਦ ਪਹਿਲਾਂ ਹੋਵੇਗਾ। ਪਰ ਉਹਨਾਂ ਦੀ ਧਰਮ-ਪਤਨੀ ਦੇ ਚਲੇ ਜਾਣ ਤੋਂ ਬਾਅਦ ਉਹਨਾਂ "ਪਿੰਕੀ ਹਰਬਲ ਗਾਰਡਨ ਨਾਲ ਆਪਣੇ ਅੰਦਰਲੇ ਕਿਸਾਨ ਨੂੰ ਜਿਸ ਢੰਗ ਨਾਲ ਲੋਕਾਂ ਸਾਹਮਣੇ ਲਿਆਂਦਾ, ਉਹ ਹੋਰਨਾਂ ਲਈ ਪ੍ਰੇਰਣਾ ਸਰੋਤ ਹੈ। ਹਿੰਮਤੀ, ਸਿਰੜੀ ਅਤੇ ਕਦੇ ਕੰਮ ਕਰਦਿਆਂ ਨਾ ਥੱਕਣ ਵਾਲੇ ਜਨਮੇਜਾ ਸਿੰਘ ਜੌਹਲ ਬਾਰੇ ਮੈਂ ਇਹੀ ਕਹਾਂਗਾ ਕਿ ਉਹਨਾਂ ਕੋਲ ਜੋ ਕਲਾ ਦਾ ਖ਼ਜ਼ਾਨਾ ਹੈ, ਉਸ ਦੀ ਸਾਂਭ-ਸੰਭਾਲ ਲਈ ਯਤਨ ਹੋਣੇ ਚਾਹੀਦੇ ਹਨ। ਭਾਵੇਂ ਕਿ ਉਹਨਾਂ ਨੂੰ ਅਨੇਕਾਂ ਥਾਵਾਂ 'ਤੇ ਅਨੇਕਾਂ ਮਾਣ-ਸਨਮਾਨ ਮਿਲੇ ਹੋਣਗੇ, ਪਰ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਵੱਲੋਂ ਵੀ ਜਨਮੇਜਾ ਸਿੰਘ ਦੇ ਕੰਮਾਂ ਨੂੰ ਲੈ ਕੇ ਕੋਈ ਵੱਡਾ ਸਨਮਾਨ ਮਿਲਣਾ ਚਾਹੀਦਾ ਹੈ। ***

# ਸਾਈਕਲ ਦੀ ਟੋਕਰੀ ਵਿੱਚ ਕੈਮਰਾ

## ਡਾ. ਮਾਨ ਸਿੰਘ ਤੂਰ

ਜਨਮੇਜਾ ਨਾਲ ਮੇਰਾ ਵਾਹ ਬਹੁਤ ਪੁਰਾਣਾ ਹੈ। 1983-84 ਤੋਂ ਲੈ ਕੇ ਅੱਜ ਤੱਕ ਮੈਂ ਉਸਨੂੰ ਜਾਣਦਾ ਹਾਂ। ਜਨਮੇਜਾ ਫ਼ਕੀਰ ਵੀ ਹੈ, ਫੱਕਰ ਵੀ ਹੈ, ਬੇਪਰਵਾਹ ਵੀ ਹੈ। ਪਰ ਪੰਜਾਬ ਪ੍ਰਤੀ ਉਹ ਬੇਪਰਵਾਹ ਨਹੀਂ। ਜੋ ਗੱਲ ਕਹਿੰਦਾ ਹੈ, ਕਰਦਾ ਵੀ ਹੈ ਅਤੇ ਜ਼ਿੰਮੇਵਾਰੀ ਨਾਲ ਕਰਦਾ ਹੈ, ਪਰ ਬਹੁਤਾ ਫ਼ਿਕਰ ਕਦੇ ਨਹੀਂ ਲੈਂਦਾ।

ਮੇਰੇ ਕੋਲ ਉਸ ਨਾਲ ਜੁੜੀਆਂ ਬਹੁਤ ਸਾਰੀਆਂ ਗੱਲਾਂ ਹਨ, ਜਿਹੜੀਆਂ ਕਰਨ ਨੂੰ ਬੜਾ ਮਨ ਕਰਦਾ ਹੈ ਅਤੇ ਬਹੁਤ ਵਾਰ ਕੀਤੀਆਂ ਵੀ ਹਨ। ਹੁਣ ਮੈਂ ਅੱਜ ਕੋਸ਼ਿਸ਼ ਕਰ ਰਿਹਾ ਹਾਂ।

ਸਭ ਤੋਂ ਪਹਿਲੀ ਗੱਲ - ਮੈਨੂੰ ਕਾਰ 1993 ਵਿੱਚ ਉਸਨੇ ਸਿਖਾਈ ਸੀ। ਬੜੀ ਦਿਲਚਸਪ ਗੱਲ ਸੀ। ਮੈਂ ਕਾਰ ਲੈਣੀ ਸੀ। ਕੁਲਦੀਪ ਸਿੰਘ, ਇਮੇਜ ਸਟੂਡੀਓ ਵਾਲਾ, ਇੱਕ ਦਿਨ ਕਾਰ ਧੋਈ ਜਾ ਰਿਹਾ ਸੀ। ਮੈਂ ਪੁੱਛ ਲਿਆ, “ਕੁਲਦੀਪ, ਕੀ ਕਰਨੀ ਹੈ”

ਕਹਿੰਦਾ, “ਯਾਰ, ਕਾਰ ਵੇਚਣੀ ਹੈ।”

ਮੈਂ ਕਿਹਾ, “ਮੈਂ ਖਰੀਦਣੀ ਹੈ।”

ਖੜ੍ਹੇ-ਖੜ੍ਹੇ ਗੱਲ ਹੋਈ ਤੇ ਸੌਦਾ ਹੋ ਗਿਆ। ਮੈਂ ਕਿਹਾ, “ਹੁਣ ਇੱਕ ਸ਼ਰਤ ਹੈ।”

ਕਹਿੰਦਾ, “ਕੀ”

ਮੈਂ ਕਿਹਾ, “ਮੇਰੇ ਘਰ ਤੈਨੂੰ ਕਾਰ ਛੱਡ ਕੇ ਆਉਣੀ ਪੈਣੀ ਹੈ।”

ਕਹਿੰਦਾ, “ਕੀ ਗੱਲ

ਮੈਂ ਕਿਹਾ, “ਮੈਨੂੰ ਚਲਾਉਣੀ ਨਹੀਂ ਆਉਂਦੀ।”

ਕਹਿੰਦਾ, “ਫਿਰ ਖਰੀਦੀ ਕਿਉਂ

ਮੈਂ ਕਿਹਾ, “ਆਪਣੀ ਕਾਰ ਲੈ ਕੇ ਹੀ ਕਾਰ ਸਿੱਖਣੀ ਹੈ।”

ਚਲੋ, ਉਹਨੇ ਕਾਰ ਘਰ ਛੱਡ ਦਿੱਤੀ। ਅਗਲੇ ਦਿਨ ਮੈਂ ਜਨਮੇਜਾ ਨੂੰ ਯੂਨੀਵਰਸਿਟੀ ਵਿੱਚ ਮਿਲਿਆ। ਮੈਂ ਉਸ ਵੇਲੇ ਪੀ ਐੱਚ ਡੀ ਕਰ ਰਿਹਾ ਸੀ ਅਤੇ ਯੂਨੀਵਰਸਿਟੀ ਵਿੱਚ ਨੌਕਰੀ ਵੀ ਕਰਦਾ ਸੀ। ਮੈਂ ਉਸਨੂੰ ਕਿਹਾ, "ਜਨਮੇਜੇ, ਕਾਰ ਸਿੱਖਣੀ ਹੈ।"

ਕਹਿੰਦਾ, "ਲਿਆ ਕਾਰ।"

ਮੈਂ ਕਿਹਾ, "ਕਾਰ ਤਾਂ ਘਰ ਖੜ੍ਹੀ ਹੈ।"

ਕਹਿੰਦਾ, "ਫਿਰ ਉਰੇ ਲਿਆ ਯੂਨੀਵਰਸਿਟੀ, ਮੈਂ ਸਿਖਾ ਦਿਆਂਗਾ।"

ਮੈਂ ਕਿਹਾ, "ਜੇ ਮੈਨੂੰ ਲਿਆਉਣੀ ਆਉਂਦੀ ਹੁੰਦੀ, ਫਿਰ ਮੈਂ ਤੈਨੂੰ ਕਾਹਨੂੰ ਕਹਿੰਦਾ ਤੂੰ ਮੇਰੇ ਨਾਲ ਚੱਲ, ਕਾਰ ਇੱਥੇ ਲੈ ਆਈਏ।"

ਅਸੀਂ ਸਕੂਟਰ 'ਤੇ ਘਰ ਚਲੇ ਗਏ। ਸਾਡਾ ਘਰ ਸਰਕਟ ਹਾਊਸ ਦੇ ਨਾਲ ਹੀ ਕਿਰਾਏ 'ਤੇ ਸੀ। ਕਾਰ ਲੈ ਕੇ ਅਸੀਂ ਯੂਨੀਵਰਸਿਟੀ ਆ ਗਏ। ਉਹ ਮੈਨੂੰ ਯੂਨੀਵਰਸਿਟੀ ਦੇ ਖੇਤਾਂ ਵਿੱਚ ਲੈ ਗਿਆ। ਕੱਚੀਆਂ ਪਹੀਆਂ ਸਨ। ਇਧਰ ਖਾਲ, ਉਧਰ ਫ਼ਸਲ ਖੜ੍ਹੀ ਤੇ ਵਿਚਕਾਰ ਦਸ ਕੁ ਫੁੱਟ ਦਾ ਰਸਤਾ।

ਮੈਂ ਕਿਹਾ, "ਜਨਮੇਜੇ ਯਾਰ, ਮੈਨੂੰ ਖੁੱਲ੍ਹੀ ਸੜਕ 'ਤੇ ਸਿਖਾ ਨਾ।"

ਕਹਿੰਦਾ, "ਉੱਥੇ ਤੈਨੂੰ ਪਤਾ ਹੀ ਨਹੀਂ ਲੱਗਣਾ। ਚਾਰ ਫੁੱਟ ਇਧਰ ਚਲੀ ਗਈ, ਚਾਰ ਫੁੱਟ ਉਧਰ, ਤੈਨੂੰ ਲੱਗਣਾ ਮੈਂ ਠੀਕ ਚਲਾ ਰਿਹਾ ਹਾਂ। ਇੱਥੇ ਤੂੰ ਦੋ ਫੁੱਟ ਵੀ ਇਧਰ ਹੋਇਆ ਤਾਂ ਖਾਲ ਵਿੱਚ ਟਾਇਰ ਜਾਊ, ਦੋ ਫੁੱਟ ਉਧਰ ਹੋਇਆ ਤਾਂ ਫ਼ਸਲ ਵਿੱਚ ਕਾਰ ਜਾਊ। ਇੱਥੇ ਤੂੰ ਜ਼ਿਆਦਾ ਵਧੀਆ ਸਿੱਖੇਂਗਾ।"

ਚਲੋ, ਅਸੀਂ ਦੋ-ਤਿੰਨ ਦਿਨ ਉੱਥੇ ਸਿੱਖਦੇ ਰਹੇ। ਮੈਂ ਹੱਸਦਿਆਂ ਉਸਨੂੰ ਕਿਹਾ, "ਜਨਮੇਜੇ ਯਾਰ, ਇੰਜੀਨੀਅਰ ਆਦਮੀ ਵੀ ਹੈਂ। ਕਾਰ ਬਣਾਉਣ ਵਾਲਿਆਂ ਨੇ ਇਹ ਕਿਉਂ ਨਹੀਂ ਕੀਤਾ ਕਿ ਪਿੱਛੇ ਵੀ ਇੱਕ ਸਟੇਅਰਿੰਗ ਲਾ ਦਿੰਦੇ, ਜਿਵੇਂ ਕਈ ਮਸ਼ੀਨਾਂ 'ਤੇ ਲੱਗਿਆ ਹੁੰਦਾ ਹੈ"

ਕਹਿੰਦਾ, "ਕਿਉਂ

ਮੈਂ ਕਿਹਾ, "ਪਿੱਛੇ ਨੂੰ ਸਿਰ ਕਰਕੇ ਕਾਰ ਬੈਕ ਕਰਨੀ ਬਹੁਤ ਔਖੀ ਲੱਗਦੀ ਹੈ।"

ਮੈਨੂੰ ਸਭ ਤੋਂ ਔਖਾ ਕੰਮ ਕਾਰ ਪਿੱਛੇ ਕਰਨੀ ਲੱਗਦਾ ਸੀ, ਕਿਉਂਕਿ ਪਹੀਆਂ ਵਿੱਚੋਂ ਚਲਾਉਣੀ ਸਿਖਾਈ ਅਤੇ ਥੋੜ੍ਹੇ ਚਿਰ ਬਾਅਦ ਕੋਈ ਨਾ ਕੋਈ ਮੋੜ ਆ ਜਾਣਾ। ਪੀ ਏ ਯੂ ਦੇ ਰਿਸਰਚ ਫਾਰਮ ਉੱਤੇ ਅਸੀਂ ਸਿੱਖਦੇ ਸੀ। ਚਲੋ, ਜਿਵੇਂ-ਕਿਵੇਂ ਕਾਰ ਸਿੱਖ ਲਈ। ਮੈਂ ਅੱਜ ਤੱਕ ਜਿੱਥੇ ਵੀ ਗੱਲ ਕਰਦਾ ਹਾਂ, ਕਹਿੰਦਾ ਹਾਂ ਕਿ ਮੈਨੂੰ ਕਾਰ ਚਲਾਉਣੀ ਜਨਮੇਜੇ ਨੇ ਸਿਖਾਈ ਹੈ ਚੰਗੀ ਆਉਂਦੀ ਹੈ ਜਾਂ ਮਾੜੀ, ਉਹ ਵੱਖਰੀ ਗੱਲ ਹੈ।

ਇਸੇ ਤਰ੍ਹਾਂ ਅਸੀਂ ਇੱਕ ਕਲੱਬ "ਥਰਟੀ ਫਾਈਵਾ ਫੋਟੋਗਰਾਫ਼ੀ ਦਾ ਬਣਾਇਆ। ਉਹਨਾਂ ਦਿਨਾਂ ਵਿੱਚ ਮੇਰੇ ਕੋਲ ਕੈਮਰਾ ਨਹੀਂ ਸੀ। ਸਾਡੇ ਕਲੱਬ ਵਿੱਚ ਇੱਕ ਸੱਜਣ ਆਉਂਦੇ ਸਨ, ਸਾਰੇ ਉਹਨਾਂ ਨੂੰ ਡੈਡਾ ਜੀ ਕਹਿੰਦੇ ਸਨ। ਉਹ ਥੰਮਣਵਾਲ ਤੋਂ ਸਨ ਅਤੇ ਬਹੁਤ ਚੰਗੇ ਫੋਟੋਗਰਾਫ਼ਰ ਸਨ। ਹੁਣ ਉਹ ਨਹੀਂ ਰਹੇ। ਮੈਂ ਉਹਨਾਂ ਨਾਲ ਗੱਲ ਕੀਤੀ ਕਿ ਮੈਂ ਕੈਮਰਾ ਲੈਣਾ ਹੈ। ਉਹ ਕਹਿੰਦੇ, "ਮੇਰੇ ਕੋਲ ਪਿਆ ਹੈ, ਤੂੰ ਲੈ ਜਾ। ਪਰ ਆਉਣਾ ਥੰਮਣਵਾਲ ਪੈਣਾ।"

ਮੈਂ ਤੇ ਹਰਪ੍ਰੀਤ ਸਿੱਧੂ ਜਾ ਕੇ ਥੰਮਣਵਾਲ ਤੋਂ ਕੈਮਰਾ ਲੈ ਆਏ। ਜਿਵੇਂ ਵੀ ਸੀ, ਉਹ ਕਹਿੰਦੇ ਲੈ ਜਾਓ। ਪੈਸੇ ਵੀ ਬਹੁਤ ਥੋੜ੍ਹੇ ਲਏ, ਉਹ ਵੀ ਬੜੇ ਧੱਕੇ ਨਾਲ ਦਿੱਤੇ, ਨਹੀਂ ਤਾਂ ਲੈਂਦੇ ਨਹੀਂ ਸਨ।

ਜਦੋਂ ਮੈਂ ਲੁਧਿਆਣੇ ਆ ਕੇ ਹੋਸਟਲ ਵਿੱਚ ਕੈਮਰਾ ਚਲਾਇਆ ਤਾਂ ਉਸ 'ਤੇ ਫ਼ਲੈਸ਼ ਨਾ ਚੱਲੀ। ਉਸ ਵੇਲੇ ਅਟੈਚ ਫ਼ਲੈਸ਼ ਨਹੀਂ ਹੁੰਦੀ ਸੀ, ਫ਼ਲੈਸ਼ ਉੱਪਰ ਵੱਖਰੀ ਲੱਗਦੀ ਸੀ। ਬਹੁਤ ਕੋਸ਼ਿਸ਼ ਕੀਤੀ, ਪਰ ਨਹੀਂ ਹੋਇਆ। ਮੈਂ ਜਨਮੇਜੇ ਨੂੰ ਦਿਖਾਇਆ ਕਿ ਇਸ ਵਿੱਚ ਫ਼ਲੈਸ਼ ਨਹੀਂ ਚੱਲਦੀ। ਉਹ ਕਹਿੰਦਾ, "ਇਹ ਕੋਈ ਵੱਡੀ ਗੱਲ ਨਹੀਂ। ਕੱਲ ਨੂੰ ਕੈਮਰਾ ਲੈ ਕੇ ਘਰ ਆ ਜਾਈਂ। ਆਪਾਂ ਬੈਠ ਕੇ ਕਰ ਲਾਂਗੇ, ਕੋਈ ਬਹੁਤਾ ਕੰਮ ਨਹੀਂ।"

ਮੈਨੂੰ ਵੀ ਹੌਸਲਾ ਹੋ ਗਿਆ ਕਿ ਜਨਮੇਜੇ ਨੇ ਕਿਹਾ ਹੈ ਤਾਂ ਕੋਈ ਵੱਡੀ ਔਖੀ ਗੱਲ ਨਹੀਂ ਹੋਵੇਗੀ, ਕਿਉਂਕਿ ਉਹ ਬਹੁਤ ਚਿਰ ਤੋਂ ਕੈਮਰਾ ਚਲਾਉਂਦਾ ਸੀ। ਅਗਲੇ ਦਿਨ ਐਤਵਾਰ ਸੀ। ਸਾਈਕਲ ਦੀ ਟੋਕਰੀ ਵਿੱਚ ਕੈਮਰਾ ਰੱਖਿਆ ਤੇ ਮੈਂ ਉਸਦੇ ਘਰ ਚਲਾ ਗਿਆ। ਉਹਨਾਂ ਦਾ ਘਰ ਗੁਰਦੇਵ ਨਗਰ ਹੈ।

ਉਹ ਘਰ ਸੀ। ਡਰਾਇੰਗ ਰੂਮ ਵਿੱਚ ਟੇਬਲ ਉੱਤੇ ਚਿੱਟਾ ਟੇਬਲ ਮੈਟ ਸੀ। ਉਸਨੇ ਕੈਮਰਾ ਰੱਖਿਆ। ਪਹਿਲਾਂ ਪਲਾਸ ਨਾਲ ਉੱਪਰੋਂ ਕਰਨ ਦੀ ਕੋਸ਼ਿਸ਼ ਕੀਤੀ, ਫਿਰ ਇੱਕ ਪਲੱਗ ਲਿਆਇਆ, ਫਿਰ ਛੋਟਾ ਜਿਹਾ ਪੇਚਕਸ ਲਿਆਇਆ। ਕਰਦੇ-ਕਰਦੇ ਕੈਮਰੇ ਦੇ ਉੱਪਰਲੇ ਸਾਰੇ ਕਵਰ ਉਤਾਰ ਦਿੱਤੇ। ਬਾਡੀ ਦੇ ਉੱਤੇ ਜੋ ਚਿਪਕਿਆ ਹੁੰਦਾ ਸੀ, ਉਹ ਵੀ ਲਾਹ ਦਿੱਤਾ। ਹੇਠਲੇ ਪੇਚ ਖੋਲ੍ਹ ਕੇ ਸਾਰਾ ਕੈਮਰਾ ਖੋਲ੍ਹ ਕੇ ਪੁਰਜ਼ੇ ਕਰ ਦਿੱਤੇ।

ਮੈਨੂੰ ਲੱਗਿਆ ਹੁਣ ਵੀ ਇਹ ਠੀਕ ਕਰ ਲਵੇਗਾ, ਹੁਣ ਵੀ ਜੋੜ ਲਵੇਗਾ। ਥੋੜ੍ਹੀ ਦੇਰ ਬਾਅਦ ਕਹਿੰਦਾ, "ਤੇਰੇ ਕੋਲ ਰੁਮਾਲ ਹੈ ?"

ਮੈਂ ਕਿਹਾ, "ਹਾਂ।"

ਕਹਿੰਦਾ, "ਕੱਢ।"

ਉਸਨੇ ਸਾਰਾ ਸਮਾਨ ਰੁਮਾਲ ਵਿੱਚ ਰੱਖਿਆ, ਬੰਨ੍ਹਿਆ ਤੇ ਕਹਿੰਦਾ, "ਰੇਖੀ ਸਿਨੇਮਾ ਦੇ ਕੋਲ ਇੱਕ ਸਰਦਾਰ ਜੀ ਹਨ ਕੈਮਰੇ ਠੀਕ ਕਰਨ ਵਾਲੇ। ਉਹਨਾਂ ਕੋਲ ਚਲਾ ਜਾ। ਕਹਿ ਦਈਂ ਜੋੜ ਦੇਣ। ਕੋਈ ਬਹੁਤਾ ਕੰਮ ਨਹੀਂ।

ਮੇਰਾ ਦਿਲ ਥੋੜ੍ਹਾ ਜਿਹਾ ਦੁਖਿਆ ਵੀ ਕਿ ਸਾਰਾ ਕੈਮਰਾ ਖੁਲ੍ਹਾ ਹੋਇਆ ਸਾਈਕਲ ਦੀ ਟੋਕਰੀ ਵਿੱਚ ਰੱਖਣਾ ਪੈ ਗਿਆ। ਪਰ ਉਦੋਂ ਚੰਗਾ ਇਹ ਸੀ ਕਿ ਐਨੀ ਭੀੜ ਨਹੀਂ ਹੁੰਦੀ ਸੀ। ਮੈਂ ਹੌਲੀ-ਹੌਲੀ ਜਗਰਾਉਂ ਪੁਲ ਤੋਂ ਹੁੰਦਾ ਹੋਇਆ ਉਸ ਦੁਕਾਨ 'ਤੇ ਪਹੁੰਚ ਗਿਆ। ਉਹਨੂੰ ਕੈਮਰਾ ਦੇ ਦਿੱਤਾ। ਚਲੋ, ਉਹਨੇ ਠੀਕ ਕੀਤਾ, ਪਰ ਫ਼ਲੈਸ਼ ਫਿਰ ਵੀ ਨਹੀਂ ਚੱਲੀ। ਉਹਨੇ ਵੀ ਕਹਿ ਦਿੱਤਾ ਕਿ ਇਹਦੇ ਵਿੱਚ ਕੋਈ ਖਾਸ ਨੁਕਸ ਹੈ, ਇਹਦੇ

ਨਾਲ ਨਹੀਂ ਚੱਲਦੀ। ਪਰ ਮੈਨੂੰ ਉਹ ਗੱਲ ਅੱਜ ਤੱਕ ਯਾਦ ਹੈ ਕਿ ਜਨਮੇਜੇ ਨੇ ਕਿਵੇਂ ਉਸਨੂੰ ਰੁਮਾਲ ਵਿੱਚ ਪਾ ਕੇ ਬੰਨ੍ਹ ਕੇ ਮੈਨੂੰ ਦਿੱਤਾ ਸੀ।

ਫਿਰ ਗੱਲ ਮੇਰੇ ਖ਼ਿਆਲ ਵਿੱਚ 1985 ਜਾਂ 1986 ਦੀ ਹੈ। ਉਦੋਂ ਤੇਲ ਦੀ ਬਹੁਤ ਦਿੱਕਤ ਹੋ ਗਈ ਸੀ। ਪੈਟਰੋਲ ਛੇਤੀ ਨਹੀਂ ਮਿਲਦਾ ਸੀ। ਇੱਕ ਦਿਨ ਉਹ ਮੈਨੂੰ ਕਹਿਣ ਲੱਗਾ, "ਕੱਲ ਨੂੰ ਤੂੰ ਵਿਹਲਾ ਹੈਂ"

ਮੈਂ ਕਿਹਾ, "ਹਾਂ, ਦੱਸ ਕੀ ਗੱਲ ਹੈ?

ਕਹਿੰਦਾ, "ਆਪਾਂ ਪਟਿਆਲੇ ਜਾਣਾ ਹੈ।"

ਡਾ. ਜੌਹਲ ਉਦੋਂ ਪਟਿਆਲੇ ਵਾਈਸ ਚਾਂਸਲਰ ਲੱਗੇ ਹੋਏ ਸਨ। ਮੈਂ ਕਿਹਾ, "ਠੀਕ ਹੈ, ਮੈਂ ਤੇਰੇ ਨਾਲ ਚੱਲ ਪੈਂਦਾ ਹਾਂ।"

ਉਸਨੇ ਤੇਲ ਦੀ ਕੈਨੀ ਭਰਵਾਈ, ਚਾਲੀ ਲੀਟਰ ਦੀ, ਕੈਨੀ ਗੱਡੀ ਵਿੱਚ ਰੱਖੀ ਕਿ ਪਟਿਆਲੇ ਦੇ ਕੇ ਆਉਣਾ ਹੈ। ਡਰਾਈਵਰ ਕਾਰ ਦਾ ਉਥੋਂ ਆਇਆ ਹੋਇਆ ਸੀ। ਅਸੀਂ ਦੋਵੇਂ ਉਸਦੇ ਨਾਲ ਚੱਲ ਪਏ। ਉਹਨਾਂ ਦਿਨਾਂ ਵਿੱਚ ਸੀ ਆਰ ਪੀ ਐਫ ਜਾਂ ਫੌਜ ਵਾਲਿਆਂ ਦੇ ਨਾਕੇ ਬਹੁਤ ਲੱਗੇ ਹੁੰਦੇ ਸਨ, ਕਿਉਂਕਿ ਉਹ ਬਹੁਤ ਕਾਲਾ ਦੌਰ ਸੀ। ਕਿਸੇ ਵੀ ਜਗ੍ਹਾ ਜਾਣਾ ਐਨਾ ਸੌਖਾ ਨਹੀਂ ਸੀ। ਜਦੋਂ ਨਾਕਾ ਲੱਗਿਆ ਹੁੰਦਾ, ਕਈ-ਕਈ ਕਿਲੋਮੀਟਰ ਤੱਕ ਲਾਈਨਾਂ ਲੱਗੀਆਂ ਹੁੰਦੀਆਂ।

ਅਸੀਂ ਨਾਭਾ ਲੰਘ ਗਏ। ਨਾਭੇ ਤੋਂ ਅੱਗੇ ਪਟਿਆਲੇ ਨੂੰ ਜਾਂਦਿਆਂ ਬਹੁਤ ਲੰਮਾ ਨਾਕਾ ਲੱਗਿਆ ਹੋਇਆ ਸੀ। ਨਾਕਾ ਫੌਜ ਦਾ ਸੀ ਅਤੇ ਪੂਰੀ ਲਾਈਨ ਵਿੱਚ ਗੱਡੀਆਂ ਬਹੁਤ ਹੌਲੀ ਅੱਗੇ ਜਾ ਰਹੀਆਂ ਸਨ। ਜਨਮੇਜਾ ਕਹਿੰਦਾ, "ਯਾਰ, ਆਪਾਂ ਤਾਂ ਮੁੜਨਾ ਵੀ ਹੈ, ਬਹੁਤ ਲੇਟ ਹੋ ਜਾਵਾਂਗੇ।"

ਉਹ ਡਰਾਈਵਰ ਨੂੰ ਕਹਿੰਦਾ, "ਜਾ ਕੇ ਕਹਿ ਦੇ ਕਿ ਮੇਜਰ ਸਾਹਿਬ ਦੀ ਗੱਡੀ ਹੈ।"

ਕਿਉਂਕਿ ਜਨਮੇਜੇ ਦਾ ਕਾਗਜ਼ੀ ਨਾਮ ਮੇਜਰ ਸਿੰਘ ਸੀ। ਡਰਾਈਵਰ ਥੱਲੇ ਉਤਰ ਕੇ ਅੱਗੇ ਗਿਆ ਅਤੇ ਜਿੱਥੇ ਅਫ਼ਸਰ ਖੜ੍ਹਾ ਸੀ, ਉਹਨੂੰ ਕਹਿੰਦਾ, "ਜੀ, ਪਿੱਛੇ ਮੇਜਰ ਸਾਹਿਬ ਦੀ ਗੱਡੀ ਹੈ।"

ਚਿੱਟੇ ਰੰਗ ਦੀ ਐਂਬੈਸਡਰ ਗੱਡੀ ਸੀ, ਸਰਕਾਰੀ ਗੱਡੀ ਵਰਗੀ। ਅਫ਼ਸਰ ਨੂੰ ਲੱਗਿਆ ਗੱਲ ਠੀਕ ਹੈ। ਕਹਿੰਦਾ, "ਸਾਈਡ ਤੋਂ ਕੱਢ ਕੇ ਲੈ ਜਾਓ।"

ਅਸੀਂ ਗੱਡੀ ਸਾਈਡ ਤੋਂ ਕੱਢ ਕੇ ਲੈ ਗਏ। ਮੈਂ ਜਨਮੇਜੇ ਨੂੰ ਕਿਹਾ, "ਤੂੰ ਤਾਂ ਝੂਠ ਬੋਲਿਆ।"

ਕਹਿੰਦਾ, "ਝੂਠ ਕਿੱਥੇ ਬੋਲਿਆ ਮੇਰਾ ਨਾਮ ਮੇਜਰ ਹੈ। ਡਰਾਈਵਰ ਮੈਨੂੰ ਮੇਜਰ ਸਾਹਿਬ ਹੀ ਕਹੇਗਾ ਨਾ। ਇਹ ਵੱਖਰੀ ਗੱਲ ਹੈ ਕਿ ਫੌਜੀ ਨੇ ਸਮਝ ਲਿਆ ਕਿ ਫੌਜ ਵਾਲੇ ਮੇਜਰ ਸਾਹਿਬ ਹਨ।"

ਸੋ ਅਸੀਂ ਬੜੇ ਆਰਾਮ ਨਾਲ ਪਟਿਆਲੇ ਪਹੁੰਚ ਗਏ ਅਤੇ ਸ਼ਾਮ ਨੂੰ ਵਾਪਸ ਆ ਗਏ।

ਫਿਰ 1986 ਵਿੱਚ ਅਸੀਂ ਕਲੱਬ 35 ਵੱਲੋਂ ਆਲ ਇੰਡੀਆ ਫੋਟੋਗਰਾਫ਼ੀ ਕੰਪੀਟੀਸ਼ਨ ਕਰਵਾਇਆ। ਮੇਰੀ ਤੇ ਜਨਮੇਜੇ ਦੀ ਡਿਊਟੀ ਲੱਗੀ ਕਿ ਪਟਿਆਲੇ ਐਮ ਐੱਸ ਰੰਧਾਵਾ ਨੂੰ ਸੰਪਰਕ ਕਰਕੇ ਚੀਫ਼ ਗੈਸਟ ਬਣਾਉਣਾ ਹੈ ਅਤੇ ਚੰਡੀਗੜ੍ਹ ਤੋਂ ਜੱਜ ਨਿਯੁਕਤ ਕਰਕੇ ਆਉਣੇ ਹਨ।

ਮੈਂ ਤੇ ਜਨਮੇਜਾ ਚੰਡੀਗੜ੍ਹ ਦੀ ਤਿਆਰੀ ਕਰਕੇ ਚਲੇ ਗਏ। ਲੁਧਿਆਣੇ ਤੋਂ ਪਟਿਆਲੇ ਪਹੁੰਚੇ। ਪਟਿਆਲੇ ਕਾਰ ਯੂਨੀਵਰਸਿਟੀ ਵਿੱਚ ਛੱਡ ਕੇ ਉੱਥੋਂ ਅਸੀਂ ਚੰਡੀਗੜ੍ਹ ਚਲੇ ਗਏ। ਚੰਡੀਗੜ੍ਹ ਮੈਨੂੰ ਪਤਾ ਸੀ ਕਿ ਅਸੀਂ ਜਰਨੈਲ ਆਰਟਿਸਟ ਦੇ ਘਰ ਜਾਣਾ ਹੈ। ਉਹਨਾਂ ਦੇ ਪਿਤਾ ਸਰਦਾਰ ਕਿਰਪਾਲ ਸਿੰਘ ਸਨ, ਜਿਨ੍ਹਾਂ ਨੂੰ ਆਰਟਿਸਟ ਹੋਣ ਕਰਕੇ ਬਹੁਤ ਲੋਕ ਜਾਣਦੇ ਸਨ। ਉਹ ਕਾਲੇ ਕੱਪੜੇ ਪਾਉਂਦੇ ਤੇ ਚਿੱਟੀ ਪੱਗ ਬੰਨਦੇ ਸਨ। ਚੰਡੀਗੜ੍ਹ ਵਿੱਚ ਲੋਕ ਉਹਨਾਂ ਨੂੰ ਇਸੇ ਕਰਕੇ ਜਾਣਦੇ ਸਨ।

ਅਸੀਂ ਬੱਸ ਤੋਂ ਟ੍ਰਿਬਿਊਨ ਚੌਕ ਉਤਰ ਗਏ। ਉੱਥੋਂ ਉਹਨਾਂ ਦਾ ਘਰ ਦੋ-ਢਾਈ ਕਿਲੋਮੀਟਰ ਸੀ। ਮੈਨੂੰ ਵੀ ਪਤਾ ਸੀ, ਜਨਮੇਜੇ ਨੂੰ ਵੀ ਪਤਾ ਸੀ। ਅਸੀਂ ਤੁਰ ਪਏ। ਸਾਡੇ ਪਿੱਛੇ ਇੱਕ ਰਿਕਸ਼ੇ ਵਾਲਾ ਆ ਗਿਆ। ਕਹਿੰਦਾ, "ਰਿਕਸ਼ੇ ਵਿੱਚ ਬੈਠ ਜਾਓ।"

ਅਸੀਂ ਕਿਹਾ, "ਫਲਾਣੀ ਜਗ੍ਹਾ ਜਾਣਾ ਹੈ। ਕਿੰਨੇ ਪੈਸੇ ਲਏਂਗਾ"

ਕਹਿੰਦਾ, "ਪੰਜ ਰੁਪਏ।"

ਜਨਮੇਜਾ ਕਹਿੰਦਾ, "ਪੰਜ ਜ਼ਿਆਦਾ ਹਨ, ਚਾਰ ਲੈ ਲੈ।"

ਉਹ ਕਹਿੰਦਾ, "ਨਹੀਂ ਜੀ।"

ਅਸੀਂ ਤੁਰ ਪਏ। ਥੋੜ੍ਹਾ ਅੱਗੇ ਜਾ ਕੇ ਉਹ ਕਹਿੰਦਾ, "ਚਲੋ, ਚਾਰ ਦੇ ਦਿਓ।"

ਜਨਮੇਜਾ ਕਹਿੰਦਾ, "ਨਹੀਂ, ਹੁਣ ਤਾਂ ਅਸੀਂ ਅੱਗੇ ਆ ਗਏ ਹਾਂ, ਹੁਣ ਤਿੰਨ।"

ਉਹ ਅੱਧ ਤੱਕ ਸਾਡੇ ਨਾਲ ਆ ਕੇ ਫਿਰ ਪਿੱਛੇ ਮੁੜਿਆ। ਅਸੀਂ ਤੁਰ ਕੇ ਜਰਨੈਲ ਦੇ ਘਰ ਪਹੁੰਚ ਗਏ। ਉੱਥੇ ਜਾ ਕੇ ਗੱਲਬਾਤ ਦੱਸੀ। ਸਾਡਾ ਦੋ-ਤਿੰਨ ਦਿਨ ਰਹਿਣ ਦਾ ਪ੍ਰੋਗਰਾਮ ਸੀ।

ਸ਼ਾਮ ਨੂੰ ਮੈਂ, ਜਰਨੈਲ ਤੇ ਜਨਮੇਜਾ ਸੈਕਟਰ 17 ਮਾਰਕੀਟ ਘੁੰਮਣ ਚਲੇ ਗਏ। ਉੱਥੇ ਜਨਮੇਜੇ ਨੇ ਸਾਨੂੰ ਕਾਫ਼ੀ ਮਹਿੰਗੀ ਆਈਸਕ੍ਰੀਮ ਖਵਾਈ। ਮੈਂ ਕਿਹਾ, "ਜਨਮੇਜੇ ਯਾਰ, ਉਹ ਪੰਜ ਰੁਪਏ ਮੰਗਦਾ ਸੀ, ਆਪਾਂ ਢਾਈ-ਤਿੰਨ ਕਿਲੋਮੀਟਰ ਦੁਪਹਿਰੇ ਗਰਮੀ ਵਿੱਚ ਤੁਰ ਕੇ ਆਏ। ਇੱਥੇ ਤੂੰ ਚਾਲੀ ਰੁਪਏ ਦੀ ਆਈਸਕ੍ਰੀਮ ਖਵਾ ਦਿੱਤੀ।"

ਕਹਿੰਦਾ, "ਨਹੀਂ, ਇਹ ਸਵਾਦ ਦਾ ਕੰਮ ਹੈ। ਉਹ ਵਪਾਰ ਦਾ ਕੰਮ ਸੀ।"

ਮੈਨੂੰ ਅਜੇ ਤੱਕ ਉਹ ਗੱਲ ਯਾਦ ਹੈ।

ਉੱਥੇ ਇੱਕ ਹੋਰ ਘਟਨਾ ਹੋਈ, ਜੋ ਮੈਨੂੰ ਅੱਜ ਤੱਕ ਯਾਦ ਹੈ। ਸ਼ਾਮ ਨੂੰ ਅਸੀਂ ਜਰਨੈਲ ਤੋਂ ਸਾਈਕਲ ਲੈ ਕੇ ਲੇਕ 'ਤੇ ਚਲੇ ਗਏ। ਜਨਮੇਜੇ ਨੇ ਕਿਹਾ ਕਿ ਲੇਕ 'ਤੇ ਡੁੱਬਦੇ ਸੂਰਜ ਦੀਆਂ ਫੋਟੋਆਂ ਖਿੱਚਈਆਂ ਹਨ। ਅਸੀਂ ਜਾਣ- ਬੁੱਝ ਕੇ ਸੂਰਜ ਡੁੱਬਣ ਤੋਂ ਪੱਚੀ ਮਿੰਟ ਪਹਿਲਾਂ ਪਹੁੰਚੇ, ਤਾਂ ਕਿ ਲੇਕ ਦੇ ਵਿਚਕਾਰ ਜਾ ਕੇ ਫੋਟੋਆਂ ਖਿੱਚੀਏ।

ਜਦੋਂ ਅਸੀਂ ਸੁਖਨਾ ਲੇਕ ਪਹੁੰਚੇ ਤਾਂ ਸਾਰੀਆਂ ਕਿਸ਼ਤੀਆਂ ਲੇਕ

ਲੈ ਜਾ ਚੁੱਕੇ ਸਨ। ਇੱਕ ਕਿਸ਼ਤੀ ਖੜ੍ਹੀ ਸੀ।

ਅਸੀਂ ਕਿਹਾ, "ਸਾਨੂੰ ਕਿਸ਼ਤੀ ਚਾਹੀਦੀ ਹੈ, ਅੰਦਰ ਜਾ ਕੇ ਫੋਟੋਗਰਾਫ਼ੀ ਕਰਨੀ ਹੈ।"

ਉਹ ਕਹਿੰਦਾ, "ਇੱਕ ਕਿਸ਼ਤੀ ਖੜ੍ਹੀ ਹੈ, ਪਰ ਇਸ ਦੇ ਹੇਠਾਂ ਛੋਟਾ ਜਿਹਾ ਸੁਰਾਖ਼ ਹੈ। ਇਸ ਕਰਕੇ ਅਸੀਂ ਇਹ ਦਿੰਦੇ ਨਹੀਂ, ਕਿਉਂਕਿ ਇਸ ਵਿੱਚ ਪਾਣੀ ਆ ਜਾਂਦਾ ਹੈ।"

ਜਨਮੇਜਾ ਕਹਿੰਦਾ, "ਕੋਈ ਗੱਲ ਨਹੀਂ, ਅਸੀਂ ਫੋਟੋਆਂ ਖਿੱਚਣੀਆਂ ਹਨ, ਲੈ ਜਾਂਦੇ ਹਾਂ।"

ਉਹਨੇ ਸਾਨੂੰ ਇੱਕ ਡੱਬਾ ਦੇ ਦਿੱਤਾ ਕਿ ਜੇ ਪਾਣੀ ਆ ਗਿਆ ਤਾਂ ਡੱਬੇ ਨਾਲ ਕੱਢ ਦਿਓ। ਮੇਰੇ ਮਨ ਵਿੱਚ ਉਸੇ ਵੇਲੇ ਡਰ ਆ ਗਿਆ ਕਿ ਸੁਖਨਾ ਲੇਕ ਡੂੰਘੀ ਵੀ ਹੈ। ਅਸੀਂ ਥੋੜ੍ਹਾ ਅੱਗੇ ਗਏ ਤਾਂ ਜਨਮੇਜਾ ਕਹਿੰਦਾ, "ਹੋਰ ਅੱਗੇ ਚੱਲੀਏ।" ਉਹ ਪੈਡਲ ਦੂਜੇ ਪਾਸੇ ਨੂੰ ਮਾਰੇ, ਮੈਂ ਦੂਜੇ ਪਾਸੇ ਨੂੰ। ਕਿਸ਼ਤੀ ਸਥਿਰ ਹੋ ਗਈ।

ਮੈਂ ਕਿਹਾ, "ਜਨਮੇਜੇ, ਤੂੰ ਇਧਰਲੇ ਪਾਸੇ ਘੁਮਾਅ ਕੇ ਫੋਟੋਆਂ ਖਿੱਚ ਲੈ।" ਪਰ ਮੇਰਾ ਧਿਆਨ ਪਾਣੀ ਡੱਬੇ ਨਾਲ ਕੱਢਣ ਵਿੱਚ ਸੀ। ਉਹ ਜਿੰਨੇ 15-20 ਮਿੰਟ ਸਨ, ਮੈਨੂੰ ਲੱਗਦਾ ਰਿਹਾ ਕਿ ਹੁਣ ਪਾਣੀ ਜ਼ਿਆਦਾ ਆ ਗਿਆ, ਹੁਣ ਪਾਣੀ ਜ਼ਿਆਦਾ ਆ ਗਿਆ। ਫਿਰ ਮੈਂ ਕਿਹਾ, "ਬਹੁਤ ਹੋ ਗਿਆ ਯਾਰ, ਹੁਣ ਬਾਹਰ ਚੱਲੀਏ। ਸੂਰਜ ਡੁੱਬ ਗਿਆ ਹੈ।"

ਉਸਦਾ ਮਨ ਸੀ ਹੋਰ ਅੱਗੇ ਜਾ ਕੇ ਫੋਟੋ ਖਿੱਚਣ ਦਾ, ਪਰ ਮੈਂ ਮਸਾਂ ਉਸਨੂੰ ਮੋੜ ਕੇ ਲਿਆਇਆ।

ਸਵੇਰੇ ਇੱਕ ਹੋਰ ਦਿਲਚਸਪ ਗੱਲ ਹੋਈ। ਜਰਨੈਲ ਨੇ ਆਪਣੀ ਐਗਜ਼ੀਬਿਸ਼ਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਲਾਉਣੀ ਸੀ। ਗੱਲਬਾਤ ਚੱਲ ਰਹੀ ਸੀ। ਜਨਮੇਜਾ ਸਵੇਰੇ ਬ੍ਰੇਕਫ਼ਾਸਟ ਕਰਦਿਆਂ ਕਹਿੰਦਾ, "ਹੁਣ ਤੂੰ ਐਗਜ਼ੀਬਿਸ਼ਨ ਲਾ ਲੈ। ਫਿਰ ਡਾਕਟਰ ਸਾਹਿਬ ਦਾ ਪਤਾ ਨਹੀਂ ਕਿੰਨਾ ਚਿਰ ਰਹਿੰਦਾ ਹੈ। ਬਾਅਦ ਵਿੱਚ ਤੇਰੀ ਐਗਜ਼ੀਬਿਸ਼ਨ

ਲੱਗਦੀ ਜਾਂ ਨਾ ਲੱਗਦੀ, ਪਤਾ ਨਹੀਂ।"

ਅਸੀਂ ਇਹ ਗੱਲ ਕਰ ਰਹੇ ਸੀ। ਜਰਨੈਲ ਦਾ ਉਦੋਂ ਵਿਆਹ ਹੋਇਆ ਹੋਇਆ ਸੀ। ਉਹਦੀ ਪਤਨੀ ਮੈਨੂੰ ਪਾਸੇ ਕਰਕੇ ਕਹਿੰਦੀ, "ਤੁਸੀਂ ਭਾਜੀ ਕਿਉਂ ਇਹਨੂੰ ਵਿਚਾਰੇ ਗਰੀਬ ਨੂੰ ਮਖੌਲ ਕਰਦੇ ਹੋ?

ਮੈਂ ਕਿਹਾ, "ਭਾਬੀ ਜੀ, ਕਿਹੜਾ ਮਖੌਲ"

ਕਹਿੰਦੀ, "ਤੁਸੀਂ ਕਹੀ ਜਾਂਦੇ ਹੋ ਇਹਦਾ ਫਾਦਰ ਵਾਈਸ ਚਾਂਸਲਰ ਹੈ। ਮੈਨੂੰ ਤਾਂ ਬਾਈ ਚਾਂਸ ਦਾ ਬੇਟਾ ਲੱਗਦਾ ਹੈ।"

ਮੈਂ ਕਿਹਾ, "ਭੈਣ ਜੀ, ਸੱਚਮੁੱਚ ਇਹਦੇ ਪਿਤਾ ਜੀ ਉੱਥੇ ਵਾਈਸ ਚਾਂਸਲਰ ਹਨ।"

ਉਹਨੂੰ ਯਕੀਨ ਇਸ ਕਰਕੇ ਨਹੀਂ ਆਇਆ, ਕਿਉਂਕਿ ਜਨਮੇਜਾ ਐਨਾ ਸਿੰਪਲ ਤੇ ਐਨਾ ਫੱਕਰ ਆਦਮੀ ਹੈ ਕਿ ਕਦੇ ਵੀ ਇਸ ਤਰ੍ਹਾਂ ਦਾ ਸ਼ੋਅ-ਆਫ਼ ਨਹੀਂ ਕੀਤਾ। ਉਹ ਅਕਸਰ ਕਹਿੰਦਾ ਸੀ, "ਡਾ. ਜੌਹਲ ਦੀ ਆਪਣੀ ਪਛਾਣ ਹੈ, ਮੇਰੀ ਆਪਣੀ ਪਛਾਣ ਹੈ।" ਜਿੱਥੋਂ ਤੱਕ ਮੈਂ ਸਮਝਦਾ ਹਾਂ, ਉਸਨੇ ਕਦੇ ਵੀ ਇਸ ਚੀਜ਼ ਨੂੰ ਮੇਰੇ ਸਾਹਮਣੇ ਤਾਂ ਘੱਟੋ-ਘੱਟ ਕਦੇ ਕਲੇਮ ਨਹੀਂ ਕੀਤਾ।

ਇੱਕ ਵਾਰ ਅਸੀਂ ਦੋਵਾਂ ਨੇ ਪਟਿਆਲੇ ਜਾਣਾ ਸੀ। ਉੱਥੋਂ ਕਾਰ ਲੈ ਕੇ ਆਉਣੀ ਸੀ। ਉਹ ਮੈਨੂੰ ਕਹਿੰਦਾ, "ਮੇਰੇ ਨਾਲ ਚੱਲ। ਆਪਾਂ ਆਉਂਦੇ ਹੋਏ ਕਾਰ 'ਚ ਆਵਾਂਗੇ, ਜਾਂਦੇ ਹੋਏ ਬੱਸ 'ਚ ਚੱਲਦੇ ਹਾਂ।"

ਅਸੀਂ ਲੁਧਿਆਣੇ ਬੱਸ ਅੱਡੇ 'ਤੇ ਸਕੂਟਰ ਖੜ੍ਹਾ ਕਰਕੇ ਬੱਸ ਵਿੱਚ ਬੈਠੇ ਅਤੇ ਪਟਿਆਲੇ ਬੱਸ ਅੱਡੇ ਉਤਰ ਗਏ। ਉੱਥੇ ਕਹਿੰਦਾ, "ਆ ਜਾ, ਆਪਾਂ ਯੂਨੀਵਰਸਿਟੀ ਵਾਲੀ ਬੱਸ 'ਚ ਚੜ੍ਹ ਕੇ ਚੱਲਦੇ ਹਾਂ।"

ਮੈਨੂੰ ਪਤਾ ਨਹੀਂ ਸੀ, ਕਿਉਂਕਿ ਮੈਂ ਕਦੇ ਯੂਨੀਵਰਸਿਟੀ ਵਾਲੀ ਬੱਸ 'ਚ ਸਫ਼ਰ ਨਹੀਂ ਕੀਤਾ ਸੀ। ਜਦੋਂ ਅਸੀਂ ਯੂਨੀਵਰਸਿਟੀ ਵਾਲੀ ਬੱਸ 'ਚ ਚੜ੍ਹੇ ਤਾਂ ਤੁਰਨ ਤੋਂ ਪਹਿਲਾਂ ਕੰਡਕਟਰ ਨੇ ਆਵਾਜ਼ ਮਾਰ ਦਿੱਤੀ ਕਿ ਯੂਨੀਵਰਸਿਟੀ ਦੇ ਇੰਪਲਾਈਜ਼ ਜਾਂ ਸਟੂਡੈਂਟ ਜਿਨ੍ਹਾਂ ਕੋਲ ਪਾਸ ਹਨ, ਉਹ

ਹੀ ਬੈਠਣ। ਹੋਰ ਕੋਈ ਨਾ ਬੈਠੇ।

ਜਨਮੇਜਾ ਮੈਨੂੰ ਕਹਿੰਦਾ, "ਆ ਜਾ ਯਾਰ, ਆਪਾਂ ਦੂਜੀ ਬੱਸ ਚੱਲਦੇ ਹਾਂ। ਰਾਜਪੁਰੇ ਵਾਲੀ 'ਚ ਚੜ੍ਹ ਕੇ

ਮੈਂ ਕਿਹਾ, "ਯਾਰ, ਇਹਨੂੰ ਦੱਸ ਤਾਂ ਸਹੀ ਕਿ ਅਸੀਂ ਵਾਈਸ ਚਾਂਸਲਰ ਹਾਊਸ ਜਾਣਾ ਹੈ।"

ਕਹਿੰਦਾ, "ਇਹਨੂੰ ਦੱਸਣ ਦੀ ਕੀ ਲੋੜ ਹੈ"

ਸੱਚਮੁੱਚ ਉਸਨੇ ਇਹ ਗੱਲ ਨਹੀਂ ਕਹੀ ਕਿ ਅਸੀਂ ਵਾਈਸ ਚਾਂਸਲਰ ਹਾਊਸ ਜਾਣਾ ਹੈ। ਅਸੀਂ ਉਤਰ ਕੇ ਦੂਜੀ ਬੱਸ 'ਚ ਚੜ੍ਹੇ, ਯੂਨੀਵਰਸਿਟੀ ਪਹੁੰਚੇ ਅਤੇ ਉੱਥੋਂ ਤੁਰ ਕੇ ਡਾ. ਜੌਹਲ ਸਾਹਿਬ ਦੇ ਆਫ਼ਿਸ਼ਲ ਰੈਜ਼ੀਡੈਂਸ ਪਹੁੰਚੇ। ਪਰ ਜਦੋਂ ਅਸੀਂ ਦੁਪਹਿਰੋਂ ਬਾਅਦ ਕਾਰ ਲੈ ਕੇ ਬਾਹਰ ਆ ਰਹੇ ਸੀ, ਗੇਟ 'ਤੇ ਡਾ. ਜੌਹਲ ਸਾਹਿਬ ਵੀ ਨਾਲ ਸਨ। ਮੈਨੂੰ ਲੱਗਦਾ ਹੈ, ਉਹ ਕੰਡਕਟਰ ਜ਼ਰੂਰ ਦੇਖਦਾ ਹੋਵੇਗਾ ਕਿ ਇਹ ਬੰਦੇ ਸਵੇਰੇ ਤਾਂ ਬੱਸ ਤੋਂ ਉਤਰ ਗਏ ਸਨ, ਇਹ ਤਾਂ ਇੱਥੇ ਆਉਣਾ ਸੀ। ਪਤਾ ਨਹੀਂ ਉਹਨੇ ਕੀ ਸੋਚਿਆ ਹੋਵੇਗਾ।

ਇੱਕ ਛੋਟੀ ਜਿਹੀ ਗੱਲ ਡਾ. ਜੌਹਲ ਸਾਹਿਬ ਨਾਲ ਵੀ ਜੁੜੀ ਹੈ। ਜਦੋਂ ਅਸੀਂ ਦੁਪਹਿਰੇ ਖਾਣਾ ਖਾਣ ਲੱਗੇ, ਡਾ. ਜੌਹਲ ਸਾਹਿਬ ਦਫ਼ਤਰ ਤੋਂ ਆ ਗਏ। ਉਹ ਮੈਨੂੰ ਮਿਲੇ, ਹਾਲ-ਚਾਲ ਪੁੱਛਿਆ। ਜਦੋਂ ਖਾਣਾ ਖਾਣ ਲਈ ਟੇਬਲ 'ਤੇ ਬੈਠੇ ਤਾਂ ਜਨਮੇਜੇ ਦਾ ਬੇਟਾ ਦੋ-ਢਾਈ ਸਾਲ ਦਾ ਸੀ। ਉਹ ਥੱਲੇ ਕਾਰਪਟ 'ਤੇ ਬੈਠ ਕੇ ਕਹਿੰਦਾ, "ਦਾਦੂ, ਥੱਲੇ ਬਹਿ ਕੇ ਰੋਟੀ ਖਾਈ ਹੈ।"

ਡਾ. ਜੌਹਲ ਸਾਹਿਬ ਮੈਨੂੰ ਕਹਿੰਦੇ, "ਮਾਨ ਸਿੰਘ, ਮੈਂ ਹੁਣ ਇੱਥੇ ਵਾਈਸ ਚਾਂਸਲਰ ਨਹੀਂ, ਹੁਣ ਮੈਂ ਇੱਥੇ ਦਾਦਾ ਹਾਂ।

ਮੈਨੂੰ ਅੱਜ ਤੱਕ ਇਹ ਗੱਲ ਬਹੁਤ ਸੱਚੀ ਲੱਗਦੀ ਹੈ। ਅਸੀਂ ਟੇਬਲ 'ਤੇ ਬੈਠ ਕੇ ਰੋਟੀ ਖਾ ਰਹੇ ਸੀ ਅਤੇ ਡਾ. ਜੌਹਲ ਸਾਹਿਬ ਆਪਣੇ ਪੋਤੇ ਨਾਲ ਥੱਲੇ ਕਾਰਪਟ 'ਤੇ ਬੈਠ ਕੇ ਰੋਟੀ ਖਾ ਰਹੇ ਸਨ। ਉਹਨਾਂ ਨੂੰ ਬਹੁਤ ਚੰਗਾ ਲੱਗ ਰਿਹਾ ਸੀ। ਹੁਣ ਜਦੋਂ ਮੈਂ ਖ਼ੁਦ ਦਾਦਾ ਬਣ ਗਿਆ ਹਾਂ,

ਮੈਨੂੰ ਸਮਝ ਆਉਂਦੀ ਹੈ ਕਿ ਉਹ ਖੁਸ਼ੀ ਵੱਖਰੀ ਹੁੰਦੀ ਹੈ।

ਜਨਮੇਜੇ ਬਾਰੇ ਅੱਜ ਇੰਨੀਆਂ ਕੁ ਗੱਲਾਂ। ਜਿਵੇਂ ਮੈਂ ਉਸਨੂੰ ਦੇਖਿਆ ਹੈ, ਅੱਜ ਵੀ ਜਦੋਂ ਅਸੀਂ ਮਿਲਦੇ ਹਾਂ, ਉਸ ਵਿੱਚ ਉਹੀ ਸਰਲਤਾ, ਉਹੀ ਸਹਿਜਤਾ ਹੈ। ਅਸੀਂ ਬਹੁਤ ਥਾਵਾਂ 'ਤੇ ਇਕੱਠੇ ਜੱਜਮੈਂਟਾਂ ਲਈ ਵੀ ਜਾਂਦੇ ਰਹੇ ਹਾਂ।

ਜਦੋਂ ਜੀ ਪੀ ਐੱਸ ਦਾ ਸਿਸਟਮ ਆਇਆ, ਉਸ ਨਾਲ ਵੀ ਇੱਕ ਬੜੀ ਦਿਲਚਸਪ ਗੱਲ ਹੈ। ਅਸੀਂ ਮਾਹਿਲਪੁਰ ਜਾਣਾ ਸੀ। ਜੱਜਮੈਂਟ ਤੋਂ ਬਾਅਦ ਜਦੋਂ ਵਾਪਸ ਆਏ ਅਤੇ ਲੁਧਿਆਣੇ ਪਹੁੰਚੇ, ਉਹ ਮੈਨੂੰ ਕਹਿੰਦਾ, "ਤੈਨੂੰ ਜੀ ਪੀ ਐੱਸ ਦੀ ਝਲਕ ਦਿਖਾਵਾਂ"

ਮੈਂ ਕਿਹਾ, "ਹਾਂ, ਦਿਖਾ।"

ਉਸਨੇ ਜੀ ਪੀ ਐੱਸ ਲਾਇਆ ਹੋਇਆ ਸੀ। ਅਸੀਂ ਲੁਧਿਆਣੇ ਆ ਕੇ ਦੂਜੇ ਪਾਸੇ ਗੱਡੀ ਮੋੜ ਲਈ। ਵਿੱਚੋਂ ਲੇਡੀ ਦੀ ਆਵਾਜ਼ ਆਉਣ ਲੱਗੀ। ਉਹ ਕਹਿੰਦਾ, "ਦੇਖਿਆ, ਕਿਵੇਂ ਰੌਲਾ ਪਾ ਰਹੀ ਹੈ"

ਮੈਂ ਕਿਹਾ, "ਰੌਲਾ ਨਹੀਂ, ਜਨਮੇਜੇ, ਸ਼ੁਕਰ ਕਰ ਕਿ ਇਕੱਲੀ ਆਵਾਜ਼ ਹੈ। ਜੇ ਹੱਥ ਹੁੰਦਾ ਤਾਂ ਥੱਪੜ ਲਾਉਣੇ ਸੀ, ਕਿਉਂਕਿ ਇਹ ਤੈਨੂੰ ਕਹੀ ਜਾ ਰਹੀ ਹੈ ਕਿ ਪਿੱਛੇ ਮੁੜੋ, ਤੇ ਤੁਸੀਂ ਹੋਰ ਪਾਸੇ ਜਾ ਰਹੇ ਹੋ।"

ਸੋ, ਬਹੁਤ ਸਾਰੀਆਂ ਯਾਤਰਾਵਾਂ ਅਸੀਂ ਇਕੱਠਿਆਂ ਕੀਤੀਆਂ। ਫੋਟੋਗਰਾਫ਼ੀ ਕਰਨ ਵੀ ਗਏ, ਜੱਜਮੈਂਟਾਂ 'ਤੇ ਵੀ ਗਏ। ਕਦੇ ਸਾਡਾ ਮਨ-ਵਿਰੋਧ ਨਹੀਂ ਹੋਇਆ, ਨਾ ਕਿਸੇ ਗੱਲ ਨੂੰ ਲੈ ਕੇ ਝਗੜਾ ਹੋਇਆ। ਸਾਡੀ ਬਹੁਤ ਸਾਂਝ ਹੈ।

ਕਦੇ-ਕਦੇ ਇਹ ਮੈਨੂੰ ਅੰਕਲ ਵੀ ਕਹਿ ਦਿੰਦਾ, ਕਿਉਂਕਿ ਮੈਂ ਇਹਨੂੰ ਕਹਿ ਦਿੰਦਾ ਸੀ ਕਿ ਮੈਂ ਤੇਰੇ ਪਿਤਾ ਜੀ ਦਾ ਕਲੀਗ ਹਾਂ। ਉਹਨਾਂ ਦਾ ਵਿਸ਼ਾ ਵੀ ਇਕਨਾਮਿਕਸ ਸੀ, ਮੇਰਾ ਵੀ। ਇਹੋ ਜਿਹੀ ਛੋਟੀ-ਮੋਟੀ ਨੋਕ-ਝੋਕ ਚਲਦੀ ਰਹਿੰਦੀ ਹੈ।

ਪਰ ਜਨਮੇਜਾ ਦਿਲ ਦਾ ਮਾੜਾ ਨਹੀਂ। ਸੱਚਮੁੱਚ ਫੱਕਰ ਵੀ ਹੈ,

ਫ਼ਕੀਰ ਵੀ ਹੈ ਅਤੇ ਬਹੁਤ ਹੀ ਖ਼ੂਬਸੂਰਤ ਇਨਸਾਨ ਹੈ।

ਇੰਨੀਆਂ ਗੱਲਾਂ ਪ੍ਰਵਾਨ ਕਰਿਓ।

***

# ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੇ ਮਾਲਕ ਡਾ. ਨਮਰਤਾ ਜੋਸ਼ੀ

ਮੈਂ ਹਮੇਸ਼ਾ ਜੌਹਲ ਸਰ ਨੂੰ ਆਪਣੇ ਦੋਸਤ, ਦਰਸ਼ਨਿਕ ਅਤੇ ਮਾਰਗਦਰਸ਼ਕ ਵਜੋਂ ਦੇਖਿਆ ਹੈ। ਜਦੋਂ ਮੈਂ ਪਹਿਲੀ ਵਾਰ ਇੱਕ ਵਿਦਿਆਰਥਣ ਵਜੋਂ ਉਹਨਾਂ ਨੂੰ ਮਿਲੀ, ਤਾਂ ਉਹਨਾਂ ਦੇ ਗਿਆਨ ਅਤੇ ਵਿਹਾਰਕ ਸੋਚ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਉਹ ਆਪਣੇ 'ਜੁਗਾੜੂ' ਢੰਗ ਨਾਲ ਔਖੀਆਂ ਗੱਲਾਂ ਨੂੰ ਵੀ ਬਹੁਤ ਆਸਾਨ ਬਣਾ ਕੇ ਸਮਝਾ ਦਿੰਦੇ ਸਨ। ਉਹਨਾਂ ਨੇ ਮੈਨੂੰ ਉਹ ਕੁਝ ਸਿਖਾਇਆ ਜੋ ਨਾ ਕਿਸੇ ਕਲਾਸ ਵਿੱਚ ਸਿੱਖਿਆ ਜਾ ਸਕਦਾ ਸੀ ਅਤੇ ਨਾ ਹੀ ਕਿਸੇ ਕਿਤਾਬ ਵਿੱਚੋਂ।

ਉਹ ਬਹੁਪੱਖੀ ਅਤੇ ਬਹੁ-ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੇ ਮਾਲਕ ਹਨ। ਬੋਟੈਨਿਕਲ ਗਾਰਡਨ ਤੋਂ ਲੈ ਕੇ ਬੱਚਿਆਂ ਦੀਆਂ ਕਿਤਾਬਾਂ 'ਤੇ ਕੰਮ ਕਰਨ ਤੱਕ, ਉਹਨਾਂ ਦਾ ਤਜਰਬਾ ਬਹੁਤ ਵਿਸ਼ਾਲ ਹੈ, ਜਿਸਦਾ ਮੀਡੀਆ ਖੇਤਰ ਨੂੰ ਵੀ ਬਹੁਤ ਲਾਭ ਮਿਲਿਆ ਹੈ। ਉਹਨਾਂ ਦੀ ਰਚਨਾਤਮਕਤਾ ਅਤੇ ਕਲਪਨਾ ਸ਼ਕਤੀ ਦਾ ਸ਼ਿਖਰ ਉਹਨਾਂ ਦੀਆਂ ਫੋਟੋਗਰਾਫ਼ਸ ਵਿੱਚ ਵੇਖਿਆ ਜਾ ਸਕਦਾ ਹੈ। ਤਕਨੀਕੀ ਮਾਹਰਤਾ ਵਿੱਚ ਵੀ ਉਹ ਬੇਮਿਸਾਲ ਹਨ।

ਮੈਂ ਹਮੇਸ਼ਾ ਉਹਨਾਂ ਦੀ ਸਿਰਫ਼ ਇੱਕ ਅਧਿਆਪਕ ਵਜੋਂ ਹੀ ਨਹੀਂ, ਸਗੋਂ ਇੱਕ ਨਿਮਰ, ਦਿਆਲੂ ਅਤੇ ਮਿੱਠੇ ਸੁਭਾਅ ਵਾਲੇ ਇਨਸਾਨ ਵਜੋਂ ਵੀ ਕਦਰ ਕੀਤੀ ਹੈ, ਜਿਨ੍ਹਾਂ ਨੇ ਪੰਜਾਬੀ ਸੱਭਿਆਚਾਰ ਅਤੇ ਰਿਵਾਇਤਾਂ ਨੂੰ ਪ੍ਰਫ਼ੁੱਲਤ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਉਹਨਾਂ ਨੇ ਬੜੇ ਖੁੱਲ੍ਹੇ ਦਿਲ ਨਾਲ ਆਪਣਾ ਗਿਆਨ ਨਵੀਂ ਪੀੜ੍ਹੀ ਨਾਲ ਸਾਂਝਾ ਕੀਤਾ ਹੈ, ਜਿਸ ਨੂੰ ਉਹਨਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲ ਸਕਦਾ ਹੈ। ਆਪਣੇ ਨਾਮ ਅਤੇ ਸ਼ੋਹਰਤ ਦੇ ਬਾਵਜੂਦ ਉਹ ਬਹੁਤ ਹੀ

ਸਾਦਗੀਪਸੰਦ ਅਤੇ ਧਰਤੀ ਨਾਲ ਜੁੜੇ ਹੋਏ ਇਨਸਾਨ ਹਨ।

ਮੈਂ ਉਹਨਾਂ ਲਈ ਚੰਗੀ ਸਿਹਤ, ਲੰਮੀ ਉਮਰ ਅਤੇ ਖੁਸ਼ਹਾਲ ਜੀਵਨ ਦੀ ਦਿਲੋਂ ਕਾਮਨਾ ਕਰਦੀ ਹਾਂ।

-ਪੱਤਰਕਾਰੀ ਵਿਭਾਗ, ਜੀ ਐਨ ਡੀ ਯੂ

***

# ਇੱਕ ਨਾਮ, ਕਈ ਰੰਗ

# ਨਵਤੇਜ ਸਿੰਘ, ਅੰਮ੍ਰਿਤਸਰ

ਜਨਮੇਜਾ ਸਿੰਘ ਜੌਹਲ ਸਿਰਫ਼ ਇੱਕ ਸ਼ਖ਼ਸੀਅਤ ਦਾ ਨਾਮ ਨਹੀਂ ਹੈ, ਉਹ ਕੁਦਰਤ ਦੀ ਮਹਾਨ ਕਿਰਪਾ ਨਾਲ ਪੰਜਾਬ ਦੀ ਝੋਲੀ ਪਿਆ ਅਜਿਹਾ ਹੀਰਾ ਹਨ, ਜਿਸ ਦੀ ਚਮਕ ਨਾਲ ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦਾ ਨਵਾਂ ਮੁਹਾਂਦਰਾ ਉਸਰਿਆ ਹੈ। ਉਹ ਅਜਿਹੇ ਸਰਗਰਮ ਤਕਨੀਕੀ ਮਾਹਿਰ ਵਜੋਂ ਜਾਣੇ ਜਾਂਦੇ ਹਨ, ਜੋ ਪੰਜਾਬੀ ਭਾਸ਼ਾ ਨਾਲ ਸਬੰਧਤ ਹਰ ਚੀਜ਼ ਨੂੰ ਦੁਨੀਆ ਦੇ ਮੁਕਾਬਲੇ ਖਲੋਤੀ ਵੇਖਣਾ ਚਾਹੁੰਦੇ ਹਨ।

ਉਹਨਾਂ ਨੇ ਲੇਖਕ, ਦਸਤਾਵੇਜ਼ਕਾਰ ਅਤੇ ਪੰਜਾਬੀ ਭਾਸ਼ਾ ਦੇ ਸੇਵਾਦਾਰ ਵਜੋਂ ਆਪਣੀ ਵਿਲੱਖਣ ਪਛਾਣ ਬਣਾਈ ਹੈ।

ਜਨਮੇਜਾ ਸਿੰਘ ਜੌਹਲ ਦਾ ਜਨਮ ਸਰਦਾਰ ਸਰਦਾਰਾ ਸਿੰਘ ਜੌਹਲ ਜੀ ਦੇ ਘਰ ਪੰਜਾਬ ਵਿੱਚ ਹੋਇਆ ਅਤੇ ਬਚਪਨ ਤੋਂ ਹੀ ਉਹਨਾਂ ਵਿੱਚ ਸਾਹਿਤਕ ਰੁਝਾਨ ਪੈਦਾ ਹੋ ਗਿਆ ਸੀ। ਬਚਪਨ ਦੀਆਂ ਪੜ੍ਹਨ-ਲਿਖਣ ਦੀਆਂ ਆਦਤਾਂ ਨੇ ਉਹਨਾਂ ਦੇ ਮਨ ਵਿੱਚ ਲਿਖਾਰੀ ਬਣਨ ਦੀ ਜੋਤ ਜਗਾਈ। ਉਹਨਾਂ ਨੇ ਬਾਲ ਸਾਹਿਤ ਵੱਲ ਖ਼ਾਸ ਧਿਆਨ ਦਿੱਤਾ।

ਉਹਨਾਂ ਦੀਆਂ ਰਚਨਾਵਾਂ ਵਿੱਚ ਬੱਚਿਆਂ ਦੀ ਮਨੋਵਿਗਿਆਨਕ ਸਮਝ, ਹਾਸ-ਰਸ ਅਤੇ ਜੀਵਨ ਦੇ ਸੱਚ ਦੀ ਗੱਲ ਹੁੰਦੀ ਹੈ। ਉਹ ਕਹਿੰਦੇ ਹਨ ਕਿ ਬੱਚਿਆਂ ਦੇ ਸਾਹਿਤ ਦੇ ਵਿਸ਼ਿਆਂ ਨੂੰ ਸਮੇਂ ਦੇ ਨਾਲ ਬਦਲਣਾ ਚਾਹੀਦਾ ਹੈ ਤਾਂ ਜੋ ਨਵੀਂ ਪੀੜ੍ਹੀ ਵੀ ਸਾਹਿਤ ਨਾਲ ਜੁੜੀ ਰਹੇ।

ਜਨਮੇਜਾ ਸਿੰਘ ਜੌਹਲ ਸਿਰਫ਼ ਲੇਖਕ ਹੀ ਨਹੀਂ, ਸਗੋਂ ਤਕਨੀਕੀ ਖੇਤਰ ਵਿੱਚ ਵੀ ਪੰਜਾਬੀ ਭਾਸ਼ਾ ਲਈ ਮਹੱਤਵਪੂਰਨ ਯੋਗਦਾਨ ਦੇ ਚੁੱਕੇ ਹਨ। ਉਹਨਾਂ ਨੇ ਪੰਜਾਬੀ ਲਈ ਇੱਕ ਵਿਲੱਖਣ ਸਪੈਲ-ਚੈਕ ਅਤੇ ਫੌਂਟ-ਕਨਵਰਟਰ ਤਿਆਰ ਕੀਤਾ, ਜਿਸ ਲਈ ਉਹਨਾਂ ਨੇ ਸਾਲਾਂ ਤੱਕ

ਸ਼ਬਦਾਂ ਦਾ ਵਿਸ਼ਾਲ ਡਾਟਾਬੇਸ ਇਕੱਠਾ ਕੀਤਾ। ਇਸ ਉਪਰਾਲੇ ਨੇ ਪੰਜਾਬੀ ਪ੍ਰਕਾਸ਼ਨ ਅਤੇ ਡਿਜ਼ਿਟਲ ਲਿਖਤ ਨੂੰ ਇੱਕ ਨਵੀਂ ਦਿਸ਼ਾ ਦਿੱਤੀ ਅਤੇ ਭਾਸ਼ਾ ਦੇ ਤਕਨੀਕੀ ਵਿਕਾਸ ਵਿੱਚ ਉਹ ਅੱਜ ਵੀ ਅਣਥੱਕ ਮਿਹਨਤ ਕਰਨ ਵਿੱਚ ਰੁੱਝੇ ਹੋਏ ਹਨ।

ਦਸਤਾਵੇਜ਼ੀ ਕੰਮ ਵਿੱਚ ਵੀ ਉਹਨਾਂ ਦੀ ਖ਼ਾਸ ਦਿਲਚਸਪੀ ਰਹੀ ਹੈ। "ਕੈਮਰਾ ਚੁੱਪ ਨਹੀਂ" ਨਾਮੀ ਪ੍ਰੋਜੈਕਟ ਤਹਿਤ ਉਹਨਾਂ ਨੇ ਪੰਜਾਬੀ ਅਖ਼ਬਾਰ ਅਜੀਤ ਵਿੱਚ ਇੱਕ ਕਾਲਮ ਰਾਹੀਂ ਫੋਟੋਆਂ ਅਤੇ ਉਹਨਾਂ ਨਾਲ ਸਬੰਧਤ ਜਾਣਕਾਰੀਆਂ ਸਾਂਝੀਆਂ ਕੀਤੀਆਂ। ਉਹਨਾਂ ਨੇ ਕਈ ਸਾਹਿਤਕਾਰਾਂ ਅਤੇ ਕਲਾਕਾਰਾਂ ਦੀ ਜੀਵਨ-ਯਾਤਰਾ ਨੂੰ ਕੈਮਰੇ ਵਿੱਚ ਕੈਦ ਕੀਤਾ। ਇਸ ਵਿਲੱਖਣ ਤਜਰਬੇ ਵਿੱਚ ਸਾਹਮਣੇ ਵਾਲੇ ਨੂੰ ਬਿਨਾਂ ਰੋਕ-ਟੋਕ ਆਪਣੇ ਜੀਵਨ ਬਾਰੇ ਖੁੱਲ੍ਹ ਕੇ ਬੋਲਣ ਦਾ ਮੌਕਾ ਦਿੱਤਾ ਜਾਂਦਾ ਸੀ। ਇਹ ਕੰਮ ਪੰਜਾਬੀ ਸਭਿਆਚਾਰਕ ਵਿਰਾਸਤ ਲਈ ਇੱਕ ਮਹੱਤਵਪੂਰਨ ਕਦਮ ਮੰਨਿਆ ਜਾਂਦਾ ਹੈ।

ਉਹਨਾਂ ਦੀ ਕਿਤਾਬ "ਮੇਰੇ ਕਾਰਨਾਮੇ" ਵੀ ਕਾਫ਼ੀ ਪ੍ਰਸਿੱਧ ਰਹੀ ਹੈ, ਜਿਸ ਵਿੱਚ ਉਹ ਜੀਵਨ ਦੇ ਤਜਰਬਿਆਂ ਨੂੰ ਰਸਭਰੇ ਅਤੇ ਹਾਸ-ਮਜ਼ਾਕੀਆ ਅੰਦਾਜ਼ ਵਿੱਚ ਪੇਸ਼ ਕਰਦੇ ਹਨ। ਉਹਨਾਂ ਦੀ ਲਿਖਤ ਦੀ ਖ਼ਾਸੀਅਤ ਇਹ ਹੈ ਕਿ ਉਹ ਗੰਭੀਰ ਵਿਚਾਰਾਂ ਨੂੰ ਵੀ ਸਧਾਰਣ ਅਤੇ ਮਨੋਰੰਜਕ ਢੰਗ ਨਾਲ ਪਾਠਕਾਂ ਤੱਕ ਪਹੁੰਚਾਉਂਦੇ ਹਨ।

ਆਪਣੀ ਪਤਨੀ ਦੀ ਯਾਦ ਨੂੰ ਜਿਊਂਦਾ ਰੱਖਣ ਲਈ ਉਹਨਾਂ ਵੱਲੋਂ ਸ਼ੁਰੂ ਕੀਤਾ ਪਿੰਕੀ ਹਰਬਲ ਗਾਰਡਨ ਪੰਜਾਬ ਦੀ ਆਬੋ-ਹਵਾ ਨੂੰ ਸਾਫ਼-ਸੁਥਰਾ ਰੱਖਣ ਲਈ ਇੱਕ ਮੁਹਿੰਮ ਵਜੋਂ ਕੰਮ ਕਰ ਰਿਹਾ ਹੈ। ਉਹਨਾਂ ਵੱਲੋਂ ਤਿਆਰ ਕੀਤੀਆਂ ਆਰਗੈਨਿਕ ਚੀਜ਼ਾਂ ਲੋਕਾਂ ਦੀ ਸਿਹਤ ਲਈ ਅੰਮ੍ਰਿਤ ਵਰਗਾ ਕੰਮ ਕਰਦੀਆਂ ਹਨ।

ਥੋੜ੍ਹੇ ਲਫ਼ਜ਼ਾਂ ਵਿੱਚ ਕਹਿਣਾ ਹੋਵੇ ਤਾਂ ਜਨਮੇਜਾ ਸਿੰਘ ਜੌਹਲ ਪੰਜਾਬੀ ਸਾਹਿਤ ਅਤੇ ਭਾਸ਼ਾ ਦੇ ਸਮਰਪਿਤ ਸੇਵਕ ਹਨ। ਲੇਖਨ, ਬਾਲ

ਸਾਹਿਤ, ਤਕਨੀਕੀ ਵਿਕਾਸ ਅਤੇ ਦਸਤਾਵੇਜ਼ੀ ਕੰਮ ਰਾਹੀਂ ਉਹ ਪੰਜਾਬੀ ਸਭਿਆਚਾਰ ਦੇ ਵਿਕਾਸ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ। ਉਹਨਾਂ ਦੀਆਂ ਰਚਨਾਵਾਂ ਨਵੀਂ ਪੀੜ੍ਹੀ ਨੂੰ ਪੜ੍ਹਨ ਅਤੇ ਸੋਚਣ ਲਈ ਪ੍ਰੇਰਿਤ ਕਰਦੀਆਂ ਹਨ।

ਪੰਜਾਬੀ ਸਾਹਿਤ ਵਿੱਚ ਉਹਨਾਂ ਦਾ ਯੋਗਦਾਨ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਹਮੇਸ਼ਾ ਰਾਹ- ਦਸੇਰਾ ਬਣਿਆ ਰਹੇਗਾ। ਮੈਂ ਹਮੇਸ਼ਾ ਉਹਨਾਂ ਨੂੰ "ਗੁਰੂਦੇਵ" ਕਹਿ ਕੇ ਆਵਾਜ਼ ਮਾਰਦਾ ਹਾਂ। ਸ਼ਾਲਾ! ਉਹ ਸਾਡੀ ਸਭ ਦੀ ਰਹਿਨੁਮਾਈ ਕਰਦੇ ਰਹਿਣ।

***

# ਸਾਹਿੱਤ ਦੇ ਰੰਗ

# ਨਵਜੋਤ ਕੋਰ ਭੁੱਲਰ

ਜਨਮੇਜਾ ਸਿੰਘ ਜੌਹਲ ਹੁਣੀ ਇਕ ਹੀ ਇਨਸਾਨ ਹਨ, ਪਰ ਉਹਨਾਂ ਦੇ ਕਈ ਰੂਪ ਹਨ। ਜਿਵੇਂ ਦਾ ਕੋਈ ਬੰਦਾ ਉਹਨਾਂ ਨੂੰ ਮਿਲਦਾ ਹੈ, ਉਹ ਵੀ ਉਸਦੇ ਹਾਣ ਦੇ ਹੋ ਕੇ ਉਸ ਬੰਦੇ ਨੂੰ ਮਿਲਦੇ ਹਨ। ਸਿਆਣਿਆਂ ਨਾਲ ਸਿਆਣੇ, ਨਿਆਣਿਆਂ ਨਾਲ ਨਿਆਣੇ ਅਤੇ ਕਮਲਿਆਂ ਨਾਲ ਕਮਲੇ ਬਣ ਜਾਂਦੇ ਹਨ। ਉਹ ਅਕਸਰ ਕਹਿੰਦੇ ਹਨ ਕਿ ਅਸਲੀ ਜ਼ਿੰਦਗੀ ਤਾਂ ਕਮਲੇ ਬਣ ਕੇ ਹੀ ਜੀਵੀ ਜਾ ਸਕਦੀ ਹੈ।

ਉਹ ਇਕ ਭੁੱਲੱਕੜ ਕਿਸਮ ਦੇ ਵਿਅਕਤੀ ਹਨ। ਕਈ ਵਾਰ ਉਹਨਾਂ ਨੂੰ ਬਹੁਤੀਆਂ ਗੱਲਾਂ ਲੰਬੇ ਸਮੇਂ ਤੱਕ ਯਾਦ ਨਹੀਂ ਰਹਿੰਦੀਆਂ। ਪਰ ਇਹ ਉਹਨਾਂ ਲਈ ਕਿਸੇ ਕਿਸਮ ਦੀ ਬਿਮਾਰੀ ਨਹੀਂ, ਸਗੋਂ ਇਕ ਵਧੀਆ ਗੱਲ ਹੈ ਕਿ ਉਹਨਾਂ ਨੂੰ ਬਹੁਤਾ ਕੁਝ ਯਾਦ ਨਹੀਂ ਰੱਖਣਾ ਪੈਂਦਾ।

ਜਨਮੇਜਾ ਸਿੰਘ ਜੌਹਲ ਇਕ ਵੱਖਰੀ ਕਿਸਮ ਦੇ ਵਿਅਕਤੀ ਹਨ। ਉਹਨਾਂ ਦੇ ਪਿਤਾ ਡਾ. ਸਰਦਾਰਾ ਸਿੰਘ ਜੌਹਲ ਨੇ ਉਹਨਾਂ ਉੱਤੇ ਕਦੇ ਵੀ ਕੁਝ ਥੋਪਿਆ ਨਹੀਂ ਕਿ ਤੁਸੀਂ ਜ਼ਿੰਦਗੀ ਵਿੱਚ ਡਾਕਟਰ ਜਾਂ ਇੰਜੀਨੀਅਰ ਬਣਨਾ ਹੈ। ਉਹਨਾਂ ਨੇ ਜਨਮੇਜਾ ਸਿੰਘ ਜੌਹਲ ਹੁਣਾਂ ਨੂੰ ਪੂਰੀ ਖੁੱਲ੍ਹ ਦਿੱਤੀ ਸੀ ਕਿ ਜਿਵੇਂ ਦੀ ਤੁਸੀਂ ਆਪਣੀ ਜ਼ਿੰਦਗੀ ਜਿਉਣਾ ਚਾਹੁੰਦੇ ਹੋ, ਜੀ ਸਕਦੇ ਹੋ। ਇਸ ਲਈ ਉਹਨਾਂ ਨੂੰ ਹਮੇਸ਼ਾ ਇਹੀ ਲੱਗਦਾ ਹੈ ਕਿ ਕੁਦਰਤ ਤੁਹਾਡੇ ਵਾਸਤੇ ਜੋ ਕਰਦੀ ਹੈ, ਵਧੀਆ ਹੀ ਕਰਦੀ ਹੈ।

ਇਸ ਲਈ ਬਹੁਤੀ ਵਾਰ ਕਿਸੇ ਕੰਮ ਬਾਰੇ ਆਪ ਨਹੀਂ ਸੋਚਣਾ ਚਾਹੀਦਾ। ਜੋ ਕੰਮ ਕੁਦਰਤ ਨੇ ਤੁਹਾਡੇ ਲਈ ਚੁਣਿਆ ਹੈ, ਉਹ ਤੁਸੀਂ ਆਪਣੇ ਆਪ ਹੀ ਕਰ ਲੈਣਾ ਹੈ। ਬੱਸ ਉਸ ਕੰਮ ਪ੍ਰਤੀ ਪੂਰੀ ਤਰ੍ਹਾਂ ਸਮਰਪਿਤ ਹੋ ਜਾਵੋ।

ਜਨਮੇਜਾ ਸਿੰਘ ਜੌਹਲ ਦੇਖਣ ਨੂੰ ਇਕ ਸਿੱਧੇ-ਸਾਦੇ ਜਿਹੇ

ਵਿਅਕਤੀ ਹਨ। ਉਹ ਅਕਸਰ ਤੁਹਾ ਨੂੰ ਸਾਧਾਰਨ ਵਿਅਕਤੀ ਦੇ ਰੂਪ ਵਿੱਚ ਹੀ ਮਿਲਦੇ ਹਨ। ਕਈ ਵਾਰ ਉਹਨਾਂ ਦਾ ਸਾਦਾ ਜਿਹਾ ਰੂਪ ਦੇਖ ਕੇ ਲੋਕ ਸੋਚ ਵਿੱਚ ਪੈ ਜਾਂਦੇ ਹਨ ਕਿ ਸ਼ਾਇਦ ਉਹਨਾਂ ਨੂੰ ਬਹੁਤਾ ਗਿਆਨ ਨਹੀਂ ਹੋਵੇਗਾ। ਪਰ ਉਹ ਗਿਆਨ ਨਾਲ ਭਰੇ ਹੋਏ ਹਨ। ਉਹਨਾਂ ਤੋਂ ਹਰ ਕਿਸਮ ਦੇ ਕੰਮ ਬਾਰੇ ਜਾਣਕਾਰੀ ਮਿਲ ਸਕਦੀ ਹੈ। ਜਿਸ ਕਿਸਮ ਦੇ ਕੰਮ ਵਾਲਾ ਬੰਦਾ ਮਿਲਦਾ ਹੈ, ਉਹ ਹਮੇਸ਼ਾ ਉਸੇ ਕਿਸਮ ਦੀ ਗੱਲਬਾਤ ਉਸ ਨਾਲ ਕਰਦੇ ਹਨ।

ਜਨਮੇਜਾ ਸਿੰਘ ਜੌਹਲ ਹੁਣੀ ਇਕ ਮਸਤ-ਮੌਲਾ ਸੁਭਾਅ ਦੇ ਮਾਲਕ ਹਨ। ਅਕਸਰ ਉਹਨਾਂ ਦੇ ਗਲ ਵਿੱਚ ਕੈਮਰਾ ਹੁੰਦਾ ਹੈ, ਕਿਉਂਕਿ ਉਹਨਾਂ ਨੂੰ ਫੋਟੋਗਰਾਫ਼ੀ ਕਰਨ ਦਾ ਬਹੁਤ ਸ਼ੌਕ ਹੈ। ਉਹ ਵੱਖ-ਵੱਖ ਥਾਵਾਂ 'ਤੇ ਘੁੰਮਣ ਜਾਂਦੇ ਹਨ ਅਤੇ ਆਪਣੀਆਂ ਮਨਪਸੰਦ ਚੀਜ਼ਾਂ ਨੂੰ ਫੋਟੋਆਂ ਦੇ ਰੂਪ ਵਿੱਚ ਕੈਦ ਕਰਦੇ ਹਨ। ਉਹ ਰਿਸ਼ਤੇਦਾਰੀਆਂ ਵਿੱਚ ਬਹੁਤ ਘੱਟ ਜਾਂਦੇ ਹਨ, ਪਰ ਯਾਰਾਂ-ਦੋਸਤਾਂ ਨੂੰ ਮਿਲਣ ਵੱਧ ਜਾਂਦੇ ਹਨ।

ਛੋਟੇ ਹੁੰਦਿਆਂ ਉਹਨਾਂ ਦਾ ਅਜੀਤ ਅਖ਼ਬਾਰ ਵਿੱਚ ਛਪਦਾ ਹਰ ਹਫ਼ਤੇ ਵਾਲਾ ਕਾਲਮ "ਕੈਮਰਾ ਬੋਲ ਪਿਆ ਪੜ੍ਹਦੇ ਹੁੰਦੇ ਸੀ। ਉਦੋਂ ਤੋਂ ਹੀ ਦਿਲ ਵਿੱਚ ਇਕ ਇੱਛਾ ਸੀ ਕਿ ਕਿਉਂ ਨਾ ਉਸ ਬੰਦੇ ਨੂੰ ਕਦੇ ਮਿਲਿਆ ਜਾਵੇ, ਜਿਸਦਾ ਕੈਮਰਾ ਜ਼ਿਆਦਾ ਬੋਲਦਾ ਹੈ ਅਤੇ ਜੋ ਆਪ ਬਹੁਤ ਘੱਟ ਬੋਲਦਾ ਹੈ।

ਇਸ ਤਰ੍ਹਾਂ ਮੈਨੂੰ ਅਕਤੂਬਰ 2024 ਵਿੱਚ ਉਹਨਾਂ ਨੂੰ ਮਿਲਣ ਦਾ ਮੌਕਾ ਮਿਲਿਆ। ਉਹਨਾਂ ਦੇ ਘਰ ਜਾ ਕੇ ਉਹਨਾਂ ਨੂੰ ਨੇੜਿਓਂ ਵੇਖਣ ਅਤੇ ਜਾਨਣ ਦਾ ਮੌਕਾ ਮਿਲਿਆ। ਉਹਨਾਂ ਨੇ ਮੈਨੂੰ ਆਪਣੀ ਕਿਤਾਬ "ਸ਼ਮੀਰੋ", ਪੰਜਾਬੀ ਫੌਂਟ ਵਿੱਚ ਤਿਆਰ ਕੀਤੀ ਫੱਟੀ ਅਤੇ ਆਪਣੇ ਪਿਤਾ ਜੀ ਦੀ ਕਿਤਾਬ "ਰੰਗਾਂ ਦੀ ਗਾਗਰ" ਭੇਟ ਕੀਤੀ। ਮੈਂ ਉਹਨਾਂ ਦੇ ਘਰ ਉਹਨਾਂ ਨਾਲ ਬੈਠ ਕੇ ਚਾਹ ਦਾ ਕੱਪ ਸਾਂਝਾ ਕੀਤਾ ਅਤੇ ਬਹੁਤ ਸਾਰੀਆਂ ਗੱਲਾਂ ਵੀ ਕੀਤੀਆਂ।

ਇਸ ਤੋਂ ਬਾਅਦ ਉਹਨਾਂ ਨੇ ਮੈਨੂੰ ਪਿੰਡ ਠੱਕਰਵਾਲ, ਜ਼ਿਲ੍ਹਾ ਲੁਧਿਆਣਾ ਕੋਲ ਬਣਾਇਆ "ਪਿੰਕੀ ਹਰਬਲ ਫਾਰਮ" ਵਿਖਾਇਆ। ਇਹ ਫਾਰਮ ਉਹਨਾਂ ਨੇ ਆਪਣੀ ਸਵਰਗਵਾਸੀ ਪਤਨੀ ਪਿੰਕੀ ਦੇ ਨਾਮ 'ਤੇ ਬਣਾਇਆ ਹੈ। ਉਹ ਕਰੋਨਾ ਕਾਲ ਦੌਰਾਨ ਇਸ ਜਹਾਨ ਨੂੰ ਅਲਵਿਦਾ ਕਹਿ ਗਏ ਸਨ। ਉਹਨਾਂ ਦੀ ਯਾਦ ਨੂੰ ਹਮੇਸ਼ਾ ਤਾਜ਼ਾ ਰੱਖਣ ਲਈ ਉਹਨਾਂ ਨੇ "ਪਿੰਕੀ ਹਰਬਲ ਫਾਰਮ" ਦੀ ਸਥਾਪਨਾ ਕੀਤੀ।

ਉਸ ਫਾਰਮ ਵਿੱਚ ਮੈਨੂੰ ਉਹਨਾਂ ਦੁਆਰਾ ਲਗਾਏ ਗਏ ਵੱਖ-ਵੱਖ ਕਿਸਮ ਦੇ ਬੂਟੇ ਦੇਖਣ ਦਾ ਮੌਕਾ ਮਿਲਿਆ। ਇਸ ਦੇ ਨਾਲ ਹੀ ਮੈਂ ਉਹਨਾਂ ਨਾਲ ਬੈਠ ਕੇ ਹਰਬਲ ਚਾਹ ਪੀਣ ਦਾ ਲੁਤਫ਼ ਵੀ ਲਿਆ।

ਕਰੋਨਾ ਕਾਲ ਦੌਰਾਨ ਜਨਮੇਜਾ ਸਿੰਘ ਜੌਹਲ ਅਤੇ ਉਹਨਾਂ ਦੀ ਧਰਮ-ਪਤਨੀ ਦੋਵੇਂ ਕਰੋਨਾ ਦੀ ਲਪੇਟ ਵਿੱਚ ਆ ਗਏ ਸਨ। ਉਹਨਾਂ ਦੀ ਪਤਨੀ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਜਨਮੇਜਾ ਸਿੰਘ ਜੌਹਲ ਨੇ ਆਪਣੇ ਆਪ ਨੂੰ ਇਕ ਕਮਰੇ ਵਿੱਚ ਬੰਦ ਕਰ ਲਿਆ ਅਤੇ ਦੇਸੀ ਓਹੜ-ਪੋਹੜ ਨਾਲ ਕਰੋਨਾ ਦੀ ਜੰਗ ਜਿੱਤ ਲਈ। ਪਰ ਇਸ ਦੌਰਾਨ ਉਹਨਾਂ ਦੀ ਪਤਨੀ ਹਸਪਤਾਲ ਵਿੱਚ ਇਹ ਜੰਗ ਹਾਰ ਗਈ। ਜਨਮੇਜਾ ਸਿੰਘ ਜੌਹਲ ਨਾ ਤਾਂ ਆਪਣੀ ਪਤਨੀ ਦੇ ਸਸਕਾਰ 'ਤੇ ਜਾ ਸਕੇ ਅਤੇ ਨਾ ਹੀ ਉਸਦੀ ਅੰਤਿਮ ਅਰਦਾਸ ਮੌਕੇ ਸ਼ਾਮਲ ਹੋ ਸਕੇ, ਕਿਉਂਕਿ ਉਹ ਖੁਦ ਵੀ ਕਰੋਨਾ ਦੀ ਲਪੇਟ ਵਿੱਚ ਸਨ।

ਉਹਨਾਂ ਨੇ ਆਪਣੀ ਜ਼ਿੰਦਗੀ ਦੇ ਹਰ ਮੌਸਮ ਨੂੰ ਖ਼ੂਬਸੂਰਤ ਢੰਗ ਨਾਲ ਹੰਢਾਇਆ ਹੈ। ਉਹਨਾਂ ਦੀ ਜ਼ਿੰਦਗੀ ਵਿੱਚ ਬਹੁਤ ਉਤਾਰ-ਚੜ੍ਹਾਅ ਵੀ ਆਏ, ਪਰ ਰੱਬ ਨੇ ਕਦੇ ਉਹਨਾਂ ਨੂੰ ਡੋਲਣ ਨਹੀਂ ਦਿੱਤਾ।

ਜਨਮੇਜਾ ਸਿੰਘ ਜੌਹਲ ਹੁਣਾਂ ਦੇ ਸ਼ੌਕ ਵੀ ਕੁਝ ਵੱਖਰੇ ਹਨ। ਉਹ ਵੱਖ-ਵੱਖ ਥਾਵਾਂ 'ਤੇ ਘੁੰਮਣ ਜਾਂਦੇ ਹਨ ਅਤੇ ਨਵੀਆਂ ਥਾਵਾਂ ਨੂੰ ਬਹੁਤ ਨੇੜੇ ਤੋਂ ਜਾਣਨ ਦਾ ਸ਼ੌਕ ਰੱਖਦੇ ਹਨ। ਉਹ ਕੁਦਰਤ ਦੇ ਬਹੁਤ ਨੇੜੇ ਰਹਿੰਦੇ ਹਨ।

ਮੈਂ ਅਕਸਰ ਉਹਨਾਂ ਨੂੰ ਹੱਸਦੀ ਹੋਈ ਕਹਿੰਦੀ ਹਾਂ ਕਿ ਤੁਹਾਡੇ ਪਿਤਾ ਜੀ, ਸਰਦਾਰ ਸਰਦਾਰਾ ਸਿੰਘ ਜੌਹਲ ਜੀ, ਲੱਗਦੇ ਨਹੀਂ ਕਿ ਉਹ ਤੁਹਾਡੇ ਪਿਤਾ ਹੋਣਗੇ। ਐਵੇਂ ਲੱਗਦਾ ਹੈ ਜਿਵੇਂ ਉਹ ਤੁਹਾਡੇ ਭਰਾ ਹੋਣ। ਉਹ ਤੁਹਾਡੇ ਨਾਲੋਂ ਜਵਾਨ ਲੱਗਦੇ ਹਨ।

ਜਨਮੇਜਾ ਸਿੰਘ ਜੌਹਲ ਹੁਣਾਂ ਦੀ ਸੋਚ ਹੈ ਕਿ ਤੁਸੀਂ ਚੰਗੇ ਕੰਮ ਕਰਦੇ ਰਹੋ, ਪਰ ਫਲ ਦੀ ਇੱਛਾ ਨਾ ਰੱਖੋ। ਕੁਦਰਤ ਨੇ ਆਪ ਹੀ ਇਕ ਦਿਨ ਤੁਹਾਡੀ ਮਿਹਨਤ ਅਤੇ ਲਗਨ ਦਾ ਫਲ ਦੇ ਦੇਣਾ ਹੈ।

ਉਹਨਾਂ ਨੇ ਆਪਣੇ ਵੱਖ-ਵੱਖ ਕਾਰਨਾਮਿਆਂ ਬਾਰੇ ਇਕ ਕਿਤਾਬ ਵੀ ਲਿਖੀ ਹੈ, ਜਿਸਦਾ ਨਾਮ ਹੈ "ਮੇਰੇ ਕਾਰਨਾਮੇ"। ਇਹ ਕਿਤਾਬ ਪੜ੍ਹ ਕੇ ਤੁਹਾਨੂੰ ਜਨਮੇਜਾ ਸਿੰਘ ਜੌਹਲ ਹੁਣਾਂ ਦੇ ਅਲੱਗ ਹੀ ਕਿਸਮ ਦੇ ਰੂਪ ਦੇਖਣ ਨੂੰ ਮਿਲਦੇ ਹਨ।

ਜੇਕਰ ਉਹਨਾਂ ਨੂੰ ਕੋਈ ਮਾੜਾ ਵੀ ਬੋਲ ਦੇਵੇ ਤਾਂ ਉਹ ਗੁੱਸਾ ਨਹੀਂ ਕਰਦੇ, ਸਗੋਂ ਹੱਸਦੇ ਰਹਿੰਦੇ ਹਨ। ਕਿਸੇ ਦੀ ਕਹੀ ਮਾੜੀ ਗੱਲ ਸੁਣ ਕੇ ਉਹ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਬਿਮਾਰ ਨਹੀਂ ਕਰਦੇ। ਉਹਨਾਂ ਨੂੰ ਕਿਸੇ ਵੀ ਮਾਣ-ਸਨਮਾਨ ਦਾ ਲਾਲਚ ਨਹੀਂ ਹੈ। ਉਹ ਲਾਲਚ-ਰਹਿਤ ਹਨ।

ਉਹ ਇਕ ਜੁਗਾੜੂ ਕਿਸਮ ਦੇ ਵਿਅਕਤੀ ਹਨ। ਉਹ ਕੋਈ ਵੀ ਨਵਾਂ ਕੰਮ ਕਰਨ ਲਈ ਕੋਈ ਨਾ ਕੋਈ ਜੁਗਾੜ ਲਾ ਹੀ ਲੈਂਦੇ ਹਨ। ਕੁਦਰਤ ਨੇ ਉਹਨਾਂ ਨੂੰ ਹਰ ਉਸ ਕੰਮ ਲਈ ਅੱਗੇ ਕੀਤਾ, ਜੋ ਉਹ ਕਰਨਾ ਚਾਹੁੰਦੇ ਹਨ।

ਉਹਨਾਂ ਦੀ ਨਜ਼ਰ ਵਿੱਚ ਕੋਈ ਵੀ ਕੰਮ ਵੱਡਾ ਜਾਂ ਛੋਟਾ ਨਹੀਂ ਹੁੰਦਾ। ਬੱਸ, ਤੁਸੀਂ ਜੋ ਵੀ ਕੰਮ ਕਰੋ, ਉਸਨੂੰ ਪੂਰੀ ਇਮਾਨਦਾਰੀ ਨਾਲ ਕਰੋ।

ਉਹ ਆਪਣੀ ਹੀ ਦੁਨੀਆ ਦੀ ਮਸਤੀ ਵਿੱਚ ਮਸਤ-ਮੌਲਾ ਰਹਿੰਦੇ ਹਨ। ਅੱਜਕੱਲ ਉਹ ਰਣਜੋਧ ਸਿੰਘ ਨਾਮ ਦੇ ਬਾਬੇ ਨਾਲ ਪੰਜਾਬ

ਦਾ ਭਰਮਣ ਕਰ ਰਹੇ ਹਨ। ਉਹਨਾਂ ਨਾਲ ਗੱਡੀ ਵਿੱਚ ਬੈਠ ਕੇ ਪੰਜਾਬ ਦੀ ਯਾਤਰਾ ਕਰਦੇ ਹਨ, ਆਪਣੇ ਯਾਰਾਂ-ਦੋਸਤਾਂ ਨੂੰ ਮਿਲਦੇ ਹਨ ਅਤੇ ਸਾਹਿਤ ਦੀਆਂ ਗੱਲਾਂ ਕਰਦੇ ਹਨ। ਨਵੀਂ ਜਾਣਕਾਰੀ ਲੈਂਦੇ ਤੇ ਦਿੰਦੇ ਹਨ।

ਇਹ ਬਾਬਾ ਉਹਨਾਂ ਨੂੰ ਭੁੱਖ ਲੱਗਣ 'ਤੇ ਪਿੰਡ ਵਿੱਚ ਜਾ ਕੇ ਖਾਣਾ ਮੰਗ ਕੇ ਲਿਆਉਣ ਲਈ ਨਹੀਂ ਕਹਿੰਦਾ, ਸਗੋਂ ਇਹ ਬਾਬਾ ਆਪਣੇ ਚੇਲੇ ਨਾਲ ਕਿਸੇ ਫਾਈਵ-ਸਟਾਰ ਹੋਟਲ ਵਿੱਚ ਬੈਠ ਕੇ ਖਾਣਾ ਖਾਂਦਾ ਹੈ। ਦੋਵੇਂ ਠੰਢੇ ਪੀਂਦੇ ਹਨ। ਬਾਬੇ ਦੇ ਨਾਲ-ਨਾਲ ਚੇਲੇ ਦੀ ਵੀ ਜੂਨ ਕੱਟੀ ਜਾ ਰਹੀ ਹੈ।

ਬਾਬਾ ਤੇ ਚੇਲਾ ਦੋਵੇਂ ਮਾਡਰਨ ਕਿਸਮ ਦੇ ਬੰਦੇ ਹਨ, ਜਿਨ੍ਹਾਂ ਨੂੰ ਪੈਸੇ ਦਾ ਲਾਲਚ ਨਹੀਂ। ਬੱਸ ਰੋਟੀ ਤੇ ਪਾਣੀ ਵਧੀਆ ਖਵਾ ਦਿਓ, ਚਾਹ ਵਧੀਆ ਪਿਆ ਦਿਓ। ਜੇਕਰ ਕੋਈ ਇਸ ਬਾਬੇ ਅਤੇ ਚੇਲੇ ਦੇ ਆਪਣੇ ਘਰ ਚਰਨ ਪਵਾਉਣੇ ਚਾਹੁੰਦਾ ਹੈ ਤਾਂ ਉਹਨਾਂ ਦੀ ਸੇਵਾ ਪੈਸੇ ਨਾਲ ਨਹੀਂ, ਸਗੋਂ ਚੰਗਾ ਖਵਾ-ਪਿਆ ਕੇ ਕਰੋ।

ਰਣਜੋਧ ਸਿੰਘ ਬਾਬੇ ਦੇ ਇਸ ਚੇਲੇ ਕੋਲੋਂ ਮੈਨੂੰ ਬਹੁਤ ਕੁਝ ਸਿੱਖਣ ਨੂੰ ਮਿਲਿਆ ਹੈ। ਚੰਗੇ-ਮਾੜੇ ਲੋਕਾਂ ਦੀ ਪਛਾਣ ਕਰਨ ਦੀ ਸਿੱਖਿਆ ਮਿਲੀ ਹੈ। ਹਿੰਮਤ ਅਤੇ ਹੌਸਲਾ-ਅਫ਼ਜ਼ਾਈ ਮਿਲੀ ਹੈ ਕਿ ਤੂੰ ਜ਼ਿੰਦਗੀ ਵਿੱਚ ਬਹੁਤ ਸਾਰੇ ਉਹ ਕੰਮ ਵੀ ਕਰ ਸਕਦੀ ਹੈਂ, ਜੋ ਆਮ ਲੋਕ ਨਹੀਂ ਕਰ ਸਕਦੇ।

ਜਨਮੇਜਾ ਸਿੰਘ ਜੌਹਲ ਹੁਣਾਂ ਨੂੰ ਰੱਬ ਹਮੇਸ਼ਾ ਤੰਦਰੁਸਤ ਤੇ ਚੜ੍ਹਦੀ ਕਲਾ ਵਿੱਚ ਰੱਖੇ। ਉਹ ਆਪਣੀਆਂ ਵੱਖਰੀ ਕਿਸਮ ਦੀਆਂ ਗੱਲਾਂ ਨਾਲ ਲੋਕਾਂ ਨੂੰ ਰਾਹ ਦਿਖਾਉਂਦੇ ਰਹਿਣ ਅਤੇ ਇਸੇ ਤਰ੍ਹਾਂ ਨਵੀਂ ਚੇਤਨਾ ਦਾ ਚਾਨਣ ਵੰਡਦੇ ਰਹਿਣ। ਆਪਣੀਆਂ ਲਿਖਤਾਂ ਅਤੇ ਤਸਵੀਰਾਂ ਰਾਹੀਂ ਜ਼ਿੰਦਗੀ ਦੇ ਖੂਬਸੂਰਤ ਦ੍ਰਿਸ਼ ਸਾਡੇ ਸਾਹਮਣੇ ਪੇਸ਼ ਕਰਦੇ ਰਹਿਣ। ****

# ਛੋਟੀਆਂ-ਛੋਟੀਆਂ ਗੱਲਾਂ

# ਜਗੀਰ ਪ੍ਰੀਤ ਫਿਲੌਰ

ਸਮਾਂ ਤਾਂ ਹੁਣ ਯਾਦ ਨਹੀਂ, ਹਾਂ ਅੰਦਾਜ਼ਾ ਤੇਰਾਂ-ਚੌਦਾਂ ਸਾਲ ਪਹਿਲਾਂ ਦਾ ਹੋਵੇਗਾ। ਜਨਮੇਜਾ ਹੁਣਾਂ ਵੱਲੋਂ ਛੋਟੀਆਂ-ਛੋਟੀਆਂ ਗੱਲਾਂ ਨੂੰ ਲੈ ਕੇ ਛੋਟੀਆਂ-ਛੋਟੀਆਂ ਟਿੱਪਣੀਆਂ ਕੀਤੀਆਂ ਹੁੰਦੀਆਂ ਸਨ। ਜਿਵੇਂ ਅੱਜਕੱਲ ਉਹ "ਕੈਮਰਾ ਚੁੱਪ ਨਹੀਂ" ਹੇਠ ਕਰਦੇ ਹਨ। ਸ਼ਾਇਦ ਉਦੋਂ ਵੀ ਇਹੋ ਨਾਂ ਹੋਵੇਗਾ ਅਤੇ ਉਸੇ ਨਾਂ ਵਾਲਾ ਕਾਲਮ ਹੁਣ ਤੱਕ "ਕੈਮਰਾ ਚੁੱਪ ਨਹੀਂ" ਦੇ ਹੇਠ ਚੱਲਿਆ ਆ ਰਿਹਾ ਹੋਵੇ।

ਤਿੰਨ ਇੰਚ ਬਾਈ ਚਾਰ ਇੰਚ ਦੇ ਕਾਲਮ ਵਿੱਚ ਕੋਈ ਖ਼ੂਬਸੂਰਤ ਗੱਲ ਕੀਤੀ ਗਈ ਹੋਵੇ ਤੇ ਨਾਲ ਛੋਟੀ ਜਿਹੀ ਢੁੱਕਵੀਂ ਫੋਟੋ ਹੋਵੇ, ਮੈਂ ਉਹ ਕੱਟ ਕੇ ਚਿਪਕਾ ਲੈਂਦਾ ਹਾਂ। ਮਿਸਾਲ ਦੇ ਤੌਰ 'ਤੇ, ਜਿਵੇਂ ਪਿਛਲੇ ਦਿਨਾਂ ਵਿੱਚ ਅਮਰੀਕਾ- ਇਜ਼ਰਾਈਲ ਨੇ ਈਰਾਨ ਉੱਤੇ ਹਮਲਾ ਕਰਕੇ ਉੱਥੋਂ ਦੇ ਸਰਵਉੱਚ ਧਾਰਮਿਕ ਆਗੂ ਆਇਤੁੱਲਾ ਅਲੀ ਖਾਮਨੇਈ ਦੀ ਹੱਤਿਆ ਕਰ ਦਿੱਤੀ। ਮੈਂ ਉਸ ਦਿਨ ਦੀ ਡਾਇਰੀ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਸੋਗ ਕਰਦੀ ਖਲਕਤ ਅਤੇ ਇਨਸੈੱਟ ਵਿੱਚ ਖਾਮਨੇਈ ਦੀ ਫੋਟੋ ਕੱਟ ਕੇ ਡਾਇਰੀ ਵਿੱਚ ਚਿਪਕਾ ਲਈ।

ਡਾਇਰੀ ਲਿਖਣਾ ਤੇ ਵਾਪਰੀਆਂ ਘਟਨਾਵਾਂ ਦੀਆਂ ਫੋਟੋਆਂ ਡਾਇਰੀ ਵਿੱਚ ਜੋੜਨਾ, ਇੰਜ ਹੋ ਗਿਆ ਹੈ ਕਿ ਡਾਇਰੀ ਘੱਟ ਤੇ ਐਲਬਮ ਵੱਧ ਲੱਗਣ ਲੱਗਦੀ ਹੈ। ਇਹ ਜਨਮੇਜਾ ਜੀ ਵੱਲੋਂ ਉਸ ਛੋਟੇ ਜਿਹੇ ਕਾਲਮ ਕਾਰਨ ਹੋਇਆ ਹੈ।

ਕਈ ਵਾਰ ਸੋਚਦਾ ਹਾਂ, ਮੇਰੇ ਤੁਰ ਜਾਣ ਤੋਂ ਬਾਅਦ ਜਦੋਂ ਕੋਈ ਇਹ ਡਾਇਰੀਆਂ ਪੜ੍ਹੇਗਾ ਤਾਂ ਸੋਚੇਗਾ - ਪ੍ਰੀਤ ਕਿੰਨਾ ਸਿਆਣਾ ਸੀ ਜੋ ਖ਼ਬਰਾਂ ਦੇ ਨਾਲ-ਨਾਲ ਖ਼ਬਰਾਂ ਨਾਲ ਸੰਬੰਧਤ ਫੋਟੋਆਂ ਵੀ ਜੋੜਦਾ ਰਿਹਾ। ਘਰ ਵਾਲਿਆਂ ਨੂੰ ਨਹੀਂ ਪਤਾ ਹੋਵੇਗਾ ਕਿ ਇਸ ਸਿਆਣਪ ਪਿੱਛੇ

ਜਨਮੇਜਾ ਜੀ ਦਾ ਹੱਥ ਹੈ।

ਇਹ ਵੀ ਯਾਦ ਨਹੀਂ ਕਿ ਪਹਿਲਾਂ-ਪਹਿਲ ਮੁਲਾਕਾਤ ਕਦੋਂ ਹੋਈ ਸੀ, ਪਰ ਪੰਜਾਬੀ ਭਵਨ ਲੁਧਿਆਣਾ ਵਿੱਚ ਅਕਸਰ ਮੁਲਾਕਾਤਾਂ ਹੁੰਦੀਆਂ ਰਹਿਣ ਕਰਕੇ ਜਾਣ-ਪਛਾਣ ਵੱਧਦੀ ਰਹੀ ਤੇ ਸਾਂਝ ਬਣਦੀ ਰਹੀ।

ਸ਼ੁਰੂ-ਸ਼ੁਰੂ ਵਿੱਚ ਮੈਨੂੰ ਜਨਮੇਜਾ ਸਾਹਿਬ ਦੀ ਕੱਪੜਿਆਂ ਦੀ ਚੋਣ ਉੱਤੇ ਹੈਰਾਨੀ ਹੁੰਦੀ। ਪੈਂਟ ਕਿਸੇ ਰੰਗ ਦੀ, ਕਮੀਜ਼ ਕਿਸੇ ਹੋਰ ਰੰਗ ਦੀ, ਪੱਗ ਪੈਂਟ-ਕਮੀਜ਼ ਤੋਂ ਵੱਖਰੇ ਰੰਗ ਦੀ, ਉਹ ਵੀ ਆਮ ਸਧਾਰਨ ਜਿਹੀ ਬੰਨੀ ਹੋਈ, ਬਿਨਾਂ ਨੋਕ-ਟੋਕ ਤੋਂ। ਐਨੇ ਗੁਣਾਂ ਦਾ ਮਾਲਕ ਵੇਖਣ ਨੂੰ ਐਵੇਂ ਜਿਹਾ ਲੱਗਦਾ। ਪਰ ਜਿਉਂ-ਜਿਉਂ ਨੇੜੇ ਹੁੰਦੇ ਗਏ, ਜਨਮੇਜਾ ਜੀ ਵਿੱਚ ਬੜੇ ਗੁਣਾਂ ਦੇ ਦਰਸ਼ਨ ਹੋਣ ਲੱਗੇ।

ਕੱਪੜਿਆਂ ਦੀ ਗੱਲ ਤੋਂ ਮੈਨੂੰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਅਤੇ ਉਹਨਾਂ ਦੇ ਬੇਟੇ ਨਵਤੇਜ ਸਿੰਘ ਬਾਰੇ ਬਲਵੰਤ ਗਾਰਗੀ ਦੀ ਕੀਤੀ ਟਿੱਪਣੀ ਯਾਦ ਆ ਗਈ। ਗੁਰਬਖ਼ਸ਼ ਸਿੰਘ ਪ੍ਰੀਤਲੜੀ ਆਪਣੇ ਆਪ ਨੂੰ ਹਰ ਸਮੇਂ ਸਜਾ ਕੇ-ਸੰਵਾਰ ਕੇ ਰੱਖਦੇ ਸਨ, ਵਧੀਆ ਪ੍ਰੈੱਸ ਕੀਤੇ ਕੱਪੜੇ, ਢੰਗ ਨਾਲ ਬੰਨੀ ਪੱਗ ਅਤੇ ਇੱਕਦਮ ਸੈੱਟ ਕੀਤੀ ਹੋਈ ਦਾੜ੍ਹੀ।

ਬਲਵੰਤ ਗਾਰਗੀ ਲਿਖਦਾ ਹੈ,

"ਸਲੀਕੇ ਨਾਲ ਪਹਿਨੇ ਹੋਏ ਕੱਪੜਿਆਂ ਦੇ ਨਾਲ-ਨਾਲ ਦਾੜ੍ਹੀ ਵੀ ਇੰਜ ਸੈੱਟ ਕੀਤੀ ਹੁੰਦੀ ਜਿਵੇਂ ਬਤਖ਼ ਦੇ ਖੰਭ। ਤੇ ਨਵਤੇਜ ਸਿੰਘ ਵੇਖਣ ਨੂੰ ਲੇਖਕ ਘੱਟ ਤੇ ਕਿਸੇ ਇੱਟਾਂ ਦੇ ਭੱਠੇ ਦਾ ਮਾਲਕ ਵੱਧ ਲੱਗਦਾ।"

ਕੈਮਰਾ ਤਾਂ ਗਲ ਵਿੱਚ ਲਟਕਦਾ ਹੁੰਦਾ ਹੀ ਸੀ, ਜਿਸ ਤੋਂ ਸਮਝ ਪੈ ਜਾਂਦੀ ਕਿ ਫੋਟੋਗਰਾਫੀ ਦਾ ਸ਼ੌਕ ਹੈ।

ਨਾਲ-ਨਾਲ ਕੰਪਿਊਟਰ ਬਾਰੇ ਡੂੰਘੀ ਜਾਣਕਾਰੀ, ਖ਼ਾਸ ਕਰਕੇ ਫੌਂਟਾਂ ਬਾਰੇ।

ਕਿਤਾਬਾਂ ਲਿਖਣ ਅਤੇ ਛਪਣ ਦਾ ਸ਼ੌਕ। ਛੋਟੇ-ਛੋਟੇ ਕਾਲਮਾਂ ਦਾ ਜ਼ਿਕਰ ਤਾਂ ਹੋ ਹੀ ਚੁੱਕਾ ਹੈ।

ਬੱਚਿਆਂ ਲਈ ਸਾਹਿਤ ਵੀ ਲਿਖਿਆ ਹੈ, ਜੋ ਸਭ ਤੋਂ ਔਖਾ ਕੰਮ ਹੈ। ਬੱਚਿਆਂ ਦੀ ਮਾਨਸਿਕਤਾ ਸਮਝ ਕੇ ਉਹਨਾਂ ਦੇ ਪੱਧਰ ਦਾ ਹੋ ਕੇ ਲਿਖਣਾ, ਹਰ ਕਿਸੇ ਦੇ ਵੱਸ ਦਾ ਨਹੀਂ ਹੁੰਦਾ।

ਇਨ੍ਹਾਂ ਸਭ ਗਤੀਵਿਧੀਆਂ ਦੇ ਨਾਲ-ਨਾਲ ਉਹਨਾਂ ਨੂੰ ਫੁੱਲਾਂ-ਬੂਟਿਆਂ ਦਾ ਵੀ ਸ਼ੌਕ ਹੈ। ਲੁਧਿਆਣੇ ਤੋਂ ਜਲੰਧਰ ਕਿਸੇ ਕੰਮ ਗਿਆ, ਮੁੜਨ ਵੇਲੇ ਜੇ ਉਹ ਫਗਵਾੜਾ-ਗੁਰਾਇਆ ਹੋ ਕੇ ਮੁੜਣਗੇ ਤਾਂ ਫਿਲੌਰ ਘਰੋਂ ਹੁੰਦੇ ਜਾਣਗੇ ਅਤੇ ਜੇ ਜਲੰਧਰੋਂ ਜੰਡਿਆਲਾ-ਨੂਰਮਹਿਲ ਰਾਹੀਂ ਮੁੜਣਗੇ ਤਾਂ ਪਰਤਾਬਪੁਰੇ ਪੈਟਰੋਲ ਪੰਪ 'ਤੇ ਮੈਨੂੰ ਮਿਲ ਕੇ ਜਾਣਗੇ। ਆਉਂਦੇ ਹੀ ਕੋਈ ਕਿਤਾਬ ਦੇਣਗੇ ਜਾਂ ਸੀਜ਼ਨ ਦੇ ਫੁੱਲਾਂ ਦੇ ਬੀਜ। ਉਹਨਾਂ ਦੀ ਗੱਡੀ ਵਿੱਚ ਬੂਟੇ ਅਤੇ ਕਿਤਾਬਾਂ ਭਰੀਆਂ ਹੁੰਦੀਆਂ।

ਮੇਰੇ ਪੰਪ 'ਤੇ ਇੱਕ ਬੂਟਾ ਸੀ ਪਾਪੂਲਰ ਜਾਤੀ ਦਾ। ਸ਼ਾਇਦ ਉਸ ਦਾ ਨਾਂ ਪਟੋਨੀਆ ਸੀ। ਸਾਲ ਵਿੱਚ ਇੱਕ ਵਾਰ ਉਹ ਫੁੱਲਾਂ ਨਾਲ ਲੱਦਿਆ ਜਾਂਦਾ - ਫੁੱਲ ਹੀ ਫੁੱਲ। ਜਿਵੇਂ ਆੜੂ ਦੇ ਬੂਟਿਆਂ ਨੂੰ ਆੜੂ ਲੱਗਣ ਤੋਂ ਪਹਿਲਾਂ ਗੁਲਾਬੀ ਫੁੱਲ ਲੱਗਦੇ ਹਨ ਅਤੇ ਸਾਰੇ ਬੂਟੇ ਗੁਲਾਬੀ ਫੁੱਲਾਂ ਹੇਠ ਦੱਬੇ ਜਾਂਦੇ ਹਨ। ਉਹ ਪਟੋਨੀਆ ਨਾਂ ਦਾ ਬੂਟਾ ਦਰੱਖਤ ਫੁੱਲਾਂ ਨਾਲ ਲੱਦਿਆ ਬਹੁਤ ਖ਼ੂਬਸੂਰਤ ਲੱਗਦਾ।

ਜਨਮੇਜਾ ਹੁਣਾਂ ਸੁਝਾਅ ਦਿੱਤਾ ਕਿ ਇਸ ਦੀਆਂ ਕਲਮਾਂ ਲਵਾਈਆਂ ਜਾਣ। ਕਲਮਾਂ ਤੁਰ ਪਈਆਂ ਤੇ ਉਹ ਲੈ ਗਏ। ਕਿੱਥੇ ਲਵਾਈਆਂ ਹੋਣਗੀਆਂ ਜਾਂ ਕਿਸੇ ਸੱਜਣ ਨੂੰ ਭੇਟ ਕਰ ਦਿੱਤੀਆਂ ਹੋਣਗੀਆਂ। ਸਾਧ ਦੇ ਡੇਰੇ ਉੱਤੇ ਇਧਰੋਂ ਚੜ੍ਹਾਵਾ ਆਇਆ ਤੇ ਉਧਰ ਅੱਗੇ ਤੋਰ ਦਿੱਤਾ, ਨਾ ਆਏ ਦੀ ਖੁਸ਼ੀ, ਨਾ ਗਏ ਦਾ ਗਮ।

ਮਜ਼ੇ ਦੀ ਗੱਲ ਹੈ, ਇੱਕ ਵਾਰ ਉਹ ਫੁੱਲਾਂ ਦੇ ਬੀਜ ਦੇ ਗਏ। ਮੈਂ ਬੀਜ ਦਿੱਤੇ ਅਤੇ ਥੋੜ੍ਹੇ ਤਰਲੋਚਨ ਝਾਂਡੇ ਨੂੰ ਦੇ ਦਿੱਤੇ। ਬੀਜ ਜੰਮ ਪਏ। ਬੂਟੇ ਬਣ ਗਏ। ਹੋਰ ਵੱਡੇ ਹੋ ਗਏ। ਪਰ ਉਹਨਾਂ ਨੂੰ ਫੁੱਲ ਨਾ ਲੱਗਣ। ਇੱਕ ਦਿਨ ਤਰਲੋਚਨ ਦਾ ਫ਼ੋਨ ਆਇਆ,

"ਯਾਰ, ਉਹ ਬੀਜ ਕਾਹਦੇ ਸੀ?"

ਮੈਂ ਕਿਹਾ,

"ਫੁੱਲਾਂ ਦੇ।"

ਕਹਿੰਦਾ,

"ਨਹੀਂ, ਇਹ ਕੁਝ ਹੋਰ ਹੀ ਆ। ਮੇਰੀ ਬੇਬੇ ਕਹਿੰਦੀ ਆ, ਇਹ ਐਵੇਂ ਜੜੀ-ਬੂਟੀ ਜਿਹੀ ਆ - ਫੁੱਲ ਨਹੀਂ।" ਲੱਗਦਾ ਤਾਂ ਮੈਨੂੰ ਵੀ ਇੰਜ ਹੀ ਸੀ। ਮੈਂ ਤਸੱਲੀ-ਬਖ਼ਸ਼ ਜਵਾਬ ਨਾ ਦੇ ਸਕਿਆ ਕਿਉਂਕਿ ਉਹ ਸੱਚੀਂ ਐਵੇਂ ਜੜੀ-ਬੂਟੀ ਸੀ।

ਕਰੋਨਾ-ਕਾਲ ਵਿੱਚ ਜਨਮੇਜਾ ਜੀ ਦੀ ਜੀਵਨ-ਸਾਥਣ ਉਹਨਾਂ ਨੂੰ ਵਿਛੋੜਾ ਦੇ ਗਏ। "ਅਚਿੰਤੇ ਬਾਜ਼ ਪਏ" ਵਾਲੀ ਗੱਲ ਇੱਥੇ ਪੂਰੀ ਢੁੱਕਦੀ ਸੀ। ਕਦੇ ਸੋਚਿਆ ਹੀ ਨਹੀਂ ਸੀ ਇੰਜ ਜਿਹਾ ਭਾਣਾ ਵਾਪਰ ਜਾਵੇਗਾ, ਪਰ ਅਣਹੋਈ ਵਾਪਰ ਗਈ। ਉਹਨਾਂ ਦਿਨਾਂ ਵਿੱਚ ਮੈਂ ਸੋਚਦਾ ਹੁੰਦਾ - ਐਨਾ ਵੱਡਾ ਦੁੱਖ ਜਨਮੇਜਾ ਕਿਵੇਂ ਜਰੇਗਾ ?

ਪਰ ਇਹ ਗੱਲ ਨਹੀਂ। ਅਸੀਂ ਸੋਚ ਕੇ ਘਬਰਾਉਂਦੇ ਹਾਂ, ਇੰਜ ਹੋ ਗਿਆ ਤਾਂ ਜ਼ਿੰਦਗੀ ਰੁਕ ਜਾਵੇਗੀ, ਦੋ ਕਦਮ ਵੀ ਤੁਰਿਆ ਨਹੀਂ ਜਾਣਾ। ਪਰ ਹੁੰਦਾ ਇਹਦਾ ਵਹਿਮ ਹੀ ਹੈ। ਜਿਹੋ ਜਿਹੀ ਮੁਸ਼ਕਲ ਸਿਰ 'ਤੇ ਆ ਪੈਂਦੀ ਹੈ, ਉਸ ਨੂੰ ਬਰਦਾਸ਼ਤ ਕਰਨ ਦੀ ਤਾਕਤ, ਉਹੋ ਜਿਹਾ ਹੌਂਸਲਾ ਆਪਣੇ ਆਪ ਪੈਦਾ ਹੋ ਜਾਂਦਾ ਹੈ। ਭਾਵੇਂ ਥੋੜ੍ਹੇ ਸਮੇਂ ਲਈ ਮਨੁੱਖ ਘਬਰਾਉਂਦਾ ਹੈ, ਡੋਲਦਾ ਹੈ, ਪਰ ਹੌਲੀ-ਹੌਲੀ ਜ਼ਿੰਦਗੀ ਆਪਣੇ ਰਾਹ ਤੁਰ ਪੈਂਦੀ ਹੈ। ਸਮਾਂ ਕਦੇ ਰੁਕਦਾ ਨਹੀਂ। ਮੈਂ ਪ੍ਰਸ਼ੰਸਾ ਕਰਨੀ ਚਾਹੁੰਦਾ ਹਾਂ ਕਿ ਜਨਮੇਜਾ ਹੁਣਾਂ ਇਸ ਗਮ ਦੇ ਪਹਾੜ ਨੂੰ ਭੁਲਾਏ ਪਾਉਣ ਲਈ ਇੱਕ ਵਧੀਆ ਰਾਹ ਚੁਣਿਆ, "ਪਿੰਕੀ ਹਰਬਲ ਗਾਰਡਨ" ਚਲਾਉਣ ਦਾ। ਫੁੱਲਾਂ, ਫਲਾਂ ਅਤੇ ਤਰ੍ਹਾਂ-ਤਰ੍ਹਾਂ ਦੇ ਦਰੱਖਤ ਤੇ ਬੂਟੇ ਲਾਉਣੇ ਅਤੇ ਪਾਲਣੇ। ਜਿਸ ਨਾਲ ਉਹਨਾਂ ਆਪਣੇ ਮਨ ਨੂੰ ਭੁਲਾਵੇ ਵੀ ਪਾਏ ਰੱਖਿਆ ਹੈ ਅਤੇ ਕੁਝ ਨਵਾਂ ਵੀ ਕਰ ਰਹੇ ਹਨ। ***

# ਗਹਿਰਾ ਹੀਰਾ

## ਮਨਜੀਤ ਸਿੰਘ ਵਿਰਦੀ

ਜਨਮੇਜਾ ਬਹੁਤ ਸਾਦਾ ਇਨਸਾਨ ਹੈ। ਉਹ ਆਪਣੇ ਆਪ ਵਿੱਚ ਇਸ ਕਦਰ ਰਮਿਆ ਹੋਇਆ ਹੈ ਕਿ ਉਸਦੀ ਚਾਲ-ਚਲਣ ਵਿੱਚ ਇੱਕ ਅਜਿਹੀ ਸੁਹਜਤਾ ਹੈ, ਜੋ ਸਿਰਫ਼ ਉਹਨਾਂ ਲੋਕਾਂ ਵਿੱਚ ਮਿਲਦੀ ਹੈ, ਜੋ ਆਪਣੇ ਅਸਲ ਰੂਪ ਨਾਲ ਪੂਰੀ ਤਰ੍ਹਾਂ ਰਾਜ਼ੀ ਹੁੰਦੇ ਹਨ।

ਜਨਮੇਜਾ ਵੱਡੇ-ਵੱਡੇ ਦਿਖਾਵਿਆਂ ਵਾਲਾ ਹੀਰਾ ਨਹੀਂ। ਉਹ ਛੋਟੀਆਂ ਪਰ ਡੂੰਘੀਆਂ ਗੱਲਾਂ ਦਾ ਇਨਸਾਨ ਹੈ, ਉਹ ਪਲ ਜੋ ਬੀਤ ਜਾਣ ਤੋਂ ਬਾਅਦ ਵੀ ਦਿਲ ਵਿੱਚ ਲੰਮੇ ਸਮੇਂ ਤੱਕ ਵੱਸੇ ਰਹਿੰਦੇ ਹਨ।

ਜਦੋਂ ਜ਼ਿੰਦਗੀ ਉਸਨੂੰ ਦੂਰ ਲੈ ਗਈ, ਉਸ ਦੀਆਂ ਯਾਦਾਂ ਪੁਰਾਣੀ ਮਹਿਕ ਵਾਂਗ ਹੋ ਗਈਆਂ, ਹਰ ਸਾਲ ਹੋਰ ਗਹਿਰੀਆਂ, ਹੋਰ ਮਿੱਠੀਆਂ, ਹੋਰ ਸਹਾਰਾ ਦੇਣ ਵਾਲੀਆਂ।

ਆਉਣ ਵਾਲੇ ਸੁਹਣੇ ਪਲਾਂ ਲਈ ਚੀਅਰਜ਼, ਜੋ ਤੇਰਾ ਇੰਤਜ਼ਾਰ ਕਰ ਰਹੇ ਹਨ।

***

# ਇੱਕ ਭਿੰਨੀ ਜਿਹੀ ਸੁਗੰਧ

## ਪਰਮਜੀਤ ਸਿੰਘ ਟਰਾਂਟੋ

ਜਨਮੇਜਾ ਸਿੰਘ ਜੌਹਲ ਇੱਕ ਸਧਾਰਨ ਦਿੱਖ ਵਾਲਾ, ਬੁੱਲ੍ਹਾਂ ਉੱਤੇ ਇੱਕ ਨਿਮਾ ਜਿਹਾ ਹਾਸਾ ਲਏ, ਦੋਸਤੀ ਅਤੇ ਅਪਣੱਤ ਦਾ ਹਰ ਵੇਲੇ ਨਿੱਘ ਜਿਹਾ ਵੰਡਦਾ ਬਹੁ-ਪੱਖੀ ਸ਼ਖਸੀਅਤ ਦਾ ਮਾਲਕ ਹੈ। ਉਸਦੇ ਵਿਚਲਾ ਕਵੀ ਕਦੇ ਆਪਣੇ ਬੋਲਾਂ ਦੀ ਤਕੜੀ ਵਿੱਚ ਸਮਾਜਿਕ ਕਦਰਾਂ-ਕੀਮਤਾਂ ਨੂੰ ਤੋਲਦਾ, ਇਨਸਾਨ ਦੇ ਦੋਗਲੇ ਵਤੀਰੇ ਬਾਰੇ ਕੁਝ ਇੰਝ ਕਹਿੰਦਾ ਹੈ,

"ਮੇਰੀ ਮੌਤ ਦਾ ਅਫਸੋਸ ਕਰਨ ਆਏ ਦੋਸਤੋ,
ਡਾਕਟਰ ਇਹ ਕਹਿੰਦਾ ਸੀ ਕਿ
ਜੇ ਕੋਈ ਇੱਕ ਬੋਤਲ ਖ਼ੂਨ ਦੇ ਦੇਵੇ
ਤਾਂ ਮਰੀਜ਼ ਬਚ ਸਕਦਾ ਹੈ।"

ਕਦੇ ਉਹ ਆਪਣੇ ਵਿਦਵਾਨ ਮਿੱਤਰਾਂ, ਜਿਵੇਂ ਕਿ ਸਵਰਗਵਾਸੀ ਡਾਕਟਰ ਸੁਰਜੀਤ ਪਾਤਰ, ਨਾਲ ਮਿਲ ਕੇ ਇੱਕ ਖੋਜੀ ਵਾਂਗ ਪੰਜਾਬੀ ਵਿੱਚ ਰੰਗਾਂ ਦੇ ਬੇਸ਼ੁਮਾਰ ਨਾਂਮ ਇਕੱਠੇ ਕਰਦਾ ਹੈ। ਇਹ ਫੈਸਲਾ ਤਾਂ ਸ਼ਾਇਦ ਉਹ ਆਪ ਵੀ ਨਾ ਕਰ ਸਕੇ ਕਿ ਉਹ ਕੈਮਰੇ ਲਈ ਬਣਿਆ ਹੈ ਜਾਂ ਕੈਮਰਾ ਉਸ ਲਈ।

ਕੈਮਰੇ ਦੇ ਲੈਂਸ ਵਿੱਚੋਂ ਵੇਖਦਾ, ਆਪਣੀ ਵਿਲੱਖਣ ਨਿਗਾਹ ਨਾਲ ਉਹ ਅਜਿਹੇ ਅਦਭੁਤ ਦ੍ਰਿਸ਼ ਅਤੇ ਨਜ਼ਾਰੇ ਕੈਦ ਕਰ ਲੈਂਦਾ ਹੈ, ਜੋ ਵੇਖਣ ਵਾਲੇ ਦੀ ਸੋਚ ਉੱਤੇ ਹੈਰਾਨੀ ਦਾ ਭਰਵਾਂ ਛੱਟਾ ਦੇ ਜਾਂਦੇ ਹਨ।

ਆਪਣੀ ਜੀਵਨ ਸਾਥਣ ਦੇ ਸਦੀਵੀ ਵਿਛੋੜੇ ਦੇ ਦੁੱਖ ਨੂੰ ਉਸਨੇ ਹੰਝੂਆਂ ਦੀ ਥਾਂ ਦੁਰਲੱਭ ਰੁੱਖਾਂ ਅਤੇ ਬੂਟੀਆਂ ਦਾ ਇੱਕ ਬਾਗ਼-ਬੇਲਾ ਬਣਾ ਕੇ ਪ੍ਰਗਟ ਕੀਤਾ ਹੈ। ਇੰਝ ਲੱਗਦਾ ਹੈ ਜਿਵੇਂ ਉਸਨੇ ਸੋਚਿਆ ਹੋਵੇ ਕਿ ਉਸਦੀ ਜੀਵਨ ਸਾਥਣ ਦੀ ਯਾਦ ਇੱਕ ਭਿੰਨੀ ਜਿਹੀ ਸੁਗੰਧ ਬਣ ਕੇ

ਹਮੇਸ਼ਾ ਲਈ ਉਸ ਬੋਲੇ ਵਿੱਚ ਮਹਿਕਦੀ ਰਹੇਗੀ।

ਹਾਂ, ਜੇ ਕੁਝ ਲਫ਼ਜ਼ਾਂ ਵਿੱਚ ਕਹਿਣਾ ਹੋਵੇ ਕਿ ਜਨਮੇਜਾ ਸਿੰਘ ਜੌਹਲ ਕੀ ਹੈ, ਤਾਂ ਇਹ ਕਿਹਾ ਜਾ ਸਕਦਾ ਹੈ, ਕੈਮਰੇ ਵਾਲਾ, ਫ਼ਕੀਰ ਤਬੀਅਤ ਦਾ ਮਾਲਕ, ਬਹੁ-ਪੱਖੀ ਕਲਾਕਾਰ।

***

# ਮਾਪਿਆਂ ਨੇ ਉਹਨਾਂ 'ਤੇ ਯਕੀਨ ਕੀਤਾ

## ਪਰਮਿੰਦਰ ਕੌਰ ਮਾਂਗਟ

ਜਨਮੇਜਾ ਸਿੰਘ ਜੌਹਲ, ਇਹ ਨਾਮ ਸੰਸਾਰ ਪੱਧਰ 'ਤੇ ਬੈਠੇ ਪੰਜਾਬੀਆਂ ਅਤੇ ਹੋਰ ਲੋਕਾਂ ਵਿੱਚ ਕਿਸੇ ਪਹਿਚਾਣ ਦਾ ਮੁਹਤਾਜ ਨਹੀਂ। ਪਰ ਮੇਰੀ ਆਪਣੀ ਜ਼ਿੰਦਗੀ ਦੇ ਪੱਖ ਤੋਂ, ਭਾਜੀ ਥੋੜ੍ਹੇ ਸ਼ਬਦਾਂ ਵਿੱਚ ਨਿਰਪੱਖ, ਨਿੰਦਾ- ਰਹਿਤ, ਸਕਾਰਾਤਮਕ, ਉਤਸ਼ਾਹਿਤ ਕਰਨ ਵਾਲੇ ਅਤੇ ਸਮੇਂ ਦੇ ਪਾਬੰਦ ਰਹੇ ਹਨ। ਜਿਸ ਸਮੇਂ ਤੋਂ ਮੈਂ ਅਤੇ ਭਾਜੀ ਇੱਕ-ਦੂਜੇ ਦੇ ਸੰਪਰਕ ਵਿੱਚ ਆਏ, ਉਸ ਵੇਲੇ ਔਰਤ ਨੂੰ ਜ਼ਿਆਦਾ ਅੱਗੇ ਵੱਧਦਾ ਦੇਖਣਾ ਸਮਾਜਿਕ ਨਜ਼ਰੀਏ ਤੋਂ ਮਨਜ਼ੂਰ ਨਹੀਂ ਸੀ। ਪਰ ਫਿਰ ਵੀ ਭਾਜੀ ਨੇ ਹਮੇਸ਼ਾ ਮੈਨੂੰ ਉਤਸ਼ਾਹਿਤ ਕੀਤਾ। ਨਵੇਂ ਵਿਚਾਰਾਂ ਨਾਲ ਹਲੂਣਾ ਦੇ ਕੇ, ਭਾਜੀ ਦੀ ਸ਼ਖਸੀਅਤ ਕਰਕੇ ਮੇਰੇ ਮਾਪਿਆਂ ਨੇ ਹਮੇਸ਼ਾ ਉਹਨਾਂ ਦੇ ਵਿਚਾਰਾਂ ਨੂੰ ਮਨਜ਼ੂਰੀ ਦਿੱਤੀ। ਆਪਣੀਆਂ ਕੁੜੀਆਂ ਦਾ ਸਾਥ ਦੇਣ ਵਾਸਤੇ। ਉਹਨਾਂ ਨੇ ਮੇਰਾ ਸਾਥ ਉਸ ਸਮੇਂ ਦਿੱਤਾ ਜਦੋਂ ਮੇਰਾ ਨਾਮ ਬਣਾਉਣ ਲਈ, ਮੇਰੀ ਸੋਚ ਨੂੰ ਚੰਗੇ ਪਾਸੇ ਲਾਉਣ ਲਈ ਅਤੇ ਮੇਰੇ ਜ਼ਰੀਏ ਹੋਰ ਕੁੜੀਆਂ, ਬੱਚੀਆਂ ਅਤੇ ਔਰਤਾਂ ਨੂੰ ਵੀ ਵਧੀਆ ਪਾਸੇ ਲਿਆਉਣ ਦੀ ਲੋੜ ਸੀ। ਹਮੇਸ਼ਾ ਸਮੇਂ ਦੇ ਪਾਬੰਦ, ਦੁਨਿਆਵੀ ਚਮਕ-ਦਮਕ ਤੋਂ ਪਰੇ, ਸਾਦਗੀ ਭਰਿਆ ਜੀਵਨ ਜਿਉਣ ਵਾਲੇ ਜਨਮੇਜਾ ਭਾਜੀ ਮੇਰੀ ਜ਼ਿੰਦਗੀ ਵਿੱਚ ਮਰਦ-ਪ੍ਰਧਾਨ ਸਮਾਜ ਵਿੱਚੋਂ ਇੱਕ ਸਤਿਕਾਰਯੋਗ ਅਤੇ ਸ਼ਾਂਤ ਸ਼ਖਸੀਅਤ ਵਜੋਂ ਰਹੇ ਹਨ। ਬਿਨਾਂ ਗੁੱਸੇ, ਬਿਨਾਂ ਹੰਕਾਰ ਅਤੇ ਔਰਤਾਂ ਪ੍ਰਤੀ ਵਧੀਆ ਸੋਚ ਰੱਖਣ ਵਾਲੇ, ਧਰਤੀ ਨਾਲ ਜੁੜੇ ਰਹਿਣ ਵਾਲੇ ਉਹ ਮੇਰੇ ਲਈ ਹਮੇਸ਼ਾ ਇੱਕ ਰੋਲ ਮਾਡਲ ਰਹੇ ਹਨ।

ਅੱਜ ਵੀ ਜੇਕਰ ਮੈਂ ਕਿਸੇ ਨਾਲ ਉਹਨਾਂ ਦੀ ਗੱਲ ਕਰਦੀ ਹਾਂ, ਤਾਂ ਸਤਿਕਾਰ, ਪਿਆਰ ਅਤੇ ਅਪਣੱਤ ਉਹਨਾਂ ਪ੍ਰਤੀ ਮੇਰੀ ਬੋਲੀ ਅਤੇ ਲਫ਼ਜ਼ਾਂ ਵਿੱਚੋਂ ਝਲਕਦਾ ਹੈ। ਮੈਂ ਅੱਜ ਵੀ ਉਹਨਾਂ ਦੀ ਕਾਰਜਦਾਰ ਹਾਂ ਕਿ

ਉਸ ਸਮੇਂ ਉਹਨਾਂ ਨੇ ਮੇਰੇ 'ਤੇ ਵਿਸ਼ਵਾਸ ਕੀਤਾ ਅਤੇ ਮੇਰੀ ਆਪਣੀ ਸ਼ਖਸੀਅਤ ਨੂੰ ਉਭਾਰਨ ਵਾਸਤੇ ਇੱਕ ਸੁਚੱਜੇ ਮਾਰਗਦਰਸ਼ਕ ਵਜੋਂ ਮੈਨੂੰ ਹਮੇਸ਼ਾ ਉਤਸ਼ਾਹਿਤ ਕੀਤਾ। ਮੈਂ ਉਹਨਾਂ ਦਾ ਦਿਲੋਂ ਧੰਨਵਾਦ ਕਰਦੀ ਹਾਂ ਅਤੇ ਵਾਹਿਗੁਰੂ ਪਾਸੋਂ ਹਮੇਸ਼ਾ ਉਹਨਾਂ ਦੀ ਚੰਗੀ ਸਿਹਤ, ਲੰਮੀ ਉਮਰ, ਤਰੱਕੀ ਅਤੇ ਖੁਸ਼ਹਾਲੀ ਦੀ ਅਰਦਾਸ ਕਰਦੀ ਹਾਂ। ***

# ਪਰ ਐਸਾ ਕੁਝ ਨਹੀਂ ਹੋਇਆ।

## ਭੁਪਿੰਦਰ ਕੌਰ ਪਾਤਰ

ਸੰਨ 1978 ਦਾ ਦਸਵਾਂ ਮਹੀਨਾ ਸੀ, ਜਦੋਂ ਪਾਤਰ ਸਾਹਿਬ ਮੈਨੂੰ ਲੁਧਿਆਣਾ ਲੈ ਕੇ ਆਏ। ਗੇਟ ਨੰਬਰ 3 ਦੇ ਕੋਲ ਸਾਡਾ ਘਰ ਸੀ। ਜਨਮੇਜਾ ਪਹਿਲਾਂ ਬੈਠਾ ਸੀ, ਜੋ ਸਾਨੂੰ ਵੇਖਦੇ ਹੀ ਉੱਠ ਕੇ ਆਇਆ। ਜਨਮੇਜਾ ਗੱਲਾਂ ਬਾਤਾਂ ਸੁਣਦਾ ਰਿਹਾ ਅਤੇ ਉਸਦਾ ਗੱਲ ਕਰਨ ਦਾ ਅੰਦਾਜ਼ ਬੜਾ ਹੀ ਰੌਣਕਦਾਰ ਸੀ। ਅਸੀਂ ਹੱਸਦੇ ਜਾ ਰਹੇ ਸੀ। ਮੈਨੂੰ ਜਿਵੇਂ ਇਹ ਅਹਿਸਾਸ ਹੋਇਆ ਕਿ ਆਪਣੇ ਆਪ ਨੂੰ ਸਮੇਂ ਦੇ ਕੰਟਰੋਲ ਵਿੱਚ ਰੱਖ ਸਕੀਦਾ ਹੈ। ਹੁਣ ਵੀ ਉਹਦਾ ਉਸ ਅੰਦਾਜ਼ ਵਿਚ ਗੱਲ ਸੁਣਾਉਣਾ ਯਾਦ ਹੈ।

***

# ਸਾਦਗੀ ਦਾ ਫ੍ਰੈਂਡ ਅੰਬੈਸਡਰ

# ਪ੍ਰਭਜੋਤ ਸਿੰਘ ਸੰਧੂ, ਸਿਡਨੀ

ਸਾਦਗੀ ਇਕੱਲੀ ਦਿੱਖ ਵਿੱਚ ਨਹੀਂ, ਤੁਹਾਡੀ ਫ਼ਿਤਰਤ ਵਿੱਚ ਵੀ ਹੋਈ ਚਾਹੀਦੀ ਹੈ। ਜਨਮੇਜਾ ਜੌਹਲ ਸਾਦਗੀ ਸਿਰਫ਼ ਪਹਿਨਣ-ਪਚਰਣ ਵਿੱਚ ਹੀ ਨਹੀਂ ਰੱਖਦਾ, ਸਗੋਂ ਆਪਣੇ ਸੁਭਾਅ ਨਾਲ ਸਮੁੱਚੀ ਜੀਵਨ-ਜਾਚ ਵਿੱਚ ਸੰਜੋਈ ਬੈਠਾ ਹੈ। ਤੁਸੀਂ ਕਿਸੇ ਦੀ ਸਾਦਗੀ ਨੂੰ ਮੰਨਣਾ ਹੈ ਜਾਂ ਉਸ ਦੀ ਖਿੱਲੀ ਉਡਾਉਣੀ ਹੈ, ਇਹ ਤੁਹਾਡੀ ਸੂਝ 'ਤੇ ਨਿਰਭਰ ਕਰਦਾ ਹੈ। ਮੈਂ ਉਨ੍ਹਾਂ 'ਚੋਂ ਹਾਂ ਜੋ ਜਨਮੇਜੇ ਦੀ ਸਾਦਗੀ ਨੂੰ ਸਿਜਦਾ ਕਰਦੇ ਹਨ ਅਤੇ ਰੂਹ ਤੋਂ ਮਾਣਦੇ ਹਨ।

ਜੌਹਲ ਪਰਿਵਾਰ ਨਾਲ ਸਾਡੀ ਦੋ ਪੀੜ੍ਹੀਆਂ ਦੀ ਸਾਂਝ ਹੈ। ਜਨਮੇਜਾ ਜੌਹਲ ਦੇ ਪਿਤਾ ਜੀ, ਉੱਘੇ ਅਰਥ- ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ, ਮੇਰੇ ਮਰਹੂਮ ਪਿਤਾ ਜੀ ਡਾ. ਹਰਜਿੰਦਰ ਸਿੰਘ ਸੰਧੂ ਦੇ ਅਧਿਆਪਕ ਵੀ ਸਨ ਅਤੇ ਉਨ੍ਹਾਂ ਦੇ ਕਰੀਅਰ ਦੇ ਸਲਾਹਕਾਰ ਵੀ। ਜਿਨ੍ਹਾਂ ਦਿਨਾਂ ਵਿੱਚ ਅਸੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿੱਚ ਦਾਖਲਾ ਲਿਆ, ਉਨ੍ਹਾਂ ਦਿਨਾਂ ਵਿੱਚ ਜਨਮੇਜਾ ਸਿੰਘ ਜੌਹਲ ਇੱਕ ਚਰਚਿਤ ਸ਼ਖ਼ਸੀਅਤ ਸਨ। ਕੋਈ ਉਨ੍ਹਾਂ ਦੀ ਸਾਦਗੀ ਦਾ ਮਜ਼ਾਕ ਉਡਾਉਂਦਾ ਸੀ ਅਤੇ ਕੋਈ ਉਨ੍ਹਾਂ ਦੇ ਜਨੂੰਨੀ ਸੁਭਾਅ ਦਾ ਕਾਇਲ ਸੀ।

ਜਦੋਂ ਪੀ ਏ ਯੂ ਦੇ ਪਾੜ੍ਹੇ ਕੱਲੇ-ਕੱਲੇ ਲੜਾਂ ਵਾਲੀ ਪੱਗ ਚੁਣ-ਚੁਣ ਕੇ ਬੰਨਦੇ ਸਨ, ਓਦੋਂ ਜਨਮੇਜੇ ਹੁਰੀਂ ਸਿੱਧਰੀ ਜਿਹੀ ਪੱਗ ਬੰਨ ਕੇ ਯੂਨੀਵਰਸਿਟੀ ਦੀਆਂ ਸੜਕਾਂ 'ਤੇ ਆਪਣਾ ਜੁਗਾੜੀ ਜਿਹਾ ਡੀਜ਼ਲ ਵਾਲਾ ਬੁਲਟ ਲੈ ਕੇ, ਮੋਢੇ 'ਤੇ ਤੋਪ ਵਰਗਾ ਕੈਮਰਾ ਟੰਗੀ, ਆਮ ਹੀ ਨਜ਼ਰ ਆ ਜਾਂਦੇ ਸਨ।

ਸਾਡੇ ਲਈ ਜਨਮੇਜਾ ਵਾਤਾਵਰਣ ਪ੍ਰੇਮੀ, ਕੁਦਰਤ ਨਾਲ ਮੋਹ ਕਰਨ ਵਾਲਾ, ਫ਼ੋਟੋਗਰਾਫ਼ੀ ਦੀਆਂ ਬਾਰੀਕੀਆਂ ਨੂੰ ਸਰਲਤਾ ਨਾਲ

ਸਮਝਾਉਣ ਵਾਲਾ ਇੱਕ ਆਦਰਸ਼ ਫ਼ਕੀਰੀ ਸੁਭਾਅ ਵਾਲਾ ਦਾਰਸ਼ਨਿਕ ਸੀ। ਅਜੀਤ ਅਖ਼ਬਾਰ ਵਿਚਲਾ ਉਸਦਾ ਸਥਾਈ ਕਾਲਮ ਅਸੀਂ ਬੜੇ ਚਾਅ ਨਾਲ ਪੜ੍ਹਦੇ ਸਾਂ।

ਉਸਦੀ ਸਾਦਗੀ ਵੱਡੇ ਜੌਹਲ ਸਾਹਿਬ ਨੂੰ ਵੀ ਕਦੇ-ਕਦੇ ਖਟਕਦੀ ਸੀ। ਮੇਰੀ ਮਾਂ ਇੱਕ ਕਿੱਸਾ ਸੁਣਾਇਆ ਕਰਦੀ ਸੀ। ਜਦੋਂ ਮੇਰੇ ਪਿਤਾ ਜੀ ਅਮਰੀਕਾ ਤੋਂ ਪੀ ਐਚ ਡੀ ਕਰਕੇ ਵਾਪਸ ਆਏ ਤਾਂ ਮੇਰੀ ਕੱਟੀ ਹੋਈ ਦਾੜ੍ਹੀ ਵੇਖ ਕੇ ਬੜੇ ਹਤਾਸ਼ ਹੋਏ। ਉਨ੍ਹਾਂ ਆਪਣਾ ਦੁੱਖ ਵੱਡੇ ਜੌਹਲ ਸਾਹਿਬ ਨਾਲ ਸਾਂਝਾ ਕਰਦਿਆਂ ਕਿਹਾ ਕਿ ਮੇਰਾ ਮੁੰਡਾ ਦਾੜੀ ਕੱਟਣੋਂ ਨਹੀਂ ਹਟਦਾ। ਮਾਂ ਨੇ ਦੱਸਿਆ ਕਿ ਡਾ. ਸਾਹਿਬ ਨੇ ਹੱਸਦੇ ਹੋਏ ਪਿਤਾ ਜੀ ਨੂੰ ਕਿਹਾ,

"ਮੇਰੇ ਨਾਲ ਮੁੰਡਾ ਵਟਾਅ ਲਓ ਮੇਰੇ ਆਲਾ ਲੈ ਜਾਓ, ਜਿਹੜਾ ਦਾੜ੍ਹੀ ਰੱਖੀ ਤਾਂ ਫਿਰਦਾ ਪਰ ਨਾ ਉਸਨੂੰ ਬੰਨਦਾ, ਨਾ ਸੰਵਾਰਦਾ, ਇੰਝ ਖਿਲਾਰੀ ਹੁੰਦੀ ਆ ਜਿੱਦਾਂ ਸਵੇਰੇ ਬਿਸਤਰਾ ਖਿੱਲਰਿਆ ਹੁੰਦਾ!"

ਖੈਰ, ਜੇ ਵੱਡੇ ਜੌਹਲ ਸਾਹਿਬ ਨੇ ਆਪਣੀ ਵਿਦਵਤਾ ਨਾਲ ਸੰਸਾਰ ਪੱਧਰ 'ਤੇ ਪ੍ਰਸਿੱਧੀ ਖੱਟੀ ਹੈ ਤਾਂ ਜਨਮੇਜੇ ਨੇ ਆਪਣੀ ਫ਼ੋਟੋਗਰਾਫ਼ੀ ਅਤੇ ਸਾਦੀ ਜੀਵਨ-ਜਾਚ ਨਾਲ ਪ੍ਰਸਿੱਧੀ ਵੀ ਖੱਟੀ ਹੈ ਅਤੇ ਸਾਰੇ ਸੰਸਾਰ ਵਿੱਚ ਮਿੱਤਰ ਵੀ ਬਣਾਏ ਹਨ।

ਘੁਮੱਕੜ ਸੁਭਾਅ ਦਾ ਜਨਮੇਜਾ ਦੁਨੀਆਂ ਦੇ ਹਰ ਦੇਸ਼ ਵਿੱਚ ਰਾਜ ਕਪੂਰ ਦੀ ਫਿਲਮ "ਅਰਾਊਂਡ ਦਾ ਵਰਲਡ ਇਨ ਏਟ ਡਾਲਰਜ਼" ਵਾਂਗ ਜੇਬ 'ਚ ਭਾਨ ਪਾ ਕੇ ਵੀ ਦੁਨੀਆਂ ਦਾ ਗੇੜਾ ਦੇ ਸਕਦਾ ਹੈ। ਉਸਦਾ ਮਿੱਤਰਾਂ ਦਾ ਘੇਰਾ ਏਨਾ ਵਿਸ਼ਾਲ ਹੈ ਕਿ ਉਸ ਨੂੰ ਕਿਸੇ ਵੀ ਦੇਸ਼ ਵਿੱਚ ਹੋਟਲ 'ਚ ਠਹਿਰਣ ਦੀ ਲੋੜ ਨਹੀਂ ਪੈਂਦੀ। ਉਸਦੇ ਮਿੱਤਰ ਅਤੇ ਉਨ੍ਹਾਂ ਦੇ ਪਰਿਵਾਰ ਉਸ ਨੂੰ ਇਸ ਕਰਕੇ ਵੀ ਪਿਆਰਦੇ ਹਨ ਕਿ ਉਸ ਲਈ ਉਨ੍ਹਾਂ ਨੂੰ ਕੋਈ ਉਚੇਚਤਾਈ ਨਹੀਂ ਕਰਨੀ ਪੈਂਦੀ।

ਜਦੋਂ ਸਵੇਰੇ ਸਾਰੇ ਸੁੱਤੇ ਹੁੰਦੇ ਹਨ ਤਾਂ ਜਨਮੇਜਾ ਆਪੇ ਰਸੋਈ

ਵਿੱਚ ਜਾ ਕੇ ਚਾਹ ਬਣਾ ਕੇ, ਨਾਲ ਰਾਤ ਦੀ ਬਚੀ ਰੋਟੀ 'ਤੇ ਲੂਣ ਭੁੱਕ ਕੇ, ਨਾਸ਼ਤੇ ਵਾਲਾ ਕੰਮ ਨਬੇੜ ਲੈਂਦਾ ਹੈ। ਕਦੇ ਉਸ ਨੂੰ ਲੀੜੇ ਪ੍ਰੈਸ ਕਰਨ ਦੀ ਲੋੜ ਨਹੀਂ ਪੈਂਦੀ। ਪਿਛਲੀ ਵਾਰ ਮੇਰੇ ਕੋਲ ਆਇਆ ਤਾਂ ਮੈਂ ਉਸ ਨੂੰ ਪੱਗ ਦਰਵਾਜੇ ਨਾਲ ਬੰਨ ਕੇ ਪੂਈ ਕਰਨ ਦੀ ਜਾਚ ਸਿਖਾ ਦਿੱਤੀ ਸੀ। ਉਸ ਤੋਂ ਬਾਅਦ ਉਸਦੀ ਪੱਗ ਦੇ ਲੜ ਦਿੱਸਣ ਲੱਗ ਪਏ ਹਨ।

ਸਾਨੂੰ ਉਸਦੀ ਆਮਦ ਦੀ ਸਦਾ ਉਡੀਕ ਰਹਿੰਦੀ ਹੈ। ਅੱਜ-ਕੱਲ ਉਹ ਵੱਡੇ ਜੌਹਲ ਸਾਹਿਬ ਨਾਲ ਵੱਧ ਸਮਾਂ ਬਿਤਾ ਰਿਹਾ ਹੈ, ਜੋ ਉਮਰ ਦਾ ਸੈਂਕੜਾ ਮਾਰਨ ਵਾਲੇ ਹਨ। ਅਸੀਂ ਖੁਦ ਨੂੰ ਖੁਸ਼ਨਸੀਬ ਸਮਝਦੇ ਹਾਂ ਜੋ ਸਾਨੂੰ ਨਿੱਕੇ- ਵੱਡੇ ਦੋਹਾਂ ਜਨੂੰਨੀ ਜੌਹਲਾਂ ਦਾ ਸਾਥ ਮਾਣਨਾ ਨਸੀਬ ਹੋਇਆ।

***

# ਹਰ ਰਚਨਾ ਪੜ੍ਹਦਾ ਹਾਂ।

# ਤਰਲੋਚਨ ਸਿੰਘ ਗਰੇਵਾਲ ਸਫ਼ਰੀ

ਜਨਮੇਜਾ ਸਿੰਘ ਜੌਹਲ ਨੂੰ ਫੋਟੋਗਰਾਫੀ, ਸੈਰ-ਸਪਾਟਾ, ਵਾਰਤਕ ਲਿਖਣ ਅਤੇ ਬਾਲ ਸਾਹਿਤ ਲਿਖਣ ਨਾਲ- ਨਾਲ ਚੰਗੀ ਖੇਤੀ ਅਤੇ ਵਾਤਾਵਰਨ ਨੂੰ ਸ਼ੁੱਧ ਰੱਖਣ ਦਾ ਵੀ ਬੜਾ ਸ਼ੌਕ ਹੈ।

ਮੈਂ ਜੌਹਲ ਸਾਹਿਬ ਨੂੰ ਬਹੁਤ ਪਹਿਲਾਂ ਤੋਂ ਅਖਬਾਰਾਂ ਰਾਹੀਂ ਪੜ੍ਹਦਾ ਆ ਰਿਹਾ ਹਾਂ, ਪਰ ਸੰਨ 2010 ਤੋਂ ਮੈਂ ਉਹਨਾਂ ਦੇ ਅਖਬਾਰਾਂ ਰਾਹੀਂ ਦੋਸਤ ਹਾਂ। ਮੈਂ ਉਹਨਾਂ ਵੱਲੋਂ ਲਿਖੀ ਗਈ ਹਰ ਇੱਕ ਰਚਨਾ ਹਰ ਹਾਲਤ ਵਿੱਚ ਪੜ੍ਹਦਾ ਹਾਂ।

ਇਸ ਤਰ੍ਹਾਂ ਉਹਨਾਂ ਨੇ ਇੱਕ ਕਿਤਾਬ "ਮੇਰੇ ਕਾਰਨਾਮੇ" ਵੀ ਲਿਖੀ, ਜਿਸ ਦੀ ਕਰੀਬ 70 ਪ੍ਰਤੀਸ਼ਤ ਸਮੱਗਰੀ ਫੇਸਬੁੱਕ 'ਤੇ ਪੋਸਟ ਕੀਤੀ ਹੋਈ ਸੀ। ਉਸਨੂੰ ਉਹਨਾਂ ਨੇ ਜਨਵਰੀ 2025 ਵਿੱਚ ਕਿਤਾਬੀ ਰੂਪ ਦਿੱਤਾ। ਉਸ ਵਿੱਚ ਉਹਨਾਂ ਨੇ ਆਪਣੀ ਜ਼ਿੰਦਗੀ ਦੇ ਤਜਰਬੇ ਦਰਜ ਕੀਤੇ ਹਨ।

ਇਹ ਕਿਤਾਬ ਹਰ ਪਾਠਕ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਸ ਕਿਤਾਬ ਵਿੱਚੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ।

ਜਨਮੇਜਾ ਸਿੰਘ ਜੌਹਲ ਜੀ ਬਾਰੇ ਲਿਖਣਾ ਸੂਰਜ ਦੇ ਸਾਹਮਣੇ ਮੋਮਬੱਤੀ ਜਗਾਉਣ ਦੇ ਬਰਾਬਰ ਹੈ, ਪਰ ਫਿਰ ਵੀ ਮੇਰੇ ਵੱਲੋਂ ਉਹਨਾਂ ਦੀ ਸ਼ਖਸੀਅਤ 'ਤੇ ਲਿਖਣ ਦੀ ਇੱਕ ਛੋਟੀ ਜਿਹੀ ਕੋਸ਼ਿਸ਼ ਕੀਤੀ ਗਈ ਹੈ।

***

# ਪਿਆਰ ਦਾ ਰਿਸ਼ਤਾ

## ਡਾ. ਰਾਜੇਸ਼ ਜਲੋਟਾ, ਬ੍ਰਿਸਬੇਨ

ਮੈਂ 2001 ਤੋਂ ਜਨਮੇਜਾ ਸਿੰਘ ਜੀ ਦੇ ਸੰਪਰਕ ਵਿੱਚ ਹਾਂ। ਉਸ ਵੇਲੇ ਮੈਂ ਡਾ. ਸਰਦਾਰਾ ਸਿੰਘ ਜੌਹਲ ਸਾਹਿਬ ਦੇ ਸੰਪਰਕ ਵੇਰਵੇ ਲੈਣ ਲਈ ਉਨ੍ਹਾਂ ਨਾਲ ਸੰਪਰਕ ਕੀਤਾ ਸੀ। ਸਾਡਾ ਸ਼ੁਰੂਆਤੀ ਸੰਪਰਕ ਈ-ਮੀਡੀਆ ਰਾਹੀਂ ਰਿਹਾ, ਈਮੇਲਾਂ ਅਤੇ ਬਾਅਦ ਵਿੱਚ ਫੇਸਬੁੱਕ ਰਾਹੀਂ। ਫਿਰ 2016 ਵਿੱਚ ਲੁਧਿਆਣਾ ਦੇ ਪੰਜਾਬੀ ਭਵਨ ਵਿੱਚ ਸਾਡੀ ਪਹਿਲੀ ਰੂ-ਬ-ਰੂ ਮੁਲਾਕਾਤ ਹੋਈ।

ਇਹ ਇੱਕ ਦਿਲ ਨੂੰ ਛੂਹ ਲੈਣ ਵਾਲੀ ਮੁਲਾਕਾਤ ਸੀ। ਅਸੀਂ ਅਗਲੇ ਚਾਰ ਘੰਟੇ ਪੰਜਾਬੀ ਭਾਸ਼ਾ, ਸਾਹਿਤ, ਸਮਾਜ ਅਤੇ ਸਿੱਖਿਆ ਵਰਗੇ ਵਿਸ਼ਿਆਂ 'ਤੇ ਗੱਲਬਾਤ ਕਰਦੇ ਬਿਤਾਏ।

ਉਸ ਤੋਂ ਬਾਅਦ ਭਾਰਤ ਅਤੇ ਆਸਟ੍ਰੇਲੀਆ ਵਿੱਚ ਕਈ ਵਾਰ ਮੁਲਾਕਾਤਾਂ ਹੋਈਆਂ, ਇਸ ਤੋਂ ਇਲਾਵਾ ਸੋਸ਼ਲ ਮੀਡੀਆ ਰਾਹੀਂ ਸਾਡਾ ਲਗਾਤਾਰ ਸੰਪਰਕ ਬਣਿਆ ਰਿਹਾ।

ਜਨਮੇਜਾ ਸਿੰਘ ਜੀ ਇੱਕ ਬਹੁ-ਪੱਖੀ ਸ਼ਖਸੀਅਤ ਹਨ, ਚਿੰਤਕ, ਕਿਸਾਨ, ਸੁਧਾਰਕ, ਲੇਖਕ, ਕਵੀ, ਫੋਟੋਗਰਾਫਰ, ਦਾਰਸ਼ਨਿਕ ਅਤੇ ਤਕਨੀਕੀ ਜਾਣਕਾਰੀ ਵਾਲੇ ਵਿਅਕਤੀ। ਉਹ ਇੱਕ ਵਧੀਆ ਦੋਸਤ ਹਨ ਜੋ ਸਾਦਾ ਜੀਵਨ ਅਤੇ ਉੱਚੀ ਸੋਚ ਵਿੱਚ ਵਿਸ਼ਵਾਸ ਰੱਖਦੇ ਹਨ। ਉਹ ਬਹੁਪੱਖੀ ਅਤੇ ਨਵੀਨਤਾਕਾਰੀ ਸੋਚ ਵਾਲੇ ਇਨਸਾਨ ਹਨ। ਬ੍ਰਿਸਬੇਨ ਵਿੱਚ ਆਪਣੇ ਘਰ ਉਨ੍ਹਾਂ ਦੀ ਮੇਜ਼ਬਾਨੀ ਕਰਨਾ ਸਾਡੇ ਲਈ ਬਹੁਤ ਖੁਸ਼ੀ ਦੀ ਗੱਲ ਸੀ ਅਤੇ ਇਸ ਨਾਲ ਸਾਡਾ ਰਿਸ਼ਤਾ ਹੋਰ ਮਜ਼ਬੂਤ ਹੋਇਆ।

ਜਨਮੇਜਾ ਸਿੰਘ ਜੀ ਦੀਆਂ ਸਭ ਤੋਂ ਵੱਡੀਆਂ ਖੂਬੀਆਂ ਸਾਦਗੀ ਅਤੇ ਨਿਮਰਤਾ ਹਨ। ਮੈਨੂੰ ਨਹੀਂ ਲੱਗਦਾ ਕਿ ਉਨ੍ਹਾਂ ਨੇ ਕਦੇ ਆਪਣੇ ਪਿਤਾ ਦੇ ਨਾਮ ਜਾਂ ਉਨ੍ਹਾਂ ਦੇ ਅਹੁਦੇ ਨੂੰ ਆਪਣੀ ਪ੍ਰਸਿੱਧੀ ਲਈ ਵਰਤਿਆ

ਹੋਵੇ। ਭਾਰਤ ਵਿੱਚ ਇਹ ਬਹੁਤ ਵਿਰਲਾ ਗੁਣ ਹੈ ਅਤੇ ਇਸ ਲਈ ਮੇਰੇ ਮਨ ਵਿੱਚ ਵੱਡੇ ਜੌਹਲ ਸਾਹਿਬ ਅਤੇ ਜਨਮੇਜਾ ਸਿੰਘ ਜੀ ਦੋਵਾਂ ਲਈ ਬੇਹੱਦ ਸਤਿਕਾਰ ਹੈ।

ਜੇ ਜੇ ਸਿੰਘ ਜੀ ਦੀ ਆਪਣੀ ਸਭਿਆਚਾਰਕ ਪਛਾਣ (ਪੰਜਾਬੀ ਭਾਰਤੀ) ਨੂੰ ਜਾਣਨ ਦੀ ਲਗਨ ਛੋਟੀ ਉਮਰ ਤੋਂ ਹੀ ਸ਼ੁਰੂ ਹੋ ਗਈ ਸੀ। ਉਨ੍ਹਾਂ ਨੇ ਨਾ ਸਿਰਫ ਪੰਜਾਬ ਅਤੇ ਭਾਰਤ ਨੂੰ ਨੇੜੇ ਤੋਂ ਜਾਣਿਆ ਹੈ, ਸਗੋਂ ਪੰਜਾਬੀ ਭਾਸ਼ਾ ਲਈ ਮਹੱਤਵਪੂਰਨ ਯੋਗਦਾਨ ਵੀ ਪਾਇਆ ਹੈ। ਉਨ੍ਹਾਂ ਨੇ ਕਵਿਤਾ ਅਤੇ ਜੀਵਨ ਦੇ ਵੱਖ-ਵੱਖ ਪੱਖਾਂ ਬਾਰੇ ਕਿਤਾਬਾਂ ਲਿਖਣ ਦੇ ਨਾਲ-ਨਾਲ ਪੰਜਾਬੀ ਫੌਂਟ ਵੀ ਵਿਕਸਿਤ ਕੀਤੇ ਹਨ ਅਤੇ ਅਖਬਾਰਾਂ ਵਿੱਚ ਰੋਜ਼ਮਰਾ ਜੀਵਨ ਦੇ ਅਨੁਭਵਾਂ ਅਤੇ ਨਿਰੀਖਣਾਂ ਬਾਰੇ ਵੀ ਲਿਖਿਆ ਹੈ।

ਕੈਮਰੇ ਨਾਲ ਜੇ ਜੇ ਸਿੰਘ ਜੀ ਦਾ ਪਿਆਰ ਅਟੁੱਟ ਹੈ। ਉਹ ਆਪਣੇ ਕੈਮਰੇ ਤੋਂ ਕਦੇ ਵੱਖ ਨਹੀਂ ਹੁੰਦੇ। ਇਸ ਲਈ ਉਨ੍ਹਾਂ ਨੂੰ ਫੋਟੋਗਰਾਫੀ ਬਾਰੇ ਡੂੰਘੀ ਜਾਣਕਾਰੀ ਹੈ। ਉਨ੍ਹਾਂ ਕੋਲ ਰੋਜ਼ਾਨਾ ਜੀਵਨ ਨਾਲ ਸੰਬੰਧਿਤ ਫੋਟੋਆਂ ਦਾ ਬਹੁਤ ਵਿਲੱਖਣ ਅਤੇ ਕੀਮਤੀ ਸੰਗ੍ਰਹਿ ਹੈ।

***

# ਰੇਖਾ ਚਿਤਰ- ਜੱਜਾ ਜਨਮੇਜਾ

## ਰਾਜਵੰਤ ਸਿੰਘ (ਸਿਡਨੀ)

ਕਦੇ-ਕਦੇ ਸੋਚਦਾ ਹਾਂ ਕਿ ਗੁਰਮੁਖੀ ਦੇ ਕੈਦਿਆਂ ’ਚ “ਜੱਜਾ ਜੱਗ” ਨਹੀਂ, “ਜੱਜਾ ਜਨਮੇਜਾ” ਲਿਖ ਦੇਣਾ ਚਾਹੀਦਾ ਹੈ, ਕਿਉਂਕਿ ਜਿਹੋ ਜਿਹੀ ਜ਼ਿੰਦਗੀ ਦਾ ਸੁਪਨਾ ਆਮ ਇਨਸਾਨ ਲੈਂਦੇ ਹਨ, ਜਨਮੇਜਾ ਜੌਹਲ ਉਹ ਜ਼ਿੰਦਗੀ ਪਲ-ਪਲ ਜੀਉਂਦਾ ਹੈ।

ਬੰਦੇ ਦਾ ਸੁਪਨਾ ਹੁੰਦਾ ਹੈ ਕਿ ਬੇਫਿਕਰੀ, ਆਜ਼ਾਦ ਤੇ ਫੱਕਰਾਂ ਵਾਲੀ ਜ਼ਿੰਦਗੀ ਮਿਲੇ। ਜਨਮੇਜੇ ਹੋਰਾਂ ਨੇ ਉਹ ਸੁਪਨਾ ਜੇਬ 'ਚ ਪਾਇਆ ਹੋਇਆ ਹੈ। ਉਂਞ ਤਾਂ ਭਾਵੇਂ ਉਹ ਪੰਜਾਬ ਦੇ ਸਭ ਤੋਂ ਸਤਿਕਾਰਯੋਗ ਅਰਥ-ਸ਼ਾਸਤਰੀ ਸਰਦਾਰਾ ਸਿੰਘ ਜੌਹਲ ਦਾ ਸਪੂਤ ਹੈ, ਪਰ ਅਰਥ ਵਿਗਿਆਨ ਦੀ ਅਤੇ ਮਾਇਆ ਦੀ ਤਾਂਘ ਅਤੇ ਲਾਲਸਾ ਉਹਦੇ ਵਜੂਦ 'ਚੋਂ ਮਨਫ਼ੀ ਹੈ। ਇਹ ਉਹਦੀ ਵੱਡੀ ਪ੍ਰਾਪਤੀ ਹੈ।

ਬਾਈ ਨਾਲ ਮੇਰੀ ਸਾਂਝ ਕਈ ਦਹਾਕੇ ਪੁਰਾਣੀ ਹੈ ਅਤੇ ਰਿਸ਼ਤਾ ਕਲਾਤਮਕ ਹੈ। ਜਨਮੇਜੇ ਨਾਲ ਗੱਲ ਕਰੋ ਤਾਂ ਉਹ ਆਰਟ ਦੀਆਂ ਗੱਲਾਂ ਕਰਦਾ ਹੈ, ਕਿਤਾਬਾਂ ਦੀਆਂ ਗੱਲਾਂ ਕਰਦਾ ਹੈ, ਮਾਂ-ਬੋਲੀ ਦੀਆਂ ਗੱਲਾਂ ਕਰਦਾ ਹੈ। ਉਹਦੀ ਗੱਲਬਾਤ 'ਚੋਂ ਜੁਗਾੜ ਗਾਇਬ ਹੈ, ਸਵੈ-ਹੰਕਾਰ ਦੀ ਬੋਅ ਵੀ ਗਾਇਬ ਹੈ। ਸਾਦ-ਮੁਰਾਦਾ, ਸਪਾਟ ਤੇ ਮੂੰਹ- ਫੱਟ ਜਨਮੇਜਾ ਸਾਡੇ ਵਰਗਿਆਂ ਨੂੰ ਵਧੀਆ ਲੱਗਦਾ ਹੈ।

ਉਹਦੇ ਕੈਮਰੇ ਦੀ ਅੱਖ ਬੋਲਦੀ ਹੈ। ਕਈ ਸਾਲਾਂ ਤੋਂ ਬੋਲ ਰਹੀ ਹੈ। ਜਿਹੜੇ ਮੁੱਦਿਆਂ 'ਤੇ ਬੋਲ ਰਹੀ ਹੈ, ਕਾਸ਼ ਪੰਜਾਬੀਆਂ ਨੇ ਸੁਣ ਲਈ ਹੁੰਦੀ। ਉਹ ਸਾਫ਼-ਸਫ਼ਾਈ ਬਾਰੇ, ਵਾਤਾਵਰਣ ਬਾਰੇ, ਪੰਜਾਬ ਦੀ ਖ਼ੂਬਸੂਰਤੀ ਬਾਰੇ, ਆਤਮ-ਨਿਰਭਰਤਾ ਬਾਰੇ ਲਗਾਤਾਰ ਬੋਲ ਰਿਹਾ ਹੈ। ਸੁੱਤੇ ਹੋਏ ਪੰਜਾਬੀਆਂ ਨੇ ਉਹਦੇ ਇਸ ਨਿੱਕੇ ਜਿਹੇ ਕਾਲਮ ਦੀ ਰੂਹ ਵੱਲ ਧਿਆਨ ਦਿੱਤਾ ਹੁੰਦਾ ਤਾਂ ਪੰਜਾਬ ਕੁਝ ਹੋਰ ਹੁੰਦਾ।

ਜਨਮੇਜੇ ਦੀ ਸਾਦਗੀ ਨੂੰ ਅਸੀਂ ਬੀਤੇ ਕਈ ਸਾਲਾਂ ਤੋਂ ਮਾਣਿਆ ਹੈ। ਉਹਦੀ ਸਿਧਰੀ ਜਿਹੀ ਦਸਤਾਰ, ਸਿਧਰੀ ਜਿਹੀ ਪੁਸ਼ਾਕ ਅਤੇ ਠੇਠ ਗੁਫ਼ਤਾਨੂੰ ਸਾਨੂੰ ਟੁੰਬਦੀ ਰਹੀ ਹੈ। ਉਹਦੀ ਪਿੱਠ ਪਿੱਛੇ ਅਤੇ ਕਦੇ-ਕਦੇ ਸਾਹਮਣੇ ਵੀ ਉਹਦੀ ਸਾਦਗੀ ਪਿੱਛੇ ਲੁਕੇ ਵੱਡੇ ਇਨਸਾਨ ਦੇ ਕਿੱਸੇ ਸਾਡੇ ਹਾਸਿਆਂ ਦੇ ਕਾਰਣ ਹਨ।

ਸਾਡੇ ਸਾਂਝੇ ਮਿੱਤਰ ਨਿਰਮਲ ਜੌੜਾ, ਜਸਵਿੰਦਰ ਭੱਲਾ ਅਤੇ ਮਾਮਾ ਅਵਤਾਰ ਕੋਲ ਉਹਦੀਆਂ ਕਹਾਣੀਆਂ ਦਾ ਐਡਾ ਭੰਡਾਰ ਹੋਵੇਗਾ ਕਿ ਸਾਰੀ ਰਾਤ ਢਿੱਡੀਂ ਪੀੜਾਂ ਪਾ ਸਕਦੇ ਹਨ। ਮੈਨੂੰ ਪੱਕਾ ਪਤਾ ਹੈ ਕਿ ਜਨਮੇਜੇ ਹੋਰਾਂ ਨੂੰ ਵੀ ਇਸਦਾ ਸਵਾਦ ਆਉਂਦਾ ਹੈ।

ਪਰ ਅੱਜਕੱਲ ਜਨਮੇਜੇ ਨੂੰ ਸੁਹਣਾ ਬਣਨ ਦਾ ਨਵਾਂ ਚਾਅ ਚੜ੍ਹਿਆ ਹੋਇਆ ਹੈ। ਇੱਕ ਤਾਂ ਜਦੋਂ ਦਾ ਉਹ ਸਿਡਨੀ 'ਚ ਮੇਰੇ ਸਦ-ਜਵਾਨ ਵੱਡੇ ਵੀਰ ਪ੍ਰਭਜੋਤ ਸੰਧੂ ਕੋਲ ਰਹਿ ਕੇ ਗਿਆ ਹੈ, ਪ੍ਰਭ ਭਾਅ ਨੇ ਉਹਦੀ ਦਸਤਾਰ ਦਾ ਹੁਲੀਆ ਬਦਲ ਦਿੱਤਾ।

ਪ੍ਰਭ ਭਾਅ ਨੇ ਉਸਨੂੰ ਪੱਗ ਦੀ ਪੂਣੀ ਕਰਨ ਦੀ ਨਵੀਂ ਜੁਗਤ ਕੀ ਦੱਸ ਦਿੱਤੀ, ਉਹ ਤਾਂ ਦਸਤਾਰ ਦੇ ਲੜ ਚੁਣ-ਚੁਣ ਕੇ ਲਾਉਣ ਲੱਗ ਪਿਆ ਹੈ ਤੇ ਪਹਿਲਾਂ ਨਾਲੋਂ "ਵਿਗੜਿਆ" ਹੋਇਆ ਜਨਮੇਜਾ ਜਾਪਦਾ ਹੈ।

ਉਹਦੀ ਕਰੜ-ਬਰੜੀ ਦਾਹੜੀ ਵੀ ਜਾਪਦਾ ਹੈ ਹੁਣ ਕੈਂਚੀ ਦੇ ਦਰਸ਼ਨ ਹਰ ਦੂਜੇ-ਤੀਜੇ ਦਿਨ ਕਰਦੀ ਹੈ। ਜਨਮੇਜਾ ਟੌਹਰੀ ਹੁੰਦਾ ਜਾ ਰਿਹਾ ਹੈ। ਸ਼ਾਇਦ ਉਹਨੂੰ ਲੱਗਦਾ ਹੋਵੇ ਕਿ ਉਹਦੀ ਸਾਦਗੀ ਦੇ ਕਿੱਸੇ ਬਹੁਤ ਹੋ ਗਏ, ਹੁਣ ਬੱਸ। ਪਰ ਉਹ ਨਹੀਂ ਜਾਣਦਾ ਕਿ ਉਹਦੇ ਸਾਰੇ ਮਿੱਤਰ ਵੀ ਨਗੋਚੀ ਮਿੱਟੀ ਦੇ ਬਣੇ ਨੇ। ਹੁਣ ਨਵੇਂ ਕਿੱਸੇ ਘੜਣਗੇ ਅਤੇ ਸਵਾਦ ਲੈਣੋਂ ਬਾਜ ਨਹੀਂ ਆਉਣਗੇ।

ਸਾਡੀਆਂ ਮਹਿਫ਼ਲਾਂ 'ਚੋਂ ਜੱਜਾ ਜਨਮੇਜਾ ਕਦੇ ਗਾਇਬ ਨਹੀਂ ਹੋਣਾ, ਭਾਵੇਂ ਸੋਨੇ ਦਾ ਬਣ ਜਾਵੇ।

ਉਪਰਲਾ ਲੇਖ ਕਈ ਵਰ੍ਹੇ ਪਹਿਲਾਂ ਲਿਖਿਆ ਸੀ। ਉਸ ਤੋਂ

ਬਾਅਦ ਬਹੁਤ ਕੁਝ ਬਦਲ ਗਿਆ। ਕੋਵਿਡ ਦਾ ਕਹਿਰ ਸਮਝੋ ਜਾਂ ਸਿਹਤ ਸਿਸਟਮ ਦਾ ਸਿਤਮ, ਜਨਮੇਜੇ ਬਾਈ ਦੀ ਜੀਵਨ-ਸਾਥਣ ਜਨਮੇਜੇ ਦਾ ਸਾਥ ਛੱਡ ਗਈ। ਔਰਤ ਮਰਦ ਦੇ ਖੰਭ ਹੁੰਦੀ ਹੈ, ਉਹਦੀ ਉਡਾਰੀ ਦੀ ਅਸਲ ਪਰਵਾਜ਼।

ਜਨਮੇਜਾ ਬਾਹਰੋਂ ਜੋ ਵੀ ਦਿਖੇ, ਅੰਦਰੋਂ ਸਾਨੂੰ ਪਤਾ ਹੈ ਕਿ ਕਿਵੇਂ ਸੋਚਦਾ ਹੋਵੇਗਾ। ਊਂ ਉਹ ਖੁਸ਼ਕਿਸਮਤ ਹੈ ਕਿ ਵੱਡੇ ਜੌਹਲ ਸਾਹਿਬ ਦੀ ਛਤਰ-ਛਾਇਆ ਅਜੇ ਕਾਇਮ ਹੈ ਅਤੇ ਉਹਦੇ ਆਗਿਆਕਾਰੀ ਬੱਚੇ ਉਹਦੇ ਹਾਮੀ ਭਰਦੇ ਹਨ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਨੂੰ ਜਨਮੇਜੇ ਦੀ ਲੰਬੇ ਸਮੇਂ ਲਈ ਲੋੜ ਹੈ। ਰੱਬ ਉਹਨੂੰ ਚੜ੍ਹਦੀ ਕਲਾ ਵਿੱਚ ਰੱਖੇ।

ਉਹਦਾ, ਰਾਜਵੰਤ ***

# ਸਾਧ ਸੁਭਾਅ ਵਾਲਾ ਵਿਗਿਆਨਕ

# ਰਣਜੀਤ ਸਿੰਘ ਹਠੂਰ

ਪਹਿਲੀ ਵਾਰ ਅਜੀਤ ਅਖਬਾਰ ਵਿੱਚ "ਕੈਮਰਾ ਚੁੱਪ ਨਹੀਂ" ਕਾਲਮ ਪੜ੍ਹਦਿਆਂ ਜਨਮੇਜਾ ਜੌਹਲ ਨੂੰ ਥੋੜ੍ਹਾ- ਬਹੁਤਾ ਜਾਣਿਆ ਕਿ ਬੰਦਾ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਦੇ ਪ੍ਰਸ਼ਾਸਨ ਬਾਰੇ ਸੁਚੇਤ ਹੈ। ਸ਼ਹਿਰਾਂ ਦੀ ਸੁੰਦਰਤਾ, ਪੰਜਾਬ ਦੇ ਵਾਤਾਵਰਨ, ਸੜਕੀ ਆਵਾਜਾਈ ਦੇ ਨਿਯਮਾਂ ਆਦਿ ਬਾਰੇ ਇਹਨਾਂ ਦੇ ਕੈਮਰੇ ਦੀਆਂ ਤਸਵੀਰਾਂ ਨਾਲ ਛਪਦੇ ਕਾਲਮਾਂ ਵਿੱਚ ਇਹਨਾਂ ਦਾ ਚੰਗਾ ਨਜ਼ਰੀਆ ਦੇਖਣ ਨੂੰ ਮਿਲਿਆ।

ਚੁਰਾਨਵੇਂ-ਪਚਾਨਵੇਂ ਵੇਲੇ ਤੋਂ ਮੈਂ ਆਪਣੇ ਹਠੂਰ ਵਾਲੇ ਦੋਸਤਾਂ ਨਾਲ ਲੁਧਿਆਣੇ ਦਾ ਪ੍ਰੋ. ਮੋਹਨ ਸਿੰਘ ਮੇਲਾ ਦੇਖਣਾ ਸ਼ੁਰੂ ਕੀਤਾ। ਗੀਤਕਾਰੀ ਦਾ ਸ਼ੌਕ ਸੀ। ਗਾਇਕ ਕਲਾਕਾਰਾਂ ਨੂੰ ਦੇਖਦਿਆਂ ਨਾਲ ਹੀ ਕਿਤੇ ਨਾ ਕਿਤੇ ਜੌਹਲ ਸਾਹਿਬ ਨੂੰ ਵੀ ਦੂਰੋਂ-ਨੇੜਿਓਂ ਫੋਟੋ ਖਿੱਚਦੇ ਦੇਖ ਲੈਣਾ। ਦਿਮਾਗ 'ਚ ਓਹੀ ਦਿਲਚਸਪ ਜਿਹਾ ਬੰਦਾ ਆ ਜਾਣਾ ਜੋ ਅਜੀਤ ਅਖਬਾਰ ਵਿੱਚ ਛਪਦਾ ਸੀ।

ਖ਼ੈਰ! ਦੋ-ਤਿੰਨ ਦਹਾਕੇ ਲੰਘ ਗਏ। ਇਸੇ ਦੌਰਾਨ ਮੈਂ ਹਠੂਰ ਤੋਂ ਜਗਰਾਉਂ ਰਹਾਇਸ਼ ਕਰ ਲਈ ਅਤੇ ਸਾਹਿਤਕ ਰੁਚੀਆਂ ਹੋਣ ਕਰਕੇ ਮੇਰੇ ਗੇੜੇ ਪੰਜਾਬੀ ਭਵਨ, ਲੁਧਿਆਣਾ ਲੱਗਦੇ ਰਹਿੰਦੇ। ਓਥੇ ਹੀ ਕਿਤਾਬਾਂ ਫਰੋਲਦਿਆਂ ਇਹਨਾਂ ਨਾਲ ਬੈਠਣੀ-ਉੱਠਣੀ ਅਤੇ ਗੱਲਾਂਬਾਤਾਂ ਦਾ ਸਿਲਸਿਲਾ ਸ਼ੁਰੂ ਹੋਇਆ।

ਲੁਧਿਆਣੇ ਨੇੜੇ ਠੱਕਰਵਾਲ ਵਿੱਚ ਇਹਨਾਂ ਨੇ ਆਪਣੀ ਮਰਹੂਮ ਪਤਨੀ ਦੀ ਨਿੱਘੀ ਯਾਦ ਤਾਜ਼ਾ ਰੱਖਣ ਲਈ ਅਤੇ ਵਾਤਾਵਰਨ ਨੂੰ ਹਰਿਆ-ਭਰਿਆ ਬਣਾਉਣ ਲਈ "ਪਿੰਕੀ ਹਰਬਲ ਗਾਰਡਨ਼ ਬਣਾਇਆ ਹੈ, ਜੋ ਇਹਨਾਂ ਦੀ ਵਾਤਾਵਰਨ ਪ੍ਰਤੀ ਸ਼ਿੱਦਤ ਨੂੰ ਦਰਸਾਉਂਦਾ ਹੈ।

ਉੱਥੇ ਹੀ "ਪਿੰਕੀ ਹਰਬਲ ਗਾਰਡਨ" ਦੇ ਖੁਸ਼ਹਾਲ ਵਿਹੜੇ ਵਿੱਚ

ਸਾਹਿਤਕ ਦੋਸਤਾਂ ਵੱਲੋਂ 2024 ਵਿੱਚ ਇਹਨਾਂ ਦਾ ਜਨਮ ਦਿਨ ਮਨਾਇਆ ਗਿਆ ਅਤੇ ਲੇਖਕ ਹੋਣ ਕਾਰਨ ਮੈਨੂੰ ਵੀ ਬੁਲਾਇਆ ਗਿਆ। ਰਚਨਾਵਾਂ ਦਾ ਦੌਰ ਚੱਲਿਆ। ਜੌਹਲ ਸਾਹਿਬ ਨੇ ਉਸ ਦਿਨ ਲਾੜੇ ਵਾਂਗੂੰ ਗੁਲਾਬੀ ਪੱਗ ਬੰਨੀ ਹੋਈ ਸੀ। ਮੈਂ ਜਾਣਿਆ ਕਿ ਜ਼ਿੰਦਗੀ ਨੂੰ ਜ਼ਿੰਦਾਦਿਲੀ ਨਾਲ ਭਰਨ ਲਈ ਇਹਨਾਂ ਨੇ ਕੋਈ ਨਾ ਕੋਈ ਸਾਰਥਕ ਰੁਝੇਵਾਂ ਪਲਾਨ ਕੀਤਾ ਹੁੰਦਾ ਹੈ ਜਾਂ ਆਮ ਤੌਰ 'ਤੇ ਬਿਨਾਂ ਪਲਾਨਿੰਗ ਦੇ ਵੀ ਅਚਾਨਕ ਬਣੇ ਪ੍ਰੋਗਰਾਮ ਲਈ ਝੱਟ ਤਿਆਰ ਹੋ ਜਾਂਦੇ ਹਨ, ਫਿਰ ਚਾਹੇ ਘੁੰਮਣ- ਫਿਰਣ ਜਾਣਾ ਹੋਵੇ ਜਾਂ ਸਾਹਿਤਕ ਪ੍ਰੋਗਰਾਮ।

ਮੈਨੂੰ ਜਾਪਦਾ ਹੈ ਕਿ ਇਹ ਝੱਟ ਦੇਣੇ ਤਿਆਰ ਨਹੀਂ ਹੁੰਦੇ। ਜ਼ਿੰਦਗੀ ਦੇ ਤਜ਼ਰਬੇ ਵਿੱਚੋਂ ਬੰਦੇ ਦੀ ਨਬਜ਼ ਪਛਾਣ ਕੇ ਹੀ ਤਿਆਰ ਹੁੰਦੇ ਹਨ। ਇਹਨਾਂ ਹੱਥੋਂ ਮੈਨੂੰ ਬਾਲ-ਗੀਤਾਂ ਦੀਆਂ ਦੋ ਪੁਸਤਕਾਂ - "ਤਾਰੇ ਲੱਭਣ ਚੱਲੀਏ" ਅਤੇ "ਪੀਂਘ ਸਤਰੰਗੀ' - ਪ੍ਰਕਾਸ਼ਿਤ ਕਰਵਾਉਣ ਦਾ ਸੁਭਾਗ ਵੀ ਮਿਲਿਆ ਹੈ।

ਇਹਨਾਂ ਨਾਲ ਵਿਚਰਦਿਆਂ ਇਹਨਾਂ ਦੀ ਬਹੁਪੱਖੀ ਸ਼ਖਸੀਅਤ ਬਾਰੇ ਪਤਾ ਚੱਲਿਆ। ਗਿਆਨ ਦਾ ਭੰਡਾਰ ਐਨਾ ਕਿ ਚਾਹੇ ਰੇਡੀਓ 'ਤੇ, ਚਾਹੇ ਟੈਲੀਵਿਜ਼ਨ 'ਤੇ, ਚਾਹੇ ਅਖਬਾਰ ਲਈ, ਚਾਹੇ ਸੋਸ਼ਲ ਮੀਡੀਆ 'ਤੇ, ਚਾਹੇ ਸਾਹਿਤਕ ਪ੍ਰੋਗਰਾਮ ਵਿੱਚ ਗੱਲਬਾਤ ਹੋਵੇ ਜਾਂ ਇਹਨਾਂ ਦੀਆਂ ਕਿਤਾਬਾਂ ਅਤੇ ਤਸਵੀਰਾਂ ਦੀ ਚਰਚਾ, ਫਿਲਮਾਂ, ਗੀਤਾਂ, ਕਵਿਤਾਵਾਂ, ਨਾਟਕਾਂ ਬਾਰੇ ਸੰਵਾਦ ਹੋਵੇ, ਇਹਨਾਂ ਬਹੁਪੱਖੀ ਵਿਸ਼ਿਆਂ 'ਤੇ ਇਹਨਾਂ ਦੀ ਸਾਰਥਕ ਗੱਲਬਾਤ ਮਾਣੀ ਜਾ ਸਕਦੀ ਹੈ।

ਬੜੇ ਅਰਾਮ ਨਾਲ ਬਹੁਤ ਗੰਭੀਰ ਗੱਲਾਂ ਕਰਦੇ-ਕਰਦੇ ਉਸ ਗੰਭੀਰਤਾ ਵਿੱਚੋਂ ਬਾਹਰ ਨਿਕਲਣ ਦਾ ਵੱਲ ਬਾਖੂਬੀ ਜਾਣਦੇ ਹਨ। ਜਦੋਂ ਇਹ ਕੋਲ ਹੁੰਦੇ ਹਨ ਤਾਂ ਇੰਝ ਜਾਪਦਾ ਹੈ ਜਿਵੇਂ ਬਹੁਤ ਸਾਰੇ ਕਲਾਕਾਰ ਇਹਨਾਂ ਵਿੱਚ ਸਮਾਏ ਹੋਏ ਹੋਣ। ਇਹਨਾਂ ਨਾਲ ਵਾਰਤਾਲਾਪ ਵਿੱਚ ਤੁਸੀਂ ਹਾਜ਼ਰ ਜੁਆਬੀ, ਮਜ਼ਾਕੀਆ ਲਹਿਜ਼ਾ ਅਤੇ ਆਤਮ- ਵਿਸ਼ਵਾਸ ਹਰ ਸਮੇਂ

ਦੇਖ ਸਕਦੇ ਹੋ।

ਪਿੱਛੇ ਜਿਹੇ ਜੌਹਲ ਸਾਹਿਬ ਦੀ ਨਿਗ੍ਹਾ ਘੱਟ ਗਈ। ਕਿਤਾਬਾਂ ਦੇ ਫੌਂਟ ਮੋਟੇ ਰੱਖ ਲਏ, ਪਰ ਇਹਨਾਂ ਨੇ ਕਿਤਾਬਾਂ ਲਿਖਣੀਆਂ ਅਤੇ ਛਾਪਣੀਆਂ ਨਹੀਂ ਛੱਡੀਆਂ। ਆਪਣੇ ਵਿਲੱਖਣ ਵਿਗਿਆਨਕ ਕਾਰਨਾਮਿਆਂ ਨਾਲ ਛਪਣ-ਛਪਾਉਣ ਦਾ ਕੰਮ ਚਲਦਾ ਰੱਖਿਆ। ਜੇ ਹੱਥੀਂ ਲਿਖਣਾ ਜਾਂ ਟਾਈਪ ਕਰਨਾ ਔਖਾ ਲੱਗਿਆ ਤਾਂ ਬੋਲ ਕੇ ਲਿਖ ਲਿਆ। ਡਿਜੀਟਲ ਤਰੀਕੇ ਇਜਾਦ ਕੀਤੇ। ਪੰਜਾਬੀ ਲਿੱਪੀ ਲਈ ਡਿਜੀਟਲ ਫੱਟੀਆਂ ਪ੍ਰਚੱਲਤ ਕੀਤੀਆਂ।

ਇਹਨਾਂ ਨੇ ਵਾਧੂ ਝਮੇਲਿਆਂ ਤੋਂ ਪਾਸਾ ਵੱਟ ਕੇ ਭੂਗੋਲਿਕ ਸਥਿਤੀ ਅਨੁਸਾਰ ਵਿਸ਼ਵ-ਵਿਆਪੀ ਨਜ਼ਰੀਏ ਨਾਲ ਜੀਵਨ ਢਾਲਿਆ ਹੋਇਆ ਹੈ। ਦਰਸ਼ਕਾਂ ਦੇ ਰੂਬਰੂ ਹੁੰਦਿਆਂ ਬੇਬਾਕੀ ਨਾਲ ਗੱਲ ਰੱਖਣ ਦਾ ਤਰੀਕਾ ਆਉਂਦਾ ਹੈ। ਭਾਵੇਂ ਅਸੀਂ ਇਹਨਾਂ ਦੀਆਂ ਸੌ ਪ੍ਰਤੀਸ਼ਤ ਗੱਲਾਂ ਨਾਲ ਸਹਿਮਤ ਨਾ ਵੀ ਹੋਈਏ, ਤਾਂ ਵੀ ਇਹਨਾਂ ਦੀਆਂ ਬਹੁਤੀਆਂ ਗੱਲਾਂ ਤੱਥ-ਭਰਪੂਰ ਹੁੰਦੀਆਂ ਹਨ। ਕਦੇ-ਕਦੇ ਹਾਸੇ-ਮਜ਼ਾਕ ਦੇ ਮਾਹੌਲ ਵਿੱਚ ਗੱਪ ਸੁਣਾਉਣ ਵਿੱਚ ਵੀ ਮਾਹਿਰ ਹਨ।

ਜਿਵੇਂ ਓਮ ਪੁਰੀ, ਨਸੀਰੂਦੀਨ ਅਤੇ ਗੁਲਜ਼ਾਰ ਸਾਹਿਬ ਦੀ ਆਵਾਜ਼ ਵਿਸ਼ੇਸ਼ ਹੈ, ਮੈਨੂੰ ਜੌਹਲ ਸਾਹਿਬ ਦੀ ਆਵਾਜ਼ ਵੀ ਉਸੇ ਤਰ੍ਹਾਂ ਦੀ ਵਿਸ਼ੇਸ਼ ਜਾਪਦੀ ਹੈ। ਰਾਜਨੀਤਕ, ਧਾਰਮਿਕ, ਸਮਾਜਿਕ ਅਤੇ ਸੱਭਿਆਚਾਰਕ ਮੁੱਦਿਆਂ 'ਤੇ ਬੋਲਦਿਆਂ ਤੁਸੀਂ ਇਹਨਾਂ ਦੀ ਦਮਦਾਰ ਆਵਾਜ਼ ਵਿੱਚ ਦਮਦਾਰ ਗੱਲਬਾਤ ਮਾਣ ਸਕਦੇ ਹੋ।

ਇਹ ਬੱਚਿਆਂ 'ਚ ਬੱਚਿਆਂ ਵਰਗੇ, ਮੁੰਡਿਆਂ 'ਚ ਮੁੰਡਿਆਂ ਵਰਗੇ ਅਤੇ ਬੁੱਢਿਆਂ 'ਚ ਬੁੱਢਿਆਂ ਵਰਗੇ ਬਣ ਕੇ ਵਿਚਰਦੇ ਦੇਖੇ ਜਾ ਸਕਦੇ ਹਨ। ਕੁਝ ਖੋਜੀ ਸੱਜਣ-ਮਿੱਤਰ ਇਹਨਾਂ ਨੂੰ ਫੋਨ ਕਾਲਾਂ 'ਤੇ ਵੱਖ-ਵੱਖ ਵਿਸ਼ਿਆਂ 'ਤੇ ਸਵਾਲ ਪੁੱਛਦੇ ਰਹਿੰਦੇ ਹਨ ਅਤੇ ਇਹ ਆਪਣੇ ਖ਼ਜ਼ਾਨੇ ਵਿੱਚੋਂ ਉਹਨਾਂ ਦੇ ਖ਼ਜ਼ਾਨੇ ਭਰਦੇ ਰਹਿੰਦੇ ਹਨ। ਸਕੂਲਾਂ- ਕਾਲਜਾਂ ਦੇ

ਵਿਦਿਆਰਥੀ ਅਤੇ ਅਧਿਆਪਕ ਇਹਨਾਂ ਤੋਂ ਬੜਾ ਕੁਝ ਸਿੱਖ ਸਕਦੇ ਹਨ।

ਕਿਉਂਕਿ ਇੱਕ ਦ੍ਰਿਸ਼ਟੀਵਾਨ ਮਨੁੱਖ ਨੂੰ ਆਪਣੇ ਲੀੜੇ-ਕੱਪੜਿਆਂ ਨਾਲੋਂ ਜੀਵਨ ਦੇ ਬੇਸਿਕ ਮੁੱਦੇ ਅਹਿਮ ਹੁੰਦੇ ਹਨ, ਇਸ ਕਰਕੇ ਤੁਸੀਂ ਇਹਨਾਂ ਨੂੰ ਸਾਦੇ ਤਰੀਕੇ ਨਾਲ ਵਿਚਰਦੇ ਦੇਖ ਸਕਦੇ ਹੋ। ਮਜ਼ਾਕ ਅਤੇ ਵਿਅੰਗ ਵਿੱਚ ਬੇਬਾਕੀ ਨਾਲ ਗੱਲ ਕਹਿਣੀ ਇਹਨਾਂ ਨੂੰ ਬਾਖੂਬੀ ਆਉਂਦੀ ਹੈ।

ਜਨਮੇਜਾ ਸਿੰਘ ਜੌਹਲ ਗੱਲ ਸੁਣਾਉਂਦੇ ਹੁੰਦੇ ਹਨ ਕਿ ਇੱਕ ਵਾਰ ਆਸਟ੍ਰੇਲੀਆ ਵਿੱਚ ਮੈਨੂੰ ਸਾਦੇ ਜਿਹੇ ਲੀੜਿਆਂ ਵਿੱਚ ਲੁਧਿਆਣੇ ਨੇੜਲੇ ਕਿਸੇ ਖਾਸ ਪੰਜਾਬੀ ਲੇਖਕ ਨੇ ਦੇਖਿਆ ਤਾਂ ਕਹਿਣ ਲੱਗਿਆ,

"ਥੋੜ੍ਹਾ ਤਿਆਰ ਹੋ ਕੇ ਬਾਹਰ ਨਿਕਲਿਆ ਕਰੋ, ਵਿਦੇਸ਼ ਆਏ ਹੋ।"

ਤਾਂ ਮੈਂ ਉਸ ਲੇਖਕ ਨੂੰ ਕਿਹਾ,

"ਆਪਾਂ ਨੂੰ ਕਿਹੜਾ ਏਥੇ ਕੋਈ ਜਾਣਦਾ, ਜਿਹੜਾ ਟੌਹਰ-ਟੱਪਾ ਲਾਉਣ ਦੀ ਲੋੜ ਹੈ।"

ਚਲੋ ਜੀ, ਕੁਝ ਸਮੇਂ ਬਾਅਦ ਉਹੀ ਲੇਖਕ ਲੁਧਿਆਣਾ ਦੇ ਚੌੜਾ ਬਜ਼ਾਰ ਵਿੱਚ ਮਿਲ ਗਿਆ। ਜੌਹਲ ਸਾਹਿਬ ਨੂੰ ਸਾਦੇ ਕੱਪੜਿਆਂ ਵਿੱਚ ਦੇਖ ਕੇ ਕਹਿਣ ਲੱਗਾ,

"ਹੁਣ ਤਾਂ ਪੰਜਾਬ ਵਿੱਚ ਹੋ, ਹੁਣ ਕਿਉਂ ਨਹੀਂ ਖਾਸ ਪਹਿਰਾਵਾ ਪਾਇਆ"

ਤਾਂ ਜੌਹਲ ਸਾਹਿਬ ਨੇ ਹਾਜ਼ਰ, ਜੁਆਬੀ ਨਾਲ ਹੱਸਦਿਆਂ ਕਿਹਾ,

"ਏਥੇ ਟੌਹਰ ਕੱਢਣ ਦੀ ਕੀ ਲੋੜ ਐ ਏਥੇ ਤਾਂ ਆਪਾਂ ਨੂੰ ਸਾਰੇ ਜਾਣਦੇ ਆ।"

ਇਸ ਤਰ੍ਹਾਂ ਦੀ ਫਕੀਰਾਂ ਵਾਲੀ ਮੌਜ ਅਤੇ ਸਾਦਗੀ ਵਿੱਚ

ਵਿਚਰਦਿਆਂ ਉਹਨਾਂ ਨੂੰ ਆਮ ਦੇਖਿਆ ਜਾ ਸਕਦਾ ਹੈ। ਉਹਨਾਂ ਨਾਲ ਟੂਰ 'ਤੇ ਜਾਂਦੇ ਸਮੇਂ ਦੇਖਿਆ ਕਿ ਇੱਕ ਪੈਂਟ ਅਤੇ ਦੋ ਸ਼ਰਟਾਂ ਨਾਲ ਹੀ ਚਾਰ ਦਿਨ ਦਾ ਕੰਮ ਸਾਰ ਲੈਂਦੇ ਹਨ। ਖਾਣ-ਪੀਣ ਵੀ ਥੋੜ੍ਹਾ ਹੁੰਦਾ।

ਹਾਂ, ਇਹਨਾਂ ਦੇ ਮੋਢੇ 'ਤੇ ਟੰਗਿਆ ਕੈਮਰਾ ਇਹਨਾਂ ਦੀ ਵਿਸ਼ੇਸ਼ ਪਹਿਚਾਣ ਬਣ ਜਾਂਦਾ ਹੈ, ਕਿਉਂਕਿ ਉਸ ਕੈਮਰੇ ਰਾਹੀਂ ਇਹਨਾਂ ਦੀ ਤੀਜੀ ਅੱਖ ਵੇਖਦੀ ਹੈ ਅਤੇ ਦਰਸ਼ਕਾਂ-ਪਾਠਕਾਂ ਸਾਹਮਣੇ "ਕੈਮਰੇ ਦੀ ਅੱਖ ਬੋਲਦੀ" ਹੈ।

ਉਸ ਕੈਮਰੇ ਦੀਆਂ ਅਨੇਕਾਂ ਮੁੱਲਵਾਨ ਯਾਦਾਂ ਹਨ ਜੋ ਇਤਿਹਾਸ ਸਿਰਜ ਰਹੀਆਂ ਹਨ। ਇਸ ਕੈਮਰੇ ਦੀ ਅੱਖ ਪੰਜਾਬ ਤੋਂ ਬਿਨਾਂ ਕਨੇਡਾ, ਅਮਰੀਕਾ, ਆਸਟ੍ਰੇਲੀਆ, ਅਤੇ ਪਤਾ ਨਹੀਂ ਹੋਰ ਕਿੰਨੇ ਮੁਲਖਾਂ ਤੱਕ ਬੋਲਦੀ ਹੈ। ਇਹ ਜੌਹਲ ਸਾਹਿਬ ਨੂੰ ਪਿਆਰ ਕਰਨ ਵਾਲੇ ਸੱਜਣ ਹੀ ਜਾਣਦੇ ਹਨ।

***

# ਸੁਹਜ, ਸੁਆਦ ਅਤੇ ਸੁਹੱਪਣ

## ਡਾ. ਐਸ. ਨਾਜ਼, ਬਰੈਂਪਟਨ

ਬੜਾ ਹੀ ਸੁਖਾਲਾ ਹੁੰਦਾ ਹੈ ਕਿਸੇ ਸੰਸਥਾ ਦੀ ਲੜੀ ਜਾਂ ਭਾਗ ਦਾ ਨਿਰੀਖਣ ਕਰਨਾ। ਮੁਸ਼ਕਲਾਂ ਦਰਪੇਸ਼ ਉਸ ਵੇਲੇ ਪੈਦਾ ਹੁੰਦੀਆਂ ਹਨ ਜਦ ਇਸ ਸੰਸਥਾ ਦਾ ਵਿਸਥਾਰ ਜਾਂ ਨਿਰੀਖਣ ਸਮੂਹਿਕ ਤੌਰ ਤੇ ਬਿਆਨ ਕਰਨਾ ਪਏ। ਕੋਈ ਗੁੰਝਲ ਵਾਲੀ ਗੱਲ ਨਹੀਂ ਕਿ ਇੱਕ ਗੁਲਾਬ ਦੇ ਫੁੱਲ ਦੀ ਵਿਆਖਿਆ, ਪੱਤਿਆਂ ਦਾ ਰੰਗ-ਰੂਪ, ਇਸ ਦੀ ਖੁਸ਼ਬੂ ਅਤੇ ਸੁਹਾਪਣ ਕੀ ਕੁਝ ਬਿਆਨ ਕਰਦੇ ਹਨ। ਮੁਸ਼ਕਲ ਦਰ ਮੁਸ਼ਕਲ ਉਸ ਵੇਲੇ ਅੱਖ ਪਟਦੀਆਂ ਹਨ ਜਦ ਇਸ ਸਾਰੇ ਬਾਗ ਦੇ ਸੁਹਜ, ਸੁਆਦ ਅਤੇ ਸੁਹੱਪਣ ਨੂੰ ਮੰਨਣਾ ਹੋਵੇ। ਇਸ ਬਾਗ ਦੀ ਗਹਿਰਾਈ, ਚੌੜਾਈ, ਕੱਦ-ਕਾਠ ਦਾ ਲੇਖਾ ਕਰਨਾ ਪਏ। ਦੁਖਦ ਇਹ ਹੈ ਕਿ ਅੱਜ ਤੱਕ ਅਜਿਹਾ ਪੈਮਾਨਾ ਕਿਸੇ ਪੜਚੋਲਕ ਜਾਂ ਆਲੋਚਕ ਦੇ ਹੱਥ ਨਹੀਂ ਲੱਗਾ, ਖਾਸ ਕਰਕੇ ਜੇ ਕਿਤੇ ਅਜਿਹੇ ਸਾਹਿਤਕਾਰ ਦੀ ਜੀਵੰਤ ਲਕੀਰ ਬਾਬਤ ਜੋ ਇਸ ਨੇ ਖੇਤਰ ਅੰਦਰ ਰਿਹਲ ਵਾਂਗ ਮਾਰੀ ਹੋਵੇ। ਉਹ ਆਪ ਵੀ ਨਹੀਂ ਜਾਣਦਾ ਕਿ ਉਸ ਕੀ ਬੀਜਿਆ ਅਤੇ ਕੀ ਉੱਗੇਗਾ। ਅਜਿਹੇ ਲੋਕਾਂ ਦਾ ਭੌਤਿਕ ਕਰਿਸ਼ਮਾ ਭਵਿੱਖ ਹੀ ਬਿਆਨ ਕਰ ਸਕਦਾ ਹੈ। ਵਰਤਮਾਨ ਅੰਦਰ ਕੇਵਲ ਇਸ ਦੇ ਬੀਜ ਨਜ਼ਰ ਪੈਂਦੇ ਹਨ। ਜਨਮੇਜਾ ਅਜਿਹੇ ਹੀ ਸੰਸਾਰਿਕ ਬਾਗ ਦਾ ਮਿਹਨਤਕਸ਼ ਮਾਲੀ ਹੈ।

ਜਾਂ ਫਿਰ ਇਹ ਵੀ ਕਿਹਾ ਜਾ ਸਕਦਾ ਹੈ ਕਿ ਜਨਮੇਜਾ ਅੱਜ ਦੇ ਸਮੇਂ ਦਾ ਸਮਾਜਿਕ ਮਸਲਿਆਂ ਦਾ ਮੰਤਕੀ ਮਦਾਰੀ ਹੈ। ਪਤਾ ਨਹੀਂ ਕਿਹੜੇ ਕਿਹੜੇ ਸਮੇਂ ਤਮਾਸ਼ਾਈ ਸੰਸਾਰ ਅੱਗੇ ਕਿਸ ਕਿਸ ਮਸਲੇ ਦੀ ਜਾਦੂਗਰੀ ਛੇੜ ਬੈਠੇ। ਆਪਣੀ ਕਲਮ ਦੀ ਕਸੌਟੀ ਅੰਦਰ ਹਰ ਕਿਸੇ ਦਾ ਨਾਚ ਰਸਾ ਵਹਿੰਦਾ ਹੈ।

ਮੈਥਿਊ ਆਰਨੋਲਡ ਮਹਾਨ ਇੰਗਲਿਸ਼ ਦਾ ਅਠਾਰਵੀਂ ਸਦੀ ਦਾ

ਕਵੀ, ਲੇਖਕ ਅਤੇ ਆਲੋਚਕ ਆਖਦਾ ਹੈ "ਸੰਸਾਰ ਦਾ ਹਰ ਅਦਾਕਾਰ, ਕਲਾਕਾਰ, ਤਵਾਰੀਖਕਾਰ, ਬੁੱਤ ਘੜ੍ਹਾ, ਘਟੀਆ ਹੋ ਸਕਦਾ ਹੈ, ਪਰ ਇੱਕ ਕਵੀ ਤੇ ਸਾਹਿਤਕਾਰ ਕਦੇ ਵੀ ਦੇਵ-ਦਾਨਵਾਂ ਦੀਆਂ, ਪਰੀਆਂ ਦੀਆਂ ਗੱਲਾਂ ਪਾਉਣ ਵਾਲੇ ਗਲਾਰੇ ਨਹੀਂ ਹੁੰਦੇ, ਪਰ ਇਹ ਸਾਹਿਤਕਾਰ ਰਾਤਾਂ ਅੰਦਰ ਪ੍ਰਭੂ ਦੀ ਰੂਹ ਨਾਲ ਗੱਲਾਂ ਪਾਉਂਦੇ ਹਨ। ਉਹ ਅਮਿੱਟ ਅਤੇ ਅੰਮ੍ਰਿਤ ਹੁੰਦੇ ਹਨ।"

ਮੈਂ ਕਿਸ ਦਰਜੇ ਅੰਦਰ ਜਨਮੇਜਾ ਜੀ ਦਾ ਕੱਦ ਤਲਾਸ਼ ਕਰਾਂ ਮੈਂ ਤਾਂ ਉਸ ਨੂੰ ਚੰਗੀ ਤਰ੍ਹਾਂ ਜਾਣਦਾ ਵੀ ਨਹੀਂ ਹਾਂ। ਸਿਵਾਏ ਦੋ ਵਾਰੀ ਕੈਨੇਡਾ ਅੰਦਰ ਕੁਝ ਘੰਟਿਆਂ ਦੇ। ਇਨ੍ਹਾਂ ਕੁਝ ਪਲਾਂ ਅੰਦਰ ਉਹ ਆਪਣੀ ਆਪਣਤਾ ਦੀ ਛਾਪ ਜ਼ਰੂਰ ਛੱਡ ਗਿਆ। ਫਿਰ ਫੋਨ ਦੇ ਮਾਧਿਅਮ ਅਤੇ ਲਿਖਤਾਂ ਰਾਹੀਂ ਮੁਲਾਕਾਤਾਂ ਹੁੰਦੀਆਂ ਰਹੀਆਂ।

ਪਿਛਲੇ ਦਿਨੀਂ ਪੁੱਛ ਬੈਠਾ ਕਿ ਆਪਣੀ ਜਾਣ-ਪਛਾਣ ਲਈ ਅਕਾਦਮਿਕ ਸਾਂਝ ਘਲੋ ਜੋ ਤੁਹਾਡੇ ਉੱਪਰ ਲਿਖਣ ਲਈ ਸਹਾਇਕ ਹੋ ਸਕੇ। ਆਖਣ ਲੱਗਾ, "ਮੇਰੇ ਉੱਪਰ ਇਹ ਲਿਖਣ ਦੀ ਕੀ ਲੋੜ ਹੈ। ਜੋ ਮੇਰੇ ਅੰਦਰ ਹੈ, ਉਸ ਤੇ ਲਿਖੋ। ਮੇਰੇ ਕੱਪੜੇ, ਲੀੜਾ-ਲੱਤਾ ਮੇਰੀ ਪਛਾਣ ਨਹੀਂ। ਝਾਤ ਮਾਰ ਵੇਖ ਲਵੋ ਜੋ ਅਦਿੱਖ, ਅਚੇਤ, ਅਣਜਾਣੀਆਂ ਪਛਾਣਾਂ ਅੰਦਰ ਹੈ, ਉਹ ਚਾਰ ਅੱਖਰ ਲਿਖ ਦੇਣਾ।"

ਫਿਰ ਮੇਰੀ ਪਛਾਣ ਪਈ ਇਸ ਜਨਮੇਜੇ ਤੇ, ਜੋ ਪੰਜਾਬ ਦੇ ਕਿਸਾਨਾਂ ਅੰਦਰ ਹਰੇ-ਭਰੇ ਬੂਟੇ ਵੰਡਦਾ ਫਿਰਦਾ ਹੈ। ਜੋ ਸਬਜ਼ੀਆਂ, ਫਲਾਂ ਵਾਲੇ ਰੁੱਖਾਂ ਦਾ ਹੋਕਾ ਦੇਂਦਾ ਫਿਰਦਾ ਹੈ। ਪੰਜਾਬ ਅੰਦਰ ਸੁੱਕਦੇ ਰੁੱਖਾਂ ਦੇ ਸੁਚੇਤ ਚੇਤੇ ਤੇ ਭਰਿਆ ਹੋਕਾ ਭਰਦਾ ਹੈ। ਹਜ਼ਾਰਾਂ ਦੀ ਗਿਣਤੀ ਅੰਦਰ ਸਾਰੇ ਪੰਜਾਬ ਅੰਦਰ ਰੁੱਖ ਵੰਡਣ ਵਾਲਾ। ਇਸ ਪੰਜਾਬ ਨੂੰ ਹਰਿਆ-ਭਰਿਆ ਵੇਖਦਾ ਹੈ। ਪੰਜਾਬ ਅੰਦਰ ਵੱਡੇ ਵੱਡੇ ਬੋਹੜ, ਪਿੱਪਲ, ਕਿੱਕਰਾਂ, ਟਾਹਲੀਆਂ, ਅੰਬਾਂ, ਜਾਮਨਾਂ, ਸਰੀਰਾਂ ਦੇ ਸ਼ਿੰਗਾਰ ਨੂੰ ਪੰਜਾਬ ਦਾ ਮਾਣ ਤੇ ਸ਼ਾਨ ਦਾ ਪ੍ਰਤੀਕ ਸਮਝਦਾ ਹੈ ਅਤੇ ਹੈ ਵੀ ਠੀਕ।

ਇਹ ਵੀ ਇੰਕਸ਼ਾਫ ਕਰ ਦਿਆਂ ਆਖਣ ਲੱਗਾ ਹਾਂ ਕਿ ਉਹ ਕਮਾਲ ਦਾ ਫੋਟੋਗ੍ਰਾਫਰ ਵੀ ਹੈ ਜੋ ਯੂ ਐਨ ਵੱਲੋਂ ਤੀਜੀ ਦੁਨੀਆ ਦੇ ਸੰਸਾਰਿਕ ਪੱਧਰ ਤੇ ਲੋਕਾਂ ਦੀ ਸਮਾਜਿਕ ਅਤੇ ਆਰਥਿਕ ਤੌਰ ਤੇ ਰਿਹਨੁਮਾਈ ਕਰਦਾ ਹੈ। ਇਹ ਦਲੀਲ ਹੈ ਵੀ ਬੜੀ ਸਾਫ਼ ਅਤੇ ਸੱਚੀ। ਹਜ਼ਾਰਾਂ ਸ਼ਬਦਾਂ ਦਾ ਬਿਆਨ ਕੈਮਰੇ ਦੀ ਅੱਖ ਇੱਕ "ਕਲਿੱਕ" ਨਾਲ ਬਿਆਨ ਕਰ ਜਾਂਦੀ ਹੈ।

ਇੰਗਲੈਂਡ ਦੇ ਮਹਾਨ ਲੇਖਕ ਜੌਨ ਕਾਰਲਾਈਲ ਲਿਖਦਾ ਹੈ ;

"ਜੋ ਦੇਸ਼ ਖੇਤੀ ਪ੍ਰਧਾਨ ਹਨ, ਕੌਮਾਂ ਦੀ ਜੰਮਣ ਜਾਗ ਤੋਂ ਲੈ ਆਖ਼ਰ ਤੱਕ ਰੋਟੀ ਇਨ੍ਹਾਂ ਦੇ ਹੀ ਹੱਥ ਦੀ ਜ਼ਮਾਨਤ ਹੈ, ਇਨ੍ਹਾਂ ਦੀ ਕਦਰ ਕਰੋ।"

ਜਨਮੇਜਾ ਅਜਿਹੇ ਅਸੂਲਾਂ ਦੀ ਪ੍ਰਤੀਨਿਧਤਾ ਕਰਦਾ ਹੈ।

ਕਮਾਲ ਦਾ ਸਟੇਜ, ਟੀ ਵੀ। ਅਤੇ ਰੇਡੀਓ ਦਾ ਬੁਲਾਰਾ ਹੈ। ਮਸਲਾ ਸਮਾਜਿਕ, ਸਿਆਸੀ ਜਾਂ ਆਰਥਿਕ ਹੋਵੇ, ਭੁੱਖਮਰੀ, ਬੀਮਾਰੀ ਜਾਂ ਅਣਪੜ੍ਹਤਾ ਦਾ ਹੋਵੇ, ਜਨਮੇਜਾ ਦੀ ਪਕੜ ਅਤੇ ਬੇਬਾਕੀ ਬੇਮਿਸਾਲ ਹੁੰਦੀ ਹੈ। ਅਜਿਹੇ ਹੁਨਰਕਾਰੀ ਸਾਹਿਤਕਾਰ ਆਪਣੇ ਆਪ ਅੰਦਰ ਇੱਕ ਸੰਸਥਾ ਹੁੰਦੇ ਹਨ।

ਜਨਮੇਜਾ ਨਾ ਕੇਵਲ ਸਾਹਿਤਕਾਰ ਹੈ, ਪਰ ਤਕਨੀਕੀ ਵਿਗਿਆਨ ਅੰਦਰ ਪੰਜਾਬੀ ਨੂੰ ਪੰਜਾਬੀ ਦਾ ਫੌਂਟ ਦੇਣ ਵਾਲਾ ਅਤੇ ਗ੍ਰਾਫਿਕ ਦੇਣ ਵਾਲਾ ਤਕਨੀਕੀ ਵਿਗਿਆਨੀ ਵੀ ਹੈ।

ਅਜਿਹੇ ਲੋਕ ਆਪਣੇ ਆਪ ਅੰਦਰ ਇੱਕ ਅਜਿਹਾ ਸੰਸਾਰ ਹਨ, ਹਰ ਹੱਦਬੰਦੀ ਤੋਂ ਪਾਰ ਉੱਠ ਦਰਵੇਸ਼ ਦੀ ਹੈਸਿਅਤ ਰੱਖਦੇ ਹਨ। ਅਜਿਹੇ ਲੋਕ ਸਾਹਿਤ ਰਚਦੇ ਹਨ। ਕਹਾਣੀਕਾਰ ਹੁੰਦੇ ਹਨ। ਕਾਵਿ ਰਚਦੇ ਹਨ। ਆਪਣੀ ਕੌਮ ਦੀ ਰਾਹਨੁਮਾਈ ਕਰਦੇ ਹਨ।

ਜਨਮੇਜਾ ਅਜਿਹਾ ਹੀ ਇੱਕ ਧਰੂ ਤਾਰੇ ਵਾਂਗ ਆਕਾਸ਼ ਅੰਦਰ ਵੱਸਦਾ ਹੈ।

ਸ਼ਾਇਦ ਇਹ ਸ਼ੇਅਰ ਸਾਹਿਰ ਲੁਧਿਆਣਵੀ ਨੇ ਜਨਮੇਜਾ ਜੌਹਲ ਲਈ ਹੀ ਕਿਹਾ ਸੀ,

ਇਹ ਸ਼ਾਇਰੀ ਵੀ ਸਲਾਮਤ ਰਹੇ, ਮਗਰ ਐ ਦੋਸਤ,
ਪੈਗ਼ੰਬਰੀ ਵੀ ਜ਼ਰੂਰੀ ਹੈ ਸ਼ਾਇਰੀ ਲਈ।

ਮੇਰੇ ਦੋਸਤ ਸਲਾਮ ਕਬੂਲ ਕਰਨਾ।

***

# ਕੁੱਝ ਯਾਦਾਂ ਜਨਮੇਜਾ ਸਿੰਘ ਨਾਲ

# ਸਤਵਿੰਦਰ ਸਾਚਾ

ਜਨਮੇਜਾ ਮੈਨੂੰ ਪਹਿਲੀ ਵਾਰ 1972 ਵਿੱਚ ਉਦੋਂ ਮਿਲਿਆ, ਜਦੋਂ ਅਸੀਂ ਦੋਨਾਂ ਨੇ ਪੀ ਏ ਯੂ ਦੇ ਕਾਲਜ ਆਫ਼ ਐਗਰੀਕਲਚਰ ਇੰਜੀਨੀਅਰਿੰਗ ਵਿੱਚ ਐਡਮਿਸ਼ਨ ਲਈ ਸੀ। ਉਦੋਂ ਇਹ ਸ਼ਾਇਦ ਅਮਰੀਕਾ ਤੋਂ ਆਇਆ ਸੀ, ਕਿਉਂਕਿ ਇਹਦੇ ਫਾਦਰ ਐਫ ਏ ਓ ਨਾਲ ਜੁੜੇ ਰਹੇ ਹਨ ਅਤੇ ਕਾਫ਼ੀ ਦੇਰ ਅਮਰੀਕਾ ਵਿੱਚ ਰਹੇ। ਜਨਮੇਜਾ ਦੀ ਸਕੂਲਿੰਗ ਅਮਰੀਕਾ ਵਿੱਚ ਹੀ ਹੋਈ ਸੀ, ਇਸ ਕਰਕੇ ਇਹਦੀ ਅੰਗਰੇਜ਼ੀ ਵੀ ਅਮਰੀਕਾ ਵਰਗੀ ਹੀ ਸੀ।

ਸਾਨੂੰ ਲੱਗਦਾ ਸੀ ਕਿ ਇਹ ਬੜਾ ਹੀ ਹੁਸ਼ਿਆਰ ਲੜਕਾ ਹੈ ਅਤੇ ਇਹੀ ਕਲਾਸ ਵਿੱਚ ਅਵਲ ਰਹੇਗਾ। ਪਰ ਜਿਉਂ-ਜਿਉਂ ਪੜ੍ਹਾਈ ਅੱਗੇ ਚੱਲਦੀ ਗਈ, ਪਤਾ ਲੱਗਦਾ ਗਿਆ ਕਿ ਜਨਮੇਜਾ ਦੇ ਸ਼ੌਕ ਹੀ ਅਵੱਲੇ ਹਨ। ਇੱਕ ਕੈਮਰਾ ਲੈ ਕੇ ਘੁੰਮਦਾ ਰਹਿੰਦਾ ਸੀ। ਦੂਜਾ, ਇਹਦੀ ਅੰਗਰੇਜ਼ੀ ਵਧੀਆ ਹੋਣ ਕਰਕੇ ਅਤੇ ਅਮਰੀਕਾ ਵਿੱਚ ਰਹਿਣ ਕਰਕੇ, ਇਹਦਾ ਝਾਕਾ ਖੁੱਲ੍ਹਿਆ ਹੋਇਆ ਸੀ। ਕੁੜੀਆਂ ਨਾਲ ਗੱਲਬਾਤ ਕਰਨ ਵਿੱਚ ਇਹਨੂੰ ਕੋਈ ਝਿਜਕ ਨਹੀਂ ਸੀ। ਜਿੱਥੇ ਦੇਖਦਾ ਸੀ, ਜਦੋਂ ਦੇਖਦਾ ਸੀ, ਇਹ ਕੁੜੀਆਂ ਨਾਲ ਬੋਲਦਾ ਰਹਿੰਦਾ, ਗੱਲਾਂ-ਬਾਤਾਂ ਕਰਦਾ ਰਹਿੰਦਾ ਅਤੇ ਕਦੇ-ਕਦੇ ਉਹਨਾਂ ਦੀਆਂ ਫੋਟੋਆਂ ਵੀ ਖਿੱਚਦਾ ਰਹਿੰਦਾ ਸੀ।

ਫੋਟੋਆਂ ਤਾਂ ਸਾਡੀਆਂ ਵੀ ਖਿੱਚਦਾ ਸੀ ਅਤੇ ਪਤਾ ਨਹੀਂ ਕਿੰਨਾ ਖਰਚ ਕਰਦਾ ਸੀ ਫੋਟੋਆਂ 'ਤੇ। ਬਣਾ-ਬਣਾ ਕੇ ਸਾਨੂੰ ਦਿੰਦਾ ਵੀ ਰਿਹਾ। ਮੈਨੂੰ ਲੱਗਦਾ ਸੀ ਕਿ ਬਾਪੂ ਦਾ ਬਹੁਤ ਖਰਚ ਕਰਦਾ ਹੋਣਾ ਹੈ। ਸਾਡੀ ਕਲਾਸ ਵਿੱਚ ਕਦੇ- ਕਦੇ ਹੀ ਦਿਖਾਈ ਦਿੰਦਾ ਹੁੰਦਾ ਸੀ। ਬਹੁਤਾ ਸਮਾਂ ਇਹ ਕੈਮਰਾ ਲੈ ਕੇ, ਕੈਮਰੇ ਨੂੰ ਹਾਈਟੈਕ ਬਣਾਉਣ ਦੀਆਂ ਨਵੀਆਂ-ਨਵੀਆਂ ਖੋਜਾਂ ਕਰਦਾ ਰਹਿੰਦਾ ਸੀ।

ਲੈਂਸ ਦੇ ਸਾਈਜ਼ ਦਾ ਇੱਕ ਪਲਾਸਟਿਕ ਦਾ ਪਾਈਪ ਲੈ ਕੇ, ਉਹਦੇ 'ਤੇ ਕੈਮਰੇ ਵਾਲੀਆਂ ਚੂੜੀਆਂ ਚੜ੍ਹਾ ਕੇ, ਉਹ ਲੈਂਸ ਅੱਗੇ ਫਿੱਟ ਕਰਦਾ। ਉਹਦੇ ਵਿੱਚ ਇੱਕ ਲੈਂਸ ਫਿੱਟ ਕੀਤਾ, ਅੱਗੇ ਇੱਕ ਥੋੜ੍ਹੀ ਪਤਲੀ ਪਾਈਪ ਲਾ ਕੇ, ਪਾਈਪ ਨੂੰ ਅੱਗੇ-ਪਿੱਛੇ ਕਰਕੇ ਇੱਕ ਜ਼ੂਮਿੰਗ ਕੈਮਰਾ ਬਣਾਇਆ ਸੀ। ਉਹਦੇ ਨਾਲ ਦੂਰੋਂ ਸਾਡੀਆਂ ਫੋਟੋਆਂ ਖਿੱਚ ਲੈਂਦਾ ਸੀ।

ਮੈਨੂੰ ਯਾਦ ਹੈ ਕਿ ਮੈਂ ਹੋਸਟਲ ਦੇ ਗਰਾਊਂਡ ਵਿੱਚ ਇਦਾਂ ਹੀ ਨੰਗੇ ਪਿੰਡੇ ਖੜ੍ਹਾ ਅੰਗੜਾਈ ਲੈ ਰਿਹਾ ਸੀ ਤੇ ਇਹਨੇ ਮੇਰੀ ਫੋਟੋ ਖਿੱਚ ਲਈ। ਬਾਅਦ ਵਿੱਚ ਮੈਨੂੰ ਫੋਟੋ ਲਿਆ ਕੇ ਦੇ ਦਿੱਤੀ। ਮੈਂ ਹੈਰਾਨ ਰਹਿ ਗਿਆ। ਮੈਨੂੰ ਇਹਦੇ ਕੋਲੋਂ ਡਰ ਵੀ ਲੱਗਿਆ ਕਿ ਯਾਰ, ਕੋਈ ਐਵੇਂ ਪੁੱਠੀਆਂ-ਸਿੱਧੀਆਂ ਫੋਟੋਆਂ ਹੀ ਨਾ ਖਿੱਚ ਲਵੇ। ਯਾਨੀ ਕਿ ਇਹਦੀ ਕ੍ਰਿਏਟਿਵਿਟੀ ਖੇਤੀਬਾੜੀ ਇੰਜੀਨੀਅਰਿੰਗ ਨਾਲੋਂ ਇਲੈਕਟ੍ਰੋਨਿਕਸ ਅਤੇ ਫੋਟੋਗਰਾਫੀ ਵਿੱਚ ਜ਼ਿਆਦਾ ਸੀ।

1976 ਵਿੱਚ ਡਿਗਰੀ ਕਰਕੇ ਸਾਰੇ ਕਿਧਰੇ ਨਾ ਕਿਧਰੇ ਨੌਕਰੀਆਂ ਵਿੱਚ ਰੁੱਝ ਗਏ ਅਤੇ ਜਨਮੇਜਾ ਦਾ ਪਤਾ ਨਹੀਂ ਲੱਗਿਆ ਕਿ ਕੀ ਕਰਦਾ ਹੈ। ਅਚਾਨਕ ਇੱਕ ਦਿਨ ਟੀਵੀ ਲਗਾਇਆ ਤਾਂ ਇੱਕ ਛੋਟੀ ਫਿਲਮ ਚੱਲ ਰਹੀ ਸੀ, ਜੋ ਕਿਸੇ ਕਸਬੇ ’ਤੇ ਸੀ। ਪਿੱਛੋਂ ਆਉਂਦੀ ਆਵਾਜ਼ ਜਨਮੇਜਾ ਦੀ ਲੱਗਦੀ ਸੀ। ਜਦੋਂ ਪ੍ਰੋਗਰਾਮ ਖ਼ਤਮ ਹੋਇਆ ਤਾਂ ਪਤਾ ਲੱਗਿਆ ਕਿ ਇਹ ਡਾਕੂਮੈਂਟਰੀ ਤਾਂ ਜਨਮੇਜਾ ਨੇ ਬਣਾਈ ਸੀ। ਸਮਝ ਆ ਗਈ ਕਿ ਇਹ ਤਾਂ ਐਵੇਂ ਨਹੀਂ, ਕਿਸੇ ਹੋਰ ਹੀ ਰਸਤੇ ਤੁਰਿਆ ਹੈ।

ਉਸ ਤੋਂ ਬਾਅਦ ਇਹਨੇ ਕਿੰਨੀਆਂ ਹੀ ਡਾਕੂਮੈਂਟਰੀਆਂ ਬਣਾਈਆਂ ਅਤੇ ਦੁਨੀਆਂ ਨੇ ਦੇਖੀਆਂ। ਫਿਰ ਅਸੀਂ ਸਾਰੇ ਆਪਣੀਆਂ-ਆਪਣੀਆਂ ਜ਼ਿੰਮੇਵਾਰੀਆਂ ਵਿੱਚ ਰੁੱਝ ਗਏ। ਕਦੋਂ, ਕਿਸ ਨਾਲ ਜਨਮੇਜਾ ਦਾ ਵਿਆਹ ਹੋਇਆ, ਕਿੰਨੇ ਨਿਆਣੇ ਹੋਏ - ਇਸ ਸਭ ਬਾਰੇ ਬਹੁਤੇ ਜਮਾਤੀ ਅਣਜਾਣ ਹੀ ਰਹੇ।

ਹਾਂ, ਵੱਖ-ਵੱਖ ਪੰਜਾਬੀ ਅਖਬਾਰਾਂ ਵਿੱਚ ਜਨਮੇਜਾ ਦੇ ਲੇਖ ਅਤੇ

ਫੀਚਰ ਪੜ੍ਹਨ ਨੂੰ ਮਿਲਣ ਲੱਗੇ ਤਾਂ ਸਮਝ ਆ ਗਈ ਕਿ ਇਹ ਸਾਡਾ ਖੇਤੀਬਾੜੀ ਇੰਜੀਨੀਅਰ ਕਿੱਧਰ ਨੂੰ ਤੁਰਿਆ ਹੈ। ਫਿਰ ਇਸ ਦੀਆਂ ਟੀਵੀ 'ਤੇ ਇੰਟਰਵਿਊਆਂ ਦੇਖਣ-ਸੁਣਨ ਨੂੰ ਮਿਲਣ ਲੱਗੀਆਂ ਤਾਂ ਪਤਾ ਲੱਗਿਆ ਕਿ ਇਸ ਸ਼ਖਸ ਦੀ ਤਾਂ ਦੁਨੀਆਂ ਹੀ ਹੋਰ ਹੈ।

ਹੁਣ ਕਦੇ-ਕਦਾਈਂ ਇਹਦੇ ਨਾਲ ਮੁਲਾਕਾਤ ਹੋਣ ਲੱਗੀ, ਕਿਉਂਕਿ ਅਸੀਂ ਸਾਰੇ ਵੀ ਜ਼ਿੰਦਗੀ ਵਿੱਚ ਮੋਕਲੇ ਹੋ ਗਏ ਸੀ। ਜਦੋਂ ਵੀ ਜਨਮੇਜਾ ਨੂੰ ਮਿਲਣਾ, ਇਹਨੇ ਕੋਈ ਨਾ ਕੋਈ ਨਵੀਂ ਖੋਜ ਦੀ ਗੱਲ ਕਰਨੀ। ਕਦੇ ਪੰਜਾਬੀ ਦਾ ਫੌਂਟ ਤਿਆਰ ਕਰ ਰਿਹਾ ਹੈ, ਕਦੇ ਕੁਝ ਹੋਰ। ਅਸੀਂ ਵੀ ਜੇ ਕੋਈ ਕੰਪਿਊਟਰ ਦਾ ਮਸਲਾ ਹੁੰਦਾ, ਝੱਟ ਜਨਮੇਜਾ ਨੂੰ ਫੋਨ ਘੁਮਾ ਦਿੰਦੇ। ਆਹ ਜਿਹੜਾ ਮੈਂ ਟਾਈਪ ਕਰ ਰਿਹਾ ਹਾਂ, ਇਹ ਵੀ ਜਨਮੇਜਾ ਦੀ ਹੀ ਦਿੱਤੀ ਹੋਈ ਸਹੂਲਤ ਨਾਲ ਕਰ ਰਿਹਾ ਹਾਂ।

ਹੁਣ ਸਾਡੀਆਂ ਐਲੂਮਨੀ ਦੀਆਂ ਮਿਲਣੀਆਂ ਹੁੰਦੀਆਂ ਹਨ ਤਾਂ ਅਸੀਂ ਸਾਰੇ ਜਮਾਤੀ ਇਕੱਠੇ ਹੁੰਦੇ ਹਾਂ।

ਕੋਰੋਨਾ ਦੇ ਦੌਰਾਨ ਜਨਮੇਜਾ ਦੀ ਪਤਨੀ ਪਿੰਕੀ ਕੋਰੋਨਾ ਦੀ ਲੜਾਈ ਹਾਰ ਗਈ ਅਤੇ ਇਸ ਦਾ ਸਾਥ ਛੱਡ ਗਈ। ਪਰ ਆਪਣੇ ਜਾਣ ਤੋਂ ਪਹਿਲਾਂ ਉਹ ਜਨਮੇਜਾ ਨੂੰ ਕਾਫ਼ੀ ਜ਼ਿੰਮੇਵਾਰੀਆਂ ਤੋਂ ਫਾਰਗ ਕਰ ਗਈ ਸੀ, ਜਿਨ੍ਹਾਂ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਬੱਚਿਆਂ ਦੇ ਵਿਆਹਾਂ ਦੀ ਸੀ। ਜਿਵੇਂ ਕਿ ਹਰ ਇੱਕ ਨਾਲ ਹੁੰਦਾ ਹੈ, ਪਤਨੀ ਦੇ ਜਾਣ ਤੋਂ ਬਾਅਦ ਜਨਮੇਜਾ ਵੀ ਹਿੱਲ ਗਿਆ ਸੀ। ਪਹਿਲੀ ਵਾਰ ਮੈਂ ਇਸ ਇਨਸਾਨ ਨੂੰ ਉਸ ਸਮੇਂ ਐਨਾ ਸੰਜੀਦਾ ਦੇਖਿਆ ਸੀ।

ਸਾਰੇ ਉਸਦੇ ਦੋਸਤ, ਮਿੱਤਰ ਅਤੇ ਜਮਾਤੀ ਉਸਦੇ ਨਾਲ ਖੜ੍ਹੇ ਰਹੇ। ਛੇਤੀ ਹੀ ਉਸ ਗ਼ਮ ਵਿੱਚੋਂ ਤਕੜਾ ਹੋ ਕੇ ਨਿਕਲਿਆ ਹੀ ਸੀ ਕਿ ਇਹਨਾਂ ਦੇ ਮਾਤਾ ਜੀ ਚਲਾਣਾ ਕਰ ਗਏ। ਉਮਰ ਦਾ ਤਕਾਜ਼ਾ ਅਤੇ ਪੁੱਤਰ ਨੂੰ ਲੱਗੀ ਸੱਟ ਹੀ ਕਾਰਨ ਹੋ ਸਕਦਾ ਹੈ।

ਆਪਣੀ ਪਤਨੀ ਦੀ ਯਾਦ ਵਿੱਚ ਜਨਮੇਜਾ ਨੇ ਲੁਧਿਆਣਾ ਦੇ

ਬਾਹਰਵਾਰ ਇੱਕ ਹਰਬਲ ਬਾਗ ਬਣਾਇਆ ਹੈ, ਜਿੱਥੋਂ ਉਹ ਨਰਸਰੀ ਤਿਆਰ ਕਰਕੇ ਲੋਕਾਂ ਵਿੱਚ ਬੂਟੇ ਵੰਡਦਾ ਰਹਿੰਦਾ ਹੈ। ਇਹੀ ਉਸਦੀ ਆਪਣੀ ਪਤਨੀ ਨੂੰ ਸੱਚੀ ਸ਼ਰਧਾਂਜਲੀ ਹੈ।

ਇੱਕ ਗੱਲ ਹੋਰ ਕਿ ਪਿਤਾ ਦਾ ਐਨਾ ਨਾਮ ਹੋਣ ਦੇ ਬਾਵਜੂਦ ਜਨਮੇਜਾ ਨੇ ਕਦੇ ਉਹਨਾਂ ਦੇ ਨਾਮ ਜਾਂ ਰੁਤਬੇ ਦਾ ਇਸਤੇਮਾਲ ਨਹੀਂ ਕੀਤਾ।

***

# ਦੂਰਦਰਸ਼ੀ ਸ਼ਖਸੀਅਤ
# ਸੰਜੇ ਭੰਡਾਰੀ

ਜਨਮੇਜਾ ਐਸ. ਜੌਹਲ ਜੀ ਇੱਕ ਦੂਰਦਰਸ਼ੀ ਸ਼ਖਸੀਅਤ ਹਨ, ਜਿਨ੍ਹਾਂ ਦੇ ਵਿਚਾਰ ਹਮੇਸ਼ਾ ਆਪਣੇ ਸਮੇਂ ਤੋਂ ਅੱਗੇ ਅਤੇ ਪ੍ਰਗਤੀਸ਼ੀਲ ਰਹੇ ਹਨ। ਉਨ੍ਹਾਂ ਦੀ ਸੋਚ ਹਕੀਕਤ ਪਸੰਦ, ਕਾਰਗਰ ਅਤੇ ਸਮਾਜ ਵਿੱਚ ਅਰਥਪੂਰਨ ਬਦਲਾਅ ਲਿਆਉਣ ਵੱਲ ਕੇਂਦ੍ਰਿਤ ਰਹੀ ਹੈ।

ਆਪਣੀਆਂ ਲਿਖਤਾਂ ਅਤੇ ਰਚਨਾਵਾਂ ਰਾਹੀਂ ਉਹ ਅਜਿਹੇ ਨਜ਼ਰੀਏ ਪੇਸ਼ ਕਰਦੇ ਹਨ ਜੋ ਕਈ ਪੀੜ੍ਹੀਆਂ ਨਾਲ ਗੂੰਜਦੇ ਹਨ ਅਤੇ ਪਰਿਵਾਰਕ ਤੇ ਸਮਾਜਿਕ ਜੀਵਨ ਦੀਆਂ ਨਾਜ਼ੁਕ ਗਤੀਵਿਧੀਆਂ ਨੂੰ ਸੁੰਦਰ ਢੰਗ ਨਾਲ ਦਰਸਾਉਂਦੇ ਹਨ।

ਇੱਕ ਲੇਖਕ, ਫੋਟੋਗਰਾਫਰ, ਪੱਤਰਕਾਰ ਅਤੇ ਦੂਰਦਰਸ਼ੀ ਵਜੋਂ ਉਨ੍ਹਾਂ ਨੇ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਵਿਰਾਸਤ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜੋ ਸੱਭਿਆਚਾਰਕ ਅਤੇ ਬੌਧਿਕ ਜਗਤ ਵਿੱਚ ਆਪਣਾ ਅਮਿੱਟ ਨਿਸ਼ਾਨ ਛੱਡਦਾ ਹੈ।

***

# ਮਾਂ-ਬੋਲੀ ਦਾ ਮੋਹ

## ਸਰਨਜੀਤ ਮਣਕੂ

ਪੜ੍ਹੇ-ਲਿਖੇ ਮੌਲਵੀ ਜਿਹੇ ਬੰਦੇ ਨੂੰ ਸ਼ਬਦਾਂ ਵਿੱਚ ਕਿਵੇਂ ਸਮੇਟ ਲਵੇਂ ਤੁਰਦਾ-ਫਿਰਦਾ ਇਨਸਾਈਕਲੋਪੀਡੀਆ ਕਹਾਂ, ਉਹ ਜਿੱਥੇ ਚੁੱਪ ਰਹਿੰਦਾ ਹੈ, ਉੱਥੇ ਉਹਦਾ ਕੈਮਰਾ ਬੋਲ ਪੈਂਦਾ ਹੈ।

ਹੱਸਦਾ-ਗਾਉਂਦਾ ਪੰਜਾਬ, ਇਨਕਲਾਬ, ਕੁਦਰਤ ਤੇ ਸੱਭਿਆਚਾਰ, ਖੇਡਾਂ, ਪਤਾ ਹੀ ਨਹੀਂ ਲੱਗਦਾ ਕਿ ਉਹ ਕਿਹੜੀ ਫੋਟੋ ਕਦੋਂ ਤੇ ਕਿੱਥੇ ਖਿੱਚ ਲੈਂਦਾ ਹੈ। ਉਹਦੀ ਹਰ ਫੋਟੋ ਨੂੰ ਕਦਰਦਾਨ ਇਤਿਹਾਸ ਕਹਿੰਦੇ ਹਨ। ਉਹਦੀ ਬਣਾਈ 35 ਦੀ ਫੱਟੀ 'ਚੋਂ ਪੰਜਾਬੀ ਮਾਂ-ਬੋਲੀ ਦਾ ਮੋਹ ਜਾਗ ਪੈਂਦਾ ਹੈ। ਜਨਮੇਜਾ ਪ੍ਰਿੰਟਰ ਅਤੇ ਸਿਆਹੀ ਦੀ ਘੱਟ ਖਪਤ ਵਾਲਾ ਰਾਹ ਲੱਭ ਲੈਂਦਾ ਹੈ।

ਉਹ ਕੰਮ ਬਹੁਤੇ ਕਰਦਾ ਹੈ ਤੇ ਘੱਟ ਬੋਲਦਾ ਹੈ। ਉਹ ਪੰਜਾਬੀ ਦੇ ਉੱਚੇ ਅਹੁਦੇ ਦਾ ਫਾਇਦਾ ਨਹੀਂ ਚੁੱਕਦਾ। ਉਹ ਨੌਕਰ ਬਣ ਕੇ ਆਪਣੀ ਆਜ਼ਾਦੀ ਨੂੰ ਗਹਿਣੇ ਨਹੀਂ ਪਾਉਂਦਾ। ਨੌਕਰੀ ਤੋਂ ਕਤਰਾਉਂਦਾ ਹੈ। ਉਹ ਚੁੱਪ-ਚੁਪੀਤੇ ਸਵਰਗਵਾਸੀ ਜਸੋਵਾਲ ਨਾਲ ਵਿਦੇਸ਼ ਜਾ ਆਉਂਦਾ ਹੈ। ਅੰਗਰੇਟੇ ਤੋਂ ਸੋਭਾ ਸਿੰਘ ਨੂੰ ਲੁਧਿਆਣੇ ਬੁਲਾ ਕੇ ਕਲਾ-ਕਿਰਤਾਂ ਦੀ ਨੁਮਾਇਸ਼ ਲਗਾਉਂਦਾ ਹੈ। ਉਹ ਵਜ਼ੀਰ ਰੋਡ 'ਤੇ ਆਪਣਾ ਪ੍ਰੈੱਸ ਲਗਾਉਂਦਾ ਹੈ। ਪਾਤਰ ਦੀ "ਹਵਾ ਵਿੱਚ ਲਿਖੇ ਹਰਫ਼" ਤੇ ਮਨਸੂਰ ਦੀ "ਹਵਾ" ਦਾ ਅਨੁਵਾਦ ਆਪਣੇ ਬਲਬੂਤੇ 'ਤੇ ਛਪਵਾਉਂਦਾ ਹੈ। ਉਹ ਯੂਨੀਵਰਸਿਟੀ ਦਾ ਅੰਬੈਸਡਰ ਬਣ ਕੇ ਪ੍ਰਕਿਰਤੀ ਬਚਾਉਂਦਾ ਹੈ, ਪ੍ਰਦੂਸ਼ਣ ਹਟਾਉਂਦਾ ਹੈ। ਧਰਮ-ਪਤਨੀ ਤੇ ਮਾਂ ਦੇ ਵਿਛੋੜੇ ਦਾ ਦੁੱਖ ਸਹਿ ਕੇ, ਪਤਨੀ ਦੀ ਯਾਦ ਵਿੱਚ "ਪਿੰਕੀ ਹਰਬਲ ਗਾਰਡਨ ਬਣਾਉਂਦਾ ਹੈ। ਭਾਵੇਂ ਪ੍ਰੋਫੈਸਰ ਮੋਹਨ ਸਿੰਘ ਵਾਂਗ ਪਤਨੀ ਦੀ ਯਾਦ ਵਿੱਚ "ਬਸੰਤੀ" ਤਾਂ ਨਹੀਂ ਲਿਖ ਸਕਿਆ, ਪਰ ਉਹ ਕੁਦਰਤੀ ਖੇਤੀ ਅਪਣਾਉਂਦਾ ਹੈ।

ਉਹਦਾ ਕੈਮਰਾ ਬਿਨਾਂ ਵੀਜ਼ੇ ਦੁਨੀਆ ਗਾਹ ਆਉਂਦਾ ਹੈ। ਉਹ ਪੈਸੇ-ਧੇਲੇ ਦਾ ਮੋਹ ਨਹੀਂ ਕਰਦਾ। ਨਾ ਪਤਾ ਉਹਦੇ ਨਾ ਕਿੰਨੀ ਪੈਲੀ ਬੋਲਦੀ ਹੈ, ਪਰ ਦੂਰਦਰਸ਼ਨ ਤੋਂ ਕਿਤਾਬਾਂ ਦਾ ਲੇਖਕ, ਪਬਲਿਸ਼ਰ ਅਤੇ ਹਜ਼ਾਰਾਂ ਫੋਟੋਆਂ ਦਾ ਸਿਰਜਣਹਾਰ ਅਖਵਾਉਂਦਾ ਹੈ।

ਉਹ ਜੱਟ ਤਾਂ ਹੈ, ਪਰ ਜੱਟਾਂ ਵਾਲਾ ਰੋਗ ਨਹੀਂ ਆਉਂਦਾ। ਉਹ ਦੂਰਦਰਸ਼ਨ 'ਤੇ ਸਾਦੇ-ਮੁਰਾਦੇ ਕੱਪੜੇ ਪਾ ਕੇ ਇੰਟਰਵਿਊ ਦੇ ਆਉਂਦਾ ਹੈ। ਉਹ ਬਹੁਤਿਆਂ ਦੇ ਕੰਮ ਆਉਂਦਾ ਹੈ। ਉਹ ਨਾਮਾਂ ਅਤੇ ਸਨਮਾਨਾਂ ਮਗਰ ਨਹੀਂ ਭੱਜਦਾ, ਨਾ ਜੁਗਾੜ ਲਾਉਂਦਾ ਹੈ। ਹਾਂ, ਜੁਗਾੜ ਲਾਉਣ ਵਾਲਿਆਂ ਦੀ ਖਿੱਲੀ ਉਡਾਉਂਦਾ ਹੈ।

ਮਾਸਟਰ ਬਣ ਕੇ ਬੱਚਿਆਂ ਨੂੰ ਫੋਟੋ ਖਿੱਚਈ ਸਿਖਾਉਂਦਾ ਹੈ। ਲਘੂ ਫਿਲਮਾਂ ਬਣਾਉਂਦਾ ਹੈ। ਇਹ ਦਰਮਿਆਨੇ ਜਿਹੇ ਕੱਦ ਦਾ, ਸਾਂਵਲੇ ਰੰਗ ਦਾ ਬੰਦਾ ਤੁਰਦਾ-ਫਿਰਦਾ ਅਜਾਇਬਘਰ ਨਜ਼ਰ ਆਉਂਦਾ ਹੈ।

ਕਦੇ ਉਹ ਗੁਰਦੇਵ ਨਗਰ, ਕਦੇ "ਪਿੰਕੀ ਹਰਬਲ ਗਾਰਡਨ', ਕਦੇ ਪੀ ਏ ਯੂ, ਕਦੇ ਪੰਜਾਬੀ ਭਵਨ, ਆਪਣੀਆਂ ਪੈੜਾਂ ਪਾਉਂਦਾ ਰਹਿੰਦਾ ਹੈ। ਇਹ ਪੈੜਾਂ ਪਾਉਣ ਵਾਲਾ ਲੁਧਿਆਣੇ ਤੋਂ ਵਾਇਆ ਜੰਡਿਆਲੇ ਤੱਕ ਦਾ ਮਾਣਯੋਗ ਹਸਤਾਖਰ ਕਹਾਉਂਦਾ ਹੈ।

***

# ਹਰਫ਼ਨਮੌਲਾ

## ਸੁੱਚਾ ਦੀਪਕ

"ਇੱਕੀਵੀਂ ਸਦੀ ਵਿੱਚ ਕੌਮਾਂ ਦੀ ਉਸਾਰੀ ਅਤੇ ਪੰਜਾਬੀ ਕੌਮ ਦਾ ਸੁਆਲ" ਸਿਰਲੇਖ ਹੇਠ ਕਨੇਡਾ ਵਿੱਚ ਚੱਲੀ ਲਹਿਰ ਵਿੱਚ ਸਾਰੀ ਦੁਨੀਆ ਤੋਂ ਪੰਜਾਬੀ ਦਾਨਿਸ਼ਵਰਾਂ, ਚਿੰਤਕਾਂ ਅਤੇ ਲਿਖਾਰੀਆਂ ਨੇ ਭਾਗ ਲਿਆ। ਜਨਮੇਜਾ ਸਿੰਘ ਜੌਹਲ ਉਨ੍ਹਾਂ ਸਾਥੀਆਂ ਵਿੱਚੋਂ ਇੱਕ ਸਨ, ਜਿਨ੍ਹਾਂ ਨੇ ਇਸ ਲਹਿਰ ਵਿੱਚ ਸਿਰਫ਼ ਹਿੱਸਾ ਹੀ ਨਹੀਂ ਲਿਆ, ਬਲਕਿ ਮੋਹਰਲੀਆਂ ਸਫ਼ਾਂ ਵਿੱਚ ਖੜ੍ਹ ਕੇ ਪੰਜਾਬੀ ਮਾਂ-ਬੋਲੀ ਦੀ ਪ੍ਰਫੁੱਲਤਾ ਵਾਸਤੇ ਕੰਮ ਕੀਤਾ।

ਇਸੇ ਸੰਦਰਭ ਵਿੱਚ ਅਦਾਰਾ "ਸਾਊਥ ਏਸ਼ੀਅਨ ਰੀਵਿਊ" ਮੈਗਜ਼ੀਨ ਵੱਲੋਂ ਤਿੰਨ ਵਿਸ਼ਵ ਕਾਨਫਰੰਸਾਂ ਆਯੋਜਿਤ ਕੀਤੀਆਂ ਗਈਆਂ। ਉਨ੍ਹਾਂ ਤਿੰਨਾਂ ਵਿੱਚ ਹੀ ਜਨਮੇਜਾ ਜੀ ਨੇ ਪੰਜਾਬੀ ਜ਼ਬਾਨ ਨੂੰ ਕੰਪਿਊਟਰਾਈਜ਼ ਕਰਨ ਅਤੇ ਗੁਰਮੁਖੀ ਲਿਪੀ ਨੂੰ ਆ ਰਹੇ ਮਸਲਿਆਂ ਨੂੰ ਹੱਲ ਕਰਨ ਵਾਸਤੇ ਪਰਚੇ ਪੜ੍ਹੇ ਅਤੇ ਖ਼ੂਬ ਵਾਹ-ਵਾਹ ਖੱਟੀ।

ਜਨਮੇਜਾ ਜੀ ਨੂੰ ਉਨ੍ਹਾਂ ਸੇਵਾਵਾਂ ਵਾਸਤੇ ਅਦਾਰਾ "ਸਾਊਥ ਏਸ਼ੀਅਨ ਰੀਵਿਊ ਵੱਲੋਂ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਜਨਮੇਜਾ ਜੀ ਨੇ ਪੰਜਾਬੀ ਬੋਲੀ ਅਤੇ ਲਿਪੀ ਉੱਤੇ ਜਿੱਥੇ ਮਹੱਤਵਪੂਰਨ ਕੰਮ ਕੀਤਾ, ਉੱਥੇ ਆਪ ਪੰਜਾਬੀ ਭਾਸ਼ਾ ਦੇ ਲਿਖਾਰੀ, ਮੈਗਜ਼ੀਨਾਂ ਦੇ ਪ੍ਰਕਾਸ਼ਕ ਅਤੇ ਪੰਜਾਬੀ ਫੋਟੋਗਰਾਫੀ ਵਰਗੇ ਖੇਤਰਾਂ ਵਿੱਚ ਵੀ ਪੰਜਾਬੀ ਮੀਡੀਆ ਦਾ ਇੱਕ ਆਮ-ਪ੍ਰਚੱਲਤ ਨਾਮ ਹਨ।

ਜਨਮੇਜਾ ਜੀ ਨੂੰ ਮੈਂ "ਹਰਫ਼ਨਮੌਲਾ" ਦੇ ਨਾਮ ਨਾਲ ਜਾਣਦਾ ਹਾਂ ਜੋ ਹਰ ਖੇਤਰ ਵਿੱਚ ਆਪਣਾ ਹੱਥ ਅਜ਼ਮਾਉਣ ਤੋਂ ਹਿਚਕਚਾਉਂਦੇ ਨਹੀਂ।

ਜਨਮੇਜਾ ਜੀ ਅਦਾਰਾ "ਸਾਊਥ ਏਸ਼ੀਅਨ ਰੀਵਿਊ" ਵੱਲੋਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਸੰਸਥਾ ਵਿਖੇ ਆਪਣੇ ਫ਼ਰਜ਼ਾਂ ਦਾ ਬਾਖ਼ੂਬੀ ਪਹਿਰਾ ਦੇ ਰਹੇ ਹਨ। ਉਹ ਜਦੋਂ ਵੀ ਕਨੇਡਾ ਆਉਂਦੇ ਹਨ, ਸਾਡੇ

ਸ਼ਹਿਰ ਪ੍ਰਿੰਸ ਜਾਰਜ ਵਿਖੇ ਜ਼ਰੂਰ ਮਿਲ ਕੇ ਜਾਂਦੇ ਹਨ।

ਜਨਮੇਜਾ ਬਹੁਤ ਗੁਣਾਂ ਨਾਲ ਭਰਪੂਰ ਹੋਣ ਦੇ ਨਾਲ ਕੁਝ ਘਾਟਾਂ ਨਾਲ ਵੀ ਖੇਡਣਾ ਪਸੰਦ ਕਰਦੇ ਹਨ। ਜਿਵੇਂ ਉਨ੍ਹਾਂ ਦੀ ਬੇਪਰਵਾਹੀ ਕਈ ਵਾਰ ਰੜਕਦੀ ਰਹਿੰਦੀ ਹੈ।

ਜਨਮੇਜਾ ਜੀ ਨਾਲ ਮੈਗਜ਼ੀਨ ਉੱਤੇ ਕੰਮ ਕਰਦਿਆਂ ਅਹਿਸਾਸ ਹੋਇਆ ਕਿ ਆਪ ਇੱਕ ਆਮ ਸ਼ਖ਼ਸ ਨਾਲੋਂ ਜ਼ਿਆਦਾ ਉਸਾਰੂ ਅਤੇ ਰਚਨਾਤਮਕ ਬਿਰਤੀ ਰੱਖਣ ਵਾਲੇ ਇਨਸਾਨ ਹੋ। ਆਪ ਹਮੇਸ਼ਾ ਨਵੇਂ ਪੁੰਗਰਦੇ ਕਲਾਕਾਰਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਨਵੀਆਂ ਖੋਜਾਂ ਵਿੱਚ ਲੱਗੇ ਰਹਿੰਦੇ ਹੋ। ਅਦਾਰਾ "ਸਾਊਥ ਏਸ਼ੀਅਨ ਰੀਵਿਊ" ਜਨਮੇਜਾ ਜੀ ਦੀ ਸਫਲਤਾ ਵਾਸਤੇ ਸ਼ੁੱਭ ਇੱਛਾਵਾਂ ਅਤੇ ਦੁਆਵਾਂ ਭੇਜਦਾ ਹੈ।

***

# ਸਾਡਾ ਰਹਿਨੁਮਾ

# ਸੁਖਵਿੰਦਰ ਅਨਹਦ

ਕਈ ਵਾਰੀ ਜ਼ਿੰਦਗੀ ਵਿੱਚ ਬਹੁਤ ਹੀ ਰੌਚਕ ਕਿੱਸੇ ਵਾਪਰ ਜਾਂਦੇ ਹਨ। ਕੁਝ ਛੋਟੀਆਂ-ਛੋਟੀਆਂ ਗੱਲਾਂ ਵਿੱਚ ਹੀ ਜੀਵਨ ਦੇ ਬਹੁਤ ਹੀ ਡੂੰਘੇ ਅਰਥ ਅਤੇ ਸਿੱਖਿਆ ਛੁੱਪੀ ਹੁੰਦੀ ਹੈ।

ਅਸੀਂ ਕੁਝ ਸਾਲ ਪਹਿਲਾਂ ਇੱਕ ਨਾਟਕ ਦੇ ਸਿਲਸਿਲੇ ਵਿੱਚ ਸਰਦਾਰ ਜਨਮੇਜਾ ਸਿੰਘ ਜੌਹਲ ਜੀ ਦੀ ਅਗਵਾਈ ਹੇਠ ਐਤਵਾਰ ਵਾਲੇ ਦਿਨ ਪੰਜਾਬੀ ਭਵਨ ਦੀ ਕੰਟੀਨ ਵਿੱਚ ਇਕੱਠੇ ਹੋਇਆ ਕਰਦੇ ਸੀ। ਸਭ ਤੋਂ ਪਹਿਲਾਂ ਅਸੀਂ ਸਾਰੇ ਪੇਟ-ਪੂਜਾ ਕਰਦੇ ਹੁੰਦੇ ਸੀ। ਕਿਸੇ ਨੇ ਚਾਹ, ਕਿਸੇ ਨੇ ਸੈਂਡਵਿਚ, ਕਿਸੇ ਨੇ ਰੋਟੀ, ਕਿਸੇ ਨੇ ਠੰਡਾ ਪੀਣਾ ਅਤੇ ਫਿਰ ਜਾ ਕੇ ਨਾਟਕ ਦੀ ਪੇਸ਼ਕਾਰੀ ਦੇ ਸਬੰਧ ਵਿੱਚ ਚਰਚਾ ਹੁੰਦੀ ਸੀ।

ਇੱਕ ਦਿਨ ਸਾਰੇ ਹੀ ਕਲਾਕਾਰ ਖਾਣ-ਪੀਣ ਅਤੇ ਨਾਟਕ ਦੀ ਚਰਚਾ ਵਿੱਚ ਰੁੱਝੇ ਹੋਏ ਸਨ ਤਾਂ ਸਰਦਾਰ ਜਨਮੇਜਾ ਸਿੰਘ ਜੌਹਲ ਜੀ ਨੇ ਇੱਕ ਲਿਫ਼ਾਫ਼ਾ ਟੇਬਲ 'ਤੇ ਰੱਖ ਦਿੱਤਾ ਅਤੇ ਪੁੱਛਿਆ,

"ਦੱਸੋ ਇਸ ਲਿਫ਼ਾਫ਼ੇ ਵਿੱਚ ਕੀ ਹੈ?

ਤਾਂ ਸਾਰੇ ਕਹਿਣ ਲੱਗੇ, "ਇਸ ਵਿੱਚ ਕੋਈ ਖਾਣ ਵਾਲੀ ਚੀਜ਼ ਹੈ।" ਸਾਰੇ ਉਸ ਲਿਫ਼ਾਫ਼ੇ ਨੂੰ ਖੋਲ੍ਹਣ ਦੀ ਜ਼ਿੱਦ ਕਰਨ ਲੱਗੇ ਅਤੇ ਸਾਰੇ ਹੀ ਇਹੀ ਸੋਚ ਰਹੇ ਸਨ ਕਿ ਕੋਈ ਖਾਣ ਵਾਲੀ ਚੀਜ਼ ਹੀ ਹੋਵੇਗੀ। ਪਰ ਜਿਵੇਂ ਹੀ ਸਰਦਾਰ ਜਨਮੇਜਾ ਸਿੰਘ ਜੌਹਲ ਜੀ ਨੇ ਉਹ ਲਿਫ਼ਾਫ਼ਾ ਖੋਲ੍ਹਿਆ ਤਾਂ ਉਹਦੇ ਵਿਚੋਂ ਇੱਕ ਸ਼ਰਟ ਨਿਕਲੀ। ਸਾਰੇ ਹੀ ਇਹ ਦੇਖ ਕੇ ਬਹੁਤ ਹੈਰਾਨ ਹੋਏ। ਜੌਹਲ ਸਾਹਿਬ ਨੇ ਕਿਹਾ, "ਤੁਹਾਡੀ ਸੋਚ ਸਿਰਫ਼ ਤੇ ਸਿਰਫ਼ ਖਾਣੇ 'ਤੇ ਹੀ ਅੜੀ ਹੋਈ ਹੈ ਅਤੇ ਇਹੀ ਸੋਚ ਤੁਹਾ ਨੂੰ ਹੋਰ ਕੁਝ ਵੀ ਸੋਚਣ ਨਹੀਂ ਦਿੰਦੀ। ਇਹ ਸ਼ਰਟ ਮੈਂ ਕਾਲੀਆ ਜੀ ਨੂੰ ਗਿਫ਼ਟ ਦੇ ਰੂਪ ਵਿੱਚ ਦੇਣ ਲਈ ਲਿਆਇਆ ਹਾਂ, ਕਿਉਂਕਿ ਸਭ ਤੋਂ ਜ਼ਿਆਦਾ ਮਿਹਨਤ ਇਸ ਨਾਟਕ

ਲਈ ਕਾਲੀਆ ਜੀ ਨੇ ਕੀਤੀ ਹੈ। ਬਾਕੀ ਤੁਸੀਂ ਵੀ ਸਾਰੇ ਮਿਹਨਤ ਕਰੋ ਅਤੇ ਨਵੇਂ-ਨਵੇਂ ਤਜਰਬੇ ਕਰੋ ਤਾਂ ਕਿ ਤੁਹਾ ਨੂੰ ਵੀ ਇਸ ਤਰ੍ਹਾਂ ਦਾ ਕੋਈ ਗਿਫ਼ਟ ਮਿਲ ਸਕੇ।" ਉਹਨਾਂ ਦੇ ਸ਼ਬਦਾਂ ਵਿੱਚ ਸਿੱਖਿਆ ਦੇ ਨਾਲ-ਨਾਲ ਥੋੜ੍ਹਾ ਗੁੱਸਾ ਵੀ ਸੀ। ਇਹੀ ਗੁੱਸਾ ਉਸ ਨਾਟਕ ਦੀ ਸਫਲਤਾ ਬਣ ਗਿਆ ਅਤੇ ਸਾਡੀ ਸਾਰਿਆਂ ਦੀ ਪਹਿਚਾਣ ਵੀ। ***

# ਪੰਜਾਬੀ ਦਾ ਜਰਨੈਲ

## ਕੁਲਦੀਪ ਸਿੰਘ ਸਿੱਧੂ, ਟਰਾਂਟੋ

ਮੇਰੀ ਜਨਮੇਜਾ ਸਿੰਘ ਨਾਲ ਦੋਸਤੀ 1972-73 ਦੇ ਦੌਰਾਨ ਹੋਈ। ਉਸ ਵੇਲੇ ਉਹ ਖੇਤੀ ਇੰਜੀਨੀਅਰਿੰਗ ਕਾਲਜ ਦਾ ਵਿਦਿਆਰਥੀ ਸੀ ਅਤੇ ਅਸੀਂ ਐਗਰੀਕਲਚਰ ਕਾਲਜ ਵਿੱਚ ਪੜ੍ਹਦੇ ਸਾਂ। ਉਸ ਨੂੰ ਫੋਟੋਗ੍ਰਾਫੀ ਦਾ ਬਹੁਤ ਸ਼ੌਕ ਸੀ ਅਤੇ ਮੈਂ ਭੰਗੜਾ ਟੀਮ ਦਾ ਮੈਂਬਰ ਸੀ। ਹੌਲੀ-ਹੌਲੀ ਸਾਡੀ ਜਾਣ-ਪਛਾਣ ਵਧਦੀ ਗਈ ਅਤੇ ਇੱਕ ਡੂੰਘੀ ਦੋਸਤੀ ਵਿੱਚ ਬਦਲ ਗਈ।

ਉਹ ਅਕਸਰ ਸਾਡੇ ਹੋਸਟਲ ਨੰਬਰ 1 ਵਿੱਚ ਆ ਜਾਂਦਾ ਸੀ, ਕਿਉਂਕਿ ਉਸ ਦਾ ਕਾਲਜ ਬਿਲਕੁਲ ਨਾਲ ਹੀ ਸੀ। ਸਾਡਾ ਅੱਠ ਜਣਿਆਂ ਦਾ ਇੱਕ ਗਰੁੱਪ ਸੀ। ਅਸੀਂ ਇਕੱਠੇ ਬੈਠਦੇ, ਘੁੰਮਦੇ-ਫਿਰਦੇ ਅਤੇ ਟੂਰਾਂ ਤੇ ਵੀ ਜਾਂਦੇ ਸਾਂ।

ਕਈ ਦੋਸਤ ਉਸਨੂੰ "ਮੇਜਰ ਸਿੰਘ" ਦੇ ਨਾਮ ਨਾਲ ਜਾਣਦੇ ਸਨ, ਪਰ ਮੈਂ ਕਦੇ ਵੀ ਉਸ ਨੂੰ  ਇਸ ਨਾਮ ਨਾਲ ਨਹੀਂ ਬੁਲਾਇਆ। ਮੈਂ ਹਮੇਸ਼ਾ ਉਸ ਨੂੰ "ਜਨਮੇਜਾ ਜਾਂ ਜਨਮੇਜਾ ਜੀ ਹੀ ਕਹਿੰਦਾ ਰਿਹਾ। ਉਹ ਮੇਰੇ ਨਾਲ ਮੇਰੇ ਪਿੰਡ ਵੀ ਰਿਹਾ ਅਤੇ ਉੱਥੇ ਮਾਲਵੇ ਦੇ ਜੀਵਨ ਦੀਆਂ ਬਹੁਤ ਸੁੰਦਰ ਤਸਵੀਰਾਂ ਖਿੱਚੀਆਂ।

ਡਿਗਰੀ ਪੂਰੀ ਹੋਣ ਤੋਂ ਬਾਅਦ ਸਾਡਾ ਸੰਪਰਕ ਕਾਫ਼ੀ ਘੱਟ ਹੋ ਗਿਆ, ਕਿਉਂਕਿ ਮੈਂ ਵੱਖ-ਵੱਖ ਸ਼ਹਿਰਾਂ ਵਿੱਚ ਚਲਾ ਗਿਆ। ਬਾਅਦ ਵਿੱਚ ਮੈਂ ਕੈਨੇਡਾ ਪਹੁੰਚ ਗਿਆ, ਪਰ ਸਾਡੇ ਵਿਚਕਾਰ ਦਾ ਪਿਆਰ ਅਤੇ ਸਨੇਹ ਪਹਿਲਾਂ ਵਾਂਗ ਹੀ ਬਣਿਆ ਰਿਹਾ। ਵਟਸਐਪ ਦੇ ਜ਼ਮਾਨੇ ਵਿੱਚ, ਜਾਂ ਉਸ ਤੋਂ ਵੀ ਪਹਿਲਾਂ, ਜਦੋਂ ਵੀ ਉਹ ਕੈਨੇਡਾ ਆਇਆ, ਮੈਨੂੰ ਮਿਲ ਕੇ ਗਿਆ। ਮੈਂ ਵੀ ਉਸ ਲਈ ਆਪਣੇ ਰੁਝੇਵਿਆਂ ਵਿੱਚੋਂ ਹਮੇਸ਼ਾਂ ਸਮਾਂ ਕੱਢਿਆ।

ਸਮੇਂ ਦੇ ਨਾਲ ਮੈਨੂੰ ਪਤਾ ਲੱਗਿਆ ਕਿ ਇਸ ਪਿਆਰੇ ਇਨਸਾਨ

ਨੇ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਲਈ ਬਹੁਤ ਵੱਡਾ ਯੋਗਦਾਨ ਪਾਇਆ ਹੈ। ਫੋਟੋਗ੍ਰਾਫੀ ਤਾਂ ਉਹ ਕਰਦਾ ਹੀ ਸੀ, ਪਰ ਉਸ ਨੂੰ ਸੈਰ ਕਰਨ ਦਾ ਵੀ ਸ਼ੌਕ ਸੀ। ਉਹ ਦੁਨੀਆ ਦੇ ਅਨੇਕਾਂ ਦੇਸ਼ਾਂ ਵਿੱਚ ਘੁੰਮਿਆ ਅਤੇ ਆਪਣੇ ਤਜ਼ਰਬਿਆਂ ਨਾਲ ਲੋਕਾਂ ਨੂੰ ਜਾਣੂ ਕਰਵਾਉਂਦਾ ਰਿਹਾ।

ਕਈ ਵਾਰ ਮੈਨੂੰ ਲੱਗਦਾ ਹੈ ਕਿ ਉਸ ਦਾ ਨਾਮ "ਮੇਜਰ ਸਿੰਘ" ਨਹੀਂ, ਸਗੋਂ "ਪੰਜਾਬੀ ਦਾ ਜਰਨੈਲ ਸਿੰਘ" ਹੋਣਾ ਚਾਹੀਦਾ ਸੀ। ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਵਿਰਸੇ ਲਈ ਉਸ ਦੀ ਨਿਸ਼ਠਾ ਅਤੇ ਸੇਵਾ ਉਸ ਨੂੰ ਇਸ ਸਨਮਾਨ ਦੀ ਹੱਕਦਾਰ ਬਣਾਉਂਦੀ ਹੈ।

ਮੈਂ ਉਸ ਦੀ ਚੜ੍ਹਦੀ ਕਲਾ, ਤੰਦਰੁਸਤੀ ਅਤੇ ਲੰਬੀ ਉਮਰ ਲਈ ਹਮੇਸ਼ਾ ਅਰਦਾਸ ਕਰਦਾ ਹਾਂ।

***

# ਸਾਂਝ ਨੂੰ ਦੋਸਤੀ ਵਿੱਚ ਬਦਲ ਦਿੱਤਾ

## ਸੁਖਮਿੰਦਰ ਸਿੰਘ ਅਲੱਗ

ਜਨਮੇਜਾ ਸਿੰਘ ਜੌਹਲ ਨਾਲ ਮੇਰੀ ਜਾਣ-ਪਛਾਣ 1991-92 ਵਿੱਚ ਹੋਈ। ਸ਼ਾਇਦ ਪਹਿਲੀ ਵਾਰ ਅਸੀਂ ਜਲੰਧਰ ਦੀ ਹਮਦਰਦ ਪ੍ਰਿੰਟਿੰਗ ਪ੍ਰੈੱਸ 'ਤੇ ਮਿਲੇ, ਜਿੱਥੇ ਸਾਡੀ ਡਾਇਰੈਕਟਰੀ ਛਪਦੀ ਸੀ ਅਤੇ ਜੌਹਲ ਸਾਹਿਬ ਕਿਤਾਬਾਂ ਦੀ ਛਪਾਈ ਦੇ ਸਿਲਸਿਲੇ ਵਿੱਚ ਇੱਥੇ ਆਉਂਦੇ-ਜਾਂਦੇ ਸਨ। ਇਹ ਇਕ ਸੰਖੇਪ ਜਿਹੀ ਮਿਲਣੀ ਸੀ, ਜਿਸ ਵਿੱਚ ਕੋਈ ਖਾਸ ਗੱਲਬਾਤ ਨਹੀਂ ਹੋਈ।

ਅਸੀਂ "ਅਮਰਜੀਤ ਡਾਇਰੈਕਟਰੀ' ਦਾ ਦਫ਼ਤਰ ਮਾਡਲ ਗਰਾਮ ਵਿਖੇ ਆਪਣੇ ਘਰ ਵਿੱਚ ਹੀ ਬਣਾਇਆ ਹੋਇਆ ਸੀ। ਲੰਘਦੇ-ਟੱਪਦੇ ਕੋਈ ਵੀ ਕਿਸੇ ਵੀ ਵੇਲੇ ਆ ਜਾ ਸਕਦਾ ਸੀ। ਸਾਡੀਆਂ ਕਿਤਾਬਾਂ ਅੰਗਰੇਜ਼ੀ ਵਿੱਚ ਸਨ ਅਤੇ ਪੰਜਾਬੀ ਫੌਂਟ ਦੀ ਕੋਈ ਲੋੜ ਨਹੀਂ ਸੀ। ਜੌਹਲ ਸਾਹਿਬ ਦਾ ਵੀ ਆਉਣਾ-ਜਾਣਾ ਸ਼ੁਰੂ ਹੋ ਗਿਆ।

ਜਨਮੇਜਾ ਸਿੰਘ ਕੰਪਿਊਟਰ ਵਿੱਚ ਨਵਾਂ-ਨਵਾਂ ਆਇਆ ਸੀ ਅਤੇ ਮੈਨੂੰ ਕੰਪਿਊਟਰ ਨਾਲ ਦੋ-ਚਾਰ ਹੁੰਦਿਆਂ ਦੋ-ਤਿੰਨ ਸਾਲ ਹੋ ਗਏ ਸਨ। ਮੈਂ ਆਪਣੇ ਤਜਰਬੇ ਅਨੁਸਾਰ ਇੱਕ ਵਾਰ ਕਹਿ ਦਿੱਤਾ ਕਿ ਕੰਪਿਊਟਰ ਵਿੱਚ ਜੇ ਕੁਝ ਕਰਨਾ ਹੈ ਤਾਂ ਅੱਠ-ਅੱਠ ਘੰਟੇ ਲਗਾਤਾਰ ਬੈਠਣਾ ਪਵੇਗਾ। ਅੱਗੋਂ ਜਵਾਬ ਸੀ,

"ਮੈਂ ਸੋਲਾਂ ਘੰਟੇ ਵੀ ਬੈਠ ਸਕਦਾ ਹਾਂ।"

ਇਹ ਉਹ ਸਮਾਂ ਸੀ ਜਦੋਂ ਨਾ ਵਿੰਡੋਜ਼ ਸੀ ਤੇ ਨਾ ਮਾਊਸ ਹੁੰਦਾ ਸੀ। ਹਰ ਸਾਫਟਵੇਅਰ ਦੀਆਂ ਕਮਾਂਡਾਂ ਦੇ ਕੀ-ਬੋਰਡ ਕੰਬੀਨੇਸ਼ਨ ਯਾਦ ਰੱਖਣੇ ਪੈਂਦੇ ਸਨ। ਇੰਟਰਨੈੱਟ ਬਾਰੇ ਤਾਂ ਸੋਚਿਆ ਵੀ ਨਹੀਂ ਸੀ ਜਾ ਸਕਦਾ। ਛੋਟੀ-ਛੋਟੀ ਚੀਜ਼ ਲਈ ਘੰਟਿਆਂ ਤੱਕ ਮੱਥਾ ਮਾਰਨਾ ਪੈਂਦਾ ਸੀ ਜਾਂ ਦੋ-ਤਿੰਨ ਕਿਲੋਮੀਟਰ ਜਾ ਕੇ ਕਿਸੇ ਤੋਂ ਪੁੱਛਣਾ ਪੈਂਦਾ ਸੀ। ਪੁੱਛਣਾ ਵੀ

ਕਿਸ ਤੋਂ ਸੀ, ਬਹੁਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਨੇ ਉਦੋਂ ਤੱਕ ਕੰਪਿਊਟਰ ਵੇਖਿਆ ਵੀ ਨਹੀਂ ਸੀ।

ਸ਼ਾਇਦ ਇਸ ਸਾਂਝ ਨੇ ਹੀ ਵਾਕਫ਼ੀ ਨੂੰ ਦੋਸਤੀ ਵਿੱਚ ਬਦਲ ਦਿੱਤਾ।

ਸਾਡਾ ਸਾਰਾ ਕੰਮ ਅੰਗਰੇਜ਼ੀ ਵਿੱਚ ਸੀ ਅਤੇ ਪੰਜਾਬੀ ਦੀ ਲੋੜ ਨਹੀਂ ਸੀ ਪੈਂਦੀ। ਜੌਹਲ ਸ਼ਾਇਦ ਪੰਜਾਬੀ ਵਿੱਚ ਕੰਮ ਕਰਨਾ ਚਾਹੁੰਦਾ ਸੀ। ਇੱਕ ਵਾਰ ਉਸ ਨੇ ਪੰਜਾਬੀ ਦਾ ਫੌਂਟ ਬਣਾਉਣ ਵਾਲਾ ਸਾਫਟਵੇਅਰ ਮੈਨੂੰ ਦਿਖਾਇਆ।

ਮੈਨੂੰ ਭਾਵੇਂ ਇਸ ਦੀ ਲੋੜ ਨਹੀਂ ਸੀ, ਪਰ ਕੁਝ ਨਵਾਂ ਕਰਨ ਦੇ ਸ਼ੌਕ ਕਰਕੇ ਮੈਂ ਇਸ ਨੂੰ ਚਲਾਉਣ ਦੀ ਕੋਸ਼ਿਸ਼ ਕੀਤੀ। ਚਾਰ ਕੁ ਦਿਨ ਦੀ ਮਗਜ਼-ਖਪਾਈ ਤੋਂ ਬਾਅਦ ਪਤਾ ਲੱਗਿਆ ਕਿ ਇਹ ਕਿਸੇ ਕੰਮ ਦਾ ਨਹੀਂ।

ਮੈਂ ਜੌਹਲ ਨੂੰ ਕਿਹਾ,

“ਇਸ ’ਤੇ ਤਾਂ ਮਿਹਨਤ ਕਰਨ ਦਾ ਕੋਈ ਫਾਇਦਾ ਨਹੀਂ। ਤੁਹਾਡੀ ਦਿਲਚਸਪੀ ਫੋਟੋਗਰਾਫੀ ਵਿੱਚ ਵੀ ਹੈ। ਜੇ ਮਿਹਨਤ ਕਰਨੀ ਹੈ ਤਾਂ ਮੇਰੇ ਕੋਲ ‘ਵੀ ਆਰ ਕੰਪੈਨਿਅਨ’ ਨਾਂ ਦਾ ਇੱਕ ਸਾਫਟਵੇਅਰ ਪਿਆ ਹੈ। ਜੇ ਤੁਹਾਨੂੰ ਚੰਗਾ ਲੱਗੇ ਤਾਂ ਇਸ 'ਤੇ ਮਿਹਨਤ ਕਰ ਕੇ ਦੇਖ ਲਓ।”

ਜੌਹਲ ਨੇ ਇਸ 'ਤੇ ਖ਼ੂਬ ਮਿਹਨਤ ਕੀਤੀ। ਇਸ ਸਾਫਟਵੇਅਰ ਨਾਲ ਬਣਾਈ ਪੰਜਾਬੀ ਦੇ ਅੱਖਰਾਂ ਦੀ ਐਨੀਮੇਸ਼ਨ ਉਹਦੇ ਕੰਪਿਊਟਰ ਦੀ ਸਕਰੀਨ 'ਤੇ ਦੇਖ ਕੇ ਮੈਨੂੰ ਪਤਾ ਲੱਗਿਆ ਕਿ ਇਹ ਬੰਦਾ ਸੱਚਮੁੱਚ 16 ਘੰਟਿਆਂ ਤੋਂ ਵੀ ਵੱਧ ਸਮਾਂ ਕੰਪਿਊਟਰ 'ਤੇ ਬੈਠ ਸਕਦਾ ਹੈ। ਇਹ ਸਾਫਟਵੇਅਰ ਸਿਰਫ਼ ਪਹਿਲਾ ਕਦਮ ਸੀ। ਇਸ ਤੋਂ ਬਾਅਦ ਉਸ ਨੇ ਕਈ ਸਾਫਟਵੇਅਰਾਂ 'ਤੇ ਆਪਣਾ ਹੱਥ ਅਜ਼ਮਾਇਆ।

ਮੇਰੇ ਇੱਕ ਦੋਸਤ ਦੇ ਦਿੱਲੀ ਵਿੱਚ ਰਹਿੰਦੇ ਰਿਸ਼ਤੇਦਾਰਾਂ ਨੇ ਪੰਜਾਬੀ ਅਤੇ ਹਿੰਦੀ ਦੇ ਫੌਂਟ ਬਣਾਏ। ਉਸ ਸਮੇਂ ਪੰਜਾਬੀ ਦਾ ਇੱਕ ਫੌਂਟ 20-25 ਹਜ਼ਾਰ ਰੁਪਏ ਦਾ ਮਿਲਦਾ ਸੀ ਅਤੇ ਉਹ ਵੀ ਸਿਰਫ਼ ਇੱਕ ਹੀ

ਕੰਪਿਊਟਰ 'ਤੇ ਚਲਦਾ ਸੀ, ਕਿਉਂਕਿ ਕੰਪਿਊਟਰ ਵਿੱਚ ਫੌਂਟ ਬਣਾਉਣ ਵਾਲੀ ਕੰਪਨੀ ਦਾ ਕਾਰਡ ਪਾਉਣਾ ਪੈਂਦਾ ਸੀ।

ਜਿਹੜਾ ਫੌਂਟ ਮੇਰੇ ਦੋਸਤ ਦੇ ਰਿਸ਼ਤੇਦਾਰਾਂ ਨੇ ਬਣਾਇਆ, ਉਹ ਪਹਿਲਿਆਂ ਨਾਲੋਂ ਸਸਤਾ ਵੀ ਸੀ ਅਤੇ ਕਾਰਡ ਦਾ ਕੋਈ ਚੱਕਰ ਵੀ ਨਹੀਂ ਸੀ। ਜਿੰਨੇ ਮਰਜ਼ੀ ਕੰਪਿਊਟਰਾਂ 'ਤੇ ਚਲਾਓ। ਹਰ ਕੰਪਿਊਟਰ ਬੂਟ ਕਰਨ ਤੋਂ ਬਾਅਦ ਇੱਕ ਵਾਰ ਉਨ੍ਹਾਂ ਦੀ ਦਿੱਤੀ ਫਲਾਪੀ ਪਾਉਣੀ ਪੈਂਦੀ ਸੀ।

ਹੁਣ ਤਾਂ "ਫਲਾਪੀ" ਸ਼ਬਦ ਵੀ ਸ਼ਾਇਦ ਕਿਸੇ ਨੇ ਨਾ ਸੁਣਿਆ ਹੋਵੇ, ਪਰ ਉਸ ਸਮੇਂ ਪੈਨ-ਡਰਾਈਵ ਜਾਂ ਸੀਡੀ ਨਹੀਂ ਹੁੰਦੀਆਂ ਸਨ। ਸਾਰੇ ਸਾਫਟਵੇਅਰ ਅਤੇ ਡਾਟਾ ਫਲਾਪੀਆਂ ਰਾਹੀਂ ਹੀ ਇਧਰ-ਉਧਰ ਜਾਂਦੇ ਸਨ।

ਮੈਨੂੰ ਭਾਵੇਂ ਪੰਜਾਬੀ-ਹਿੰਦੀ ਦੀ ਲੋੜ ਨਹੀਂ ਸੀ, ਪਰ ਫਿਰ ਵੀ ਇਹ ਫੌਂਟ ਮੈਨੂੰ ਡੈਮੋ ਵਾਸਤੇ ਮੁਫ਼ਤ ਮਿਲ ਗਏ। ਇਹ ਫੌਂਟ ਵਿੰਡੋਜ਼ 'ਤੇ ਚਲਦਾ ਸੀ, ਇਸ ਲਈ ਬਹਾਨੇ ਨਾਲ ਵਿੰਡੋਜ਼ ਵੀ ਸ਼ੁਰੂ ਹੋ ਗਈ, ਜਿਸ ਦੇ ਆਪਣੇ ਫਾਇਦੇ ਸਨ।

ਇਹਨਾਂ ਗਾਹਕਾਂ ਵਿੱਚ ਜੌਹਲ ਦਾ ਪੱਕਾ ਦੋਸਤ ਅਵਤਾਰ ਆਰਟਿਸਟ ਵੀ ਸੀ, ਜੋ ਮੇਰਾ ਵੀ ਦੋਸਤ ਬਣ ਗਿਆ।

ਇਹ ਫੌਂਟ ਵਧੀਆ ਸੀ, ਪਰ 15-20 ਦਿਨਾਂ ਬਾਅਦ ਕੋਈ ਨਾ ਕੋਈ ਛੋਟੀ-ਮੋਟੀ ਸਮੱਸਿਆ ਆਉਂਦੀ ਰਹਿੰਦੀ ਸੀ। ਜਨਮੇਜੇ ਦੇ ਦਿਮਾਗ ਵਿੱਚ ਫੌਂਟ ਬਣਾਉਣ ਵਾਲਾ ਕੀੜਾ ਫਿਰ ਜਾਗ ਪਿਆ। ਉਧਰ ਜਿਹੜੀ ਐਨੀਮੇਸ਼ਨ ਕੰਪਿਊਟਰ 'ਤੇ ਰੰਗਦਾਰ ਬਣਾਉਂਦੇ ਸੀ, ਟੀਵੀ 'ਤੇ ਜਾ ਕੇ ਬਲੈਕ ਐਂਡ ਵਾਈਟ ਹੋ ਜਾਂਦੀ ਸੀ। ਦੋਵਾਂ ਦੇ ਕਲਰ ਸਿਸਟਮ ਦਾ ਫਰਕ ਸੀ।

ਫੌਂਟ ਬਣਾਉਣ ਅਤੇ ਕਲਰ ਸਿਸਟਮ, ਦੋਵਾਂ ਕੰਮਾਂ ਲਈ ਜਿਸ ਕਿਸਮ ਦੇ ਹਾਰਡਵੇਅਰ ਅਤੇ ਸਾਫਟਵੇਅਰ ਦੀ ਲੋੜ ਸੀ, ਉਹ ਤਾਂ ਪਤਾ

ਲੱਗ ਗਿਆ, ਪਰ ਇਹ ਕਿੱਥੋਂ ਮਿਲਦੇ, ਕੋਈ ਪਤਾ ਨਹੀਂ ਸੀ। ਜੌਹਲ ਵਿੱਚ ਚੀਜ਼ਾਂ ਦੇ ਸਰੋਤ ਲੱਭਣ ਦੀ ਵੀ ਅਥਾਹ ਸਮਰਥਾ ਹੈ। ਉਹਨੇ ਚਾਰ-ਪੰਜ ਮਹੀਨਿਆਂ ਵਿੱਚ ਇਹ ਦੋਵੇਂ ਚੀਜ਼ਾਂ ਸ਼ਾਇਦ ਸਿੰਗਾਪੁਰ ਤੋਂ - ਪੈਦਾ ਕਰ ਲਈਆਂ।

ਟੀਵੀ ਦੇ ਰੰਗ ਵੀ ਠੀਕ ਹੋ ਗਏ ਅਤੇ ਜੌਹਲ ਨੇ ਕੁਝ ਮਹੀਨਿਆਂ ਦੀ ਮਿਹਨਤ ਨਾਲ ਪੰਜਾਬੀ ਦਾ ਫੌਂਟ ਵੀ ਤਿਆਰ ਕਰ ਲਿਆ, ਜੋ ਉਹਨੇ ਸਭ ਤੋਂ ਪਹਿਲਾਂ ਮੇਰੇ ਕੰਪਿਊਟਰ 'ਤੇ ਇੰਸਟਾਲ ਕੀਤਾ।

ਬਾਅਦ ਵਿੱਚ ਜਦੋਂ ਮੈਂ ਪੰਜਾਬ ਦੇ ਪਿੰਡਾਂ ਦੀ ਡਾਇਰੈਕਟਰੀ ਦਾ ਕੰਮ ਕੀਤਾ ਤਾਂ ਇਸ ਫੌਂਟ ਦੀ ਵਰਤੋਂ ਕੀਤੀ। "ਹੋੜਾ-ਕਨੌੜਾ" ਅਤੇ ਕੁਝ ਹੋਰ ਤਬਦੀਲੀਆਂ ਦੀ ਲੋੜ ਪਈ, ਜੋ ਜੌਹਲ ਨੇ ਮਿੰਟਾਂ ਵਿੱਚ ਹੀ ਹੱਲ ਕਰ ਦਿੱਤੀਆਂ।

ਜੌਹਲ ਦਾ ਇੱਕ ਗੁਣ ਇਹ ਹੈ ਕਿ ਉਹ ਅਜਿਹੀ ਚੀਜ਼ ਵੀ ਸਿੱਖ ਲੈਂਦਾ ਹੈ, ਜਿਸ ਦੀ ਪਹੁੰਚ ਸੀਮਿਤ ਹੁੰਦੀ ਹੈ।

1997 ਵਿੱਚ ਅਸੀਂ "ਅਮਰਜੀਤ ਡਾਇਰੈਕਟਰੀ" ਦੀ ਵੈਬਸਾਈਟ ਲਈ ਇੰਟਰਨੈੱਟ ਕੁਨੈਕਸ਼ਨ ਲਿਆ। ਉਸ ਸਮੇਂ ਚੰਡੀਗੜ੍ਹ ਦੀ ਐਸਟੀਡੀ ਮਿਲਾਉਣੀ ਪੈਂਦੀ ਸੀ, ਜਿਸ ਦਾ ਖਰਚਾ 10-12 ਰੁਪਏ ਪ੍ਰਤੀ ਮਿੰਟ ਹੁੰਦਾ ਸੀ। ਪੰਜਾਬ ਅਤੇ ਚੰਡੀਗੜ੍ਹ ਵਿੱਚ ਕੁੱਲ ਸਮਰੱਥਾ 64 ਕੁਨੈਕਸ਼ਨਾਂ ਦੀ ਸੀ, ਜੋ 16 ਟੈਲੀਫੋਨ ਲਾਈਨਾਂ 'ਤੇ ਚਲਦੇ ਸਨ। ਉਦੋਂ ਇੰਟਰਨੈੱਟ ਬਾਰੇ ਜਾਣਕਾਰੀ ਰੱਖਣਾ ਸੌਖਾ ਕੰਮ ਨਹੀਂ ਸੀ।

ਜੌਹਲ ਕੋਲ ਉਦੋਂ ਇੰਟਰਨੈੱਟ ਕੁਨੈਕਸ਼ਨ ਤਾਂ ਸ਼ਾਇਦ ਨਹੀਂ ਸੀ, ਪਰ ਉਸ ਨੂੰ ਇਸ ਬਾਰੇ ਕਾਫ਼ੀ ਜਾਣਕਾਰੀ ਸੀ।

ਮੈਂ ਉਸ ਦੀ ਜ਼ਿੰਦਗੀ ਦਾ ਸਿਰਫ਼ ਕੰਪਿਊਟਰ ਨਾਲ ਜੁੜਿਆ ਪੱਖ ਹੀ ਲਿਆ ਹੈ। ਬਾਕੀ ਉਸ ਬਾਰੇ ਬਹੁਤੇ ਲੋਕ ਮੇਰੇ ਨਾਲੋਂ ਵੱਧ ਜਾਣਦੇ ਹਨ। ***

# ਅਪਨਾਪਨ

## ਸੁਰਿੰਦਰ ਕੈਲੇ

ਸੁਰਜੀਤ ਪਾਤਰ ਦਾ ਸ਼ੇਅਰ ਹੈ :

"ਮੈਂ ਰਾਹਾਂ 'ਤੇ ਨਹੀਂ ਤੁਰਦਾ,

ਮੈਂ ਤੁਰਦਾ ਹਾਂ ਤਾਂ ਰਾਹ ਬਣਦੇ ਹਨ।"

ਪਰ ਜਨਮੇਜਾ ਨਾ ਬਣੇ-ਬਣਾਏ ਰਾਹਾਂ 'ਤੇ ਤੁਰਦਾ ਹੈ ਅਤੇ ਨਾ ਹੀ ਉਸਦੇ ਤੁਰਨ ਨਾਲ ਰਾਹ ਬਣਦੇ ਹਨ। ਉਹ ਲੋਕਾਂ ਨੂੰ ਜਿਹੜੇ ਪਾਸੇ ਤੋਰਦਾ ਹੈ, ਉਧਰ ਹੀ ਰਾਹ ਬਣਦੇ ਹਨ।

ਜਨਮੇਜੇ ਦੇ ਇਹ ਰਾਹ ਭਾਵੇਂ ਰੰਗਦਾਰ ਫੋਟੋਗਰਾਫੀ ਦੇ ਹੋਣ, ਰੰਗਦਾਰ ਫਿਲਮਾਂ ਦੀ ਧੁਲਾਈ ਜਾਂ ਰੰਗਦਾਰ ਪ੍ਰਿਟ ਦੇ ਹੋਣ, ਅਖਬਾਰ ਨੂੰ ਵੇਚਣ ਦੇ ਢੰਗ-ਤਰੀਕਿਆਂ ਵਾਲੇ ਹੋਣ, ਫੋਟੋ ਸਟੂਡੀਓ ਦੇ ਹੋਣ, ਵੱਟਾਂ ਉੱਤੇ ਜੀਰੀ ਬੀਜਣ ਵਾਲੇ ਹੋਣ, ਪੰਜਾਬੀ ਟਾਈਪ ਸਿੱਖਣ ਦੇ ਹੋਣ, ਕੰਪਿਊਟਰ ਦੀ ਵਰਤੋਂ ਅਤੇ ਮਿਸਤਰੀ-ਪੁਣੇ ਦੇ ਹੋਣ, ਵਗੈਰਾ-ਵਗੈਰਾ। ਭਾਵ, ਉਸਦੇ ਤੁਰੇ ਰਾਹ 'ਤੇ ਕਿੰਨੇ ਹੀ ਵਿਅਕਤੀ ਸਫਲ ਕਾਰੋਬਾਰੀ ਬਣ ਗਏ।

ਚਲੋ, ਜਨਮੇਜਾ ਨੂੰ ਵਪਾਰ ਕਰਨਾ ਆਉਂਦਾ ਸੀ, ਪਰ ਉਹ ਵਪਾਰੀ ਨਹੀਂ ਬਣ ਸਕਿਆ।

ਖੇਤੀਬਾੜੀ ਯੂਨੀਵਰਸਿਟੀ ਦਾ ਸਕੂਲ, ਫੇਰ ਡਿਜ਼ਾਇਨ ਅਤੇ ਛਪਾਈ ਦਾ ਕੰਮ ਹੁੰਦਾ ਸੀ। ਕੰਮ ਦੀ ਬਹੁਤਾਤ ਨੂੰ ਦੇਖਦਿਆਂ ਉਸਨੇ ਯੂਨੀਵਰਸਿਟੀ ਦੇ ਤਿੰਨ ਨੰਬਰ ਗੇਟ ਵੱਲ ਛਾਪਾ ਖਾਨਾ" ਸਥਾਪਿਤ ਕਰ ਲਿਆ। ਕੰਮ ਵਾਹਵਾ ਚੱਲ ਪਿਆ। ਮੈਂ ਵੀ ਉਸਦੀ ਪ੍ਰੈੱਸ ਤੋਂ ਆਪਣਾ ਕੰਮ ਛਪਾਉਣਾ ਸ਼ੁਰੂ ਕੀਤਾ।

ਪਹਿਲੀ ਵਾਰ ਅਣੂ ਦਾ ਰੰਗਦਾਰ ਟਾਈਟਲ ਉਸਨੇ ਹੱਥ ਵਾਲੀ ਮਸ਼ੀਨ 'ਤੇ ਛਾਪ ਕੇ ਪਾਠਕਾਂ ਨੂੰ ਹੈਰਾਨ ਕਰ ਦਿੱਤਾ। ਉਸਦਾ ਇੱਕ ਹੋਰ ਮਾਰਕਾ - ਸੁਰਜੀਤ ਪਾਤਰ ਦੀ ਪਲੇਠੀ ਦੀ ਪੁਸਤਕ "ਹਵਾ ਵਿੱਚ ਲਿਖੇ

ਹਰਫ਼" ਦੀ ਛਪਾਈ ਨਾਲ ਉਹ ਪ੍ਰਕਾਸ਼ਕਾਂ ਵਿੱਚ ਸ਼ਾਮਲ ਹੋ ਗਿਆ। ਉਸਨੇ ਕਿਤਾਬ ਆਪਣੀਆਂ ਸ਼ਰਤਾਂ 'ਤੇ ਵਿਕਰੇਤਾਵਾਂ ਨੂੰ ਮਿੰਨਤਾਂ ਕਰਵਾ ਕੇ ਵੇਚੀ। ਉਹ ਆਪਣੇ ਆਪ ਵਿੱਚ ਇੱਕ ਅਨੋਖੀ ਕਹਾਣੀ ਹੈ।

ਪਰ ਉਹ ਪ੍ਰੈੱਸ 'ਤੇ ਕਾਰੋਬਾਰੀ ਵਾਂਗੂ ਨਹੀਂ ਬੈਠ ਸਕਿਆ। ਫਲਸਰੂਪ, ਪ੍ਰੈੱਸ ਵੇਚਣੀ ਪਈ। ਮੇਰੀ ਪਹਿਲੀ ਕਿਤਾਬ ਵੀ ਉੱਥੇ ਹੀ ਛਪੀ ਸੀ।

ਸਾਡੇ ਪਰਿਵਾਰ ਦੀ ਲਲੱਤੋਂ ਵਿਖੇ ਗੱਤਾ ਮਿਲ ਸੀ। ਇਹ ਦੋਨੋਂ ਮਿਲਾਂ ਮੈਂ ਆਪਣੇ ਹੱਥੀਂ ਬਣਵਾਈਆਂ ਸਨ। ਕਈ ਮਸ਼ੀਨਾਂ ਦੀ ਕਾਢ ਕੀਤੀ ਅਤੇ ਕਈਆਂ ਵਿੱਚ ਸੁਧਾਰ ਲਿਆਂਦੇ।

ਮੇਰੇ ਤਜਰਬੇ ਦੇ ਆਧਾਰ 'ਤੇ ਮੈਂ ਅਤੇ ਜਨਮੇਜਾ ਪਿੰਡ ਠੱਕਰਵਾਲ ਵਿੱਚ ਜ਼ਮੀਨ ਖਰੀਦ ਕੇ ਨਵੀਂ ਮਿਲ ਲਗਾਉਣ ਲਈ ਤਿਆਰ ਹੋਏ। ਅਸੀਂ ਦੋਨਾਂ ਨੇ ਮਿਲ ਕੇ ਕੰਮ ਕਰਨ ਦਾ ਅਹਦ ਕੀਤਾ। ਸਾਂਝੇ ਯਤਨਾਂ ਨਾਲ ਪ੍ਰਸਤਾਵਿਤ ਸਮੇਂ ਵਿੱਚ ਕੰਮ ਸ਼ੁਰੂ ਹੋ ਗਿਆ।

ਜਨਮੇਜੇ ਨੇ ਵਿਚਾਰ ਅਤੇ ਯੋਜਨਾ ਵਾਲੇ ਕੰਮਾਂ ਦਾ ਜ਼ਿੰਮਾ ਲੈ ਲਿਆ। ਕੁਝ ਦੇਰ ਬਾਅਦ ਉਸਨੇ ਇਹ ਸਭ ਮੈਨੂੰ ਸੰਭਾਲਣ ਲਈ ਛੱਡ ਦਿੱਤਾ ਅਤੇ ਆਪ ਉਤਪਾਦਨ ਦਾ ਕੰਮ ਸੰਭਾਲ ਲਿਆ। ਪਰ ਉਹ ਟਿਕਣ ਵਾਲਾ ਕਿੱਥੇ ਸੀ! ਜਿਵੇਂ ਮੈਂ ਪਹਿਲਾਂ ਕਿਹਾ ਕਿ ਉਸਦੇ ਪੈਰਾਂ ਵਿੱਚ ਸਫ਼ਰ ਸੀ ਅਤੇ ਉਹ ਕਾਰੋਬਾਰੀ ਨਹੀਂ ਬਣ ਸਕਿਆ। ਨਹੀਂ ਤਾਂ ਉਸ ਪ੍ਰੈੱਸ ਦਾ ਕੰਮ ਵਧਾ ਕੇ ਵੱਡਾ ਕਾਰੋਬਾਰੀ ਬਣ ਸਕਦਾ ਸੀ।

ਸੋ, ਮਿਲ ਦਾ ਸਾਰਾ ਕੰਮ ਮੇਰੇ ਜ਼ਿੰਮੇ ਪੈ ਗਿਆ। ਉਸਨੇ ਮੇਰੇ ਕੰਮ ਵਿੱਚ ਕਦੇ ਵੀ ਦਖ਼ਲ ਨਹੀਂ ਦਿੱਤਾ ਅਤੇ ਸਾਡਾ ਆਪਸੀ ਵਿਸ਼ਵਾਸ ਤੇ ਪਿਆਰ - ਕਈ ਕਥਨਾਂ ਅਤੇ ਦੋਸਤਾਂ ਦੀਆਂ ਨਸੀਹਤਾਂ ਦੇ ਬਾਵਜੂਦ - ਇੱਕ ਪਰਿਵਾਰ ਵਾਂਗ ਰਿਹਾ। ਅੱਜ ਵੀ ਦੋਨੋਂ ਪਰਿਵਾਰ ਇੱਕ ਨਜ਼ਰ ਆਉਂਦੇ ਹਨ।

ਕਾਰੀਗਰਾਂ ਦੀ ਘਾਟ ਕਾਰਨ ਮਿਲ ਬੰਦ ਕਰਨੀ ਪਈ। ਹੁਣ

ਉੱਥੇ ਦਵਾਈਆਂ ਵਾਲੇ ਅਤੇ ਦੁਰਲੱਭ ਦਰੱਖਤਾਂ-ਪੌਦਿਆਂ ਦੀ ਖੇਤੀ "ਪਿੰਕੀ ਹਰਬਲ ਗਾਰਡਨ' ਦੇ ਨਾਂ 'ਤੇ ਵੱਧ-ਫੁੱਲ ਰਹੀ ਹੈ, ਜੋ ਜਨਮੇਜੇ ਦੀ ਸਵਰਗੀ ਪਤਨੀ ਦੇ ਨਾਂ 'ਤੇ ਹੈ।

ਜਨਮੇਜਾ ਸ਼ੁਰੂ ਤੋਂ ਹੀ ਹਰਫ਼ਨਮੌਲਾ ਰਿਹਾ ਹੈ।

ਬੱਚਿਆਂ ਦੀ ਪਾਲਣਾ-ਪੋਸਣਾ ਵੱਲ ਵੀ ਉਸਨੇ ਬਹੁਤਾ ਧਿਆਨ ਨਹੀਂ ਦਿੱਤਾ। ਕਹਿੰਦਾ ਸੀ,

"ਬੱਚਿਆਂ ਨੂੰ ਸਵੈ-ਨਿਰਭਰ ਬਣਾਉਣਾ ਚਾਹੀਦਾ ਹੈ, ਜੋ ਆਪਣੇ ਖੰਭਾਂ ਨਾਲ ਉੱਡ ਸਕਣ।"

ਪੰਛੀਆਂ ਦੇ ਬੱਚੇ ਵੀ ਖੰਭ ਨਿਕਲਦੇ ਹੀ ਉਡਾਰੀ ਮਾਰ ਜਾਂਦੇ ਹਨ। ਸੱਚ ਹੀ, ਬੇਟਾ ਸਰਫ਼ਰਾਜ ਆਪਣੇ ਮਜ਼ਬੂਤ ਖੰਭਾਂ ਦੇ ਬਲਬੂਤੇ ਆਸਟ੍ਰੇਲੀਆ ਉਡਾਰੀ ਮਾਰ ਗਿਆ ਅਤੇ ਆਪਣਾ ਪੱਕਾ ਆਲਣਾ ਬਣਾ ਲਿਆ। ਬੇਟੀ ਆਪਣੇ ਘਰ ਵਿੱਚ ਸਫਲ ਜ਼ਿੰਦਗੀ ਬਿਤਾ ਰਹੀ ਹੈ।

ਕੋਵਿਡ ਨੇ ਪਿੰਕੀ ਨੂੰ ਸਦਾ ਦੀ ਨੀਂਦ ਸੁਲਾ ਦਿੱਤਾ। ਘਰ ਵਿੱਚ ਖਲਾਅ ਪੈਦਾ ਹੋ ਗਿਆ। ਫਿਰ ਜਦ ਮਾਤਾ ਜੀ ਦੇ ਸਦੀਵੀ ਵਿਛੋੜੇ ਨੇ ਦੋਨੋਂ ਪਿਓ-ਪੁੱਤਰਾਂ ਨੂੰ ਇੱਕ ਕੱਲੇਪਣੇ ਦੀ ਭੱਠੀ 'ਚ ਝੋਂਕ ਦਿੱਤਾ। ਭੈਣ ਆਪਣਾ ਘਰ ਛੱਡ ਕੇ ਸਹਾਰਾ ਬਈ ਅਤੇ ਪਿਤਰੀ ਘਰ ਵਿੱਚ ਬੱਚਿਆਂ ਦੀ ਗਾਹੇ-ਬਗਾਹੇ ਪੈਰਚਾਲ ਇਸ ਕੱਲੇਪਣ ਨੂੰ ਦੂਰ ਕਰਨ ਵਿੱਚ ਸਹਾਈ ਹੋਈ।

ਦੋਸਤਾਂ ਵੱਲੋਂ ਜਨਮੇਜੇ ਦੀ ਜ਼ਿੰਦਗੀ ਨੂੰ ਲਿਖਤ ਰੂਪ ਵਿੱਚ ਪਾਉਣ ਲਈ ਕੀਤਾ ਉਪਰਾਲਾ ਸਲਾਘਾਯੋਗ ਹੈ। ਇਹ ਉਸ ਦੀ ਜ਼ਿੰਦਗੀ ਦੀਆਂ ਅਨੇਕਾਂ ਪਰਤਾਂ ਖੋਲ੍ਹੇਗਾ ਅਤੇ ਪਾਠਕਾਂ ਲਈ ਰਾਹ-ਦਸੇਰਾ ਹੋਵੇਗਾ, ਕਿਉਂਕਿ ਉਸਦੀ ਜ਼ਿੰਦਗੀ ਦੀਆਂ ਪੈੜਾਂ, ਅਨੁਭਵ, ਲੱਭਤਾਂ ਅਤੇ ਕਾਰਨਾਮੇ ਪਾਠਕਾਂ ਲਈ ਲਾਭਦਾਇਕ ਹੋਣਗੇ।

ਜਿਸ ਤਰ੍ਹਾਂ ਡਾ. ਜੌਹਲ ਜੀ ਹੋਰਾਂ ਦੀ ਸਵੈ-ਜੀਵਨੀ "ਰੰਗਾਂ ਦੀ ਗਾਗਰ" ਨੇ ਬਹੁਤ ਸਾਰੇ ਪਾਠਕਾਂ ਨੂੰ ਪ੍ਰੇਰਿਤ ਕੀਤਾ ਹੈ, ਇੰਜ ਹੀ

ਜਨਮੇਜੇ ਦੀ ਜ਼ਿੰਦਗੀ ਦੀ ਵਾਰਤਾ ਵੀ ਪਾਠਕਾਂ ਨੂੰ ਜਿਉਣ ਦੇ ਨਵੇਂ ਰਸਤੇ ਅਤੇ ਰਿਸ਼ਤੇ ਦਿਖਾਏਗੀ।

***

# ਜਿਵੇਂ ਮੈਂ ਉਨ੍ਹਾਂ ਨੂੰ ਜਾਣਿਆ

# ਡਾ. ਸੁਸ਼ੀਲ ਕਾਮਰਾ

ਇੱਕ ਅਸਾਧਾਰਣ ਤੌਰ 'ਤੇ ਪ੍ਰਤਿਭਾਸ਼ਾਲੀ ਵਿਅਕਤੀ, ਪੁਰਾਣੇ ਦੋਸਤ ਅਤੇ ਕਲਾਸ-ਸਾਥੀ - ਜਨਮੇਜਾ ਸਿੰਘ ਜੋਹਲ - ਬਾਰੇ ਕੁਝ ਸ਼ਬਦ ਲਿਖਣਾ ਮੇਰੇ ਲਈ ਬੇਹੱਦ ਖੁਸ਼ੀ ਦੀ ਗੱਲ ਹੈ।

ਰਵਾਇਤੀ ਸੋਚ ਤੋਂ ਹਟਕੇ ਅਤੇ ਵਿਲੱਖਣ ਸੁਭਾਵ ਦੇ ਮਾਲਕ ਜਨਮੇਜਾ ਨੇ 1976 ਵਿੱਚ ਪੰਜਾਬ ਐਗ੍ਰੀਕਲਚਰਲ ਯੂਨੀਵਰਸਿਟੀ ਤੋਂ ਬੀ ਟੈਕ ਦੀ ਡਿਗਰੀ ਪ੍ਰਾਪਤ ਕਰਨ ਤੋਂ ਬਾਅਦ ਸਾਡੇ ਵਿੱਚੋਂ ਬਹੁਤਿਆਂ ਤੋਂ ਬਿਲਕੁਲ ਵੱਖਰਾ ਜੀਵਨ-ਮਾਰਗ ਚੁਣਿਆ। ਆਮ ਕਰੀਅਰ ਰਾਹਾਂ ਦੀ ਥਾਂ, ਉਸਨੇ ਆਪਣੀ ਅੰਦਰੂਨੀ ਪ੍ਰੇਰਣਾ ਦੇ ਅਨੁਸਾਰ ਰੱਬ ਦੀ ਸੁੰਦਰ ਰਚਨਾ, ਕੁਦਰਤ ਦੀ ਵਿਭਿੰਨਤਾ ਅਤੇ ਮਨੁੱਖੀ ਜੀਵਨ ਦੇ ਮੂਲ ਸਰੂਪ ਨੂੰ ਸਮਝਣ, ਸਰਾਹਣ ਅਤੇ ਉਸ ਨਾਲ ਜੁੜਨ ਦਾ ਰਸਤਾ ਅਪਣਾਇਆ।

ਫੋਟੋਗਰਾਫੀ ਨਾਲ ਸ਼ੁਰੂਆਤ ਕਰਦੇ ਹੋਏ, ਉਸਨੇ ਧੀਰੇ-ਧੀਰੇ ਆਪਣੀ ਰੁਚੀ ਨੂੰ ਲੇਖਨ ਅਤੇ ਰਚਨਾਤਮਕ ਖੇਤਰਾਂ ਤੱਕ ਵਿਸਥਾਰਿਆ। ਉਹ ਅਖਬਾਰਾਂ ਅਤੇ ਰਸਾਲਿਆਂ ਵਿੱਚ ਨਿਯਮਿਤ ਕਾਲਮ ਲਿਖਦੇ ਰਹੇ, ਆਡੀਓਬੁੱਕਸ, ਕਹਾਣੀਆਂ, ਕਵਿਤਾਵਾਂ, ਬੱਚਿਆਂ ਦਾ ਸਾਹਿਤ, ਡਾਕੂਮੈਂਟਰੀ ਅਤੇ ਫਿਲਮ ਨਿਰਮਾਣ ਐਡਿਟਿੰਗ ਵਰਗੇ ਖੇਤਰਾਂ ਵਿੱਚ ਵੀ ਉਨ੍ਹਾਂ ਨੇ ਮਹੱਤਵਪੂਰਨ ਯੋਗਦਾਨ ਦਿੱਤਾ। ਇਸਦੇ ਨਾਲ-ਨਾਲ ਕੰਪਿਊਟਰ ਸਾਫਟਵੇਅਰ ਅਤੇ ਐਨੀਮੇਸ਼ਨ ਜਿਹੇ ਤਕਨੀਕੀ ਖੇਤਰਾਂ ਵਿੱਚ ਵੀ ਉਹਨਾਂ ਨੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ।

ਕੁਦਰਤ ਦੀ ਸੁੰਦਰਤਾ ਅਤੇ ਉਸਦੇ ਰਹੱਸਾਂ ਦੇ ਦਿਵਾਨੇ ਫੋਟੋਗਰਾਫਰ ਵਜੋਂ ਜਨਮੇਜਾ ਜੌਹਲ ਦੀ ਗਹਿਰੀ ਅਤੇ ਵਿਚਾਰਸ਼ੀਲ ਨਜ਼ਰ ਨੂੰ ਪੂਰੀ ਤਰ੍ਹਾਂ ਸਮਝਣਾ ਆਸਾਨ ਨਹੀਂ। ਉਸਦੀ ਰਚਨਾਤਮਕ ਦ੍ਰਿਸ਼ਟੀ ਵਿੱਚ ਇਹ ਕੁਦਰਤੀ ਸਮਰੱਥਾ ਹੈ ਕਿ ਉਹ ਕਿਸੇ ਵੀ ਵਿਸ਼ੇ ਜਾਂ

ਪਿਛੋਕੜ ਦੀ ਅੰਦਰੂਨੀ ਸੁੰਦਰਤਾ ਅਤੇ ਮੂਲ ਸਰੂਪ ਨੂੰ ਕੈਮਰੇ ਰਾਹੀਂ ਜੀਵੰਤ ਕਰ ਸਕੇ। ਉਸ ਦੀਆਂ ਹਜ਼ਾਰਾਂ ਤਸਵੀਰਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸ ਤੋਂ ਇਲਾਵਾ, ਉਸ ਦੀਆਂ ਫੋਟੋ ਪ੍ਰਦਰਸ਼ਨੀਆਂ, ਸਲਾਈਡ-ਸ਼ੋਅ, ਰੇਡੀਓ ਅਤੇ ਟੈਲੀਵਿਜ਼ਨ ਇੰਟਰਵਿਊਆਂ ਅਤੇ ਪ੍ਰੇਰਣਾਦਾਇਕ ਭਾਸ਼ਣਾਂ ਦੇ ਸੈਂਕੜੇ ਪ੍ਰੋਗਰਾਮ ਭਾਰਤ ਅਤੇ ਵਿਦੇਸ਼ਾਂ ਵਿੱਚ ਆਯੋਜਿਤ ਜਾਂ ਪ੍ਰਸਾਰਿਤ ਹੋਏ ਹਨ।

ਉਸਦਾ ਮਨੁੱਖਤਾਵਾਦੀ ਸੁਭਾਵ ਇਸ ਗੱਲ ਤੋਂ ਵੀ ਸਪਸ਼ਟ ਹੁੰਦਾ ਹੈ ਕਿ ਉਸਨੇ ਆਪਣੇ ਵੱਲੋਂ ਤਿਆਰ ਕੀਤੇ ਵਿਸ਼ਵ-ਪੱਧਰੀ ਅਗਾਂਹਵਧੂ ਪੰਜਾਬੀ ਫੌਂਟ 'ਤੇ ਕਾਪੀਰਾਈਟ ਲੈਣ ਤੋਂ ਇਨਕਾਰ ਕਰ ਦਿੱਤਾ। ਇਸ ਯੋਗਦਾਨ ਨੇ ਪੰਜਾਬੀ ਕੰਪਿਊਟਰ ਟਾਈਪਿੰਗ ਅਤੇ ਪ੍ਰਕਾਸ਼ਨ ਨੂੰ ਕਾਫ਼ੀ ਆਸਾਨ ਅਤੇ ਸਾਰਿਆਂ ਲਈ ਪਹੁੰਚਯੋਗ ਬਣਾਇਆ।

ਜਨਮੇਜਾ ਦਾ ਸਧਾਰਣ ਅਤੇ ਨਿਮਰ ਸੁਭਾਵ ਉਸ ਨੂੰ ਬੁੱਧੀਜੀਵੀਆਂ, ਸਾਹਿਤਕਾਰਾਂ, ਕਲਾਕਾਰਾਂ, ਫੋਟੋਗਰਾਫਰਾਂ, ਕਿਸਾਨਾਂ ਅਤੇ ਨੌਜਵਾਨ ਵਿਦਿਆਰਥੀਆਂ ਨਾਲ ਇੱਕੋ ਜਿਹੀ ਸੁਹਜਤਾ ਨਾਲ ਜੋੜਦਾ ਹੈ। ਸਮਾਜਕ ਮਸਲਿਆਂ 'ਤੇ ਉਸਦੇ ਲਿਖੇ ਕਾਲਮ ਅਕਸਰ ਨਿਰਦੋਸ਼ ਵਿਅੰਗ ਅਤੇ ਸੂਖਮ ਹਾਸ-ਰਸ ਨਾਲ ਰੰਗੇ ਹੁੰਦੇ ਹਨ।

ਉਹ ਯਾਤਰਾ ਦੇ ਬੇਹੱਦ ਸ਼ੌਕੀਨ ਹਨ ਅਤੇ ਹਰਬਲ ਬਾਗਬਾਨੀ, ਆਯੁਰਵੇਦ ਅਤੇ ਲਗਭਗ ਹਰ ਕੰਮ ਵਿੱਚ ਨਵੇਂ ਪ੍ਰਯੋਗ ਕਰਨ ਦੀ ਲਗਨ ਵਰਗੀਆਂ ਕਈ ਹੋਰ ਵਿਸ਼ੇਸ਼ ਰੁਚੀਆਂ ਵੀ ਰੱਖਦੇ ਹਨ।

ਭਾਵੇਂ ਉਹਨਾਂ ਦੀ ਪੂਰੀ ਸ਼ਖਸੀਅਤ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਔਖਾ ਹੈ, ਪਰ "ਰਹੱਸਮਈ", "ਨਿਰਮਲ ਦਿਲ ਵਾਲੇ", "ਮਸਤ ਮਲੰਗ" ਅਤੇ "ਹਰਫਨਮੌਲਾ" ਵਰਗੇ ਸ਼ਬਦ ਜਨਮੇਜਾ ਜੌਹਲ ਦੀ ਜੀਵਨ-ਗਾਥਾ ਇਕੱਠੇ ਹੀ ਰੁਚਿਕਰ ਅਤੇ ਸ਼ਾਂਤਮਈ ਬਣਾਉਂਦੇ ਹਨ।

***

# ਖਾਸ ਗੱਲ

## ਡਾ. ਜਸਵੰਤ ਸਿੰਘ, ਸਸਕਾਟੂਨ

ਜਨਮੇਜੇ ਬਾਰੇ ਇੱਕ ਹੈ- ਉਹ ਹਰ ਬੰਦੇ ਦੇ ਪੱਧਰ ਤੇ ਆ ਕੇ ਅਤੇ ਉਸਦੇ ਕਿੱਤੇ ਦੇ ਹਿਸਾਬ ਨਾਲ ਗੱਲ ਕਰਦੈ। ਇਸ ਲਈ ਉਹ ਹਰ ਇਨਸਾਨ ਲਈ ਇੱਕ ਹੋਰ ਹੀ ਤਰ੍ਹਾਂ ਦਾ ਜਨਮੇਜਾ ਹੁੰਦੈ। ਬੁੱਧੀਜੀਵੀਆਂ ਵਿੱਚ ਉਹ ਸਾਹਿਤ ਦੀ ਗੱਲ ਕਰੇਗਾ, ਕਿਸਾਨ ਨਾਲ ਝੋਨੇ ਨੂੰ ਨਵੇਂ ਤਰੀਕੇ ਨਾਲ ਲਾਉਣ ਦੀ, ਆਰਟਿਸਟਾਂ ਨਾਲ ਫੋਟੋਗ੍ਰਾਫੀ ਦੀ ਨਵੀਂ ਤਕਨੀਕ ਦੀ ਅਤੇ ਰੱਦੀ ਵੇਚਣ ਵਾਲੇ ਨਾਲ ਪੁਰਾਣੇ ਅਖਬਾਰਾਂ ਦੀ ਘੱਟ ਰਹੀ ਕੀਮਤ ਬਾਰੇ। ਸੋ ਕੋਈ ਉਸਨੂੰ ਪੂਰਨ ਰੂਪ ਵਿੱਚ ਨਹੀਂ ਜਾਣ ਸਕਿਆ। ਹਾਂ ਇਹ ਜਰੂਰ ਹੈ ਕਿ ਜੇ ਕਦੇ ਤੁਹਾਨੂੰ ਚੌੜੇ ਬਜ਼ਾਰ ਦਾ ਕੰਮ ਹੋਵੇ, ਉਹ ਤੁਹਾਨੂੰ ਪੰਜਾਬੀ ਭਵਨ ਮਿਲਣ ਲਈ ਬੁਲਾ ਲਊ ਤੇ ਤੁਹਾਡੇ ਪਹੁੰਚਣ ਤੱਕ, ਉਸਨੇ ਪੂਰਾ ਰੂਟ ਤਿਆਰ ਕੀਤਾ ਹੋਊ। ਜਾਣ ਦਾ ਟਾਈਮ ਤੁਹਾਡਾ, ਵਾਪਸ ਆਉਣ ਦਾ ਜਨਮੇਜਾ ਦਾ। ਕਦੇ-ਕਦੇ ਤਾਂ ਅਸੀਂ ਬੀਰ ਸਿੰਘ ਐਂਡ ਸੰਨਜ਼ ਤੋਂ ਕੈਮਰੇ ਦੀ ਫਿਲਮ ਲੈਣ ਗਏ, ਵਾਇਆ ਜਲੰਧਰ ਹੀ ਵਾਪਸ ਮੁੜਦੇ ਸੀ, ਜੇ ਸੌਦਾ ਮਨਜੂਰ ਹੈ ਤਾਂ ਦੋਸਤੀ ਰੱਖੋ, ਨਹੀਂ ਤਾਂ ਜਨਮੇਜਾ ਤਾਂ ਮਸਤ ਮਲੰਗ ਐ- ਉਸਨੂੰ ਕੋਈ ਇਤਰਾਜ ਨਹੀਂ। ਜਨਮੇਜੇ ਦੀ ਇੱਕ ਖਾਸੀਅਤ ਹੋਰ ਹੈ। ਉਹ ਹਰ ਬੰਦੇ ਦੇ ਛੁਪੇ ਗੁਣ ਲੱਭਣ ਵਿੱਚ ਮਾਹਰ ਹੈ। ਇਸੇ ਲਈ ਕੋਈ ਵੀ ਫੋਟੋ ਦਾ ਟਾਈਟਲ, ਜਨਮੇਜੇ ਵਰਗਾ ਨਹੀਂ ਦੇ ਸਕਦਾ। ਜਦੋਂ ਕੋਈ ਨਵਾਂ ਕੈਮਰਾ ਖਰੀਦਣਾ ਹੁੰਦਾ ਜਾਂ ਬਾਹਰ ਦੀ ਕੋਈ ਗੇੜੀ ਲਾਉਣੀ ਹੁੰਦੀ, ਉਸਨੂੰ ਭੁੱਲੇ ਹੋਏ ਪੈਸਿਆਂ ਦੀ ਕੋਈ ਸਾਮੀ ਪੈਸੇ ਦੇ ਜਾਂਦੀ। ਚੱਲ ਇੱਧਰੋਂ ਆਏ, ਓਧਰ ਲਾਏ, ਬਾਕੀ ਫੇਰ ਦੇਖਾਂਗੇ।" ਉਸਦੀ ਮਿਲਣਸਾਰਤਾ ਅਤੇ ਨਿਰਮਲਤਾ, ਨਵੇਂ ਨਵੇਂ ਤਜ਼ਰਬੇ ਕਰਨ ਦਾ ਚਸਕਾ, ਫਕਰਪਣ ਅਤੇ ਜ਼ਿੰਦਗੀ ਨੂੰ ਵਿਲੱਖਣ ਅਤੇ ਵਧੀਆ ਤਰੀਕੇ ਨਾਲ ਜਿਊਣ ਦੀ ਅਦਾ ਦਾ ਕੋਈ ਮੁਕਾਬਲਾ ਨਹੀਂ। -ਵੈਟਨਰੀ ਪ੍ਰੋਫੈਸਰ, ਸਸਕਾਟੂਨ, ਕਨੇਡਾ

# ਕਾਵਿ-ਮੂਰਤ :
# ਜਨਮੇਜਾ ਜੌਹਲ ਦਾ ਸਿਰਨਾਵਾਂ
## ਉਮਿੰਦਰ ਜੌਹਲ

ਕੋਈ ਦਿਖਾਵਾ ਨਹੀਂ ਬਨਾਵਟ ਨਹੀਂ
ਉਚੇਚ ਨਹੀਂ
ਨਾ ਬੋਲਣ ਚ
ਨਾ ਤੁਰਨ ਚ
ਨਾ ਹੱਸਣ ਚ
ਬਸ ਇਕ ਫਕੀਰੀ
ਇਕ ਰਵਾਨਗੀ
ਜੋ ਸਾਦਗੀ ਦੀ ਲੈਅ ਜਿਉਂਦੀ
ਜੋ ਮਾਡਰਨ ਤਕਨੀਕਾਂ ਦੀ ਬਾਤ ਪਾਉਂਦੀ
ਪਿੰਡ-ਪਿੰਡ ਘੁੰਮਦੀ
ਸ਼ਹਿਰ-ਸ਼ਹਿਰ ਗੌਹਦੀ
ਕਦੇ ਯਾਦਾਂ
ਸ਼ਬਦਾਂ ਚ ਪਰੋਈ ਜਾਂਦੀ
ਸ਼ਬਦ
ਬੇਬਾਕ
ਵੱਡਿਆਂ ਨਾਵਾਂ
ਰੁਤਬਿਆਂ ਨੂੰ ਤੁੱਛ ਕਰ ਜਾਣਦੀ
ਨਿੱਕੇ ਸਮਝੇ ਜਾਂਦੇ
ਨਾਵਾਂ ਚ ਰੱਬ ਤਲਾਸ਼ਦੀ
ਕਦੇ ਯਾਦਾਂ

ਤਸਵੀਰਾਂ ਚ ਜੀਅ ਉੱਠਦੀਆਂ

ਨਾ ਦਿਖਾਵਾ

ਨਾ ਬਣਾਵਟ

ਨਾ ਉਚੇਚ

ਬਸ ਸਾਦਗੀ

ਸੱਚ ਦਾ ਆਇਨਾ

ਇਹ ਮਾਡਰਨ ਫਕੀਰੀ ਨਾ ਇਸਨੇ

ਕੰਨ ਪੜ੍ਹਵਾਏ

ਨਾ ਜੰਗਲ ਗਾਹੇ ਇਹਦੇ ਲਈ

ਜੰਗਲ ਸ਼ਹਿਰ ਘਰ

ਇਹ ਸੁੱਚੀ ਸਾਦਗੀ

ਆਪਣਾ ਸੱਚ ਜਿਉਂਦੀ

ਤੇ ਆਪਣੇ ਹਿੱਸੇ ਦੀ ਸਜ਼ਾ ਪਾਉਂਦੀ

ਕਦੇ ਵਰ

ਕਦੇ ਸੰਤਾਪ ਹੰਡਾਉਂਦੀ

ਤੇ ਜਨਮੇਜਾ ਜੌਹਲ ਕਹਾਉਂਦੀ।

***

# ਕੁਝ ਕਿਤਾਬਾਂ ਤੇ ਕੰਮ

ਰੁਬਾਈਆਂ ਦੀ ਕਿਤਾਬ ਮੈਨੂੰ ਮੁਆਫ ਕਰੀ।

ਕਵਿਤਾਵਾਂ ਦੀਆਂ ਕਿਤਾਬਾਂ: ਆਕਾਸ਼ ਦਾ ਕੈਦੀ, ਮੁੱਖਬੰਦ, ਰਾਖ, ਵਰਜਿਤ ਪੱਤਰੇ,

ਬਾਲ ਸਹਿੱਤ : ਬਚਪਨ ਦੀਆਂ ਸ਼ਰਾਰਤਾਂ, ਬਾਲ ਰੰਗ, ਰੰਗ ਭਰੋ, ਤਿਤਲੀਆਂ ਵਾਲੀ ਫਰਾਕ, ਖੁਰਚੂ, ਟਾਈ ਵਾਲਾ ਬਾਂਦਰ, ਚੱਲ ਓ ਕਤੂਰਿਆ, ਚੈਨੀ ਵਾਲੀ ਚਿੜੀ, ਨੇਕ ਸਲਾਹ, ਕੀੜੀ ਤੇ ਫੁੱਲ, ਰੁੱਖਾਂ ਦੇ ਪੱਤੇ, ਚਿੱਠੀ ਕਿਵੇਂ ਲਿਖੀਏ, ਪੰਜਾਬੀ ਸੱਭਿਆਚਾਰਕ ਭੁੱਖ, ਲੋਰੀਆਂ, ਮਾਸੀ ਕਿੱਥੇ ਆਂ। ਪੰਜਾਬੀ ਬੋਲਦੀ ਫੱਟੀ, ਰੰਗਲੀ ਲਿਖਾਈ, ਰੰਗਲੀ ਸਲੇਟ, ਅੱਖਰ ਗਿਆਨ, ਪੰਜਾਬੀ ਬਸਤਾ, ਪੰਜਾਬੀ ਚਾਰਟ, ਯੂ ਟਿਊਬ ਕਹਾਣੀਆਂ,

ਵਿਅੰਗ :ਕਾਲੀਆਂ ਲੀਕਾਂ, ਲਕੀਰ ਦੇ ਪਾਰ, ਦੋ ਬਟਾ ਇਕ, ਵਿਚਾਰ, ਮਾਡਰਨ ਬਚਨ ਬਿਲਾਸ, ਕੜਕ ਵਿਚਾਰ, ਕਾਲਾ ਇਲਮ ਦੋ, ਤਾਏ, ਮਨ ਦੀ ਮੌਜ, ਮੇਰੇ ਕਾਰਨਾਮੇ, ਉਸਤਾਦਾਂ ਦੀ ਗੱਲ, ਸੱਜਣਾਂ ਦੇ ਬੋਲ,

ਜਾਣਕਾਰੀ: ਫੋਟੋਗਰਾਫੀ, ਖੇਤੀਬਾੜੀ ਦਾ ਬਾਰਾਂਮਾਹ, ਗੁਣਕਾਰੀ ਪੌਦੇ, ਕਾਫੀਆ ਕੋਸ਼, ਚੱਲ ਜਨਮੇਜੇ ਸੈਰ ਕਰਾ, 30 ਲੇਖਕਾਂ ਨਾਲ ਮੁਲਾਕਾਤਾਂ।

ਕਹਾਣੀਆਂ : ਸ਼ਮੀਰੋ,

ਸਾਫਟਵੇਅਰ: ਪਹਿਲੀ ਪੰਜਾਬੀ ਫੌਂਟ, ਪੰਜਾਬੀ ਕਨਵਰਟਰ, ਸਪੈੱਲ ਚੈਕ, ਪੰਜਾਬੀ ਪਰੂਫ ਰੀਡਰ, ਪੰਜਾਬੀ ਇੰਡੈਕਸਰ, ਪੰਜਾਬੀ ਸੋਰਟਰ, ਪੰਜਾਬੀ ਸਾਫਟਵੇਅਰ ਸੀਡੀ, ਰੰਗਲੀ ਲਿਖਾਈ, ਰੰਗਲੀ ਸਲੇਟ, ਪੰਜਾਬੀ ਬੋਲਦੀ ਫੱਟੀ, ਤਿੰਨ ਖੇਤੀ ਰਸਾਲੇ ਸੰਪਾਦਿਤ ਕੀਤੇ।

ਕਾਲਮ ਕੈਮਰਾ ਬੋਲ ਪਿਆ ਤੇ ਹੋਰ ੨੫ ਸਾਲ ਤੋਂ, ਢੋਲ ਸੀਡੀ, ਪੁਰਾਤਨ ਬੋਲੀਆਂ ਸੀਡੀ, 250+ ਦੇਸ਼ ਵਿਦੇਸ਼ ਵਿਚ ਫੋਟੋ ਨੁਮਾਇਸ਼ਾਂ ਤੇ

ਸਲਾਇਡ ਸ਼ੋਅ, ਦਰਜਨਾਂ ਮੋਟੀਵੇਸ਼ਨਲ ਲੈਕਚਰ, ਪਹਿਲੀ ਪੰਜਾਬੀ ਵੈਬਸਾਇਟ, 100 + ਆਡੀਓ ਬੁੱਕਸ, ਕਈ ਡਾਕੂਮੈਂਟਰੀਆਂ ਲੇਖਕਾਂ ਸਣੇ, ਦੋ ਵੱਡੇ ਨਾਟਕ ਖੇਡੇ ਬਗੈਰ ਰਿਹਰਸਲ,

ਸ਼ੌਂਕ: ਫੋਟੋਗ੍ਰਾਫੀ, ਭਰਮਣ, ਬਾਗਬਾਨੀ, ਦੇਸੀ ਇਲਾਜ, ਕੁਦਰਤ ਦੇ ਨੇਮਾਂ ਦੀ ਖੋਜ ਤੇ ਕਈ ਕੁਝ ਹੋਰ। ***

# ਧੰਨਵਾਦ

ਮੈਨੂੰ ਹਮੇਸ਼ਾ ਜੀਵਨੀਆਂ ਪੜ੍ਹਨ ਵਿੱਚ ਰੁਚੀ ਰਹੀ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਇਹ ਉਹ ਲਿੱਖਤਾਂ ਹੁੰਦੀਆਂ ਹਨ ਜੋ ਸੱਚ ਦੇ ਨੇੜੇ ਹੁੰਦੀਆਂ ਹਨ ਅਤੇ ਕਿਸੇ ਨਾਲ ਵੀ ਵਾਪਰ ਸਕਦੀਆਂ ਹਨ। ਸ਼ਾਇਦ ਇਸੇ ਕਰਕੇ ਹੀ ਮੈਂ ਵੀ ਆਪਣੇ ਜੀਵਨ ਦੀਆਂ ਕੁਝ ਗੱਲਾਂ ਅਤੇ ਜੀਵਨ ਦੀ ਟੁੱਟ-ਭੱਜ ਨੂੰ ਗਾਹੇ-ਬਗਾਹੇ ਲਿਖਦਾ ਰਿਹਾ ਹਾਂ, ਇਸ ਵਿੱਚੋਂ ਤਿੰਨ-ਚਾਰ ਕਿਤਾਬਾਂ ਵੀ ਬਣ ਚੁੱਕੀਆਂ ਹਨ, ਜਿਵੇਂ ਕਾਲੀਆਂ ਲੀਕਾਂ, ਦੋ ਬਟਾ ਇਕ, ਮਨ ਦੀ ਮੌਜ, ਸਿਡਨੀ ਦੇ ਰੰਗ, ਉਸਤਾਦਾਂ ਦੀ ਗੱਲ, ਕਾਲਾ ਇਲਮ, ਸ਼ਮੀਰੋ ਅਤੇ ਮੇਰੇ ਕਾਰਨਾਮੇ, ਇਹ ਸਾਰੀਆਂ ਕਿਤਾਬਾਂ ਜੀਵਨ ਦੀਆਂ ਸੱਚੀਆਂ ਘਟਨਾਵਾਂ ਉੱਤੇ ਆਧਾਰਿਤ ਹਨ। ਇਸੇ ਲਈ ਪਾਠਕਾਂ ਨੇ ਮੈਨੂੰ ਭਰਪੂਰ ਹੁੰਗਾਰਾ ਦਿੱਤਾ ਹੈ। ਇਹ ਕਿਤਾਬ ਵੀ ਉਹਨਾਂ ਹੀ ਕਿਤਾਬਾਂ ਦਾ ਨਤੀਜਾ ਹੈ।

ਜਦੋਂ ਮੇਰੇ ਕੁਝ ਦੋਸਤਾਂ ਨੇ ਇਹ ਕਿਹਾ ਕਿ, "ਤੂੰ ਤਾਂ ਆਪਣੇ ਬਾਰੇ ਲਿਖੀ ਜਾਂਦਾ ਹੈਂ, ਪਰ ਤੇਰੇ ਬਾਰੇ ਬਾਕੀ ਲੋਕ ਕੀ ਸੋਚਦੇ ਹਨ? ਇਹ ਜਾਣਕਾਰੀ ਵੀ ਹੋਣੀ ਚਾਹੀਦੀ ਹੈ, ਪਰ ਮੈਂ ਇਸ ਲਈ ਬਹੁਤਾ ਇੱਛੁਕ ਨਹੀਂ ਸੀ। ਮੈਨੂੰ ਇੰਝ ਲੱਗਦਾ ਸੀ ਕਿ ਦੋਸਤ-ਮਿੱਤਰ ਸ਼ਾਇਦ ਸਿਰਫ਼ ਚੰਗਾ ਹੀ ਲਿਖਣਗੇ।

ਫਿਰ ਅਸੀਂ ਸੋਚਿਆ ਕਿ, ਜਿਨ੍ਹਾਂ ਨਾਲ ਘੱਟੋ-ਘੱਟ ਵੀਹ ਸਾਲਾਂ ਤੋਂ ਕਿਸੇ ਨਾ ਕਿਸੇ ਤਰੀਕੇ ਦਾ ਨਾਤਾ ਹੈ ਜਾਂ ਜੋ ਮੇਰੇ ਤੋਂ ਚੰਗੀ ਤਰ੍ਹਾਂ ਵਾਕਫ਼ ਹਨ, ਸਿਰਫ਼ ਉਹੀ ਲਿਖਣਗੇ। ਇਸ ਵਿੱਚ ਨਾ ਕੋਈ ਪਰਿਵਾਰ ਦਾ ਮੈਂਬਰ ਅਤੇ ਨਾ ਹੀ ਕੋਈ ਰਵਾਇਤੀ ਲੇਖਕ ਸ਼ਾਮਲ ਹੋਵੇਗਾ। ਜਿਨ੍ਹਾਂ ਨਾਲ ਕਿਤੇ ਨਾ ਕਿਤੇ ਦਿਲ ਦੀ ਸਾਂਝ ਹੈ, ਬੱਸ ਉਹੀ ਇਸ ਦਾ ਹਿੱਸਾ ਹੋਣਗੇ।

ਨਾ-ਨਾ ਕਰਦੇ ਵੀ 75 ਸੱਜਣਾਂ ਨੇ ਲਿਖ ਕੇ ਭੇਜ ਦਿੱਤਾ। ਇਹ

ਸਾਰੇ ਲੇਖ ਉਹਨਾਂ ਦੀਆਂ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਹਨ। ਇਹਨਾਂ ਨੂੰ ਕੱਟ-ਛਾਂਟ ਨਹੀਂ ਕੀਤਾ ਗਿਆ, ਸਿਰਫ਼ ਕੁਝ ਤਾਰੀਖਾਂ ਜਾਂ ਗਿਣਤੀਆਂ ਦੀਆਂ ਗਲਤੀਆਂ ਨੂੰ ਹੀ ਠੀਕ ਕੀਤਾ ਗਿਆ ਹੈ।

ਇਸ ਕਿਤਾਬ ਦੀ ਸੰਪਾਦਨਾ ਵਿੱਚ ਸੁੱਚਾ ਦੀਪਕ ਦੀ ਅਗਵਾਈ ਰਹੀ ਹੈ। ਸਰਦਾਰ ਗੁਰਦੀਪ ਸਿੰਘ ਸਿੱਧੂ ਨੇ ਬਹੁਤ ਮਿਹਨਤ ਕੀਤੀ ਹੈ ਅਤੇ ਇਹਨਾਂ ਲੇਖਾਂ ਨੂੰ ਆਪਣੀ ਆਵਾਜ਼ ਵੀ ਦਿੱਤੀ ਹੈ। ਰਣਜੋਧ ਸਿੰਘ ਹਮੇਸ਼ਾ ਵਾਂਗ ਮੇਰੇ ਅੰਗ-ਸੰਗ ਰਿਹਾ ਹੈ। ਉਸ ਦਾ ਮੈਨੂੰ ਉਤਸ਼ਾਹਿਤ ਕਰਨਾ ਅਤੇ ਮੇਰੇ ਵਾਰ-ਵਾਰ ਪਿੱਛੇ ਹਟਣ ਦੇ ਇਰਾਦਿਆਂ ਨੂੰ ਖ਼ਤਮ ਕਰਨਾ ਉਸ ਦੀ ਹਿੰਮਤ ਅਤੇ ਮੇਰੇ ਪ੍ਰਤੀ ਪਿਆਰ ਦੀ ਨਿਸ਼ਾਨੀ ਹੈ।

ਮੈਂ ਇਹ ਸਮਝਦਾ ਹਾਂ ਕਿ ਜੀਵਨੀ ਲਿਖਣ ਦੀ ਇਹ ਵੀ ਇੱਕ ਵੱਖਰੀ ਵਿਧਾ ਮੰਨੀ ਜਾ ਸਕਦੀ ਹੈ। ਜਿਨ੍ਹਾਂ ਨੇ ਵੀ ਇਸ ਯਤਨ ਵਿੱਚ ਸਾਥ ਦਿੱਤਾ, ਉਹਨਾਂ ਦਾ ਬਹੁਤ-ਬਹੁਤ ਧੰਨਵਾਦ। ਅਤੇ ਬਾਕੀਆਂ ਨੂੰ ਕੁਝ ਕਹਿਣ ਦੀ ਲੋੜ ਨਹੀਂ-ਉਹ ਸਭ ਕੁਝ ਸਮਝਦੇ ਹਨ।

ਨੋਟ : ਇਸ ਕਿਤਾਬ ਦੇ ਸਾਰੇ ਲੇਖ, ਲੇਖਕਾਂ ਵਲੋਂ ਖੁਦ ਟਾਇਪ ਕਰਕੇ ਜਾਂ ਬੋਲ ਕੇ ਭੇਜੇ ਗਏ ਸਨ। ਗਲਤੀਆਂ ਰਹਿਣੀਆਂ ਸੁਭਾਵਿਕ ਹਨ

ਕੁੱਲ ਸ਼ਬਦ : 47056, ਕੁੱਲ ਅੱਖਰ : 187501, ਨਿਵੇਕਲੇ ਸ਼ਬਦ : 8439

- ਜਨਮੇਜਾ ਸਿੰਘ ਜੌਹਲ



ਘੜੀ ਤਾਂ ਉਹ ਹੀ ਰਹਿੰਦੀ ਹੈ,
ਪਰ ਵਕਤ ਆਪੋ ਆਪਣਾ ਹੁੰਦਾ ਹੈ।

# ਟਿੱਪਣੀਆਂ



ਪਿੰਕੀ ਹਰਬਲ ਗਾਰਡਨ 29 ਅਗਸਤ 2021



ਕਿਤਾਬ ਸੁਣੋ ; ਆਵਾਜ਼ ਗੁਰਦੀਪ ਸਿੱਧੂ




Published by

**South Asian Review (R)**

370, Graham St. Prince Georgem Canafa